ਆਇਓਵਾ ਸਟੇਟ ਵਿਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਤੇ ਚੰਗੀ ਕਮਾਈ ਕਰਦੇ ਦੋ ਗੈਸ ਸਟੇਸ਼ਨ ਵਿਕਾਊ ਹਨ

Two Gas Stations Are For Sale in State of IOWA with Property.
Both Stores have Liquor, Beer and Wine License.
Real Estate Included In Sale Price.
*Owner is retiring after 30 years in this Business.*
For More Information, Please Call, Ph: (916) 254-9231



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust



*Kamaljeet Kaur*

*Mortgage rates available from 2.1% to 3%*



Twenty-Second Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 29, July 17th, 2021 20451 N. Plum Grove Rd., Palatine, IL 60074 Ph:847-359-0746, Fax:847-705-9388


## ਕਿਸਾਨ ਸੰਘਰਸ਼ ਨੇ ਭਾਜਪਾ ਦੀਆਂ ਗਿਣਤੀਆਂ-ਮਿਣਤੀਆਂ ਹਿਲਾਈਆਂ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਛਿੜਿਆ ਕਿਸਾਨੀ ਸੰਘਰਸ਼ ਇਸ ਸਮੇਂ ਸਿਖਰਾਂ ਉਤੇ ਹੈ। ਕਿਸਾਨ ਜਥੇਬੰਦੀਆਂ ਦੀ ਰਣਨੀਤੀ ਹੁਣ ਕੇਂਦਰੀ ਸੱਤਾ ਵਿਚ ਬੈਠੀ ਭਾਜਪਾ ਅਤੇ ਇਸ ਦੀਆਂ ਹਮਾਇਤੀ ਧਿਰਾਂ ਦੀ ਘੇਰਾਬੰਦੀ ਦੁਆਲੇ ਘੁੰਮ ਰਹੀ ਹੈ। ਪੰਜਾਬ ਸਣੇ ਕੁਝ ਸੂਬਿਆਂ ਵਿਚ ਭਾਜਪਾ ਖਿਲਾਫ ਆਰ-ਪਾਰ ਦੀ ਜੰਗ ਛਿੜੀ ਜਾਪ ਰਹੀ ਹੈ।

ਕਰ ਦਿੱਤਾ ਹੈ ਕਿ ਹੁਣ ਉਹ ਕਿਹੜੇ ਪਾਸੇ ਖੜ੍ਹਨ। ਇਥੇ ਪੁਲਿਸ ਦੇ ਸਾਹਮਣੇ ਇਕ ਕੋਠੀ 'ਚ ਭਾਜਪਾ ਆਗੂਆਂ ਨੂੰ 12 ਘੰਟੇ ਬੰਦੀ ਬਣਾਈ ਰੱਖਿਆ। ਇਸ ਤੋਂ ਇਲਾਵਾ ਹਰਿਆਣਾ ਵਿਚ ਭਾਜਪਾ ਆਗੂਆਂ ਦੀਆਂ ਘੇਰੇਬੰਦੀ ਤੇ ਧੱਕਾਮੁੱਕੀ ਦੀਆਂ ਘਟਨਾਵਾਂ ਨਿੱਤ ਸਾਹਮਣੇ ਆ ਰਹੀਆਂ ਹਨ। ਹਰਿਆਣਾ ਵਿਧਾਨ ਸਭਾ ਦੇ ਡਿਪਟੀ ਕਮਿਸ਼ਨਰ ਰਣਵੀਰ ਸਿੰਘ ਗੰਗੂਆ ਅਤੇ ਸੰਸਦ ਮੈਂਬਰ

### ਮਾਨਸੂਨ ਸੈਸ਼ਨ ਦੌਰਾਨ ਆਪਣੀ ਸੰਸਦ ਚਲਾਉਣਗੇ ਕਿਸਾਨ

ਦਿੱਲੀ ਦੀਆਂ ਹੱਦਾਂ 'ਤੇ ਬੈਠੇ ਕਿਸਾਨ ਹੁਣ ਲੋਕ ਸਭਾ ਦੇ ਮਾਨਸੂਨ ਸੈਸ਼ਨ ਦੌਰਾਨ ਆਪਣੀ ਸੰਸਦ ਵੀ ਚਲਾਉਣਗੇ। ਸਿੰਘੂ ਬਾਰਡਰ ਤੋਂ ਰੋਜ਼ਾਨਾ 200 ਕਿਸਾਨਾਂ ਦਾ ਜਥਾ ਸੰਸਦ ਭਵਨ ਦੇ ਬਾਹਰ ਜਾਏਗਾ ਤੇ ਉਥੇ ਆਪਣਾ ਸੈਸ਼ਨ ਚਲਾਏਗਾ। ਹਰ ਜਥੇਬੰਦੀ ਰੋਜ਼ਾਨਾ ਪੰਜ ਮੈਂਬਰ ਭੇਜੇਗੀ। ਇਹ ਵਿਰੋਧ ਸ਼ਾਂਤਮਈ ਤਰੀਕੇ ਨਾਲ ਕੀਤਾ ਜਾਵੇਗਾ। ਜੇ ਕਿਸਾਨਾਂ ਦੀ ਗ੍ਰਿਫਤਾਰੀ ਹੁੰਦੀ ਹੈ ਤਾਂ ਅਗਲੇ ਦਿਨ ਅਗਲੀ ਟੀਮ ਪਾਰਲੀਮੈਂਟ ਚਲਾਏਗੀ। ਕਿਸਾਨ ਜਥੇਬੰਦੀਆਂ ਨੇ ਕਿਹਾ ਹੈ ਕਿ ਜਿੰਨੀ ਦੇਰ ਤੱਕ ਕਾਨੂੰਨ ਰੱਦ ਨਹੀਂ ਕੀਤੇ ਜਾਂਦੇ, ਕਿਸਾਨਾਂ ਦਾ ਵਿਰੋਧ ਇਸੇ ਤਰ੍ਹਾਂ ਜਾਰੀ ਰਹੇਗਾ।



ਪਿਛਲੇ ਕੁਝ ਦਿਨਾਂ ਤੋਂ ਪੰਜਾਬ ਅਤੇ ਹਰਿਆਣਾ ਵਿਚ ਭਾਜਪਾ ਆਗੂਆਂ ਦੀ ਘੇਰ ਕੇ ਕੁੱਟਮਾਰ ਕਰਨ ਅਤੇ ਬੰਦੀ ਬਣਾਉਣ ਦੀਆਂ ਘਟਨਾਵਾਂ ਨੇ ਸਾਫ ਸੰਕੇਤ ਦੇ ਦਿੱਤੇ ਹਨ ਕਿ ਆਉਣ ਵਾਲਾ ਸਮਾਂ ਇਸ ਭਗਵਾ ਧਿਰ ਲਈ ਵੱਡੀ ਚੁਣੌਤੀ ਵਾਲਾ ਹੋਵੇਗਾ। ਪੰਜਾਬ ਦੇ ਕਸਬੇ ਰਾਜਪੁਰਾ ਵਿਚ ਵਾਪਰੀ ਤਾਜ਼ਾ ਘਟਨਾ ਨੇ ਤਾਂ ਸੂਬੇ ਦੇ ਭਾਜਪਾ ਆਗੂਆਂ ਨੂੰ ਵੀ ਸੋਚਣ ਲਈ ਮਜਬੂਰ

ਸੁਨੀਤਾ ਦੁੱਗਲ ਦੀ ਘੇਰੇਬੰਦੀ ਦੀ ਤਾਜ਼ਾ ਘਟਨਾ ਇਸ ਦੀ ਵੱਡੀ ਉਦਾਹਰਨ ਹੈ। ਸੂਬੇ ਵਿਚ ਬਣ ਰਹੇ ਮਾਹੌਲ ਕਾਰਨ ਭਾਜਪਾ ਆਗੂ ਵੀ ਪਾਲਾ ਬਦਲਣ ਦੀ ਰਣਨੀਤੀ ਬਣਾ ਰਹੇ ਹਨ। ਭਾਜਪਾ ਦੇ ਸੀਨੀਅਰ ਆਗੂ ਅਨਿਲ ਜੋਸ਼ੀ ਨੂੰ ਕਿਸਾਨਾਂ ਦੇ ਹੱਕ ਵਿਚ ਬੋਲਣ ਲਈ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਹੈ। ਅਜਿਹੇ ਹੋਰ ਵੀ ਵੱਡੀ ਗਿਣਤੀ ਆਗੂ ਤਿਆਰ ਬੈਠੇ ਹਨ।

ਪੰਜਾਬ ਅਤੇ ਹਰਿਆਣਾ ਵਿਚ ਕਾਰਪੋਰੇਟ ਕੰਪਨੀਆਂ ਦੇ ਕਾਰੋਬਾਰੀ ਅਦਾਰਿਆਂ ਤੇ ਟੋਲ ਪਲਾਜ਼ਿਆਂ 'ਤੇ ਵੀ ਕਿਸਾਨਾਂ ਵੱਲੋਂ ਧਰਨੇ ਦਿੱਤੇ ਜਾ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਦੋਵਾਂ ਰਾਜਾਂ ਵਿਚ ਇਕ ਤਰ੍ਹਾਂ ਨਾਲ ਕਿਸਾਨਾਂ ਨੇ ਭਾਰਤੀ ਜਨਤਾ ਪਾਰਟੀ ਦੀਆਂ ਸਾਰੀਆਂ ਹੀ ਰਾਜਨੀਤਕ ਸਰਗਰਮੀਆਂ ਠੱਪ ਕਰਕੇ ਰੱਖ ਦਿੱਤੀਆਂ ਹਨ। ਅਸਲ ਵਿਚ, ਕਿਸਾਨ ਜਥੇਬੰਦੀਆਂ ਹੁਣ ਸਮਝਣ ਲੱਗੀਆਂ ਹਨ ਕਿ ਅਜਿਹੀ ਘੇਰੇਬੰਦੀ ਦੇ ਸਿਵਾਏ ਹੋਰ ਕੋਈ ਚਾਰਾ ਨਹੀਂ ਬਚਿਆ। ਕਿਸਾਨ ਜਥੇਬੰਦੀਆਂ ਪਿਛਲੇ 7 ਮਹੀਨਿਆਂ ਤੋਂ ਵੱਧ ਸਮੇਂ ਤੋਂ ਦਿੱਲੀ ਦੀਆਂ ਹੱਦਾਂ ਉਤੇ ਖੁੱਲ੍ਹੇ ਆਸਮਾਨ ਥੱਲੇ ਡੇਰੇ ਲਾਈ ਬੈਠੀਆਂ ਹਨ ਪਰ ਕੇਂਦਰ ਸਰਕਾਰ ਕੋਈ ਰਾਹ ਨਹੀਂ ਦੇ ਰਹੀ ਹੈ।

ਇਨ੍ਹਾਂ 7 ਮਹੀਨਿਆਂ ਵਿਚ ਮਸਲੇ ਦੇ ਹੱਲ ਦੀ ਥਾਂ ਸੰਘਰਸ਼ ਨੂੰ ਤੋੜਨ ਲਈ ਹਰ ਹੀਲਾ ਵਰਤਿਆ। 26 ਜਨਵਰੀ ਨੂੰ ਕਿਸਾਨ ਟਰੈਕਟਰ ਮਾਰਚ ਦੌਰਾਨ ਵਾਪਰੀਆਂ ਘਟਨਾਵਾਂ ਕਾਰਨ ਲੱਗੇ ਝਟਕਿਆਂ ਪਿੱਛੋਂ ਕਿਸਾਨ ਅੰਦੋਲਨ ਮੁੜ ਚੜ੍ਹਦੀ ਕਲਾ ਵੱਲ ਹੈ। ਕਿਸਾਨ ਜਥੇਬੰਦੀਆਂ ਅਗਲੇ ਵਰ੍ਹੇ ਦੇ ਸ਼ੁਰੂ ਵਿਚ ਪੰਜਾਬ ਤੇ ਉਤਰ ਪ੍ਰਦੇਸ਼ ਸਣੇ ਪੰਜ ਸੂਬਿਆਂ ਵਿਚ ਵਿਧਾਨ ਚੋਣਾਂ ਨੂੰ ਵੀ ਭਗਵਾ ਧਿਰ ਦੀ ਘੇਰੇਬੰਦੀ ਲਈ ਚੰਗੇ ਮੌਕੇ ਵਜੋਂ ਵੇਖ ਰਹੀਆਂ ਹਨ। ਇਹੀ ਕਾਰਨ ਹੈ ਕਿ ਸੰਘਰਸ਼ੀ ਜਥੇਬੰਦੀਆਂ ਦੇ ਆਗੂ ਇਨ੍ਹਾਂ ਚੋਣਾਂ ਵਿਚ ਇਕ ਧਿਰ ਵਜੋਂ ਖੜ੍ਹਨ ਦੀ ਗੱਲ ਤੋਰਨ ਲੱਗੇ ਹਨ। ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਇਸ ਪਾਸੇ ਸਭ ਤੋਂ ਵੱਧ ਸਰਗਰਮੀ ਦਿਖਾ ਰਹੇ ਹਨ ਤੇ ਪੰਜਾਬ ਦੇ ਕਿਸਾਨ ਆਗੂਆਂ ਨੂੰ ਤਕੜੇ ਹੋ ਕੇ ਮੈਦਾਨ ਵਿਚ ਨਿੱਤਰਨ ਦੀਆਂ ਸਲਾਹਾਂ ਦੇ ਰਹੇ ਹਨ। ਉਧਰ, ਉਤਰ ਪ੍ਰਦੇਸ਼ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਵੀ ਕੁਝ ਅਜਿਹੇ ਹੀ ਸੰਕੇਤ ਦੇ ਰਹੇ ਹਨ।

ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਆਖ ਦਿੱਤਾ ਹੈ ਕਿ ਕਿਸਾਨ ਆਗੂ ਪੰਜਾਬ ਤੇ ਉਤਰ ਪ੍ਰਦੇਸ਼ ਦੀਆਂ ਅਗਾਮੀ


*(ਬਾਕੀ ਸਫਾ 6 ਉਤੇ)*


## ਪੰਜਾਬ ਯੂਨੀਵਰਸਿਟੀ ਦੇ ਭਗਵੇਂਕਰਨ ਦਾ ਮੁੱਦਾ ਭਖਿਆ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਦੇ ਭਗਵੇਂਕਰਨ ਦਾ ਮੁੱਦਾ ਭਖ ਗਿਆ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਕੇਂਦਰ ਸਰਕਾਰ ਦੀ ਰਣਨੀਤੀ ਖਿਲਾਫ ਖੁੱਲ੍ਹ ਕੇ ਨਿੱਤਰ ਆਈਆਂ ਹਨ। ਪੰਜਾਬ ਯੂਨੀਵਰਸਿਟੀ ਦੀ ਸਿੰਡੀਕੇਟ ਤੇ ਸੈਨੇਟ 'ਚ ਬਦਲਾਓ ਲਈ ਉਚ ਪੱਧਰੀ ਕਮੇਟੀ ਦੀ ਰਿਪੋਰਟ ਦੇ ਵਿਰੋਧ ਵਿਚ ਅਕਾਲੀ ਦਲ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਘੇਰਿਆ ਹੈ।

ਯੂਥ ਅਕਾਲੀ ਦਲ ਅਤੇ ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ ਇੰਡੀਆ (ਐਸ.ਓ.ਆਈ.) ਦੇ ਵਰਕਰਾਂ ਨੇ ਮੰਗ ਕੀਤੀ ਕਿ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਕੀ ਸੁਧਾਰਾਂ ਬਾਰੇ ਉਚ ਪੱਧਰੀ ਕਮੇਟੀ ਦੀ ਰਿਪੋਰਟ ਤੁਰਤ ਵਾਪਸ ਲਈ ਜਾਵੇ ਅਤੇ ਇਹ ਭਰੋਸਾ ਦਿੱਤਾ ਜਾਵੇ ਕਿ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਪੰਜਾਬ ਦੇ ਕਿਸੇ ਵੀ ਕਾਲਜ ਦੀ ਮਾਨਤਾ ਖਤਮ




ਨਹੀਂ ਕੀਤੀ ਜਾਵੇਗੀ। ਸੈਨੇਟ ਅਤੇ ਸਿੰਡੀਕੇਟ ਦੀਆਂ ਚੋਣਾਂ ਤੁਰਤ ਕਰਵਾਈਆਂ ਜਾਣ। ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੇ ਇਸ ਮੁੱਦੇ ਉਤੇ ਕੈਪਟਨ ਸਰਕਾਰ ਦੀ ਚੁੱਪ ਉਤੇ ਵੀ ਸਵਾਲ ਚੁੱਕੇ ਹਨ।

ਅਸਲ ਵਿਚ, ਪਿਛਲੇ ਦਿਨੀਂ ਇਹ ਗੱਲ ਸਾਹਮਣੇ ਆਈ ਸੀ ਕਿ ਭਗਵਾ ਧਿਰ ਵੱਲੋਂ ਇਕ ਖਾਸ ਰਣਨੀਤੀ ਤਹਿਤ ਚੰਡੀਗੜ੍ਹ ਸਥਿਤ ਇਸ ਯੂਨੀਵਰਸਿਟੀ ਦਾ ਸਰੂਪ ਬਦਲਣ ਦਾ ਯਤਨ ਕੀਤਾ ਜਾ ਰਿਹਾ ਹੈ। ਤੈਅਸ਼ੁਦਾ ਨੀਤੀ ਅਧੀਨ ਹੀ ਇਥੇ ਦੇ ਉਪ ਕੁਲਪਤੀ ਦੀ ਨਿਯੁਕਤੀ ਕੀਤੀ ਗਈ ਸੀ ਤਾਂ ਜੋ ਉਸ ਨੂੰ ਕੇਂਦਰ ਸਰਕਾਰ ਦਾ ਏਜੰਡਾ ਲਾਗੂ


*(ਬਾਕੀ ਸਫਾ 6 ਉਤੇ)*



ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ

ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924



Blue Diamond BANQUET HALL & CATERING

ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924

Mela INDIAN RESTAURANT • PUB

ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

BIG BAZAAR
Grocery, Sweets & Catering
*Fresh Vegetables Every Thursday
*Book your catering now.
5425 E. Thompson Rd., Indianapolis IN 46237





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਵਜ਼ੀਫਾ ਘਪਲਾ: ਕੈਪਟਨ ਦੀ ਘੇਰਾਬੰਦੀ ਲਈ ਕੇਂਦਰ ਸਰਕਾਰ ਸਰਗਰਮ

**ਚੰਡੀਗੜ੍ਹ:** ਕਰੋੜਾਂ ਰੁਪਏ ਦੇ ਵਜ਼ੀਫਾ ਘਪਲੇ ਦੇ ਮਾਮਲੇ ਵਿਚ ਹੁਣ ਕੇਂਦਰ ਸਰਕਾਰ ਦਾ ਪੰਜਾਬ ਸਰਕਾਰ ਖਿਲਾਫ ਪਾਰਾ ਚੜ੍ਹਨ ਲੱਗਾ ਹੈ। ਮਨਿਸਟਰੀ ਆਫ ਸੋਸ਼ਲ ਜਸਟਿਸ ਐਂਡ ਐਂਪਾਵਰਮੈਂਟ ਨੇ ਪੰਜਾਬ ਸਰਕਾਰ ਤੋਂ ਵਜ਼ੀਫਾ ਘਪਲੇ 'ਚ ਹੋਈਆਂ ਪੜਤਾਲਾਂ ਦੀ ਰਿਪੋਰਟ ਤਲਬ ਕੀਤੀ ਸੀ ਪਰ ਪੰਜਾਬ ਸਰਕਾਰ ਇਸ ਤੋਂ ਆਨਾਕਾਨੀ ਕਰ ਰਹੀ ਹੈ। ਹੁਣ ਜਦੋਂ ਇਹ ਮਾਮਲਾ ਨੈਸ਼ਨਲ ਕਮਿਸ਼ਨ ਫਾਰ ਐਸਸੀ ਕੋਲ ਚਲਾ ਗਿਆ ਹੈ ਤਾਂ ਕੇਂਦਰੀ ਮੰਤਰਾਲੇ ਨੇ ਘਪਲੇ ਦੀ ਰਿਪੋਰਟ ਫੌਰੀ ਭੇਜਣ ਲਈ ਪੰਜਾਬ ਸਰਕਾਰ ਨੂੰ ਤਾੜਨਾ ਕੀਤੀ ਹੈ।

ਚੇਤੇ ਰਹੇ ਕਿ ਤਤਕਾਲੀ ਵਧੀਕ ਮੁੱਖ ਸਕੱਤਰ ਕਿਰਪਾ ਸ਼ੰਕਰ ਸਰੋਜ ਨੇ ਵਜ਼ੀਫਾ ਘਪਲੇ ਨੂੰ ਉਜਾਗਰ ਕੀਤਾ ਗਿਆ ਸੀ, ਜਿਸ 'ਚ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਵੀ ਘਿਰ ਗਏ ਸਨ। ਮੁੱਖ ਮੰਤਰੀ ਨੇ ਬਚਾਓ ਕਰਦਿਆਂ ਤਿੰਨ ਮੈਂਬਰੀ ਉੱਚ ਪੱਧਰੀ ਪੜਤਾਲ ਕਮੇਟੀ ਬਣਾ ਦਿੱਤੀ ਸੀ, ਜਿਸ ਕਮੇਟੀ ਨੇ 7.43 ਕਰੋੜ ਦੀ ਗਲਤ ਵਰਤੋਂ ਹੋਣ 'ਤੇ ਸਹੀ ਵੀ ਪਾ ਦਿੱਤੀ ਸੀ। ਕੇਂਦਰ ਸਰਕਾਰ ਹੁਣ ਵਧੀਕ ਮੁੱਖ ਸਕੱਤਰ ਕਿਰਪਾ ਸ਼ੰਕਰ ਸਰੋਜ ਅਤੇ ਤਿੰਨ ਮੈਂਬਰੀ ਕਮੇਟੀ ਵਾਲੀ ਰਿਪੋਰਟ ਪੰਜਾਬ ਸਰਕਾਰ ਤੋਂ ਮੰਗ ਰਹੀ ਹੈ। ਕੇਂਦਰ ਸਰਕਾਰ ਨੇ ਪਹਿਲਾਂ 18 ਸਤੰਬਰ, 2020 ਅਤੇ ਫਿਰ 28 ਸਤੰਬਰ, 2020 ਨੂੰ ਪੰਜਾਬ ਸਰਕਾਰ ਤੋਂ ਘਪਲੇ ਸਬੰਧੀ ਪੜਤਾਲ ਰਿਪੋਰਟ ਮੰਗੀ ਸੀ।



ਪੰਜਾਬ ਸਰਕਾਰ ਵੱਲੋਂ ਇਹ ਰਿਪੋਰਟ ਦੇਣ ਤੋਂ ਪਾਸਾ ਵੱਟਿਆ ਜਾ ਰਿਹਾ ਹੈ। ਨੈਸ਼ਨਲ ਕਮਿਸ਼ਨ ਫਾਰ ਐਸ.ਸੀ ਨੇ ਬੀਤੀ 17 ਜੂਨ ਨੂੰ ਵਜ਼ੀਫਾ ਮਾਮਲੇ ਦੀਆਂ ਦੋਵੇਂ ਰਿਪੋਰਟਾਂ ਦੀ ਮੰਗ ਕੀਤੀ ਸੀ। ਪੰਜਾਬ ਦਾ ਵਜ਼ੀਫਾ ਘਪਲਾ ਉਜਾਗਰ ਹੋਣ ਤੋਂ ਪਹਿਲਾਂ ਅੰਦਰੂਨੀ ਆਡਿਟ ਵਿਭਾਗ ਨੇ ਵੀ 4072 ਵਿੱਦਿਅਕ ਅਦਾਰਿਆਂ ਵੱਲ 567 ਕਰੋੜ ਰੁਪਏ ਦੀ ਇਤਰਾਜਯੋਗ ਅਦਾਇਗੀ 'ਤੇ ਉਂਗਲ ਚੁੱਕੀ ਸੀ। ਮੁੱਖ ਮੰਤਰੀ ਨੇ 9 ਜਨਵਰੀ, 2019 ਨੂੰ ਇਨ੍ਹਾਂ ਇਤਰਾਜ਼ਾਂ 'ਚ ਸੋਧ ਕਰਨ ਦਾ ਫੈਸਲਾ ਕੀਤਾ ਅਤੇ ਆਡਿਟ ਰਿਪੋਰਟਾਂ ਰੀਵਿਊ ਕਰਨ ਲਈ ਆਖਿਆ। ਮੁੱਖ ਮੰਤਰੀ ਦੇ ਹੁਕਮਾਂ 'ਤੇ ਰੀਵਿਊ ਹੋਣ ਮਗਰੋਂ 567 ਕਰੋੜ ਦੀ ਰਿਕਵਰੀ ਰਾਸ਼ੀ ਘਟ ਕੇ 202 ਕਰੋੜ ਰੁਪਏ ਰਹਿ ਗਈ। ਪੰਜਾਬ ਸਰਕਾਰ ਨੇ ਇਸ ਬਾਰੇ ਕੇਂਦਰ ਨੂੰ ਪੱਤਰ ਵੀ ਭੇਜ ਦਿੱਤਾ ਸੀ। ਦੱਸਣਯੋਗ ਹੈ ਕਿ ਪੰਜਾਬ ਵਿਚ ਦਲਿਤ ਬੱਚਿਆਂ ਦੇ ਵਜ਼ੀਫੇ ਸਬੰਧੀ ਹੋਏ ਘਪਲਾ ਦਾ ਵੱਡਾ ਰੌਲਾ ਪੈ ਰਿਹਾ ਹੈ। ਸੈਂਕੜੇ ਵਿੱਦਿਅਕ ਅਦਾਰਿਆਂ ਨੇ ਪਿਛਲੇ ਸਮੇਂ ਦੌਰਾਨ ਦਲਿਤ ਬੱਚਿਆਂ ਦੇ ਰੋਲ ਨੰਬਰ ਵੀ ਰੋਕ ਲਏ ਸਨ। ਪੰਜਾਬ ਸਰਕਾਰ ਨੇ ਤਿੰਨ ਵਰ੍ਹਿਆਂ ਦੀ ਆਪਣੀ ਹਿੱਸੇ ਦੀ 40 ਫੀਸਦੀ ਰਕਮ ਇਨ੍ਹਾਂ ਅਦਾਰਿਆਂ ਨੂੰ ਦੇਣ ਦਾ ਫੈਸਲਾ ਕੀਤਾ ਸੀ ਪਰ ਉਸ ਮਗਰੋਂ ਪੰਜਾਬ ਸਰਕਾਰ ਮੁੜ ਮੌਨ ਹੋ ਗਈ, ਜਿਸ ਤੋਂ ਵਿੱਦਿਅਕ ਅਦਾਰਿਆਂ ਦੇ ਪ੍ਰਬੰਧਕ ਔਖੇ ਹੋ ਗਏ ਹਨ। ਪੰਜਾਬ ਚੋਣਾਂ ਨੇੜੇ ਹੋਣ ਕਰਕੇ ਕੇਂਦਰ ਦੀ ਭਾਜਪਾ ਸਰਕਾਰ ਤਰਫੋਂ ਵਜ਼ੀਫਾ ਘਪਲੇ ਵਿਚ ਵਿਸ਼ੇਸ਼ ਰੁਚੀ ਦਿਖਾਈ ਜਾ ਰਹੀ ਹੈ। ਕੇਂਦਰ ਸਰਕਾਰ ਨੇ ਸੂਬਾ ਸਰਕਾਰ ਤੋਂ ਤਿੰਨ ਮੈਂਬਰੀ ਕਮੇਟੀ ਵੱਲੋਂ ਵਜ਼ੀਫਾ ਘਪਲੇ ਦੀ ਜਾਂਚ ਦੇ ਮਾਮਲੇ ਵਿਚ ਐਕਸ਼ਨ ਟੇਕਨ ਰਿਪੋਰਟ ਵੀ ਮੰਗੀ ਹੈ। ਸੂਤਰ ਦੱਸਦੇ ਹਨ ਕਿ ਅਗਲੇ ਦਿਨਾਂ ਵਿਚ ਦਲਿਤ ਬੱਚਿਆਂ ਦੇ ਮੁੱਦੇ 'ਤੇ ਭਾਜਪਾ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਘੇਰਨ ਦੀ ਯੋਜਨਾਬੰਦੀ ਹੈ, ਜਿਸ ਕਰਕੇ ਵਜ਼ੀਫਾ ਘਪਲੇ 'ਤੇ ਫੋਕਸ ਕੀਤਾ ਜਾ ਰਿਹਾ ਹੈ।

# ਚੋਣਾਂ ਜਿੱਤਣ ਲਈ ਕੈਪਟਨ ਦੀ ਪ੍ਰਸ਼ਾਂਤ ਕਿਸ਼ੋਰ 'ਤੇ ਟੇਕ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਈਕਮਾਨ ਨਾਲ ਮਿਲਣੀ ਮਗਰੋਂ ਰਾਜਸੀ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨਾਲ ਦਿੱਲੀ ਵਿਚ ਮੁਲਾਕਾਤ ਕੀਤੀ ਹੈ ਜਿਸ ਵਿਚ ਪੰਜਾਬ ਚੋਣਾਂ ਨੂੰ ਲੈ ਕੇ ਚਰਚਾ ਹੋਈ ਹੈ। ਸੂਤਰ ਦੱਸਦੇ ਹਨ ਕਿ ਕਾਂਗਰਸ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵਜ਼ਾਰਤ ਵਿਚ ਰੱਦੋਬਦਲ ਦੀ ਤਿਆਰੀ ਕਰਨ ਲਈ ਆਖ ਦਿੱਤਾ ਹੈ।

ਦਿੱਲੀ ਵਿਚ ਪ੍ਰਸ਼ਾਂਤ ਕਿਸ਼ੋਰ ਨਾਲ ਕਰੀਬ ਇਕ ਘੰਟਾ ਮੁੱਖ ਮੰਤਰੀ ਨੇ ਮੀਟਿੰਗ ਕੀਤੀ ਹੈ। ਵੇਰਵਿਆਂ ਅਨੁਸਾਰ ਮੁੱਖ ਮੰਤਰੀ ਅਮਰਿੰਦਰ ਸਿੰਘ ਇਸ ਮੁਲਾਕਾਤ ਪਿੱਛੋਂ ਦੁਪਹਿਰ ਵੇਲੇ ਵਾਪਸ ਚੰਡੀਗੜ੍ਹ ਪਰਤ ਆਏ ਹਨ। ਮੁੱਖ ਮੰਤਰੀ ਨੇ ਹੁਣ



ਮੁੜ ਪੰਜਾਬ ਚੋਣਾਂ ਜਿੱਤਣ ਲਈ ਪ੍ਰਸ਼ਾਂਤ ਕਿਸ਼ੋਰ 'ਤੇ ਟੇਕ ਲਾਈ ਹੈ। ਸੂਤਰ ਦੱਸਦੇ ਹਨ ਕਿ ਪ੍ਰਸ਼ਾਂਤ ਕਿਸ਼ੋਰ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਸਾਫ ਕਰ ਦਿੱਤਾ ਹੈ ਕਿ ਅਗਲੀਆਂ ਪੰਜਾਬ ਚੋਣਾਂ ਜਿੱਤਣਾ ਐਨਾ ਸੌਖਾ ਨਹੀਂ ਹੈ ਜਿਸ ਲਈ ਸਿਰ ਜੋੜ ਕੇ ਤਿਆਰੀ ਕਰਨੀ ਹੋਵੇਗੀ। ਪ੍ਰਸ਼ਾਂਤ ਕਿਸ਼ੋਰ ਨੇ ਨਸੀਹਤ ਦਿੱਤੀ ਹੈ ਕਿ ਪੰਜਾਬ ਸਰਕਾਰ ਪਹਿਲਾਂ ਰਾਜ ਦੇ ਲੋਕਾਂ ਨੂੰ ਕਾਰਗੁਜ਼ਾਰੀ ਦਿਖਾਵੇ। ਜਿਕਰਯੋਗ ਹੈ ਕਿ ਪ੍ਰਸ਼ਾਂਤ ਕਿਸ਼ੋਰ ਦੀ ਟੀਮ ਪੰਜਾਬ ਵਿਚ ਕਈ ਹਫਤਿਆਂ ਤੋਂ ਕੰਮ ਕਰ ਰਹੀ ਹੈ ਅਤੇ ਇਸ ਟੀਮ ਵੱਲੋਂ ਹਫਤਾਵਾਰੀ ਰਿਪੋਰਟ ਪ੍ਰਸ਼ਾਂਤ ਕਿਸ਼ੋਰ ਨੂੰ ਦਿੱਤੀ ਜਾ ਰਹੀ ਹੈ। ਇਸੇ ਫੀਡਬੈਕ ਦੇ ਅਧਾਰ 'ਤੇ ਪ੍ਰਸ਼ਾਂਤ ਕਿਸ਼ੋਰ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਕੁਝ ਕੌੜੀਆਂ ਗੱਲਾਂ ਵੀ ਕਹੀਆਂ ਹਨ। ਪ੍ਰਸ਼ਾਂਤ ਕਿਸ਼ੋਰ ਦੀ ਇਸ ਮਿਲਣੀ ਮੌਕੇ ਸੰਸਦ ਮੈਂਬਰ ਜਸਬੀਰ ਡਿੰਪਾ, ਗੁਰਜੀਤ ਸਿੰਘ ਔਜਲਾ ਅਤੇ ਵਿਧਾਇਕ ਰਾਜ ਕੁਮਾਰ ਵੇਰਕਾ ਕਪੂਰਥਲਾ ਹਾਊਸ ਵਿਚ ਮੌਜੂਦ ਸਨ ਪਰ ਪ੍ਰਸ਼ਾਂਤ ਕਿਸ਼ੋਰ ਨੇ ਮੁੱਖ ਮੰਤਰੀ ਨਾਲ ਇਕੱਲੇ ਮੀਟਿੰਗ ਕੀਤੀ। ਉਸ ਮਗਰੋਂ ਮੌਜੂਦ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨਾਲ ਸੰਖੇਪ ਮਿਲਣੀ ਕੀਤੀ ਹੈ। ਵਿਧਾਇਕ ਰਾਜ ਕੁਮਾਰ ਵੇਰਕਾ ਦਾ ਕਹਿਣਾ ਸੀ ਕਿ ਪ੍ਰਸ਼ਾਂਤ ਕਿਸ਼ੋਰ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਮੀਟਿੰਗ ਕੀਤੀ ਹੈ ਅਤੇ ਇਸ ਤੋਂ ਵੱਧ ਕੁਝ ਪਤਾ ਨਹੀਂ ਹੈ।

## ਪਾਕਿ ਵਿਚ ਮੁੜ ਖੁੱਲ੍ਹੇਗਾ ਸੌ ਸਾਲ ਪੁਰਾਣਾ ਗੁਰਦੁਆਰਾ

**ਲਾਹੌਰ:** ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਵਿਚ ਸੌ ਸਾਲ ਤੋਂ ਵੱਧ ਪੁਰਾਣੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੂੰ ਮੁਰੰਮਤ ਅਤੇ ਮੁੜ ਖੋਲ੍ਹਣ ਲਈ ਪਾਕਿਸਤਾਨ ਦੀ ਘੱਟ ਗਿਣਤੀਆਂ ਬਾਰੇ ਉੱਚ ਸੰਸਥਾ ਦੇ ਹਵਾਲੇ ਕਰ ਦਿੱਤਾ ਗਿਆ ਹੈ। ਸਿੱਖਾਂ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਦੋ ਦਹਾਕੇ ਪਹਿਲਾਂ ਸੂਬਾ ਸਰਕਾਰ ਵੱਲੋਂ ਇਸ ਗੁਰਦੁਆਰੇ ਨੂੰ 'ਮਿਊਂਸਪਲ ਲਾਇਬ੍ਰੇਰੀ ਬਿਲਡਿੰਗ' ਵਿਚ ਬਦਲ ਦਿੱਤਾ ਗਿਆ ਸੀ। ਮੌਜੂਦਾ ਸਮੇਂ ਇਹ ਗੁਰਦੁਆਰਾ ਖੈਬਰ ਪਖਤੂਨਖਵਾ ਦੀ ਸਰਕਾਰ ਦੇ ਕੰਟਰੋਲ ਹੇਠ ਹੈ। ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਆਮੇਰ ਅਹਿਮਦ ਨੇ ਦੱਸਿਆ, 'ਵਿਚਾਰ ਵਟਾਂਦਰੇ ਮਗਰੋਂ ਆਖਰ ਖੈਬਰ ਪਖਤੂਨਖਵਾ ਸਰਕਾਰ ਨੇ ਈ.ਟੀ.ਪੀ.ਬੀ. ਦਾ ਸੁਝਾਅ ਮਨਜ਼ੂਰ ਕਰ ਲਿਆ ਹੈ ਅਤੇ ਉਹ ਮਨਸੇਹਰਾ ਜਿਲ੍ਹੇ 'ਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਾ ਕਬਜ਼ਾ ਈ.ਟੀ.ਪੀ.ਬੀ. ਨੂੰ ਦੇਣ ਲਈ ਸਹਿਮਤ ਹੋ ਗਈ ਹੈ।'


ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961

18-21



ਬੱਚਿਆਂ ਦੀ ਸਾਂਭ-ਸੰਭਾਲ ਲਈ ਨੈਨੀ ਦੀ ਲੋੜ ਹੈ

ਲਾਸ ਵੇਗਸ, ਨੇਵਾਡਾ ਵਿਚ ਪੰਜਾਬੀ ਪਰਿਵਾਰ ਨੂੰ 8 ਤੇ 9 ਸਾਲ ਅਤੇ 15 ਮਹੀਨਿਆਂ ਦੇ ਬੱਚਿਆਂ ਦੀ ਸਾਂਭ-ਸੰਭਾਲ ਲਈ ਨੈਨੀ ਦੀ ਲੋੜ ਹੈ, ਜੋ ਨਾਲ ਰਹਿ ਸਕਦੀ ਹੋਵੇ।

ਰਿਹਾਇਸ਼ ਮੁਹੱਈਆ ਕਰਾਂਗੇ।

ਘਰ ਦੇ ਨਿੱਕੇ-ਮੋਟੇ ਕੰਮਾਂ, ਖਾਣਾ ਬਣਾਉਣ ਅਤੇ ਲਾਊਂਡਰੀ ਵਗੈਰਾ ਦੇ ਕੰਮਾਂ ਵਿਚ ਮਦਦ ਵੀ ਕਰ ਸਕਦੀ ਹੋਵੇ।

ਸੰਪਰਕ ਕਰੋ: ਅਮਨ ਫੋਨ: 816-752-6299

Wanted Nanny in Las Vegas

Punjabi family looking for a live in nanny in Las Vegas for three kids: 8 yrs, 9 yrs and 15 month old. Accommodation will be provided. Expected to do some light household work, help with cooking and laundry.

Please contact: Aman Ph: 816-752-6299

28-



ਆਇਓਵਾ ਸਟੇਟ 'ਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਅਤੇ ਚੰਗੀ ਕਮਾਈ ਕਰਦੇ

ਦੋ ਗੈਸ ਸਟੇਸ਼ਨ ਵਿਕਾਊ ਹਨ

ਦੋਹਾਂ ਗੈਸ ਸਟੇਸ਼ਨਾਂ 'ਤੇ ਲਿੱਕਰ, ਬੀਅਰ ਤੇ ਵਾਈਨ ਵੇਚਣ ਦਾ ਲਾਈਸੈਂਸ ਵੀ ਹੈ। ਵਿਕਰੀ ਦੀ ਰਕਮ 'ਚ ਜਾਇਦਾਦ ਵੀ ਸ਼ਾਮਲ ਹੈ।

Two Gas Stations Located at Prime Locations with High Profit Margin Are For Sale in State of IOWA with Property.

Both Stores have Liquor, Beer and Wine License.

Real Estate Included In Sale Price.

*Owner is retiring after 30 years in this Business.*

For More Info.,

Call: (916) 254-9231



ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ

ਐਟਲਾਂਟਾ, ਜਾਰਜੀਆ ਵਿਚ ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ

ਰਿਹਾਇਸ਼ ਅਤੇ ਖਾਣਾ ਫਰੀ

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

24-28



ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ

ਸੰਪਰਕ ਕਰੋ, ਮਿਸਟਰ ਸਿੰਘ

ਫੋਨ: 608-886-2500

24-28

# ਦੋ ਪੰਜਾਬਣ ਮੁਟਿਆਰਾਂ ਸਰੀ ਪੁਲਿਸ ਬੋਰਡ ਦੀਆਂ ਡਾਇਰੈਕਟਰ ਨਿਯੁਕਤ

**ਸਰੀ, ਕੈਨੇਡਾ (ਹਰਦਮ ਮਾਨ):** ਦੋ ਪੰਜਾਬੀ ਮੁਟਿਆਰਾਂ-ਜਸਪ੍ਰੀਤ ਜੈਸੀ ਸੁੰਨੜ ਅਤੇ ਮਾਨਵ ਗਿੱਲ ਨੂੰ ਸਰੀ ਪੁਲਿਸ ਬੋਰਡ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਬੀ. ਸੀ. ਦੇ ਪੰਜਾਬੀ ਭਾਈਚਾਰੇ ਵੱਲੋਂ ਇਨ੍ਹਾਂ ਨਿਯੁਕਤੀਆਂ ਦਾ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ। ਮਾਨਵ ਗਿੱਲ ਦੀ ਨਿਯੁਕਤੀ ਦੀ ਮਿਆਦ 31 ਦਸੰਬਰ 2022 ਤੱਕ ਰਹੇਗੀ ਅਤੇ ਜਸਪ੍ਰੀਤ ਸੁੰਨੜ ਦੀ ਨਿਯੁਕਤੀ 30 ਜੂਨ 2023 ਤੱਕ ਕੀਤੀ ਗਈ ਹੈ।

ਵਰਨਣਯੋਗ ਹੈ ਕਿ ਕੈਲਗਰੀ ਯੂਨੀਵਰਸਿਟੀ ਤੋਂ ਜੂਰੀਸ ਡਾਕਟਰ ਅਤੇ ਸਾਈਮਨ ਫ੍ਰੇਜ਼ਰ ਯੂਨੀਵਰਸਿਟੀ ਤੋਂ ਬੀ. ਏ. ਕ੍ਰਿਮੀਨੌਲੋਜੀ ਦੀ ਡਿਗਰੀ ਹਾਸਲ ਕਰਨ ਵਾਲੀ ਜਸਪ੍ਰੀਤ ਜੱਸੀ ਸੁੰਨੜ ਹਸਪਤਾਲ ਕਰਮਚਾਰੀ ਯੂਨੀਅਨ ਲਈ ਇਨ-ਹਾਊਸ ਕਾਨੂੰਨੀ ਸਲਾਹਕਾਰ ਹੈ। ਉਹ ਕਿਰਤ ਸਬੰਧਾਂ, ਰੋਜ਼ਗਾਰ ਅਤੇ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਵਿਚ ਮਾਹਿਰ ਹੈ। ਜੱਸੀ ਨੂੰ ਆਮ ਅਤੇ ਵਿਵਾਦਗ੍ਰਸਤ ਮੁਕੱਦਮੇਬਾਜ਼ੀ ਦਾ ਤਜਰਬਾ ਹੈ। ਉਹ ਅੱਜ ਕੱਲ੍ਹ ਸਰੀ ਵਿਮੈਨਸ ਸੈਂਟਰ ਦੇ ਬੋਰਡਾਂ ਅਤੇ ਕੈਨੇਡਾ ਵਿਚ ਸੰਯੁਕਤ ਰਾਸ਼ਟਰ ਸੰਘ (ਵੈਨਕੂਵਰ ਬ੍ਰਾਂਚ) ਵਿਚ ਸੇਵਾ ਨਿਭਾਅ ਰਹੀ ਹੈ। ਉਸ ਨੇ ਬੈਂਕਾਕ (ਥਾਈਲੈਂਡ) ਵਿਚ ਸੰਯੁਕਤ ਰਾਸ਼ਟਰ ਦੇ ਦਫਤਰ ਅਤੇ ਨਸ਼ਾ ਤੇ ਅਪਰਾਧ ਦੀ ਰੋਕਥਾਮ ਸਬੰਧੀ ਵੀ ਕੰਮ ਕੀਤਾ ਹੈ। ਉਸ ਨੇ ਵੱਖ-ਵੱਖ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਦੇ ਬੱਚਿਆਂ ਦੀ ਸੁਰੱਖਿਆ ਅਤੇ ਮਨੁੱਖੀ ਤਸਕਰੀ ਵਿਰੋਧੀ ਕਾਨੂੰਨ ਦਾ ਖਰੜਾ ਤਿਆਰ ਕਰਨ ਵਿਚ ਮਦਦ ਕੀਤੀ ਹੈ। ਉਹ ਕੈਨੇਡੀਅਨ ਬਾਰ ਐਸੋਸੀਏਸ਼ਨ ਬੀ. ਸੀ. ਫੈਮਿਲੀ ਲਾਅ ਸੈਕਸ਼ਨ ਐਗਜ਼ੀਕਿਊਟਿਵ ਵਿਚ ਸੇਵਾ ਨਿਭਾਅ ਚੁਕੀ ਹੈ। ਉਸ ਨੇ ਇਕੁਏਡੋਰ ਵਿਚ ਵਿਕਾਸ ਪ੍ਰਾਜੈਕਟਾਂ ਵਿਚ ਸਵੈ-ਸੇਵੀ ਦੇ ਤੌਰ 'ਤੇ ਵੀ ਕੰਮ ਕੀਤਾ ਹੈ।



*ਜਸਪ੍ਰੀਤ ਜੈਸੀ ਸੁੰਨੜ ਅਤੇ ਮਾਨਵ ਗਿੱਲ*

ਮਾਨਵ ਗਿੱਲ ਫ੍ਰੇਜ਼ਰ ਹੈਲਥ ਵਿਚ ਕਲਿਨਿਕਲ ਆਪ੍ਰੇਸ਼ਨ ਦੀ ਮੈਨੇਜਰ ਹੈ। ਸਿਹਤ ਸੁਰੱਖਿਆ ਖੇਤਰ ਵਿਚ ਉਸ ਨੂੰ ਵਿਸ਼ਾਲ ਤਜਰਬਾ ਹੈ। ਉਹ ਬੀ. ਸੀ. ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਲਈ ਜਨਤਕ ਸਿਹਤ ਪ੍ਰਬੰਧਕ ਵੀ ਰਹੀ ਹੈ। ਮਾਨਵ ਗਿੱਲ ਨੇ ਵਿਕਟੋਰੀਆ ਯੂਨੀਵਰਸਿਟੀ ਤੋਂ ਬੀ. ਐਸਸੀ. (ਨਰਸਿੰਗ) ਕੀਤੀ ਹੈ ਅਤੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ (ਯੂ. ਬੀ. ਸੀ.) ਤੋਂ ਮਾਸਟਰ ਆਫ ਹੈਲਥ ਐਡਮਨਿਸਟ੍ਰੇਸ਼ਨ ਕੀਤੀ ਹੋਈ ਹੈ।

ਇਨ੍ਹਾਂ ਦੋਹਾਂ ਦੇ ਨਾਲ ਹੀ ਚੇਨੀ ਕਲੋਕ ਅਤੇ ਹਾਰਲੇ ਚੈਪਲ ਨੂੰ ਵੀ ਸਰੀ ਪੁਲਿਸ ਬੋਰਡ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ।

# ਤਾਲਿਬਾਨ ਨੇ ਵੱਡੇ ਸ਼ਹਿਰਾਂ ਦੀ ਘੇਰਾਬੰਦੀ ਕੀਤੀ

**ਕਾਬੁਲ:** ਅਫ਼ਗਾਨਿਸਤਾਨ 'ਚੋਂ ਅਮਰੀਕੀ ਫੌਜਾਂ ਦੀ ਵਾਪਸੀ ਦੌਰਾਨ ਹੀ ਤਾਲਿਬਾਨ ਨੇ ਦੇਸ਼ ਦੇ ਵੱਡੇ ਸ਼ਹਿਰਾਂ ਵੱਲ ਵਧਣਾ ਸ਼ੁਰੂ ਕਰ ਦਿੱਤਾ ਅਤੇ ਖੇਤਰੀ ਰਾਜਧਾਨੀਆਂ ਨੇੜੇ ਅਫਗਾਨ ਸੁਰੱਖਿਆ ਬਲਾਂ ਨਾਲ ਉਨ੍ਹਾਂ ਦੀਆਂ ਲੜਾਈਆਂ ਹੋ ਰਹੀਆਂ ਹਨ। ਭਾਰਤ ਨੇ ਅਫ਼ਗਾਨਿਸਤਾਨ ਦੇ ਕੰਧਾਰ ਸਥਿਤ ਆਪਣੇ ਦੂਤਾਵਾਸ ਦੇ 50 ਕੂਟਨੀਤਕਾਂ ਤੇ ਸੁਰੱਖਿਆ ਕਰਮੀਆਂ ਨੂੰ ਵਾਪਸ ਸੱਦ ਲਿਆ ਹੈ। ਇਹ ਕਦਮ ਵਿਗੜ ਰਹੀ ਸੁਰੱਖਿਆ ਸਥਿਤੀ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਦੱਖਣੀ ਅਫ਼ਗਾਨਿਸਤਾਨ ਦੇ ਇਸ ਸ਼ਹਿਰ ਨੇੜਲੇ ਇਲਾਕਿਆਂ 'ਤੇ ਤਾਲਿਬਾਨ ਦਾ ਕਬਜ਼ਾ ਵਧ ਰਿਹਾ ਹੈ। ਭਾਰਤੀ ਹਵਾਈ ਸੈਨਾ ਦਾ ਇਕ ਵਿਸ਼ੇਸ਼ ਜਹਾਜ਼ ਭਾਰਤੀ ਕੂਟਨੀਤਕਾਂ ਨੂੰ ਵਾਪਸ ਲਿਆਉਣ ਲਈ ਭੇਜਿਆ ਗਿਆ ਸੀ। ਇਸ ਰਾਹੀਂ ਅਧਿਕਾਰੀ ਤੇ ਹੋਰ ਸਟਾਫ ਮੈਂਬਰ ਵੀ ਪਰਤੇ ਹਨ। ਇਨ੍ਹਾਂ ਵਿਚ ਆਈ.ਟੀ.ਬੀ.ਪੀ. ਦੇ ਜਵਾਨ ਵੀ ਸ਼ਾਮਲ ਹਨ। ਤਾਲਿਬਾਨ ਨੇ ਦਾਅਵਾ ਕੀਤਾ ਕਿ ਉਸ ਵੱਲੋਂ ਅਮਰੀਕੀ ਤੇ ਨਾਟੋ ਸੈਨਾਵਾਂ ਦੀ ਚੱਲ ਰਹੀ ਵਾਪਸੀ ਪ੍ਰਕਿਰਿਆ ਦੇ ਦਰਮਿਆਨ ਅਫ਼ਗਾਨਿਸਤਾਨ ਦੇ 85 ਫੀਸਦੀ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ। ਇਹ ਐਲਾਨ ਇਸ ਹਫਤੇ ਮਾਸਕੋ 'ਚ ਤਾਲਿਬਾਨ ਦੇ ਇਕ ਸੀਨੀਅਰ ਵਫਦ ਦੇ ਦੌਰੇ ਦੇ ਅਖੀਰ 'ਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ ਗਿਆ, ਹਾਲਾਂਕਿ, ਤਾਲਿਬਾਨ ਦੇ ਵਾਰਤਾਕਾਰ ਮੌਲਵੀ ਸਹਾਬੂਦੀਨ ਦਿਲਾਵਰ ਨੇ ਕਿਹਾ ਕਿ ਉਹ ਅਫ਼ਗਾਨਿਸਤਾਨ ਦੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਦੇ ਇਵਜ਼ ਵਜੋਂ ਕੌਮੀ ਰਾਜਧਾਨੀ 'ਤੇ ਕਬਜ਼ਾ ਨਹੀਂ ਕਰਨਗੇ। ਤਾਲਿਬਾਨ ਦੇ ਵਫਦ ਦੇ ਦੌਰੇ ਦਾ ਮਕਸਦ ਇਹ ਭਰੋਸਾ ਦਿਵਾਉਣਾ ਸੀ ਕਿ ਅਫ਼ਗਾਨਿਸਤਾਨ 'ਚ ਉਸ ਵੱਲੋਂ ਸੱਤਾ ਉਤੇ ਕਬਜ਼ਾ ਕਰਨ ਦੇ ਸੰਦਰਭ 'ਚ ਰੂਸ ਜਾਂ ਉਸ ਦੇ ਸਹਿਯੋਗੀਆਂ ਨੂੰ ਮੱਧ ਏਸ਼ੀਆ 'ਚ ਡਰਨ ਦੀ ਲੋੜ ਨਹੀਂ ਹੈ।

# Matrimonials

## ਲੜਕੇ ਦੀ ਲੋੜ ਹੈ

Looking a match for a beautiful Jatt Sikh Punjabi Girl, family values oriented, 29yrs, 5'-5'', US born, post masters degree in educational psychology and working as a school psychologist. Invite serious response preferably from West Coast, Jatt Sikh US Citizen or Permanent Resident boy. Please contact with photographs and bio-data: gorayads@Yahoo.com Or Call: 301-653-7029

*28-31*

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/ professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892

*29-32*

"Reputed Jatt Sikh family looking for a beautiful, tall (min. 5'-4") and slim girl for Canadian PR boy. Masters in engineering, 26 years, fair complexion, 5'-11". Working in M.N.C. Contact: 412-628-1644 or 91-98146-21221

*26-29*

**To Advertise with Punjab Times Call: 847-359-0746**
**Fax:847-705-9388, e-mail: punjabtimes1@gmail.com**
Visit us on the web:**wwwpunjabtimesusa.com**




ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ: ਫੋਨ: 651-353-9584

*25-28*

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

# ਪਾਕਿ ਵੱਲੋਂ ਭਾਰਤ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਅਪੀਲ



**ਲਾਹੌਰ:** ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਸਰਕਾਰ ਨੂੰ ਕਰਤਾਰਪੁਰ ਲਾਂਘਾ ਜਲਦੀ ਖੋਲ੍ਹਣ ਦੀ ਅਪੀਲ ਕੀਤੀ ਹੈ। ਪੀ.ਐਸ.ਜੀ.ਪੀ.ਸੀ. ਦੇ ਪ੍ਰਧਾਨ ਸਤਵੰਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਤੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਭੇਜੇ ਗਏ ਇਕ ਪੱਤਰ ਵਿਚ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ 'ਤੇ ਭਾਰਤ ਤੋਂ ਆਉਣ ਵਾਲੇ ਸ਼ਰਧਾਲੂਆਂ ਦਾ ਨਿੱਘਾ ਸਵਾਗਤ ਕੀਤਾ ਜਾਵੇਗਾ ਅਤੇ ਲੋੜੀਂਦੀਆਂ ਸਹੂਲਤਾਂ ਦਾ ਧਿਆਨ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵੇਲੇ ਪਾਕਿਸਤਾਨ ਵਿਚ ਕਰੋਨਾ ਦੀ ਸਥਿਤੀ ਕਾਬੂ ਹੇਠ ਹੈ, ਇਸ ਲਈ ਭਾਰਤ ਸਰਕਾਰ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਤੁਰਤ ਫੈਸਲਾ ਲੈਣਾ ਚਾਹੀਦਾ ਹੈ। ਉਨ੍ਹਾਂ ਇਹ ਲਾਂਘਾ ਖੁੱਲ੍ਹਣ 'ਤੇ ਬੀਬੀ ਜਗੀਰ ਕੌਰ ਅਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਆਉਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਇਸ ਲਾਂਘੇ ਨੂੰ ਦੋਹਾਂ ਮੁਲਕਾਂ ਵਿਚਾਲੇ ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਲਈ ਵਰਤਿਆ ਜਾਣਾ ਚਾਹੀਦੀ ਹੈ। ਜਿਕਰਯੋਗ ਹੈ ਕਿ ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਵੱਲੋਂ ਇਹ ਲਾਂਘਾ ਮੁੜ ਖੋਲ੍ਹਣ ਲਈ ਚਿਰੋਕਣੀ ਮੰਗ ਕੀਤੀ ਜਾ ਰਹੀ ਹੈ। ਇਸ ਸਬੰਧੀ ਸਿੱਖ ਸੰਸਥਾ ਵੱਲੋਂ ਪ੍ਰਧਾਨ ਮੰਤਰੀ ਤੇ ਹੋਰਨਾਂ ਨੂੰ ਪੱਤਰ ਵੀ ਭੇਜੇ ਜਾ ਚੁੱਕੇ ਹਨ।

## ਲਾਂਘਾ ਖੋਲ੍ਹਣ ਲਈ ਕੇਂਦਰ ਸੰਜੀਦਾ ਨਹੀਂ: ਜਗੀਰ ਕੌਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ ਲਈ ਸੰਜੀਦਾ ਨਹੀਂ ਹੈ। ਬੀਬੀ ਜਗੀਰ ਕੌਰ ਨੇ ਆਖਿਆ ਕਿ ਲੱਗਦਾ ਹੈ ਕਿ ਭਾਰਤ ਸਰਕਾਰ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਸਿਰਫ ਦਿਖਾਵੇ ਵਾਸਤੇ ਖੋਲ੍ਹਿਆ ਸੀ, ਜੇ ਸਰਕਾਰ ਇਸ ਸਬੰਧੀ ਸੰਜੀਦਾ ਹੁੰਦੀ ਤਾਂ ਲੰਮੇ ਸਮੇਂ ਤੋਂ ਬੰਦ ਪਿਆ ਲਾਂਘਾ ਮੁੜ ਖੋਲ੍ਹਣ ਦੀ ਪਹਿਲਕਦਮੀ ਕਰਦੀ। ਹੁਣ ਜਦੋਂ ਧਾਰਮਿਕ ਅਸਥਾਨ ਅਤੇ ਹੋਰ ਜਨਤਕ ਥਾਵਾਂ ਖੋਲ੍ਹੀਆਂ ਜਾ ਰਹੀਆਂ ਹਨ ਤਾਂ ਕਰਤਾਰਪੁਰ ਲਾਂਘੇ ਨੂੰ ਵੀ ਖੋਲ੍ਹਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿੱਖ ਸੰਗਤ ਦੀਆਂ ਭਾਵਨਾਵਾਂ ਜੁੜਿਆ ਹੋਇਆ ਹੈ ਅਤੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਭਾਰਤ ਸਰਕਾਰ ਨੂੰ ਕਈ ਵਾਰ ਪੱਤਰ ਵੀ ਲਿਖ ਚੁੱਕੀ ਹੈ ਤੇ ਇਕ ਵਾਰ ਮੁੜ ਯਾਦ ਪੱਤਰ ਭੇਜਿਆ ਜਾਵੇਗਾ।

## ਜਥੇਦਾਰ ਨੂੰ ਕੇਂਦਰ ਸਰਕਾਰ ਦੀ ਨੀਅਤ 'ਤੇ ਸ਼ੱਕ

**ਤਲਵੰਡੀ ਸਾਬੋ:** ਕਰੋਨਾ ਕਾਲ ਦੀ ਪਹਿਲੀ ਲਹਿਰ ਦੇ ਸਮੇਂ ਤੋਂ ਬੰਦ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਨਾ ਖੋਲ੍ਹੇ ਜਾਣ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਦੀ ਨੀਅਤ 'ਤੇ ਸ਼ੱਕ ਪ੍ਰਗਟ ਕੀਤਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕਰੋਨਾ ਦੀ ਪਹਿਲੀ ਲਹਿਰ ਮੌਕੇ ਹੀ ਦੇਸ਼ ਦੇ ਹੋਰਨਾਂ ਧਾਰਮਿਕ ਅਸਥਾਨਾਂ ਵਾਂਗ ਸਿੱਖਾਂ ਲਈ ਅਤਿ ਮਹੱਤਵਪੂਰਨ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਵੀ ਬੰਦ ਕਰ ਦਿੱਤਾ ਗਿਆ ਸੀ, ਪਰ ਪਿਛਲੇ ਸਮੇਂ ਵਿਚ ਕਰੋਨਾ ਲਹਿਰ ਦੇ ਮੱਠਾ ਪੈਂਦਿਆਂ ਹੀ, ਜਿਥੇ ਦੇਸ ਦੇ ਬਾਕੀ ਧਾਰਮਿਕ ਅਸਥਾਨਾਂ ਨੂੰ ਖੋਲ੍ਹ ਦਿੱਤਾ ਗਿਆ ਤਾਂ ਅਜਿਹੇ ਵਿਚ ਕਰੀਬ ਡੇਢ ਸਾਲ ਦਾ ਸਮਾਂ ਲੰਘ ਜਾਣ ਦੇ ਬਾਵਜੂਦ ਕਰਤਾਰਪੁਰ ਸਾਹਿਬ ਲਾਂਘਾ ਨਾ ਖੋਲ੍ਹਣਾ ਦਰਸਾਉਂਦਾ ਹੈ ਕਿ ਕੇਂਦਰ ਸਰਕਾਰ ਦੀ ਨੀਅਤ ਕਿਤੇ ਨਾ ਕਿਤੇ ਸ਼ੱਕੀ ਹੈ।

## ਡੀ. ਐਨ. ਏ. ਕਰਵਾਉਣ 'ਤੇ ਇਰਾਨੀ ਨਿਕਲਣਗੇ ਮੋਹਨ ਭਾਗਵਤ: ਜਥੇਦਾਰ

**ਸ੍ਰੀ ਆਨੰਦਪੁਰ ਸਾਹਿਬ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਵੱਲੋਂ ਭਾਰਤੀਆਂ ਦੇ ਡੀ.ਐਨ.ਏ. ਸਬੰਧੀ ਦਿੱਤੇ ਗਏ ਬਿਆਨ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਮੋਹਨ ਭਾਗਵਤ ਦਾ ਡੀ.ਐਨ.ਏ. ਟੈਸਟ ਕਰਵਾਇਆ ਜਾਵੇ ਤਾਂ ਉਹ ਇਰਾਨੀ ਨਿਕਲਣਗੇ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਪੁਸਤਕ ਰਿਲੀਜ ਕਰਨ ਪਹੁੰਚੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਰਤਾਰਪੁਰ ਲਾਂਘੇ 'ਤੇ ਲਾਈ ਗਈ ਰੋਕ ਬਾਰੇ ਕਿਹਾ ਕਿ ਜਦੋਂ ਸਾਰਾ ਸੰਸਾਰ ਚੱਲ ਰਿਹਾ ਹੈ ਤਾਂ ਸਿੱਖਾਂ ਵਾਸਤੇ ਬਣਿਆ ਇਹ ਲਾਂਘਾ ਕਿਉਂ ਨਹੀਂ ਖੋਲ੍ਹਿਆ ਜਾ ਰਿਹਾ। ਜੇ ਕਰੋਨਾ ਕਾਰਨ ਅਜਿਹੀ ਰੋਕ ਲਾਈ ਗਈ ਹੈ ਤਾਂ ਭਾਵੇਂ ਘੱਟ ਸ਼ਰਧਾਲੂਆਂ ਨੂੰ ਜਾਣ ਦੀ ਆਗਿਆ ਦਿੱਤੀ ਜਾਵੇ ਪਰ ਲਾਂਘਾ ਖੋਲ੍ਹਿਆ ਜਾਣਾ ਚਾਹੀਦਾ ਹੈ।

ਬੇਅਦਬੀ ਮਾਮਲਿਆਂ ਬਾਰੇ ਉਨ੍ਹਾਂ ਕਿਹਾ ਕਿ ਅਜਿਹੀਆਂ ਕੋਸ਼ਿਸ਼ਾਂ ਅਹਿਮਦ ਸ਼ਾਹ ਅਬਦਾਲੀ ਨੇ ਵੀ ਕੀਤੀਆਂ ਸਨ ਪਰ ਸਿੱਖ ਕੌਮ ਦਾ ਗੁਰੂ ਗ੍ਰੰਥ ਸਾਹਿਬ 'ਚ ਪੂਰੀ ਸ਼ਰਧਾ ਤੇ ਵਿਸ਼ਵਾਸ ਹੈ।

## 2500 ਕਰੋੜ ਦੀ ਹੈਰੋਇਨ ਸਣੇ ਚਾਰ ਕਾਬੂ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਕੇ 4 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਹਰਿਆਣਾ ਦੇ ਫਰੀਦਾਬਾਦ ਵਿਚ ਇਕ ਮਕਾਨ 'ਚੋਂ 354 ਕਿਲੋਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ ਹੈ। ਇਸ ਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ 2500 ਕਰੋੜ ਰੁਪਏ ਦੱਸੀ ਜਾ ਰਹੀ ਹੈ।

ਕੌਮਾਂਤਰੀ ਪੱਧਰ ਦੇ ਨਸ਼ਾ ਤਸਕਰੀ ਦੇ ਇਸ ਗਰੋਹ ਵਿਚ ਅਫਗਾਨੀ ਨਾਗਰਿਕ ਤੇ ਹੋਰ ਸ਼ਾਮਲ ਹਨ। ਦਿੱਲੀ ਪੁਲਿਸ ਦਾ ਵਿਸ਼ੇਸ਼ ਸੈੱਲ ਇਸ ਮਾਮਲੇ ਦੇ ਅਤਿਵਾਦੀ ਸਰਗਰਮੀਆਂ ਨਾਲ ਜੁੜੇ ਹੋਣ ਦੇ ਪੱਖ ਤੋਂ ਵੀ ਜਾਂਚ ਕਰ ਰਿਹਾ ਹੈ। ਵਿਸ਼ੇਸ਼ ਸੈੱਲ ਦੇ ਕਮਿਸ਼ਨਰ ਨੀਰਜ ਠਾਕੁਰ ਨੇ ਦੱਸਿਆ ਕਿ ਅਫਗਾਨੀ ਨਾਗਰਿਕ ਹਜ਼ਰਤ ਅਲੀ ਨੂੰ ਕਸ਼ਮੀਰ ਦੇ ਅਨੰਤਨਾਗ, ਰਿਜਵਾਨ ਅਹਿਮਦ, ਗੁਰਜੋਤ ਸਿੰਘ ਤੇ ਗੁਰਦੀਪ ਸਿੰਘ ਨੂੰ ਜਲੰਧਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਹੈਰੋਇਨ ਬਣਾਉਣ ਲਈ ਇਸਤੇਮਾਲ ਹੁੰਦਾ ਕਰੀਬ 100 ਕਿਲੋ ਰਸਾਇਣ ਵੀ ਬਰਾਮਦ ਕੀਤਾ ਗਿਆ ਹੈ। ਜਾਂਚ ਦੌਰਾਨ ਪਾਇਆ ਗਿਆ ਕਿ ਅਫ਼ਗਾਨਿਸਤਾਨ ਤੋਂ ਨਸ਼ਾ ਬੋਰੀਆਂ ਤੇ ਡੱਬਿਆਂ ਵਿਚ ਛੁਪਾ ਕੇ ਈਰਾਨ ਦੀ ਚਾਬਹਾਰ ਬੰਦਰਗਾਹ ਤੋਂ ਜਵਾਹਰ ਲਾਲ ਨਹਿਰੂ ਬੰਦਰਗਾਹ, ਮੁੰਬਈ ਭੇਜਿਆ ਜਾ ਰਿਹਾ ਸੀ। ਨਸ਼ਿਆਂ ਨੂੰ ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਨੇੜੇ ਇਕ ਫੈਕਟਰੀ ਵਿਚ ਪ੍ਰੋਸੈੱਸ ਕਰਨ ਲਈ ਭੇਜਿਆ ਗਿਆ ਸੀ ਤੇ ਹੈਰੋਇਨ ਨੂੰ ਅਫ਼ਗਾਨਿਸਤਾਨ ਦੇ ਮਾਹਿਰਾਂ ਦੀ ਮਦਦ ਨਾਲ ਤਿਆਰ ਕੀਤਾ ਗਿਆ ਸੀ। ਇਸ ਤੋਂ ਬਾਅਦ ਨਸ਼ਿਆਂ ਨੂੰ ਦਿੱਲੀ, ਪੰਜਾਬ, ਹਰਿਆਣਾ, ਰਾਜਸਥਾਨ ਤੇ ਜੰਮੂ-ਕਸ਼ਮੀਰ 'ਚ ਵੇਚਿਆ ਗਿਆ। ਪੰਜਾਬ ਤੋਂ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਨੇ ਕਿਹਾ ਕਿ ਡਰੱਗ ਰੈਕੇਟ ਦਾ ਮੁੱਖ ਸਾਜਿਸ਼ਘਾੜਾ ਨਵਪ੍ਰੀਤ ਸਿੰਘ ਪੁਰਤਗਾਲ ਤੋਂ ਕੰਮ ਕਰ ਰਿਹਾ ਹੈ।

A&I WATSONVILLE, CA.

A & I Transport Inc.

123 E Lee Rd., Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ


ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.

For More Information Call (24 hours) Armando or Vicente, Ph: (831) 763-7805

# ਬਿਜਲੀ ਸੰਕਟ ਨੇ ਕੈਪਟਨ ਅਮਰਿੰਦਰ ਸਰਕਾਰ ਦੇ ਕਰਵਾਏ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਵਿਚ ਬਿਜਲੀ ਦੀ ਕਮੀ ਦਾ ਸੰਕਟ ਇਕ ਵਾਰ ਫਿਰ ਗਹਿਰਾ ਹੋ ਗਿਆ ਹੈ। ਪੰਜਾਬ ਸਰਕਾਰ ਨੇ ਐਤਕੀਂ ਬਿਜਲੀ ਕੱਟ ਵੀ ਲਾਏ, ਸਨਅਤਾਂ ਦੀ ਸਪਲਾਈ ਵੀ ਬੰਦ ਕੀਤੀ, ਫਿਰ ਵੀ ਖੇਤੀ ਸੈਕਟਰ ਨੂੰ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਨਹੀਂ ਜਾ ਸਕੀ। ਝੋਨੇ ਦੀ ਲੁਆਈ ਸ਼ੁਰੂ ਹੋਣ ਤੋਂ ਲੈ ਕੇ ਹੁਣ ਇਕ ਮਹੀਨਾ ਪੂਰਾ ਹੋ ਚੁੱਕਾ ਹੈ ਪਰ ਸਰਕਾਰ ਖੇਤਾਂ ਲਈ ਐਲਾਨੀ ਬਿਜਲੀ ਸਪਲਾਈ ਦੇ ਨਹੀਂ ਸਕੀ। ਮੁੱਖ ਮੰਤਰੀ ਨੇ ਦਾਅਵੇ ਕੀਤੇ ਹਨ ਕਿ ਖੇਤੀ ਸੈਕਟਰ ਨੂੰ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ ਪਰ ਹਕੀਕਤ ਇਸ ਦੇ ਉਲਟ ਹੈ।



ਪਾਵਰਕੌਮ ਦੇ ਆਪਣੇ ਸਰਕਾਰੀ ਤੱਥ ਹਨ ਕਿ ਪੰਜਾਬ ਵਿਚ ਖੇਤੀ ਸੈਕਟਰ ਨੂੰ 8 ਜੁਲਾਈ ਨੂੰ 7.12 ਘੰਟੇ ਅਤੇ ਸਰਹੱਦੀ ਖੇਤਰ 'ਚ ਖੇਤੀ ਨੂੰ 7.30 ਘੰਟੇ ਬਿਜਲੀ ਸਪਲਾਈ ਦਿੱਤੀ ਹੈ। ਇਵੇਂ 7 ਜੁਲਾਈ ਨੂੰ ਖੇਤੀ ਸੈਕਟਰ ਨੂੰ 6.23 ਘੰਟੇ ਅਤੇ ਸਰਹੱਦੀ ਖੇਤਰ 'ਚ ਖੇਤਾਂ ਨੂੰ 6.30 ਘੰਟੇ ਬਿਜਲੀ ਸਪਲਾਈ ਦਿੱਤੀ ਗਈ ਹੈ। ਹਕੀਕਤ 'ਚ ਇਸ ਤੋਂ ਵੀ ਘੱਟ ਬਿਜਲੀ ਸਪਲਾਈ ਦਿੱਤੀ ਗਈ ਹੈ। ਪੰਜਾਬ ਵਿਚ ਕਰੀਬ 14.50 ਲੱਖ ਖੇਤੀ ਟਿਊਬਵੈਲਾਂ ਦੇ ਕੁਨੈਕਸ਼ਨ ਹਨ ਅਤੇ ਛੇ ਹਜ਼ਾਰ ਖੇਤੀ ਫੀਡਰ ਹਨ।

ਪਾਵਰਕੌਮ ਦੇ ਤੱਥ ਹੀ ਸਰਕਾਰ ਦੇ ਦਾਅਵੇ ਉਡਾ ਰਹੇ ਹਨ। ਕਿਸਾਨ ਧਿਰਾਂ ਵੱਲੋਂ ਬਿਜਲੀ ਸਪਲਾਈ 'ਤੇ ਉਂਗਲ ਉਠਾਈ ਜਾ ਰਹੀ ਹੈ। ਸਰਕਾਰੀ ਦਾਅਵੇ ਹਨ ਕਿ ਪੰਜਾਬ ਵਿਚ ਹੁਣ ਬਿਜਲੀ ਕੱਟ ਨਹੀਂ ਲਾਏ ਜਾ ਰਹੇ ਹਨ। ਪਾਵਰਕੌਮ ਦੇ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿਚ 8 ਜੁਲਾਈ ਨੂੰ ਸ਼ਹਿਰੀ ਪੈਟਰਨ ਵਾਲੀ ਪੇਂਡੂ ਸਪਲਾਈ 'ਤੇ 4.52 ਘੰਟੇ, ਪੇਂਡੂ ਸਪਲਾਈ 'ਤੇ 6.16 ਘੰਟੇ, ਸ਼ਹਿਰੀ/ਸਨਅਤੀ ਖੇਤਰਾਂ 'ਤੇ 2.51 ਘੰਟੇ ਅਤੇ ਕੰਢੀ ਖੇਤਰ 'ਚ 5 ਘੰਟੇ ਬਿਜਲੀ ਕੱਟ ਲਾਏ ਗਏ ਹਨ। ਪਿਛਲੇ ਵਰ੍ਹੇ ਇਨ੍ਹਾਂ ਦਿਨਾਂ ਵਿਚ ਕੋਈ ਬਿਜਲੀ ਕੱਟ ਨਹੀਂ ਸੀ।

ਇਸ ਵਾਰ ਤਲਵੰਡੀ ਸਾਬੋ ਤਾਪ ਘਰ ਦੀਆਂ ਸਾਰੀਆਂ ਇਕਾਈਆਂ ਦੁਆਰਾ ਉਤਪਾਦਨ ਕਾਰਜ ਬੰਦ ਕਰ ਦਿੱਤੇ ਜਾਣ ਨਾਲ ਸੰਕਟ ਦੀ ਗੰਭੀਰਤਾ ਹੋਰ ਵਧੀ ਹੈ। ਤਲਵੰਡੀ ਸਾਬੋ ਤਾਪ ਬਿਜਲੀ ਘਰ ਤੋਂ ਆਈ ਇਸ ਆਫਤ ਦੇ ਕਾਰਨ ਸੂਬੇ 'ਚ ਬਿਜਲੀ ਦੇ ਅਣ-ਐਲਾਨੇ ਕੱਟਾਂ ਨੇ ਉਦਯੋਗ, ਵਪਾਰ ਜਗਤ ਤੇ ਘਰੇਲੂ ਖਪਤ ਦੇ ਜ਼ਮੀਨੀ ਪੱਧਰ 'ਤੇ ਲੋਕਾਂ 'ਚ ਗੁੱਸੇ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ। ਝੋਨੇ ਦੇ ਸੀਜ਼ਨ ਮੌਕੇ ਸਿੰਜਾਈ ਲਈ ਬਿਜਲੀ ਦੀ ਵਿਸ਼ੇਸ਼ ਤੌਰ 'ਤੇ ਜ਼ਿਆਦਾ ਲੋੜ ਹੁੰਦੀ ਹੈ।

ਮਾਨਸੂਨ ਦੇ ਆਉਣ 'ਚ ਦੇਰੀ ਹੋ ਜਾਣ ਨਾਲ ਟਿਊਬਵੈੱਲਾਂ ਨਾਲ ਪਾਣੀ ਦੀ ਨਿਕਾਸੀ ਦੀ ਜ਼ਰੂਰਤ ਤੇ ਦਬਾਅ ਵਧਿਆ ਹੈ ਅਤੇ ਖੇਤੀ ਖੇਤਰ ਨੂੰ ਪੂਰੀ ਜ਼ਰੂਰਤ ਅਨੁਸਾਰ ਬਿਜਲੀ ਨਾ ਮਿਲਣ ਨਾਲ ਝੋਨੇ ਦੀ ਬਿਜਾਈ 'ਤੇ ਉਲਟ ਅਸਰ ਪੈਣ ਲੱਗਾ ਹੈ।

ਪੰਜਾਬ 'ਚ ਬਿਜਲੀ ਪੂਰਤੀ ਦਾ ਵਧੇਰੇ ਦਾਰੋਮਦਾਰ ਤਾਪ ਬਿਜਲੀ ਘਰਾਂ ਉਤੇ ਨਿਰਭਰ ਰਹਿੰਦਾ ਹੈ, ਹਾਲਾਂਕਿ ਸੂਬੇ 'ਚ 1150 ਮੈਗਾਵਾਟ ਪਣਬਿਜਲੀ ਦਾ ਉਤਪਾਦਨ ਵੀ ਹੁੰਦਾ ਹੈ ਪਰ ਅਕਸਰ ਕੋਲੇ ਦੀ ਕਮੀ ਕਾਰਨ, ਸੂਬੇ ਦੇ ਸਾਰੇ ਤਾਪ ਘਰ ਕਦੇ ਨਾ ਕਦੇ ਪ੍ਰਭਾਵਿਤ ਹੁੰਦੇ ਰਹਿੰਦੇ ਹਨ। ਪੰਜਾਬ 'ਚ ਗਰਮੀਆਂ ਦੇ ਮੌਸਮ ਦਾ ਤਾਪਮਾਨ ਵਧਣ ਨੂੰ ਦੇਖਦਿਆਂ ਪਿਛਲੇ ਮਹੀਨੇ 'ਚ ਹੀ ਇਹ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਸੀ ਕਿ ਇਸ ਵਾਰ ਬਿਜਲੀ ਦੀ ਪੂਰਤੀ 'ਚ ਮੁਸ਼ਕਲਾਂ ਆਉਣਗੀਆਂ। ਹਾਲਾਤ ਇਹ ਹੋ ਗਏ ਹਨ ਕਿ ਬਿਜਲੀ ਦੀ ਮੰਗ ਤਾਂ ਵਧ ਕੇ 14,000 ਮੈਗਾਵਾਟ ਹੋ ਗਈ, ਪਰ ਉਤਪਾਦਨ ਪ੍ਰਤੀ ਦਿਨ ਕਿਸੇ ਨਾ ਕਿਸੇ ਇਕਾਈ 'ਚ ਠੱਪ ਹੋ ਜਾਂਦਾ ਹੈ। ਪਹਿਲਾਂ ਰੋਪੜ ਤਾਪ ਘਰ 'ਚ ਇਕ ਇਕਾਈ ਦੇ ਬੰਦ ਹੋਣ ਨਾਲ ਸੂਬੇ 'ਚ ਬਿਜਲੀ ਪੂਰਤੀ ਉਤੇ ਅਸਰ ਪਿਆ ਸੀ। ਹੁਣ ਤਲਵੰਡੀ ਸਾਬੋ ਦੇ ਸਾਰੇ ਯੂਨਿਟ ਬੰਦ ਹੋ ਜਾਣ ਨਾਲ ਲਗਭਗ 2000 ਮੈਗਾਵਾਟ ਬਿਜਲੀ ਪੂਰਤੀ ਪ੍ਰਭਾਵਿਤ ਹੋਈ। ਇਸ ਕਾਰਨ ਪੇਂਡੂ ਤੇ ਸ਼ਹਿਰੀ ਦੋਵੇਂ ਖੇਤਰ ਕਮੀ ਦੇ ਸੰਕਟ ਨਾਲ ਜੂਝ ਰਹੇ ਹਨ, ਪਰ ਸੂਬੇ 'ਚ ਉਦਯੋਗਿਕ ਖੇਤਰ ਨੂੰ ਇਸ ਸੰਕਟ ਨਾਲ ਭਾਰੀ ਨੁਕਸਾਨ ਪਹੁੰਚਿਆ ਹੈ। ਇਸ ਸੰਕਟ ਕਾਰਨ ਸੂਬੇ ਦੀਆਂ ਕੁਝ ਵੱਡੀਆਂ ਉਦਯੋਗਿਕ ਇਕਾਈਆਂ ਉਤੇ ਪੂਰਨ ਪਾਬੰਦੀ ਲਗਾਈ ਗਈ, ਜਦਕਿ ਮੱਧਮ ਤੇ ਲਘੂ ਉਦਯੋਗ ਵੀ ਪ੍ਰਭਾਵਿਤ ਹੋਏ ਹਨ। ਉਦਯੋਗਿਕ ਯੂਨਿਟ ਬੰਦ ਹੋਣ ਨਾਲ ਉਨ੍ਹਾਂ ਦੇ ਮਜ਼ਦੂਰ ਤੇ ਕਾਮੇ ਬੇਕਾਰ ਹੋਏ ਹਨ। ਉਦਯੋਗਪਤੀਆਂ ਨੂੰ ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ। ਸੂਬੇ 'ਚ ਚੁਣਾਵੀ ਮੌਸਮ ਹੋਣ ਤੇ ਸੱਤਾਧਾਰੀ ਕਾਂਗਰਸ ਦੇ ਅੰਦਰਲੇ ਖੇਮਿਆਂ 'ਚ ਵੀ ਬਿਜਲੀ ਸੰਕਟ ਨੂੰ ਲੈ ਕੇ ਆਵਾਜ਼ ਉੱਠਣ ਨਾਲ ਇਹ ਮੁੱਦਾ ਜ਼ਿਆਦਾ ਗੰਭੀਰ ਹੋ ਗਿਆ ਹੈ।

ਬਿਜਲੀ ਦੇ ਇਸ ਸੰਕਟ 'ਤੇ ਕਾਬੂ ਪਾਉਣ ਲਈ ਪਾਵਰ ਨਿਗਮ ਨੇ ਪਿਛਲੇ ਦਿਨੀਂ ਨਿੱਜੀ ਤਾਪ ਘਰਾਂ ਨਾਲ 1800 ਮੈਗਾਵਾਟ ਬਿਜਲੀ ਦੀ ਖਰੀਦ ਵੀ ਕੀਤੀ ਸੀ। ਇਸ ਦੇ ਬਾਵਜੂਦ ਬਿਜਲੀ ਦੀ ਕਮੀ ਦਾ ਸੰਕਟ ਬਰਕਰਾਰ ਹੈ ਅਤੇ ਇਸ ਦਾ ਬੁਰਾ ਪ੍ਰਭਾਵ ਸੂਬੇ ਦੇ ਉਦਯੋਗਿਕ ਉਤਪਾਦਨ ਉਤੇ ਵੀ ਪੈ ਰਿਹਾ ਹੈ।

## ਸੁਖਬੀਰ ਨੇ ਸੰਕਟ ਲਈ ਕੈਪਟਨ ਨੂੰ ਜ਼ਿੰਮੇਵਾਰ ਠਹਿਰਾਇਆ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਗ ਕੀਤੀ ਕਿ ਕਾਂਗਰਸ ਸਰਕਾਰ ਬਿਜਲੀ ਸਪਲਾਈ ਦੇ ਸੰਕਟ ਕਾਰਨ 'ਜਬਰੀ' ਲਾਏ ਗਏ ਲੌਕਡਾਊਨ ਨਾਲ ਸੂਬੇ ਦੀ ਸਨਅਤ ਨੂੰ ਪੁੱਜੇ ਨੁਕਸਾਨ ਲਈ ਵਿੱਤੀ ਰਾਹਤ ਪੈਕੇਜ ਐਲਾਨੇ। ਬਾਦਲ ਨੇ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਉਦਯੋਗਿਕ ਸੈਕਟਰ ਨੂੰ 5 ਰੁਪਏ ਪ੍ਰਤੀ ਯੂਨਿਟ ਦੀ ਦਰ 'ਤੇ ਬਿਜਲੀ ਸਪਲਾਈ ਕਰਨ ਵਾਸਤੇ ਵੀ ਆਖਿਆ। ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਨ੍ਹਾਂ ਹਾਲਾਤਾਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ ਕਿਉਂਕਿ ਬਿਜਲੀ ਮਹਿਕਮਾ ਉਨ੍ਹਾਂ ਕੋਲ ਹੈ। ਉਨ੍ਹਾਂ ਕਿਹਾ ਕਿ ਨਾਲ ਹੀ ਇੰਡਸਟਰੀ ਨੂੰ ਪਏ ਘਾਟਿਆਂ ਲਈ ਵੀ ਵਿੱਤੀ ਰਾਹਤ ਦਿੱਤੀ ਜਾਣੀ ਚਾਹੀਦੀ ਹੈ ਤੇ ਮੌਜੂਦਾ ਸਰਕਲ ਦੇ ਦੋ ਮਹੀਨਿਆਂ ਦੇ ਬਿੱਲ ਦੀ ਉਗਰਾਹੀ ਅੱਗੇ ਪਾਉਣੀ ਚਾਹੀਦੀ ਹੈ।

## ਸਿੱਧੂ ਨੇ 'ਆਪ' ਅਤੇ ਬਾਦਲਾਂ 'ਤੇ ਸੇਧਿਆ ਨਿਸ਼ਾਨਾ

**ਅੰਮ੍ਰਿਤਸਰ:** ਬਿਜਲੀ ਸੰਕਟ 'ਤੇ ਲਗਾਤਾਰ ਸਰਗਰਮੀ ਦਿਖਾ ਰਹੇ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਆਖਿਆ ਕਿ ਕੁਝ ਤਾਕਤਾਂ ਪੰਜਾਬ ਦੀ ਤਬਾਹੀ ਚਾਹੁੰਦੀਆਂ ਹਨ। ਉਨ੍ਹਾਂ ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਵੀ ਨਿਸ਼ਾਨਾ ਬਣਾਇਆ ਹੈ। ਆਪਣੇ ਟਵੀਟ ਰਾਹੀਂ ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਦੀ ਜੀਵਨ ਰੇਖਾ ਥਰਮਲ ਪਲਾਂਟਾਂ ਨੂੰ ਬੰਦ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਥਰਮਲ ਪਲਾਂਟਾਂ ਬਾਰੇ ਸਮਝੌਤਾ ਬਾਦਲਾਂ ਵੱਲੋਂ ਅਤੇ ਸੂਰਜੀ ਊਰਜਾ ਬਾਰੇ ਸਮਝੌਤਾ ਉਸ ਵੇਲੇ ਦੇ ਮੰਤਰੀ ਬਿਕਰਮ ਮਜੀਠੀਆ ਵੱਲੋਂ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਬਿਜਲੀ ਮਾਮਲੇ ਵਿਚ ਪੰਜਾਬ ਨੂੰ ਦਿੱਲੀ ਮਾਡਲ ਦੀ ਲੋੜ ਨਹੀਂ ਸਗੋਂ ਪੰਜਾਬ ਲਈ ਇਕ ਵੱਖਰੇ ਅਸਲ ਮਾਡਲ ਦੀ ਲੋੜ ਹੈ।

# ਦਿੱਲੀ ਨਹੀਂ, ਪੰਜਾਬ ਮਾਡਲ ਮੇਰੀ ਤਰਜੀਹ: ਨਵਜੋਤ ਸਿੱਧੂ

**ਚੰਡੀਗੜ੍ਹ:** ਸਾਬਕਾ ਮੰਤਰੀ ਨਵਜੋਤ ਸਿੱਧੂ ਨੇ ਆਪਣੇ ਉਪਰ ਉਠ ਰਹੇ ਸੁਆਲਾਂ ਦੇ ਜੁਆਬ ਵਿਚ ਆਪਣੀ ਸਫਾਈ ਦਿੱਤੀ ਹੈ। ਨਵਜੋਤ ਸਿੱਧੂ ਨੇ ਟਵੀਟ ਕਰਕੇ ਕਿਹਾ ਹੈ ਕਿ ਬਿਜਲੀ ਮੰਤਰੀ ਕੋਈ ਫੈਸਲਾ ਨਹੀਂ ਲੈ ਸਕਦਾ ਹੈ। ਬਿਜਲੀ ਖਰੀਦ ਸਮਝੌਤਿਆਂ ਬਾਰੇ ਆਪਣੇ ਤੌਰ 'ਤੇ ਊਰਜਾ ਮੰਤਰੀ ਇਕ ਫੀਸਦੀ ਕੁਝ ਕਰਨ ਦੀ ਤਾਕਤ ਨਹੀਂ ਰੱਖਦਾ ਹੈ ਕਿਉਂਕਿ ਫੈਸਲੇ ਲੈਣ ਦੇ ਸਾਰੇ ਅਧਿਕਾਰ ਪੰਜਾਬ ਰਾਜ ਰੈਗੂਲੇਟਰੀ ਕਮਿਸ਼ਨ ਕੋਲ ਹਨ ਜੋ ਮੁੱਖ ਮੰਤਰੀ ਨੂੰ ਸਿੱਧੇ ਤੌਰ 'ਤੇ ਰਿਪੋਰਟ ਕਰਦਾ ਹੈ।ਨਵਜੋਤ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਆਪਣਾ ਸਮਾਂ ਲੋਕਾਂ ਦੀ ਤਾਕਤ ਲੋਕਾਂ ਤੱਕ ਪਹੁੰਚਾਉਣ ਦਾ ਰਾਹ ਉਲੀਕਣ ਲਈ 'ਪੰਜਾਬ ਮਾਡਲ' ਨੂੰ ਤਿਆਰ ਕਰਨ 'ਤੇ ਲਾਇਆ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨਾਂ ਤੋਂ ਸਿਆਸੀ ਹਲਕੇ ਅਤੇ ਆਮ ਲੋਕ ਇਹ ਸੁਆਲ ਨਵਜੋਤ ਸਿੱਧੂ 'ਤੇ ਉਠਾ ਰਹੇ ਸਨ ਕਿ ਨਵਜੋਤ ਸਿੱਧੂ ਨੂੰ ਬਿਜਲੀ ਮੰਤਰੀ ਦਾ ਅਹੁਦਾ ਸੰਭਾਲਣਾ ਚਾਹੀਦਾ ਸੀ ਅਤੇ ਲੋਕ ਭਲੇ ਲਈ ਬਤੌਰ ਬਿਜਲੀ ਮੰਤਰੀ ਕਦਮ ਚੁੱਕਣੇ ਚਾਹੀਦੇ ਸਨ।



ਨਵਜੋਤ ਸਿੱਧੂ ਨੇ ਇਕ ਹੋਰ ਟਵੀਟ ਕਰਕੇ 'ਦਿੱਲੀ ਮਾਡਲ' ਬਾਰੇ ਵੀ ਟਿੱਪਣੀ ਕੀਤੀ ਹੈ ਕਿ ਦਿੱਲੀ ਮਾਡਲ ਦਾ ਮਤਲਬ ਹੈ ਕਿ ਮਗਰਮੱਛ ਕਾਰਪੋਰੇਟਾਂ ਨੂੰ ਸੱਦਾ ਦੇਣਾ। ਦਿੱਲੀ ਆਪਣੀ ਬਿਜਲੀ ਖੁਦ ਪੈਦਾ ਨਹੀਂ ਕਰਦੀ ਹੈ ਅਤੇ ਇਸ ਦੀ ਵੰਡ ਰਿਲਾਇੰਸ ਅਤੇ ਟਾਟਾ ਦੇ ਹੱਥਾਂ ਵਿਚ ਹੈ। ਪੰਜਾਬ ਆਪਣੇ ਬਜਟ ਦਾ 10 ਫੀਸਦੀ ਬਿਜਲੀ ਸਬਸਿਡੀ 'ਤੇ ਖਰਚਦਾ ਹੈ ਜਦੋਂ ਕਿ ਦਿੱਲੀ ਸਰਕਾਰ ਸਿਰਫ 4 ਫੀਸਦੀ। ਨਵਜੋਤ ਸਿੱਧੂ ਨੇ ਇਹ ਵੀ ਕਿਹਾ ਕਿ ਦਿੱਲੀ ਸਰਕਾਰ ਕਿਸਾਨਾਂ ਨੂੰ ਮੁਫਤ ਬਿਜਲੀ ਨਹੀਂ ਦਿੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਮਾਡਲ ਦਾ ਮਤਲਬ ਹੈ ਕਿ ਨੁਕਸਦਾਰ ਬਿਜਲੀ ਖਰੀਦ ਸਮਝੌਤਿਆਂ ਨੂੰ ਰੱਦ ਕਰਨਾ, ਸਸਤੀ ਤੇ ਟਿਕਾਊ ਬਿਜਲੀ ਪੈਦਾ ਕਰਨੀ ਅਤੇ ਖਰੀਦਣੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਪੰਜਾਬ ਮਾਡਲ ਦੀ ਲੋੜ ਹੈ। ਉਨ੍ਹਾਂ ਸੂਰਜੀ ਊਰਜਾ 1.99 ਰੁਪਏ ਪ੍ਰਤੀ ਯੂਨਿਟ ਹੋਣ ਦੀ ਗੱਲ ਵੀ ਰੱਖੀ।

# ਕੇਜਰੀਵਾਲ ਵੱਲੋਂ ਹੁਣ ਉਤਰਾਖੰਡ 'ਚ ਮੁਫਤ ਬਿਜਲੀ ਦੇ ਵਾਅਦੇ

**ਦੇਹਰਾਦੂਨ:** ਵਿਧਾਨ ਸਭ ਚੋਣਾਂ ਦੇ ਮੱਦੇਨਜ਼ਰ ਪੰਜਾਬ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਉੱਤਰਾਖੰਡ 'ਚ ਵੱਡੇ ਵਾਅਦੇ ਕੀਤੇ ਹਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉੱਤਰਾਖੰਡ ਦੀ ਜਨਤਾ ਨੂੰ ਤੀਜਾ ਬਦਲ ਦਿੰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬਿਜਲੀ ਨਾਲ ਸਬੰਧਤ ਚਾਰ ਅਹਿਮ ਐਲਾਨ ਕੀਤੇ ਅਤੇ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਸੂਬੇ 'ਚ ਸੱਤਾ 'ਚ ਆਈ ਤਾਂ ਸਭ ਨੂੰ 300 ਯੂਨਿਟ ਬਿਜਲੀ ਅਤੇ ਕਿਸਾਨਾਂ ਨੂੰ ਪੂਰੀ ਬਿਜਲੀ ਮੁਫਤ ਦਿੱਤੀ ਜਾਵੇਗੀ।



ਆਪਣੇ ਇਕ ਰੋਜ਼ਾ ਦੌਰੇ 'ਤੇ ਇਥੇ ਪਹੁੰਚੇ ਕੇਜਰੀਵਾਲ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਪਾਰਟੀ ਸੱਤਾ 'ਚ ਆਉਣ 'ਤੇ ਬਿਜਲੀ ਦੇ ਪੁਰਾਣੇ ਬਿੱਲ ਵੀ ਮੁਆਫ ਕਰ ਦੇਵੇਗੀ ਅਤੇ ਸੂਬੇ 'ਚ 24 ਘੰਟੇ ਲਗਾਤਾਰ ਬਿਜਲੀ ਸਪਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਲਈ ਉਨ੍ਹਾਂ ਸਾਰਾ ਹਿਸਾਬ ਲਾ ਲਿਆ ਹੈ ਜਿਸ ਤਹਿਤ ਉੱਤਰਾਖੰਡ ਦੇ 50 ਹਜ਼ਾਰ ਕਰੋੜ ਰੁਪਏ ਦੇ ਬਜਟ 'ਚੋਂ ਉਨ੍ਹਾਂ ਦੇ ਐਲਾਨ ਪੂਰੇ ਕਰਨ ਲਈ 1200 ਕਰੋੜ ਰੁਪਏ ਦੀ ਲੋੜ ਹੋਵੇਗੀ।

ਉਨ੍ਹਾਂ ਕਿਹਾ ਕਿ ਦਿੱਲੀ 'ਚ ਵੀ ਉਨ੍ਹਾਂ ਦੀ ਸਰਕਾਰ ਅਜਿਹੀ ਹੀ ਯੋਜਨਾ ਚਲਾ ਰਹੀ ਹੈ ਜਿਥੇ 60 ਹਜ਼ਾਰ ਕਰੋੜ ਰੁਪਏ ਦੇ ਬਜਟ 'ਚੋਂ ਪੂਰੀ ਦਿੱਲੀ ਲਈ ਸਿਰਫ 2200 ਕਰੋੜ ਰੁਪਏ ਦੀ ਲੋੜ ਪਵੇਗੀ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਉੱਤਰਾਖੰਡ 'ਚ ਮਾਲੀਆ ਵਧਾਉਣ ਲਈ ਇਮਾਨਦਾਰ ਤੇ ਭ੍ਰਿਸ਼ਟਾਚਾਰ ਮੁਕਤ ਸਰਕਾਰ ਲਿਆਏਗੀ ਜਿਸ ਨਾਲ ਟੈਕਸ ਚੋਰੀ ਨਹੀਂ ਹੋਵੇਗੀ ਤੇ ਆਮਦਨ ਵਧੇਗੀ।

ਉਨ੍ਹਾਂ ਕਿਹਾ ਕਿ ਪਹਿਲਾਂ ਖਬਰ ਆਈ ਸੀ ਕਿ ਉੱਤਰਾਖੰਡ ਦੇ ਊਰਜਾ ਮੰਤਰੀ ਹਰਕ ਸਿੰਘ ਰਾਵਤ ਨੇ ਪਹਿਲੀਆਂ 100 ਯੂਨਿਟਾਂ ਮੁਫਤ ਤੇ ਉਸ ਤੋਂ ਬਾਅਦ ਸੌ ਯੂਨਿਟ ਬਿਜਲੀ ਅੱਧੀਆਂ ਦਰਾਂ 'ਤੇ ਦੇਣ ਦਾ ਐਲਾਨ ਕੀਤਾ ਹੈ ਪਰ ਠੀਕ 24 ਘੰਟੇ ਬਾਅਦ ਇਥੋਂ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਇਹ ਕਹਿ ਕੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਅਜਿਹੀ ਕੋਈ ਤਜਵੀਜ਼ ਹੀ ਨਹੀਂ ਹੈ।

ਕੇਜਰੀਵਾਲ ਨੇ ਕਿਹਾ 'ਆਪ' ਜੋ ਕਹਿੰਦੀ ਹੈ ਉਹ ਕਰ ਕੇ ਦਿਖਾਉਂਦੀ ਹੈ ਅਤੇ ਜੁਮਲੇਬਾਜੀ ਨਹੀਂ ਕਰਦੀ। ਉਨ੍ਹਾਂ ਦੋਸ਼ ਲਾਇਆ ਕਿ ਉੱਤਰਾਖੰਡ 'ਚ ਭਾਜਪਾ ਤੇ ਕਾਂਗਰਸ ਦੋਵਾਂ ਨੇ ਮਿਲ ਕੇ ਸੂਬੇ ਨੂੰ ਬਰਬਾਦੀ ਤੱਕ ਪਹੁੰਚਾ ਦਿੱਤਾ ਹੈ ਅਤੇ ਜਨਤਾ ਚੱਕੀ ਦੇ ਇਨ੍ਹਾਂ ਦੋ ਪੁੜਾਂ ਵਿਚਾਲੇ ਪਿਸ ਰਹੀ ਹੈ। ਮਹਿੰਗਾਈ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਆਮ ਆਦਮੀ ਲਈ ਪਰਿਵਾਰ ਚਲਾਉਣਾ ਮੁਸ਼ਕਿਲ ਹੋ ਗਿਆ ਹੈ ਅਤੇ ਇਸ ਤੋਂ ਮਹਿਲਾਵਾਂ ਸਭ ਤੋਂ ਵੱਧ ਦੁਖੀ ਹਨ।

# ਕੈਪਟਨ ਸਰਕਾਰ ਦੀ ਘੇਰੇਬੰਦੀ ਲਈ ਮੁਲਾਜ਼ਮ ਜਥੇਬੰਦੀਆਂ ਦਾ ਏਕਾ

**ਚੰਡੀਗੜ੍ਹ:** ਐਸ.ਸੀ-ਬੀ.ਸੀ. ਮੁਲਾਜ਼ਮ ਤੇ ਲੋਕ ਏਕਤਾ ਫਰੰਟ ਪੰਜਾਬ ਨੇ ਸਾਂਝੇ ਤੌਰ 'ਤੇ ਮੁਲਾਜ਼ਮ ਅਤੇ ਦਲਿਤ ਮੁੱਦਿਆਂ ਸਬੰਧੀ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦੀਆਂ ਰਿਹਾਇਸ਼ਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ।



ਇਸ ਸਬੰਧੀ ਕਨਵੀਨਰ ਅਵਤਾਰ ਕੈਂਥ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਸਿੱਖਿਆ ਵਿਭਾਗ, ਸਿਹਤ ਵਿਭਾਗ, ਜਲ ਸਰੋਤ ਵਿਭਾਗ, ਬਿਜਲੀ ਬੋਰਡ (ਪੀ.ਸੀ.ਪੀ.ਸੀ.ਐਲ.), ਮੰਡੀਕਰਨ ਬੋਰਡ, ਜੰਗਲਾਤ ਵਿਭਾਗ, ਪਸ਼ੂ ਪਾਲਣ ਵਿਭਾਗ ਅਤੇ ਪੀ.ਆਰ.ਟੀ.ਸੀ. ਵਿਭਾਗਾਂ ਦੇ ਕਨਵੀਨਰ ਸ਼ਾਮਲ ਹੋਏ। ਮੁਲਾਜ਼ਮ ਆਗੂਆਂ ਨੇ ਰਾਖਵਾਂਕਰਨ ਲਾਗੂ ਨਾ ਕਰਨ, 85ਵੀਂ ਸੋਧ ਲਾਗੂ ਨਾ ਕਰਨ ਅਤੇ 10 ਅਕਤੂਬਰ 2014 ਵਾਲੇ ਗੈਰ-ਸੰਵਿਧਾਨਕ ਪੱਤਰ ਰੱਦ ਨਾ ਕਰਨ ਸਮੇਤ ਹੋਰ ਮੰਗਾਂ ਸਬੰਧੀ ਹੋ ਰਹੀ ਅਣਦੇਖੀ ਪ੍ਰਤੀ ਸਰਕਾਰ ਦੀ ਨਿਖੇਧੀ ਕੀਤੀ। ਕਨਵੀਨਰ ਬਲਜੀਤ ਸਿੰਘ ਸਲਾਣਾ ਤੇ ਅਵਤਾਰ ਕੈਂਥ ਨੇ ਕਿਹਾ ਕਿ ਜਿਹੜੇ ਵਾਅਦੇ ਕਰ ਕੇ ਸਰਕਾਰ ਸੱਤਾ ਵਿਚ ਆਈ ਸੀ, ਉਨ੍ਹਾਂ 'ਚੋਂ ਕੋਈ ਵੀ ਪੂਰਾ ਨਹੀਂ ਹੋਇਆ।

ਮੰਤਰੀ ਸਾਧੂ ਸਿੰਘ ਧਰਮਸੋਤ 'ਤੇ ਐਸ.ਸੀ. ਬੱਚਿਆਂ ਦੇ ਵਜ਼ੀਫਿਆਂ 'ਚ ਘਪਲੇ ਕਰਨ ਦੇ ਦੋਸ਼ ਲੱਗ ਰਹੇ ਹਨ। ਸਰਕਾਰ ਨੇ ਇਸ ਸਬੰਧੀ ਸਪੱਸ਼ਟੀਕਰਨ ਦੇਣ ਜਾਂ ਬੱਚਿਆਂ ਨੂੰ ਵਜ਼ੀਫੇ ਦੇ ਕੇ ਇਨਸਾਫ ਦੇਣ ਦੀ ਥਾਂ ਸਕੱਤਰ ਭਲਾਈ ਵਿਭਾਗ ਨੂੰ ਹੀ ਬਦਲ ਦਿੱਤਾ। ਇਸੇ ਦੇ ਰੋਸ ਵਜੋਂ ਉਨ੍ਹਾਂ 17 ਜੁਲਾਈ ਨੂੰ ਜ਼ਿਲ੍ਹਾ ਪੱਧਰੀ ਤਿਆਰੀ ਮੀਟਿੰਗ, ਸੱਤ ਅਗਸਤ ਨੂੰ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਨਾਭਾ ਰਿਹਾਇਸ਼ ਦਾ ਘਿਰਾਓ ਤੇ 29 ਅਗਸਤ ਨੂੰ ਮੁੱਖ ਮੰਤਰੀ ਦੀ ਪਟਿਆਲਾ ਰਿਹਾਇਸ਼ ਦਾ ਘਿਰਾਓ ਕਰਨ ਦਾ ਫੈਸਲਾ ਕੀਤਾ ਹੈ।

# ਕੇਂਦਰੀ ਬਿਜਲੀ ਮੰਤਰੀ ਨੇ ਪੰਜਾਬ ਸਰਕਾਰ 'ਤੇ ਉਠਾਏ ਸੁਆਲ

**ਚੰਡੀਗੜ੍ਹ:** ਕੇਂਦਰੀ ਬਿਜਲੀ ਮੰਤਰੀ ਆਰ.ਕੇ. ਸਿੰਘ ਨੇ ਬਿਜਲੀ ਸੰਕਟ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ। ਉਨ੍ਹਾਂ ਬਿਜਲੀ ਦੇ ਪਾਵਰ ਕੱਟਾਂ ਦਾ ਸਾਰਾ ਠੀਕਰਾ ਕੈਪਟਨ ਸਰਕਾਰ ਸਿਰ ਭੰਨਿਆ ਹੈ। ਬੇਸ਼ੱਕ ਮੌਸਮ 'ਚ ਤਬਦੀਲੀ ਕਰਕੇ ਬਿਜਲੀ ਦੀ ਮੰਗ 'ਚ ਫੇਰ ਬਦਲ ਹੋਇਆ ਹੈ ਪਰ ਬਿਜਲੀ ਕੱਟਾਂ ਤੋਂ ਹਾਲੇ ਵੀ ਪੰਜਾਬ ਨੂੰ ਰਾਹਤ ਨਹੀਂ ਮਿਲੀ ਹੈ। ਉਪਰੋਂ ਤਲਵੰਡੀ ਸਾਬੋ ਤਾਪ ਬਿਜਲੀ ਘਰ ਤੋਂ ਬਿਜਲੀ ਸਪਲਾਈ ਠੱਪ ਹੋਣ ਕਾਰਨ ਹਾਕਮ ਧਿਰ ਨੂੰ ਸਿਆਸੀ ਸੱਟ ਵੀ ਵੱਜੀ ਹੈ।

ਕੇਂਦਰੀ ਬਿਜਲੀ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਟਰਾਂਸਮਿਸ਼ਨ ਨੈੱਟਵਰਕ ਨੂੰ ਮਜ਼ਬੂਤ ਕਰਨ 'ਚ ਨਾਕਾਮ ਰਹੀ ਹੈ ਅਤੇ ਇਹ ਪੰਜਾਬ ਦੀ ਅੰਦਰੂਨੀ ਸਮੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਿਜਲੀ ਖੇਤਰ ਨੂੰ ਨਜਰਅੰਦਾਜ ਕਰਦੀ ਹੈ ਅਤੇ ਆਪਣੇ ਸਿਆਸੀ ਲਾਭ ਲਈ ਬਿਜਲੀ ਸੈਕਟਰ ਦਾ ਸ਼ੋਸ਼ਣ ਵੀ ਕਰਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਸ ਸੰਕਟ ਦੇ ਹੱਲ ਵਾਸਤੇ ਕਦੇ ਵੀ ਉਨ੍ਹਾਂ ਨਾਲ ਤਾਲਮੇਲ ਨਹੀਂ ਕੀਤਾ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਸਿੱਧੂ ਦੇ ਆਮ ਆਦਮੀ ਪਾਰਟੀ ਪ੍ਰਤੀ ਜਾਗੇ ਹੇਜ ਨੇ ਛੇੜੀ ਨਵੀਂ ਚਰਚਾ

**ਚੰਡੀਗੜ੍ਹ:** ਪੰਜਾਬ ਸੱਤਾਧਾਰੀ ਕਾਂਗਰਸ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਵਿਚਾਲੇ ਕਲੇਸ਼ ਦਾ ਹੱਲ ਕੱਢਣ ਲਈ ਸਿਰ ਸੁੱਟ ਕੇ ਲੱਗੀ ਹੋਈ ਹੈ ਤੇ ਉਥੇ ਸਿੱਧੂ ਦੇ ਆਮ ਆਦਮੀ ਪਾਰਟੀ ਪ੍ਰਤੀ ਜਾਗੇ ਹੇਜ ਨੇ ਕਾਂਗਰਸ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ। ਉਸ ਵੱਲੋਂ ਕੀਤੇ ਟਵੀਟ ਦੇ ਕਈ ਅਰਥ ਕੱਢੇ ਜਾ ਰਹੇ ਹਨ। ਸਾਬਕਾ ਕ੍ਰਿਕਟਰ, ਜੋ ਕਾਫੀ ਅਰਸੇ ਤੋਂ ਕਾਂਗਰਸ ਵਿਚ ਆਪਣੀ ਵੱਖਰੀ ਥਾਂ ਤੇ ਪਛਾਣ ਲਈ ਦਿੱਲੀ ਦੇ ਗੇੜੇ ਕੱਢ ਰਿਹਾ ਹੈ, ਨੂੰ ਲੀਡਰਸ਼ਿਪ ਕੋਈ ਪੱਲਾ ਨਹੀਂ ਫੜਾ ਰਹੀ।

ਸਿੱਧੂ ਨੇ ਟਵੀਟ ਕਰਕੇ ਕਿਹਾ, 'ਆਮ ਆਦਮੀ ਪਾਰਟੀ ਹਮੇਸ਼ਾ ਮੇਰੇ ਪੰਜਾਬ ਪ੍ਰਤੀ ਕੰਮ ਤੇ ਦੂਰਦਰਸ਼ੀ ਵਿਚਾਰਾਂ ਦੀ ਕਦਰ ਕਰਦੀ ਰਹੀ ਹੈ। ਚਾਹੇ ਬੇਅਦਬੀ ਕਾਂਡ, ਨਸ਼ੇ, ਕਿਸਾਨ, ਭ੍ਰਿਸ਼ਟਾਚਾਰ ਤੇ ਬਿਜਲੀ ਸੰਕਟ ਵਰਗੇ ਮਾਮਲੇ ਹੋਣ, ਮੈਂ ਇਨ੍ਹਾਂ ਮਾਮਲਿਆਂ 'ਤੇ ਖੁੱਲ੍ਹ ਕੇ ਆਪਣੀ ਗੱਲ ਕਹੀ ਹੈ। ਅੱਜ ਵੀ ਜਦੋਂ ਮੈਂ ਪੰਜਾਬ ਮਾਡਲ ਦੀ ਗੱਲ ਕਰਦਾ ਹਾਂ ਤਾਂ ਆਪ ਇਸ ਨੂੰ ਸਮਝਦੀ ਹੈ। ਆਪ ਜਾਣਦੀ ਹੈ ਕਿ ਪੰਜਾਬ ਲਈ ਕੌਣ ਲੜ ਰਿਹਾ ਹੈ?'

## ਜਬਰ ਜਨਾਹ ਮਾਮਲੇ 'ਚ ਵਿਧਾਇਕ ਬੈਂਸ ਸਣੇ ਸੱਤ ਖਿਲਾਫ ਕੇਸ ਦਰਜ

**ਲੁਧਿਆਣਾ:** ਥਾਣਾ ਡਿਵੀਜ਼ਨ ਨੰਬਰ ਛੇ ਦੀ ਪੁਲਿਸ ਨੇ ਜਬਰ ਜਨਾਹ ਦੇ ਮਾਮਲੇ 'ਚ ਲੋਕ ਇਨਸਾਫ ਪਾਰਟੀ ਦੇ ਮੁਖੀ ਅਤੇ ਹਲਕਾ ਆਤਮ ਨਗਰ ਤੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਸਮੇਤ 7 ਖਿਲਾਫ ਕੇਸ ਦਰਜ ਕਰ ਲਿਆ ਹੈ। ਨਾਮਜ਼ਦ ਕੀਤੇ ਕਥਿਤ ਦੋਸ਼ੀ 'ਚ ਵਿਧਾਇਕ ਬੈਂਸ ਦੇ 2 ਭਰਾ, ਇਕ ਨਿੱਜੀ ਸਹਾਇਕ ਅਤੇ ਗੁਆਂਢਣ ਵੀ ਸ਼ਾਮਲ ਹੈ। ਜਾਣਕਾਰੀ ਅਨੁਸਾਰ ਕੁਝ ਸਮਾਂ ਪਹਿਲਾਂ ਸ਼ਿਮਲਾਪੁਰੀ ਦੀ ਰਹਿਣ ਵਾਲੀ ਇਕ ਵਿਧਵਾ ਔਰਤ ਨੇ ਵਿਧਾਇਕ ਬੈਂਸ ਉਪਰ ਉਸ ਨਾਲ ਕਈ ਵਾਰ ਜਬਰ ਜਨਾਹ ਕਰਨ ਦੇ ਗੰਭੀਰ ਦੋਸ਼ ਲਗਾਏ ਸਨ। 6 ਮਹੀਨੇ ਪਹਿਲਾਂ ਉਕਤ ਔਰਤ ਵੱਲੋਂ ਇਸ ਸਬੰਧੀ ਪੁਲਿਸ ਕਮਿਸ਼ਨਰ ਨੂੰ ਦਰਖਾਸਤ ਦੇ ਕੇ ਬੈਂਸ ਅਤੇ ਇਸ ਸਾਰੀ ਸਾਜਿਸ਼ ਕਰਨ ਵਾਲੇ ਵਿਅਕਤੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਸੀ ਪਰ ਪੁਲਿਸ ਵਲੋਂ ਬੈਂਸ ਖਿਲਾਫ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਪਿਛਲੇ ਪੰਜ ਮਹੀਨੇ ਤੋਂ ਪੀੜਤ ਔਰਤ ਲਗਾਤਾਰ ਪੁਲਿਸ ਕਮਿਸ਼ਨਰ ਦਫਤਰ ਦੇ ਬਾਹਰ ਧਰਨੇ 'ਤੇ ਬੈਠੀ ਹੋਈ ਹੈ।

ਇਸ ਦੌਰਾਨ ਪੀੜਤ ਵਿਧਵਾ ਔਰਤ ਨੇ ਸੀਨੀਅਰ ਐਡਵੋਕੇਟ ਹਰੀਸ਼ ਰਾਏ ਢਾਂਡਾ ਨਾਲ ਸੰਪਰਕ ਕੀਤਾ ਤਾਂ ਸ੍ਰੀ ਢਾਂਡਾ ਵੱਲੋਂ ਇਸ ਮਾਮਲੇ ਨੂੰ ਲੈ ਕੇ ਅਦਾਲਤ ਵਿਚ ਕੇਸ ਦਾਇਰ ਕਰ ਦਿੱਤਾ, ਜਿਸ ਦੀ ਕਿ ਸੁਣਵਾਈ 7 ਜੁਲਾਈ ਨੂੰ ਹੋਈ ਅਤੇ ਜੱਜ ਹਰਸਿਮਰਨਜੀਤ ਸਿੰਘ ਨੇ ਥਾਣਾ ਡਿਵੀਜ਼ਨ ਨੰਬਰ ਛੇ ਦੀ ਪੁਲਿਸ ਨੂੰ ਇਸ ਮਾਮਲੇ ਵਿਚ ਕੇਸ ਦਰਜ ਕਰਕੇ ਤੁਰਤ ਪੁਲਿਸ ਨੂੰ ਰਿਪੋਰਟ ਦੇਣ ਲਈ ਕਿਹਾ। ਪੁਲਿਸ ਵੱਲੋਂ ਪੀੜਤ ਔਰਤ ਨੂੰ ਐਫ.ਆਈ.ਆਰ. ਦੀ ਕਾਪੀ ਮੁਹੱਈਆ ਕਰਵਾਈ ਗਈ ਹੈ, ਜਿਸ ਵਿਚ ਕੇਸ ਦਰਜ ਕਰਨ ਦੀ ਮਿਤੀ 10 ਜੁਲਾਈ ਲਿਖੀ ਗਈ ਹੈ।

## ਪੰਜਾਬ 'ਚ ਅਸਮਾਨੀ ਬਿਜਲੀ ਡਿੱਗਣ ਦੀਆਂ ਘਟਨਾਵਾਂ 'ਚ 331 ਫੀਸਦ ਵਾਧਾ

**ਨਵੀਂ ਦਿੱਲੀ:** ਵਾਤਾਵਰਣ ਵਿਚ ਤਬਦੀਲੀ ਆਉਣ ਕਾਰਨ ਮੌਸਮ ਵਿਗਿਆਨੀਆਂ ਨੇ ਆਉਣ ਵਾਲੇ ਸਾਲਾਂ ਵਿਚ ਅਸਮਾਨੀ ਬਿਜਲੀ ਕਾਰਨ ਮੌਤਾਂ ਦੀ ਗਿਣਤੀ ਵਧਣ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਧਰਤੀ ਦੇ ਤਾਪਮਾਨ ਦੇ ਵਧਣ ਨਾਲ ਅਸਮਾਨੀ ਬਿਜਲੀ ਡਿੱਗਣ ਦੀਆਂ ਘਟਨਾਵਾਂ ਵੀ ਵਧਣਗੀਆਂ।

ਅਰਥ ਨੈੱਟਵਰਕਸ ਇੰਡੀਆ ਲਾਈਟਿੰਗ ਰਿਪੋਰਟ 2019 ਅਨੁਸਾਰ ਹਰ ਸਾਲ ਅਸਮਾਨੀ ਬਿਜਲੀ ਡਿੱਗਣ ਕਾਰਨ ਦੇਸ਼ 'ਚ ਤਕਰੀਬਨ 2,000 ਵਿਅਕਤੀਆਂ ਦੀ ਮੌਤ ਹੋ ਜਾਂਦੀ ਹੈ, ਜੋ ਹੜ੍ਹਾਂ ਅਤੇ ਤੂਫ਼ਾਨਾਂ ਤੋਂ ਵੱਧ ਹੈ। ਭਾਰਤੀ ਮੌਸਮ ਵਿਭਾਗ ਦੀ ਸਾਲਾਨਾ ਅਸਮਾਨੀ ਬਿਜਲੀ ਡਿੱਗਣ ਬਾਰੇ ਰਿਪੋਰਟ 2020-2021 ਅਨੁਸਾਰ ਦੇਸ ਵਿਚ ਅਸਮਾਨੀ ਬਿਜਲੀ ਡਿੱਗਣ ਦੀਆਂ ਘਟਨਾਵਾਂ ਵਿਚ 34 ਪ੍ਰਤੀਸ਼ਤ ਵਾਧਾ ਹੋਇਆ ਹੈ। ਇਹ ਸਾਲ 2019-2020 ਵਿਚ 1,38,00,000 ਤੋਂ ਵਧ ਕੇ ਸਾਲ 2020-2021 ਵਿਚ 1,85,44,367 ਤੱਕ ਪੁੱਜ ਗਈਆਂ।" ਰਿਪੋਰਟ ਮੁਤਾਬਕ ਪੰਜਾਬ ਉਨ੍ਹਾਂ ਰਾਜਾਂ ਵਿਚ ਸ਼ਾਮਲ ਹੈ, ਜਿਨ੍ਹਾਂ ਵਿਚ ਅਸਮਾਨੀ ਬਿਜਲੀ ਡਿੱਗਣ ਦੀਆਂ ਘਟਨਾਵਾਂ ਵਧੀਆਂ ਹਨ। ਇਸ ਰਾਜ ਵਿਚ ਇਹ ਵਾਧਾ 331 ਫੀਸਦ ਦਰਜ ਕੀਤਾ ਗਿਆ। ਬਿਹਾਰ ਵਿਚ 168 ਫੀਸਦ ਤੇ ਹਰਿਆਣਾ ਵਿਚ 164 ਫੀਸਦ ਘਟਨਾਵਾਂ ਵਧੀਆਂ ਹਨ।

## ਰਾਜਾ ਵੜਿੰਗ ਵੱਲੋਂ ਮਨਪ੍ਰੀਤ ਬਾਦਲ 'ਤੇ ਤਿੱਖੇ ਸ਼ਬਦੀ ਹਮਲੇ

**ਸ੍ਰੀ ਮੁਕਤਸਰ ਸਾਹਿਬ:** ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਅਤੇ ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਫਿਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਉਤੇ ਤਿੱਖੇ ਸ਼ਬਦੀ ਹਮਲੇ ਕੀਤੇ ਹਨ ਅਤੇ ਕਾਂਗਰਸ ਦੀ ਪਿੱਠ ਵਿਚ ਛੁਰਾ ਮਾਰਨ ਦੇ ਦੋਸ਼ ਲਾਏ ਹਨ।

ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਅਤੇ ਤਸਵੀਰਾਂ ਸਾਂਝੀਆਂ ਕਰਕੇ ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਕਾਲੀ ਦਲ ਦੇ ਜ਼ੋਨ ਇੰਚਾਰਜ ਨੂੰ 15 ਲੱਖ ਰੁਪਏ ਦਾ ਚੈੱਕ ਭੇਟ ਕਰ ਰਹੇ ਹਨ। ਰਾਜਾ ਵੜਿੰਗ ਨੇ ਚੈੱਕ ਪ੍ਰਾਪਤ ਕਰ ਰਹੇ ਵਿਅਕਤੀ ਨੂੰ ਅਕਾਲੀ ਦਲ ਦਾ ਜ਼ੋਨ ਇੰਚਾਰਜ ਦੱਸਦਿਆਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਉਸ ਦੀਆਂ ਤਸਵੀਰਾਂ ਜਾਰੀ ਕੀਤੀਆਂ। ਇਸ ਪੋਸਟ ਵਿਚ ਉਨ੍ਹਾਂ ਲਿਖਿਆ ਕਿ 'ਅੱਜ ਇਹ ਜਾਣ ਕਿ ਮਨ ਦੁਖੀ ਹੋਇਆ ਕਿ ਅਕਾਲੀ ਦਲ ਦੀ ਮਿਲੀਭੁਗਤ ਨਾਲ ਕਾਂਗਰਸ ਪਾਰਟੀ 'ਚ ਆਏ ਖਜਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਸ਼ਰੇਆਮ ਅਕਾਲੀ ਦਲ ਦੇ ਲੋਕਾਂ ਨੂੰ 15-15 ਲੱਖ ਰੁਪਏ ਦੇ ਚੈੱਕ ਦੇ ਕੇ ਹੌਸਲਾ ਅਫਜਾਈ ਕਰ ਰਹੇ ਹਨ।

## 1983 ਵਿਸ਼ਵ ਕੱਪ ਕ੍ਰਿਕਟ ਜੇਤੂ ਟੀਮ ਦੇ ਹੀਰੋ ਯਸ਼ਪਾਲ ਸ਼ਰਮਾ ਦਾ ਦੇਹਾਂਤ

**ਨਵੀਂ ਦਿੱਲੀ:** ਭਾਰਤ ਦੇ 1983 ਵਿਸ਼ਵ ਕੱਪ ਕ੍ਰਿਕਟ ਜੇਤੂ ਟੀਮ ਦੇ ਹੀਰੋ ਯਸ਼ਪਾਲ ਸ਼ਰਮਾ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਉਹ 66 ਸਾਲਾਂ ਦੇ ਸਨ। ਉਨ੍ਹਾਂ ਦੇ ਪਰਿਵਾਰ ਵਿਚ ਪਤਨੀ, ਦੋ ਧੀਆਂ ਅਤੇ ਪੁੱਤਰ ਹਨ। ਯਸ਼ਪਾਲ ਨੇ ਆਪਣੇ ਅੰਤਰਰਾਸ਼ਟਰੀ ਕਰੀਅਰ ਵਿਚ 37 ਟੈਸਟ ਮੈਚਾਂ ਵਿਚ 1606 ਅਤੇ 42 ਇਕ ਦਿਨਾਂ ਮੈਚਾਂ ਵਿਚ 883 ਦੌੜਾਂ ਬਣਾਈਆਂ। ਉਹ ਆਪਣੀ ਜੁਝਾਰੂਪਣ ਲਈ ਮਸ਼ਹੂਰ ਸਨ। ਵਿਸ਼ਵ ਕੱਪ 1083 ਵਿਚ ਇੰਗਲੈਂਡ ਖਿਲਾਫ ਸੈਮੀ ਫਾਈਨਲ 'ਚ ਉਨ੍ਹਾਂ ਦੀ ਅਰਧ ਸੈਂਕੜੇ ਦੀ ਪਾਰੀ ਨੂੰ ਕ੍ਰਿਕਟ ਪ੍ਰੇਮੀ ਹਮੇਸ਼ਾ ਯਾਦ ਰੱਖਣਗੇ।

## ਕਿਸਾਨ ਸੰਘਰਸ਼ ਨੇ ਭਾਜਪਾ ਦੀਆਂ ਗਿਣਤੀਆਂ-ਮਿਣਤੀਆਂ ਹਿਲਾਈਆਂ

*(ਸਫਾ ਇੱਕ ਦੀ ਬਾਕੀ)*

ਅਸੈਂਬਲੀ ਚੋਣਾਂ ਵਿਚ ਹਿੱਸਾ ਲੈ ਸਕਦੇ ਹਨ। ਟਿਕੈਤ ਵੱਲੋਂ ਮੁਜ਼ੱਫ਼ਰਨਗਰ ਵਿਚ ਸਤੰਬਰ ਮਹੀਨੇ ਮਹਾਂ ਪੰਚਾਇਤ ਸੱਦੀ ਹੈ ਜਿਸ ਵਿਚ ਭਵਿੱਖੀ ਰਣਨੀਤੀ ਉਲੀਕੀ ਜਾਵੇਗੀ। ਇਸ ਮਹਾਂ ਪੰਚਾਇਤ ਵਿਚ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਤੋਂ ਕਿਸਾਨ ਸ਼ਾਮਲ ਹੋਣਗੇ। ਉਤਰ ਪ੍ਰਦੇਸ਼ ਵਿਚ ਭਾਜਪਾ ਖਿਲਾਫ ਹੋਰ ਰਹੀ ਇਸ ਸਿਆਸੀ ਘੇਰੇਬੰਦੀ ਨੇ ਭਗਵਾ ਧਿਰ ਨੂੰ ਫਿਕਰਾਂ ਵਿਚ ਪਾਇਆ ਹੋਇਆ ਹੈ। ਇਹੀ ਕਾਰਨ ਹੈ ਕਿ ਚੋਣਾਂ ਤੋਂ 7 ਮਹੀਨੇ ਪਹਿਲਾਂ ਭਾਜਪਾ ਦੀ ਕੌਮੀ ਲੀਡਰਸ਼ਿਪ ਯੂ.ਪੀ. ਵਿਚ ਡੇਰੇ ਲਾ ਕੇ ਬੈਠ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਇਸ ਮਹੀਨੇ ਤੋਂ ਇਸ ਸੂਬੇ ਵਿਚ ਆਪਣੀਆਂ ਸਿਆਸੀ ਫੇਰੀਆਂ ਦੀ ਸ਼ੁਰੂਆਤ ਕਰ ਰਹੇ ਹਨ। ਭਾਜਪਾ ਨੂੰ ਯੂਪੀ ਵਿਚ ਸੱਤਾ ਬਚਾਉਣਾ ਸਭ ਤੋਂ ਵੱਡੀ ਚੁਣੌਤੀ ਲੱਗ ਰਿਹਾ ਹੈ। ਪਿਛਲੇ ਕੁਝ ਦਿਨਾਂ ਤੋਂ ਸੂਬੇ ਵਿਚ ਲਵ ਜਹਾਦ, ਗਊ ਹੱਤਿਆ ਤੇ ਅਤਿਵਾਦੀ ਸਰਗਰਮੀਆਂ ਦਾ ਰੌਲਾ ਪਿਆ ਹੋਇਆ ਹੈ। ਯੂ.ਪੀ. ਪੁਲਿਸ ਵੱਲੋਂ ਅਲ-ਕਾਇਦਾ ਨਾਲ ਜੁੜੇ ਅਤਿਵਾਦੀਆਂ ਦੀ ਗ੍ਰਿਫਤਾਰੀ ਉਤੇ ਵੀ ਵੱਡੇ ਸਵਾਲ ਉਠ ਰਹੇ ਹਨ।

ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਅਤੇ ਬਸਪਾ ਮੁਖੀ ਮਾਇਆਵਤੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਜਿਹੀ ਕਾਰਵਾਈ ਨੂੰ ਸ਼ੱਕੀ ਕਰਾਰ ਦੇ ਦਿੱਤਾ ਹੈ। ਅਸਲ ਵਿਚ, ਭਾਜਪਾ ਦਾ ਸੂਬੇ ਵਿਚ ਫਿਰਕੂ ਮਾਹੌਲ ਨੂੰ ਹਵਾ ਦੇਣ ਉਤੇ ਜ਼ੋਰ ਲੱਗਾ ਹੋਇਆ ਹੈ। ਇਹੀ ਕਾਰਨ ਹੈ ਕਿ ਸੂਬੇ ਦੇ 87 ਸਾਬਕਾ ਨੌਕਰਸ਼ਾਹਾਂ ਤੇ ਪੁਲਿਸ ਅਧਿਕਾਰੀਆਂ ਨੇ ਇਕ ਖੁੱਲ੍ਹਾ ਪੱਤਰ ਲਿਖ ਕੇ ਦੋਸ਼ ਲਾਇਆ ਹੈ ਕਿ ਉੱਤਰ ਪ੍ਰਦੇਸ਼ ਵਿਚ 'ਸ਼ਾਸਨ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ' ਅਤੇ ਕਾਨੂੰਨ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਇਸ ਪੱਤਰ ਨੂੰ 200 ਉਘੇ ਨਾਗਰਿਕਾਂ ਵੱਲੋਂ ਸਮਰਥਨ ਦਿੱਤਾ ਗਿਆ ਹੈ।

ਦੋਸ਼ ਲਾਇਆ ਹੈ ਕਿ ਗਊ ਹੱਤਿਆ ਦੇ ਨਾਂ ਤੇ ਅਸਹਿਮਤੀ ਜਤਾਉਣ ਵਾਲਿਆਂ ਖਿਲਾਫ ਕੌਮੀ ਸੁਰੱਖਿਆ ਐਕਟ ਦਾ ਗਲਤ ਇਸਤੇਮਾਲ ਕਰਦਿਆਂ ਮਨਮਰਜ਼ੀ ਨਾਲ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਪੁਲਿਸ ਵੱਲੋਂ ਸ਼ਾਂਤਮਈ ਪ੍ਰਦਰਸ਼ਨਕਾਰੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ 'ਲਵ ਜਹਾਦ' ਖਿਲਾਫ ਕਾਨੂੰਨ ਦੀ ਮਦਦ ਨਾਲ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਅਸਲ ਵਿਚ, ਭਾਜਪਾ ਨੂੰ ਆਪਣੇ ਪੱਕੇ ਹਿੰਦੂ ਵੋਟ ਬੈਂਕ ਦੇ ਹੱਥੋਂ ਖਿਸਕਣ ਦਾ ਖਦਸ਼ਾ ਹੈ। ਇਹੀ ਕਾਰਨ ਹੈ ਕਿ ਪਿਛਲੇ ਦਿਨਾਂ ਤੋਂ ਲਵ ਜਹਾਦ ਦਾ ਰੌਲਾ ਪਾ ਕੇ ਹਿੰਦੂ ਧਰਮ ਨੂੰ ਖਤਰੇ ਦੀ ਦੁਹਾਈ ਪਾਈ ਜਾ ਰਹੀ ਹੈ। ਸੂਬੇ ਵਿਚ ਆਬਾਦੀ ਰੋਕੂ ਕਾਨੂੰਨ ਬਣਾਉਣਾ ਵੀ ਇਸੇ ਰਣਨੀਤੀ ਦਾ ਹਿੱਸਾ ਦੱਸਿਆ ਜਾ ਰਿਹਾ ਹੈ। ਭਾਜਪਾ ਹੁਣ ਸਮਝ ਚੁੱਕੀ ਹੈ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਤੇ ਕਿਸਾਨ ਅੰਦੋਲਨ ਕਾਰਨ ਆਮ ਜਨਤਾ ਦਾ ਵੋਟ ਬੈਂਕ ਉਸ ਤੋਂ ਦੂਰ ਹੋ ਰਿਹਾ ਹੈ।

ਇਹੀ ਕਾਰਨ ਹੈ ਕਿ ਪਿਛਲੇ ਦਿਨੀਂ ਕੇਂਦਰੀ ਮੰਤਰੀ ਮੰਡਲ ਵਿਚ ਵੱਡੇ ਫੇਰ ਬਦਲ ਕਰਕੇ ਭਾਜਪਾ ਨੇ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਆਪਣੀਆਂ ਗਲਤੀਆਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸੇ ਕਾਰਨ ਭਾਜਪਾ ਦੇ ਕੇਂਦਰੀ ਆਗੂ ਖੇਤੀ ਸੁਧਾਰਾਂ ਦੀ ਰਟ ਲਾ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੇਤੀ ਸੈਕਟਰ ਵਿਚ 'ਫਸਲ ਦੀ ਕਟਾਈ ਮਗਰੋਂ ਵੱਡੇ ਇਨਕਲਾਬ' ਦੀ ਲੋੜ ਦਾ ਨਾਅਰਾ ਮਾਰ ਰਹੇ ਹਨ। ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਖੇਤੀ ਸੈਕਟਰ ਦੇ ਕਰੋਨਾ ਮਹਾਮਾਰੀ ਦਰਮਿਆਨ ਵੀ ਮਜ਼ਬੂਤੀ ਨਾਲ ਖੜ੍ਹੇ ਰਹਿਣ ਉਤੇ ਕਿਸਾਨਾਂ ਨੂੰ ਸ਼ਾਬਾਸ਼ ਦੇ ਰਹੇ ਹਨ।

ਸਿਆਸੀ ਮਾਹਰ ਵੀ ਇਹ ਰਾਏ ਦੇ ਰਹੇ ਹਨ ਕਿ ਭਾਜਪਾ ਕਿਸਾਨੀ ਸੰਘਰਸ਼ ਕਾਰਨ ਆਪਣੇ ਸਿਆਸੀ ਨਫ਼ੇ-ਨੁਕਸਾਨ ਦਾ ਹਿਸਾਬ ਲਾਉਣ ਵਿਚ ਜੁਟ ਗਈ ਹੈ ਤੇ ਅਗਲੇ 3-4 ਮਹੀਨੇ ਭਾਜਪਾ ਲਈ ਵੱਡੇ ਚੁਣੌਤੀ ਵਾਲੇ ਹੋਣਗੇ।

## ਪੰਜਾਬ ਯੂਨੀਵਰਸਿਟੀ ਦੇ ਭਗਵੇਂਕਰਨ ਦਾ ਮੁੱਦਾ ਭਖਿਆ

*(ਸਫਾ ਇੱਕ ਦੀ ਬਾਕੀ)*

ਕਰਨ ਦਾ ਕੰਮ ਸੌਂਪਿਆ ਜਾਏ। ਇਸੇ ਕੜੀ ਵਿਚ ਹੀ ਹੋਣ ਵਾਲੀਆਂ ਸੈਨਿਟ ਅਤੇ ਸਿੰਡੀਕੇਟ ਦੀਆਂ ਚੋਣਾਂ ਨੂੰ ਅਣਮਿਥੇ ਸਮੇਂ ਲਈ ਟਾਲਿਆ ਗਿਆ ਹੈ। ਉਸ ਦੀ ਥਾਂ 'ਤੇ ਇਸ ਦਾ ਪ੍ਰਸ਼ਾਸਨ ਚਲਾਉਣ ਵਾਲੇ ਪ੍ਰਬੰਧਕੀ ਢਾਂਚੇ ਵਿਚ ਤਬਦੀਲੀਆਂ ਕਰਨ ਲਈ ਪੈਨਲ ਬਣਾਇਆ ਗਿਆ ਹੈ ਜਿਸ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਕੇ ਇਸ ਦਾ ਸਰੂਪ ਬਦਲ ਦਿੱਤਾ ਜਾਏਗਾ। ਇਨ੍ਹਾਂ ਸਿਫ਼ਾਰਸ਼ਾਂ ਵਿਚ ਹੀ ਮਾਲਵੇ ਖਿੱਤੇ ਦੇ 150 ਤੋਂ ਵਧੇਰੇ ਕਾਲਜਾਂ ਨੂੰ ਯੂਨੀਵਰਸਿਟੀ ਤੋਂ ਵੱਖ ਕੀਤਾ ਜਾ ਰਿਹਾ ਹੈ। ਯੂਥ ਅਕਾਲੀ ਦਲ ਦੇ ਪ੍ਰਧਾਨ ਪਰਮਬੰਸ ਸਿੰਘ ਰੋਮਾਣਾ ਨੇ ਯੂਨੀਵਰਸਿਟੀ ਦੇ ਪ੍ਰਬੰਧਕੀ ਢਾਂਚੇ ਵਿਚ ਸੁਧਾਰਾਂ ਦੇ ਨਾਂ 'ਤੇ ਕੇਂਦਰੀ ਸਰਕਾਰ ਦਾ ਕਬਜ਼ਾ ਮਜ਼ਬੂਤ ਕਰਨ ਲਈ ਜੋ ਪੈਨਲ ਰਾਹੀਂ ਰਿਪੋਰਟ ਤਿਆਰ ਕਰਵਾਈ ਗਈ ਹੈ, ਉਸ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਯੂਨੀਵਰਸਿਟੀ ਦੇ ਲੋਕਤੰਤਰੀ ਸਰੂਪ ਨੂੰ ਕਾਇਮ ਰੱਖਣ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਉਪ ਕੁਲਪਤੀ 'ਤੇ ਇਹ ਦੋਸ਼ ਲਗਾਇਆ ਹੈ ਕਿ ਉਹ ਯੂਨੀਵਰਸਿਟੀ ਦੀ ਖੁਦਮੁਖਤਾਰੀ ਖਤਮ ਕਰਨ ਲਈ ਜਾਣਬੁੱਝ ਕੇ ਚੋਣਾਂ ਨਹੀਂ ਕਰਵਾ ਰਹੇ। ਰੋਮਾਣਾ ਨੇ ਇਹ ਵੀ ਦੋਸ਼ ਲਗਾਇਆ ਹੈ ਕਿ ਉਪ ਕੁਲਪਤੀ ਡਾ. ਰਾਜ ਕੁਮਾਰ ਆਰ.ਐਸ.ਐਸ. ਤੇ ਭਾਜਪਾ ਨਾਲ ਰਲ ਕੇ ਯੂਨੀਵਰਸਿਟੀ ਦਾ ਸਰੂਪ ਬਦਲ ਰਿਹਾ ਹੈ।

## ਭਾਰਤ ਦੀ ਸਭ ਤੋਂ ਪਹਿਲੀ ਕਰੋਨਾ ਮਰੀਜ਼ ਨੂੰ ਮੁੜ ਕਰੋਨਾ

**ਤ੍ਰਿਸੂਰ (ਕੇਰਲਾ):** ਭਾਰਤ ਦੀ ਪਹਿਲੀ ਕੋਵਿਡ-19 ਮਰੀਜ਼ ਨੂੰ ਮੁੜ ਕਰੋਨਾ ਹੋ ਗਿਆ ਹੈ। ਭਾਰਤ ਦੀ ਪਹਿਲੀ ਕਰੋਨਾ ਮਰੀਜ਼ ਦਾ ਆਰ.ਟੀ-ਪੀ.ਸੀ.ਆਰ. ਟੈਸਟ ਪਾਜੀਟਿਵ ਆਇਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਜਦੋਂ ਮਰੀਜ਼ ਨੇ ਅਗਲੀ ਪੜ੍ਹਾਈ ਲਈ ਦਿੱਲੀ ਜਾਣ ਵਾਸਤੇ ਟੈਸਟ ਕਰਵਾਇਆ ਤਾਂ ਉਹ ਪਾਜੀਟਿਵ ਨਿਕਲੀ। ਡਾਕਟਰਾਂ ਮੁਤਾਬਕ ਇਸ ਸਮੇਂ ਉਹ ਘਰ ਵਿਚ ਇਕਾਂਤਵਾਸ ਵਿਚ ਹੈ ਤੇ ਉਸ ਦੀ ਸਿਹਤ ਠੀਕ ਹੈ।

30 ਜਨਵਰੀ 2020 ਨੂੰ ਵੂਹਾਨ ਯੂਨੀਵਰਸਿਟੀ ਦੇ ਤੀਜੇ ਸਾਲ ਦੀ ਮੈਡੀਕਲ ਵਿਦਿਆਰਥੀ ਜਦੋਂ ਸਮੈਸਟਰ ਛੁੱਟੀਆਂ ਦੌਰਾਨ ਭਾਰਤ ਆਈ ਸੀ ਤਾਂ ਕਰੋਨਾ ਟੈਸਟ ਦੌਰਾਨ ਉਹ ਪਾਜੀਟਿਵ ਨਿਕਲੀ ਤੇ ਇਸ ਤਰ੍ਹਾਂ ਉਹ ਦੇਸ਼ ਦੀ ਪਹਿਲੀ ਕਰੋਨਾ ਮਰੀਜ਼ ਬਣੀ। ਤ੍ਰਿਸੂਰ ਮੈਡੀਕਲ ਕਾਲਜ ਹਸਪਤਾਲ ਵਿਚ ਤਕਰੀਬਨ ਤਿੰਨ ਹਫਤਿਆਂ ਦੇ ਇਲਾਜ ਤੋਂ ਬਾਅਦ ਉਸ ਦਾ ਟੈਸਟ ਨੈਗੀਟਿਵ ਆਇਆ ਸੀ ਤੇ 20 ਫਰਵਰੀ 2020 ਨੂੰ ਉਸ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਕਿਸਾਨ ਜਥੇਬੰਦੀਆਂ ਵੱਲੋਂ ਹੁਣ ਤੇਲ ਕੀਮਤਾਂ 'ਤੇ ਮੋਦੀ ਸਰਕਾਰ ਦੀ ਘੇਰੇਬੰਦੀ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਕਰ ਰਹੇ ਕਿਸਾਨਾਂ ਨੇ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਅਸਮਾਨੀਂ ਚੜ੍ਹ ਰਹੀਆਂ ਕੀਮਤਾਂ ਖਿਲਾਫ ਆਵਾਜ਼ ਬੁਲੰਦ ਕਰਦਿਆਂ ਦੋ ਘੰਟਿਆਂ ਲਈ ਦੇਸ਼ ਭਰ 'ਚ ਜ਼ੋਰਦਾਰ ਪ੍ਰਦਰਸ਼ਨ ਕੀਤੇ। ਕਿਸਾਨਾਂ ਨੇ ਕੌਮੀ ਅਤੇ ਸੂਬਾ ਰਾਜਮਾਰਗਾਂ 'ਤੇ ਆਪਣੇ ਵਾਹਨਾਂ ਅਤੇ ਸਿਲੰਡਰਾਂ ਨਾਲ ਸ਼ਾਂਤੀਪੂਰਵਕ ਰੋਸ ਪ੍ਰਗਟਾਇਆ ਤਾਂ ਜੋ ਸਰਕਾਰ ਦਾ ਧਿਆਨ ਈਂਧਣ ਕੀਮਤਾਂ 'ਚ ਵਾਧੇ ਕਾਰਨ ਲੋਕਾਂ 'ਤੇ ਪੈ ਰਹੇ ਮਾੜੇ ਅਸਰ ਵੱਲ ਧਿਆਨ ਦਿਵਾਇਆ ਜਾ ਸਕੇ।

ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਤੇ ਗਏ ਸੱਦੇ 'ਤੇ ਟਿਕਰੀ, ਗਾਜੀਪੁਰ ਅਤੇ ਸਿੰਘੂ ਬਾਰਡਰਾਂ ਸਮੇਤ ਹੋਰ ਥਾਵਾਂ 'ਤੇ ਕਿਸਾਨਾਂ ਨੇ ਵੱਖੋ-ਵੱਖਰੇ ਤਰੀਕਿਆਂ ਨਾਲ ਸਰਕਾਰ ਖਿਲਾਫ ਰੋਸ ਪ੍ਰਗਟਾਇਆ। ਕਿਸਾਨ ਆਗੂ ਰਾਕੇਸ਼ ਟਿਕੈਤ ਅਤੇ ਹੋਰ ਕਿਸਾਨਾਂ ਨੇ ਗੈਸ ਸਿਲੰਡਰ ਹੱਥਾਂ ਉਪਰ ਚੁੱਕ ਕੇ ਕੇਂਦਰ ਸਰਕਾਰ ਤੋਂ ਮਹਿੰਗਾਈ ਘਟਾਉਣ ਦੀ ਮੰਗ ਕੀਤੀ। ਕੇਂਦਰ ਸਰਕਾਰ ਖਿਲਾਫ ਰੋਸ ਪ੍ਰਗਟਾਵੇ ਨੂੰ ਰਲਿਆ-ਮਿਲਿਆ ਹੁੰਗਾਰਾ ਮਿਲਿਆ ਅਤੇ ਉੱਤਰੀ ਰਾਜਾਂ ਵਿੱਚ ਕਿਸਾਨਾਂ ਦੇ ਨਾਲ-ਨਾਲ ਆਮ ਲੋਕਾਂ ਨੇ ਵੀ ਮਹਿੰਗਾਈ ਖਿਲਾਫ ਆਪਣਾ ਗੁੱਸਾ ਜ਼ਾਹਿਰ ਕੀਤਾ। ਪ੍ਰਦਰਸ਼ਨਾਂ 'ਚ ਬੀਬੀਆਂ ਨੇ ਵੀ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ। ਕਿਸਾਨਾਂ ਨੇ ਕਿਤੇ ਵੀ ਸੜਕਾਂ ਜਾਮ ਨਹੀਂ ਕੀਤੀਆਂ ਅਤੇ ਆਵਾਜਾਈ ਸੁਚਾਰੂ ਢੰਗ ਨਾਲ ਚੱਲਦੀ ਰਹੀ। ਰੋਸ ਪ੍ਰਦਰਸ਼ਨਾਂ ਦੇ ਅਖੀਰ ਵਿਚ



ਵਾਹਨਾਂ ਦੇ ਹਾਰਨ ਵਜਾ ਕੇ ਕੇਂਦਰ ਸਰਕਾਰ ਨੂੰ ਜਾਗਣ ਦਾ ਹੋਕਾ ਦਿੱਤਾ ਗਿਆ। ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਤੇਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਬਿਨਾਂ ਕਿਸੇ ਦੇਰੀ ਦੇ ਤੁਰਤ ਅੱਧੀਆਂ ਕੀਤੀਆਂ ਜਾਣ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 100 ਰੁਪਏ ਪ੍ਰਤੀ ਲਿਟਰ ਤੋਂ ਵਧ ਗਈਆਂ ਹਨ ਜੋ ਹਵਾਈ ਜਹਾਜ਼ਾਂ ਦੇ ਬਾਲਣ ਦੀ ਕੀਮਤ ਤੋਂ ਵੀ ਵੱਧ ਹਨ। ਉਨ੍ਹਾਂ ਦੱਸਿਆ ਕਿ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚ ਕਈ ਥਾਵਾਂ ਤੋਂ ਸਵੇਰੇ 10 ਤੋਂ ਦੁਪਹਿਰ 12 ਵਜੇ ਤੱਕ ਵਿਰੋਧ ਪ੍ਰਦਰਸ਼ਨ ਕੀਤੇ ਗਏ। ਹਿਮਾਚਲ ਪ੍ਰਦੇਸ਼, ਉੱਤਰਾਖੰਡ, ਬਿਹਾਰ, ਮੱਧ ਪ੍ਰਦੇਸ਼, ਮਹਾਰਾਸ਼ਟਰ, ਤਿਲੰਗਾਨਾ, ਉੜੀਸਾ, ਛੱਤੀਸਗੜ੍ਹ, ਰਾਜਸਥਾਨ ਅਤੇ ਤਾਮਿਲਨਾਡੂ 'ਚ ਵੀ ਤੇਲ ਕੀਮਤਾਂ ਖਿਲਾਫ ਪ੍ਰਦਰਸ਼ਨ ਕੀਤੇ ਗਏ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ 'ਚ ਬਹਾਦਰਗੜ੍ਹ ਦੇ ਐਸ.ਡੀ.ਐਮ. ਦਫਤਰ ਅੱਗੇ ਵਾਹਨ ਅਤੇ ਸਿਲੰਡਰ ਰੱਖ ਕੇ ਕੇਂਦਰ ਸਰਕਾਰ ਖਿਲਾਫ਼ ਰੋਸ ਪ੍ਰਗਟ ਕੀਤਾ। ਸ੍ਰੀ ਉਗਰਾਹਾਂ ਨੇ ਕਿਹਾ ਕਿ ਡੀਜ਼ਲ, ਪੈਟਰੋਲ ਅਤੇ ਰਸੋਈ ਗੈਸ ਦੇ ਰੇਟਾਂ 'ਚ ਕੀਤਾ ਜਾ ਰਿਹਾ ਭਾਰੀ ਵਾਧਾ ਕਿਸਾਨਾਂ ਅਤੇ ਕਿਰਤੀ ਗਰੀਬ ਲੋਕਾਂ ਨੂੰ ਆਰਥਿਕ ਪੱਖੋਂ ਹੋਰ ਲੁੱਟਣ ਦੀ ਮਨਸ਼ਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਕਹਿਣ 'ਤੇ ਇਰਾਨ ਤੋਂ ਤੇਲ ਲੈਣਾ ਬੰਦ ਕਰ ਦਿੱਤਾ ਗਿਆ ਹੈ। 'ਦੁਨੀਆ 'ਚ ਜਦੋਂ ਕੱਚੇ ਤੇਲ ਦੀ ਕੀਮਤ ਕੌਮਾਂਤਰੀ ਪੱਧਰ 'ਤੇ 150 ਡਾਲਰ ਪ੍ਰਤੀ ਬੈਰਲ ਸੀ ਤਾਂ ਉਸ ਸਮੇਂ ਭਾਰਤ 'ਚ ਤੇਲ ਦੀ ਕੀਮਤ 58 ਰੁਪਏ ਲਿਟਰ ਸੀ ਪਰ ਜਦੋਂ ਕੌਮਾਂਤਰੀ ਪੱਧਰ 'ਤੇ ਕੀਮਤ ਘੱਟ ਕੇ 75 ਡਾਲਰ ਰਹਿ ਗਈ ਹੈ ਤਾਂ ਭਾਰਤ 'ਚ ਤੇਲ ਦੀਆਂ ਕੀਮਤਾਂ ਸੈਂਕੜਾ ਪਾਰ ਕਰ ਗਈਆਂ ਹਨ।' ਉਨ੍ਹਾਂ ਕਿਹਾ ਕਿ ਇਸ ਦਾ ਕਾਰਨ ਸਰਕਾਰਾਂ ਵੱਲੋਂ ਤੇਲ ਨੂੰ ਕੰਟਰੋਲ ਮੁਕਤ ਕਰਨਾ ਅਤੇ ਕਾਰਪੋਰੇਟ ਘਰਾਣਿਆਂ ਨਾਲ ਕੀਤੇ ਸਮਝੌਤੇ ਹਨ। ਸਰਕਾਰ ਕਾਰਪੋਰੇਟ ਘਰਾਣਿਆਂ ਦੇ ਮੁਨਾਫਿਆਂ 'ਚ ਕੋਈ ਦਖਲਅੰਦਾਜ਼ੀ ਨਹੀਂ ਕਰ ਸਕਦੀ ਹੈ।

ਕੁਝ ਥਾਵਾਂ 'ਤੇ ਕਿਸਾਨਾਂ ਨੇ ਰੱਸੀ ਨਾਲ ਟਰੈਕਟਰ ਅਤੇ ਹੋਰ ਵਾਹਨ ਖਿੱਚ ਕੇ ਵਿਲੱਖਣ ਸੰਦੇਸ਼ ਦਿੱਤਾ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਗੁਰਬਚਨ ਸਿੰਘ ਚੱਬਾ ਅਤੇ ਰਣਜੀਤ ਸਿੰਘ ਕਲੇਰ ਨੇ ਦੱਸਿਆ ਕਿ ਮੋਦੀ ਸਰਕਾਰ ਆਪਣੇ 7 ਸਾਲਾਂ ਤੋਂ ਵਧੇਰੇ ਦੇ ਕਾਰਜਕਾਲ ਦੌਰਾਨ ਹਰ ਖੇਤਰ ਅੰਦਰ ਨਾਕਾਮਯਾਬ ਹੀ ਨਹੀਂ ਰਹੀਂ ਬਲਕਿ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਹਕੂਮਤ ਨੇ ਨਾਂ ਸਿਰਫ ਘੱਟ ਗਿਣਤੀਆਂ, ਦਲਿਤਾਂ, ਨਿਰਪੱਖ ਵਿਚਾਰਵਾਨਾਂ 'ਤੇ ਜ਼ੁਲਮ ਕੀਤੇ ਸਗੋਂ ਉਨ੍ਹਾਂ ਨੂੰ ਖਤਮ ਕਰਨ ਦੇ ਯਤਨ ਵੀ ਕੀਤੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦਾ ਵੱਡਾ ਹਿਸਾ ਸਰਮਾਇਆ ਸਿਰਫ 1 ਫੀਸਦੀ ਲੋਕਾਂ ਕੋਲ ਹੈ। ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਸਾਰੀਆਂ ਨਾਲਾਇਕੀਆਂ ਲੁਕਾਉਣ ਲਈ ਮੰਤਰੀ ਮੰਡਲ 'ਚ ਫੇਰਬਦਲ ਕੀਤਾ ਹੈ।

## ਕਾਰਗਿਲ ਤੇ ਲੱਦਾਖ 'ਚ ਲਹਿਰਾਇਆ ਕਿਸਾਨੀ ਝੰਡਾ

**ਨਵੀਂ ਦਿੱਲੀ:** ਦਿੱਲੀ ਦੀਆਂ ਹੱਦਾਂ 'ਤੇ 7 ਮਹੀਨਿਆਂ ਤੋਂ ਬੜੇ ਔਖੇ ਹਾਲਤਾਂ ਵਿਚ ਵੀ ਦ੍ਰਿੜ੍ਹਤਾ ਨਾਲ ਡਟੇ ਹੋਏ ਕਿਸਾਨਾਂ ਦੀ ਆਵਾਜ਼ ਨਾਲ ਮੈਦਾਨੀ ਇਲਾਕਿਆਂ ਦੇ ਨਾਲ-ਨਾਲ ਪਹਾੜੀ ਇਲਾਕਿਆਂ 'ਚ ਪਹੁੰਚਣੀ ਸ਼ੁਰੂ ਹੋ ਗਈ ਹੈ। ਹੁਣ ਪ੍ਰੋਗਰੈਸਿਵ ਫਾਰਮਰਜ਼ ਫਰੰਟ ਦੀ ਟੀਮ ਨੇ ਕਾਰਗਿਲ ਤੇ ਲੱਦਾਖ 'ਚ ਵੀ ਕਿਸਾਨੀ ਝੰਡਾ ਲਹਿਰਾ ਦਿੱਤਾ ਹੈ। ਕਾਰਗਿੱਲ ਤੇ ਲੱਦਾਖ ਭਾਰਤੀ ਫੌਜਾਂ ਦੀ ਬਹਾਦਰੀ ਦੀਆਂ ਕਹਾਣੀਆਂ ਵਾਲੇ ਖੇਤਰ ਹਨ ਜਿਥੇ ਕਿਸਾਨਾਂ ਦੇ ਪੁੱਤਾਂ ਨੇ ਦੇਸ਼ ਖਾਤਰ ਸ਼ਹੀਦੀਆਂ ਪਾਈਆਂ ਹਨ। ਕਿਸਾਨ ਆਗੂਆਂ ਨੇ ਦੱਸਿਆ ਕਿ ਪ੍ਰੋਗਰੈਸਿਵ ਫਾਰਮਰਜ਼ ਫਰੰਟ ਦੀ ਟੀਮ ਨੇ ਕਾਰਗਿਲ ਤੇ ਲੱਦਾਖ 'ਚ ਕਿਸਾਨੀ ਝੰਡਾ ਲਹਿਰਾਇਆ ਹੈ। ਹਰਿਆਣਾ ਦੇ ਸੋਨੀਪਤ ਤੋਂ ਕਿਸਾਨਾਂ ਦਾ ਵੱਡਾ ਕਾਫਲਾ ਸੰਯੁਕਤ ਕਿਸਾਨ ਮੋਰਚੇ ਦੇ ਬੈਨਰ ਹੇਠ ਗਾਜ਼ੀਪੁਰ ਬਾਰਡਰ ਪਹੁੰਚਿਆ।

# ਅੱਧਾ ਦੇਸ਼ ਵੇਚ ਦਿੱਤਾ ਗਿਆ, ਅੱਧਾ ਬੋਲੀ 'ਤੇ ਹੈ: ਟਿਕੈਤ

**ਨਵੀਂ ਦਿੱਲੀ:** ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਪੂਰੇ ਦੇਸ਼ ਦਾ ਕਿਸਾਨ 7 ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਡੇਰੇ ਲਾਈ ਬੈਠਾ ਹੈ ਤੇ ਸਰਕਾਰ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ। ਇਸ ਦਾ ਕਾਰਨ ਸਪਸ਼ਟ ਹੈ ਕਿ ਦੇਸ ਦੀ ਸਰਕਾਰ 'ਤੇ ਵੱਡੀਆਂ ਕੰਪਨੀਆਂ ਦਾ ਕਬਜ਼ਾ ਹੈ। ਜੇ ਕਿਸੇ ਸਿਆਸੀ ਪਾਰਟੀ ਦੀ ਸਰਕਾਰ ਹੁੰਦੀ ਤਾਂ ਉਹ ਸੰਘਰਸ਼ ਨੂੰ ਦੇਖਦੇ ਹੋਏ ਬਾਹਰ ਆਉਂਦੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਸਮੁੰਦਰ ਰਾਹੀਂ ਆਏ ਸਨ, ਉਨ੍ਹਾਂ ਪਹਿਲਾਂ ਵੀ ਦੇਸ ਉਤੇ ਕਬਜ਼ਾ ਕਰ ਲਿਆ ਸੀ। ਹੁਣ ਵੀ ਉਹੀ ਹਨ। ਇਸ ਲਈ ਕੰਪਨੀ ਦੀ ਸਰਕਾਰ ਲੋਕ ਵਿਰੋਧੀ ਫੈਸਲੇ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਅੱਧਾ ਦੇਸ ਵਿਕਿਆ ਹੈ ਅਤੇ ਅੱਧਾ ਬੋਲੀ ਲੱਗਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਇਹ ਲੋਕ, ਜਿਨ੍ਹਾਂ ਸਰਕਾਰ ਸੰਭਾਲੀ ਹੋਈ ਹੈ, ਦਾ ਨਾ ਤਾਂ ਇਸ ਦੇਸ ਨਾਲ ਲਗਾਓ ਹੈ ਅਤੇ ਨਾ ਹੀ ਦੇਸ ਦੇ ਸਰੋਤਾਂ ਨਾਲ। ਸਰੋਤਾਂ ਨੂੰ ਹਾਸਲ ਕਰਨ ਦੇ ਨਾਲ, ਉਨ੍ਹਾਂ ਨੇ ਮੀਡੀਆ, ਰੇਡੀਓ ਅਤੇ ਇੱਥੋਂ ਤੱਕ ਕਿ



ਦੇਸ ਦੇ ਲੋਕਾਂ ਦੇ ਦਿਮਾਗ 'ਤੇ ਵੀ ਕਬਜ਼ਾ ਕਰ ਲਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਸਤੰਬਰ ਮਹੀਨੇ ਤੱਕ ਕਿਸਾਨਾਂ ਦੀ ਗੱਲ ਨਹੀਂ ਮੰਨੀ ਤਾਂ ਕਿਸਾਨ ਵੱਡਾ ਫੈਸਲਾ ਲੈਣਗੇ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਪੁਲਿਸ ਗੁੰਮਰਾਹਕੁਨ ਤਰੀਕੇ ਨਾਲ ਟਰੈਕਟਰਾਂ ਨੂੰ ਲਾਲ ਕਿਲ੍ਹੇ ਵੱਲ ਲੈ ਗਈ ਪਰ ਇਸ ਵਾਰ ਉਹ ਕਿਸਾਨਾਂ ਨੂੰ ਬੁਲਾ ਕੇ ਸੰਸਦ ਜਾਣਗੇ। ਉਨ੍ਹਾਂ ਗਾਜੀਪੁਰ ਹੱਦ 'ਤੇ ਅੰਦੋਲਨ ਦੇ ਮੰਚ ਤੋਂ ਕਿਹਾ ਕਿ ਇਸ ਵਾਰ ਜੇ ਸੰਘਰਸ਼ ਹੋਇਆ ਤਾਂ ਕਿਸਾਨ ਪਿੱਛੇ ਨਹੀਂ ਹਟੇਗਾ। ਸਰਕਾਰ ਨੂੰ ਸਤੰਬਰ ਤੱਕ ਸਮੱਸਿਆ ਦਾ ਹੱਲ ਕਰਨਾ ਚਾਹੀਦਾ ਹੈ ਨਹੀਂ ਤਾਂ ਉਹ ਸਖਤ ਫੈਸਲਾ ਲੈਣ ਲਈ ਮਜਬੂਰ ਹੋਵਾਂਗੇ।

# ਦਿਹਾਤੀ ਫੰਡ: ਕੈਪਟਨ ਸਰਕਾਰ ਨੇ ਦੂਰ ਕੀਤੇ ਕੇਂਦਰ ਦੇ ਤੌਖਲੇ

**ਚੰਡੀਗੜ੍ਹ:** ਕੇਂਦਰੀ ਖੁਰਾਕ ਮੰਤਰਾਲੇ ਵੱਲੋਂ ਦਿਹਾਤੀ ਵਿਕਾਸ ਫੰਡ ਦੇ ਬਕਾਏ ਸਬੰਧੀ ਲਗਾਏ ਗਏ ਇਤਰਾਜ਼ਾਂ ਨੂੰ ਪੰਜਾਬ ਸਰਕਾਰ ਨੇ ਦੂਰ ਕਰ ਦਿੱਤਾ ਹੈ। ਖੁਰਾਕ ਤੇ ਸਪਲਾਈ ਵਿਭਾਗ ਪੰਜਾਬ ਦੀ ਸਮੁੱਚੀ ਟੀਮ ਨੇ ਦਿੱਲੀ ਵਿਚ ਕੇਂਦਰੀ ਖੁਰਾਕ ਮੰਤਰਾਲੇ ਦੇ ਉਚ ਅਧਿਕਾਰੀਆਂ ਨਾਲ ਸਾਂਝੀ ਮੀਟਿੰਗ ਕੀਤੀ। ਇਸ ਦੌਰਾਨ ਪੰਜਾਬ ਦੇ ਅਧਿਕਾਰੀਆਂ ਦੀ ਟੀਮ ਨੇ ਕੇਂਦਰੀ ਖੁਰਾਕ ਮੰਤਰਾਲੇ ਦੇ ਸਾਰੇ ਤੌਖਲੇ ਦੂਰ ਕਰ ਦਿੱਤੇ। ਪੰਜਾਬ ਸਰਕਾਰ ਵੱਲੋਂ ਹਰ ਪੱਖ ਤੋਂ ਤਸੱਲੀ ਕਰਵਾਏ ਜਾਣ ਮਗਰੋਂ ਹੁਣ ਪੇਂਡੂ ਵਿਕਾਸ ਫੰਡ ਜਾਰੀ ਕਰਨ ਨੂੰ ਲੈ ਕੇ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿਚ ਹੈ।

ਜਿਕਰਯੋਗ ਹੈ ਕਿ ਪੰਜਾਬ ਦਾ ਕੇਂਦਰ ਸਰਕਾਰ ਵੱਲ ਕਰੀਬ 1539 ਕਰੋੜ ਰੁਪਏ ਦਾ ਦਿਹਾਤੀ ਵਿਕਾਸ ਫੰਡ ਬਕਾਇਆ ਖੜ੍ਹਾ ਹੈ ਜਿਸ ਵਿਚ ਝੋਨੇ ਦੇ ਸੀਜ਼ਨ ਦੇ ਕਰੀਬ 755 ਕਰੋੜ ਰੁਪਏ ਅਤੇ ਕਣਕ ਦੇ ਸੀਜ਼ਨ ਦੇ 783 ਕਰੋੜ ਰੁਪਏ ਦਿਹਾਤੀ ਵਿਕਾਸ ਫੰਡ ਸ਼ਾਮਲ ਹੈ। ਉਸ ਤੋਂ ਪਹਿਲਾਂ ਝੋਨੇ ਦੇ ਸੀਜ਼ਨ ਦੌਰਾਨ 400 ਕਰੋੜ ਰੁਪਏ ਦਾ ਦਿਹਾਤੀ ਵਿਕਾਸ ਫੰਡ ਰਿਲੀਜ ਕਰ ਦਿੱਤਾ ਗਿਆ ਸੀ। ਬਾਕੀ ਦੇ ਬਕਾਏ ਜਾਰੀ ਕਰਨ ਤੋਂ ਕੇਂਦਰ ਸਰਕਾਰ ਆਨਾਕਾਨੀ ਕਰ ਰਹੀ ਹੈ।



ਕੇਂਦਰੀ ਖੁਰਾਕ ਮੰਤਰਾਲੇ ਦਾ ਮੁੱਖ ਇਤਰਾਜ਼ ਇਹੋ ਰਿਹਾ ਹੈ ਕਿ ਪਿਛਲੇ ਵਰ੍ਹਿਆਂ ਵਿਚ ਜੋ ਦਿਹਾਤੀ ਵਿਕਾਸ ਫੰਡ ਖਰਚ ਕੀਤਾ ਗਿਆ ਹੈ, ਉਸ ਦਾ ਹਿਸਾਬ ਦਿੱਤਾ ਜਾਵੇ। ਹਾਲਾਂਕਿ, ਪੰਜਾਬ ਸਰਕਾਰ ਨੇ ਸਮੁੱਚੇ ਖਰਚੇ ਦਾ ਲੇਖਾ- ਜੋਖਾ ਕੇਂਦਰ ਕੋਲ ਭੇਜਿਆ ਹੋਇਆ ਸੀ ਪ੍ਰੰਤੂ ਅਧਿਕਾਰੀਆਂ ਨੇ ਉਸੇ ਰੂਪ ਵਿਚ ਕੇਂਦਰੀ ਅਧਿਕਾਰੀਆਂ ਸਾਹਮਣੇ ਹਿਸਾਬ ਰੱਖ ਦਿੱਤਾ ਹੈ ਜਿਸ ਰੂਪ ਵਿਚ ਕੇਂਦਰੀ ਮੰਤਰਾਲਾ ਚਾਹੁੰਦਾ ਸੀ। ਕੇਂਦਰੀ ਮੰਤਰਾਲੇ ਦੀ ਪਹਿਲਾਂ ਭੇਜੇ ਗਏ ਲੇਖੇ-ਜੋਖੇ ਨਾਲ ਤਸੱਲੀ ਨਹੀਂ ਸੀ ਹੋਈ, ਇਸ ਕਰ ਕੇ ਪੰਜਾਬ ਦੇ ਅਧਿਕਾਰੀਆਂ ਨੇ ਵਿਸਥਾਰ ਵਿਚ ਤੱਥ ਸਾਹਮਣੇ ਰੱਖੇ ਹਨ।

ਖੁਰਾਕ ਤੇ ਸਪਲਾਈ ਵਿਭਾਗ ਪੰਜਾਬ ਦੇ ਸਕੱਤਰ ਰਾਹੁਲ ਤਿਵਾੜੀ, ਵਿਭਾਗ ਦੇ ਡਾਇਰੈਕਟਰ ਰਵੀ ਭਗਤ, ਦੋ ਜੁਆਇੰਟ ਡਾਇਰੈਕਟਰਾਂ ਤੋਂ ਇਲਾਵਾ ਦਿਹਾਤੀ ਵਿਕਾਸ ਫੰਡ ਬਰਾਂਚ ਦੇ ਅਧਿਕਾਰੀ ਅਤੇ ਵਿੱਤ ਬਰਾਂਚ ਦੇ ਜਨਰਲ ਮੈਨੇਜਰ ਇਸ ਮਾਮਲੇ ਨੂੰ ਲੈ ਕੇ ਦਿੱਲੀ ਗਏ ਸਨ। ਉਧਰ, ਕੇਂਦਰੀ ਖੁਰਾਕ ਮੰਤਰਾਲੇ ਨੇ ਵੀ ਵੱਖ-ਵੱਖ ਬਰਾਂਚਾਂ ਦੇ ਅਧਿਕਾਰੀ ਅਤੇ ਭਾਰਤੀ ਖੁਰਾਕ ਨਿਗਮ ਦੇ ਉੱਚ ਅਧਿਕਾਰੀ ਸੱਦੇ ਹੋਏ ਸਨ। ਖੁਰਾਕ ਤੇ ਸਪਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਰਵੀ ਭਗਤ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਕੇਂਦਰੀ ਖੁਰਾਕ ਮੰਤਰਾਲੇ ਦੇ ਅਧਿਕਾਰੀਆਂ ਕੋਲ ਸਾਰਾ ਹਿਸਾਬ ਰੱਖ ਦਿੱਤਾ ਹੈ ਅਤੇ ਅਗਲਾ ਫੈਸਲਾ ਕੇਂਦਰ ਸਰਕਾਰ ਨੇ ਲੈਣਾ ਹੈ। ਪੰਜਾਬ ਦਾ ਕੇਂਦਰ ਸਰਕਾਰ ਵੱਲ ਕਰੀਬ ਤਿੰਨ ਤੋਂ ਚਾਰ ਹਜ਼ਾਰ ਕਰੋੜ ਦਾ ਬਕਾਇਆ ਖੜ੍ਹਾ ਹੈ। ਕਰੀਬ 10 ਫੀਸਦੀ ਆੜ੍ਹਤੀਆਂ ਦੇ ਫਸਲੀ ਬਕਾਏ ਵੀ ਰੋਕੇ ਹੋਏ ਸਨ ਜੋ 1400 ਕਰੋੜ ਦੇ ਕਰੀਬ ਬਣਦੇ ਹਨ। ਇਸੇ ਤਰ੍ਹਾਂ 800 ਕਰੋੜ ਦੇ ਕਰੀਬ ਹੋਰ ਬਕਾਏ ਸਨ। ਇਨ੍ਹਾਂ ਸਭਨਾਂ ਬਾਰੇ ਪੰਜਾਬ ਸਰਕਾਰ ਦੀ ਟੀਮ ਨੇ ਕੇਂਦਰੀ ਮੰਤਰਾਲੇ ਅੱਗੇ ਰਿਕਾਰਡ ਪੇਸ਼ ਕੀਤਾ ਹੈ।

## ਅੰਮ੍ਰਿਤਸਰ-ਨਾਂਦੇੜ ਵਿਚਾਲੇ ਉਡਾਣਾਂ 3 ਅਗਸਤ ਤੋਂ

**ਰਾਜਾਸਾਂਸੀ:** ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਜਾਣ ਵਾਲੀਆਂ ਸੰਗਤਾਂ ਲਈ ਏਅਰ ਇੰਡੀਆ ਵੱਲੋਂ 3 ਅਗਸਤ ਤੋਂ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਤੋਂ ਨਾਂਦੇੜ ਵਿਚਾਲੇ ਹਵਾਈ ਉਡਾਣ



ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਜਾਣਕਾਰੀ ਅਨੁਸਾਰ ਏਅਰ ਇੰਡੀਆ ਵਲੋਂ ਇਸ ਸਾਲ ਮਈ ਮਹੀਨੇ ਵਿਚ ਯਾਤਰੀਆਂ ਦੀ ਗਿਣਤੀ ਘੱਟ ਹੋਣ ਕਾਰਨ ਇਥੋਂ ਨਾਂਦੇੜ ਜਾਣ ਵਾਲੀ ਹਵਾਈ ਉਡਾਣ ਨੂੰ ਬੰਦ ਕਰ ਦਿੱਤਾ ਗਿਆ ਸੀ।

ਏਅਰ ਇੰਡੀਆ ਦੀ ਵੈਬਸਾਈਟ ਮੁਤਾਬਕ ਇਸ ਹਵਾਈ ਉਡਾਣ ਨੂੰ ਦਿੱਲੀ ਨਾਲ ਜੋੜਿਆ ਗਿਆ ਹੈ ਤੇ ਇਸ ਦੀ ਬੁਕਿੰਗ ਵੀ ਸ਼ੁਰੂ ਕਰ ਦਿੱਤੀ ਗਈ ਹੈ। ਇਹ ਹਵਾਈ ਉਡਾਣ ਪਹਿਲਾਂ ਦਿੱਲੀ ਤੋਂ ਅੰਮ੍ਰਿਤਸਰ ਆਵੇਗੀ ਅਤੇ ਫਿਰ ਇਥੋਂ ਨਾਂਦੇੜ ਸਾਹਿਬ ਲਈ ਰਵਾਨਾ ਹੋਵੇਗੀ। ਇਹ ਤਿੰਨ ਦਿਨ ਮੰਗਲਵਾਰ, ਬੁੱਧਵਾਰ ਅਤੇ ਸਨਿਚਰਵਾਰ ਸਵੇਰੇ 4.55 ਵਜੇ ਦਿੱਲੀ ਤੋਂ ਹਵਾਈ ਅੱਡਾ ਰਾਜਾਸਾਂਸੀ ਪਹੁੰਚੇਗੀ ਤੇ ਸਵੇਰੇ 6.50 ਵਜੇ ਇਥੋਂ ਨਾਂਦੇੜ ਲਈ ਉਡਾਣ ਭਰੇਗੀ ਅਤੇ ਸਵੇਰੇ 9.25 ਵਜੇ ਨਾਂਦੇੜ ਸਾਹਿਬ ਪਹੁੰਚੇਗੀ।

# ਸੁਖਬੀਰ ਵੱਲੋਂ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਨੌਕਰੀ ਦਾ ਵਾਅਦਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ 2022 ਵਿਚ ਸੂਬੇ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਗਠਜੋੜ ਦੀ ਸਰਕਾਰ ਬਣਨ 'ਤੇ ਕਿਸਾਨ ਅੰਦੋਲਨ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਵੀ ਦਿੱਤੀਆਂ ਜਾਣਗੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਪੋਸਟ ਗ੍ਰੈਜੂਏਸ਼ਨ ਤੱਕ ਮੁਫਤ ਸਿੱਖਿਆ ਦਿੱਤੀ ਜਾਵੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਇਥੇ ਬਿਆਨ ਰਾਹੀਂ ਦੱਸਿਆ ਕਿ ਤਿੰਨ ਨਫਰਤ ਭਰੇ ਖੇਤੀ ਕਾਨੂੰਨਾਂ ਦੇ ਖਿਲਾਫ ਇਹ ਸੰਘਰਸ਼ ਪਿਛਲੇ 7 ਮਹੀਨਿਆਂ ਤੋਂ ਜਾਰੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ 550 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ। ਅਕਾਲੀ ਦਲ ਤੇ ਬਸਪਾ ਗਠਜੋੜ ਨੇ ਫੈਸਲਾ ਕੀਤਾ ਹੈ ਕਿ 2022 ਵਿਚ ਇਕ ਵਾਰ ਸੱਤਾ ਵਿਚ ਆਉਣ 'ਤੇ ਸ਼ਹੀਦਾਂ ਦੇ ਪਰਿਵਾਰਾਂ ਦੀਆਂ ਜਰੂਰਤਾਂ ਦਾ ਖਿਆਲ ਰੱਖਿਆ ਜਾਵੇਗਾ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਿੱਲੀ ਦੇ ਬਾਰਡਰਾਂ 'ਤੇ ਕਿਸਾਨਾਂ ਨੇ ਮੀਂਹ ਤੇ ਝੱਖੜ ਸਮੇਤ ਨਾ ਸਿਰਫ ਖਰਾਬ ਮੌਸਮ ਦੀ ਮਾਰ ਝੱਲੀ ਹੈ ਬਲਕਿ ਸਰਕਾਰੀ ਦਮਨ ਦੇ ਬਾਵਜੂਦ ਇਹਨਾਂ ਦਾ ਸੰਘਰਸ਼ ਜਾਰੀ ਹੈ। ਸੁਖਬੀਰ ਨੇ ਕਿਹਾ, 'ਇਕ



ਵਾਰ ਸੱਤਾ ਵਿਚ ਆਉਣ ਤੋਂ ਬਾਅਦ ਅਸੀਂ ਸ਼ਹੀਦਾਂ ਦੇ ਪਰਿਵਾਰਾਂ ਨਾਲ ਕੀਤੇ ਵਾਅਦੇ ਪਹਿਲੀ ਹੀ ਕੈਬਨਿਟ ਮੀਟਿੰਗ ਵਿਚ ਸਿਰੇ ਚੜ੍ਹਾਵਾਂਗੇ।' ਸ੍ਰੀ ਬਾਦਲ ਨੇ ਕਿਹਾ ਕਿ ਸਰਕਾਰੀ ਨੌਕਰੀਆਂ ਤੇ ਮੁਫਤ ਸਿੱਖਿਆ ਤੋਂ ਇਲਾਕਾ ਅਕਾਲੀ ਦਲ ਤੇ ਬਸਪਾ ਦੀ ਸਰਕਾਰ ਇਹਨਾਂ ਪਰਿਵਾਰਾਂ ਦਾ ਮੁਫਤ ਮੈਡੀਕਲ ਬੀਮਾ ਵੀ ਕਰਵਾਏਗੀ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਸਾਰੇ ਖਰਚੇ ਪੰਜਾਬ ਸਰਕਾਰ ਚੁੱਕੇਗੀ। ਉਨ੍ਹਾਂ ਕਿਹਾ ਕਿ ਉਹ ਪੰਜਾਬੀਆਂ ਨਾਲ ਇਹ ਵਾਅਦੇ ਅਕਾਲੀ ਦਲ ਦੇ ਪ੍ਰਧਾਨ ਹੋਣ ਦੇ ਨਾਤੇ ਕਰ ਰਹੇ ਹਨ ਅਤੇ 2022 ਵਿਚ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਦੇ ਸਹੁੰ ਚੁੱਕਣ ਤੋਂ ਬਾਅਦ ਇਹਨਾਂ ਦਾ ਪੂਰਾ ਹੋਣਾ ਯਕੀਨੀ ਬਣਾਉਣਗੇ।

## ਸੁਖਬੀਰ ਸੰਘਰਸ਼ੀ ਕਿਸਾਨਾਂ ਨੂੰ ਮੂਰਖ ਨਾ ਬਣਾਵੇ: ਅਮਰਿੰਦਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਸੰਘਰਸ਼ੀ ਕਿਸਾਨਾਂ ਨਾਲ ਧ੍ਰੋਹ ਨਾ ਕਮਾਉਣ ਅਤੇ ਉਹ ਕੁਝ ਬੋਲਣ ਤੋਂ ਪਹਿਲਾਂ ਤੱਥ ਦੇਖ ਲਿਆ ਕਰਨ। ਇਹ ਕਾਲੇ ਖੇਤੀ ਕਾਨੂੰਨ ਅਕਾਲੀਆਂ ਤੇ ਬਾਦਲਾਂ ਦੀ ਸਹਿਮਤੀ ਨਾਲ ਹੀ ਹੋਂਦ ਵਿਚ ਆਏ ਸਨ ਕਿਉਂਕਿ ਉਹ ਉਸ ਵੇਲੇ ਕੇਂਦਰ ਸਰਕਾਰ ਦਾ ਹਿੱਸਾ ਸਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਹੁਣ ਤੱਕ ਸੰਘਰਸ਼ ਦੌਰਾਨ ਜਾਨ ਗੁਆਉਣ ਵਾਲੇ ਪੰਜਾਬ ਦੇ 237 ਕਿਸਾਨਾਂ ਵਿਚੋਂ 191 ਕਿਸਾਨਾਂ ਨੂੰ ਪਹਿਲਾਂ ਹੀ 9,46,50,000 ਰੁਪਏ ਦਾ ਮੁਆਵਜ਼ਾ ਦਿੱਤਾ ਗਿਆ ਹੈ। ਬਾਕੀ ਰਹਿੰਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ ਪ੍ਰਕਿਰਿਆ ਅਧੀਨ ਹੈ।

# ਹਾਈਕਮਾਨ ਵੱਲੋਂ ਕਾਂਗਰਸ ਦਾ ਕਲੇਸ਼ ਸਮੇਟਣ ਲਈ ਫਾਰਮੂਲਾ ਤਿਆਰ

**ਚੰਡੀਗੜ੍ਹ:** ਕੇਂਦਰ ਤੋਂ ਬਾਅਦ ਹੁਣ ਪੰਜਾਬ ਵਜ਼ਾਰਤ ਵਿਚ ਵੀ ਫੇਰਬਦਲ ਹੋਣਾ ਤੈਅ ਹੈ। ਕਾਂਗਰਸ ਹਾਈਕਮਾਂਡ ਵੱਲੋਂ ਮੁਲਾਕਾਤਾਂ ਦੇ ਗੇੜ ਖਤਮ ਕੀਤੇ ਜਾਣ ਮਗਰੋਂ ਹੁਣ ਸਿਰਫ ਪੰਜਾਬ ਕਾਂਗਰਸ ਦੇ ਪੁਨਰਗਠਨ ਦਾ ਐਲਾਨ ਕੀਤਾ ਜਾਣਾ ਬਾਕੀ ਹੈ। ਹਾਈਕਮਾਂਡ ਦਾ ਪੰਜਾਬ ਕਾਂਗਰਸ ਦੇ ਘਰੇਲੂ ਕਲੇਸ਼ ਨੂੰ ਸਮੇਟਣ ਲਈ ਫਾਰਮੂਲਾ ਤਿਆਰ-ਬਰ-ਤਿਆਰ ਹੈ ਅਤੇ ਆਉਂਦੇ ਦਿਨਾਂ ਵਿਚ ਕਿਸੇ ਵੀ ਦਿਨ ਐਲਾਨ ਹੋਣਾ ਸੰਭਵ ਹੈ।



ਹਾਈਕਮਾਂਡ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਗਲੇ ਹਫਤੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਫੈਸਲਾ ਸੁਣਾਇਆ ਜਾਣਾ ਹੈ। ਕਾਂਗਰਸ ਦੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਦੇ ਫੈਸਲੇ ਪਿੱਛੋਂ ਹੀ ਪੰਜਾਬ ਵਜ਼ਾਰਤ ਵਿਚ ਫੇਰਬਦਲ ਹੋਵੇਗਾ। ਪ੍ਰਾਪਤ ਵੇਰਵਿਆਂ ਅਨੁਸਾਰ ਕਾਂਗਰਸ ਹਾਈਕਮਾਂਡ ਵੱਲੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਦੀ ਥਾਂ ਕੋਈ ਹੋਰ ਨਵਾਂ ਚਿਹਰਾ ਦਿੱਤੇ ਜਾਣ ਦੇ ਚਰਚੇ ਵੀ ਹਨ। ਭਾਵੇਂ ਕਿ ਅਧਿਕਾਰਤ ਫੈਸਲਾ ਹੋਣਾ ਅਜੇ ਬਾਕੀ ਹੈ ਪਰ ਸੂਤਰ ਆਖਦੇ ਹਨ ਕਿ ਹਾਈਕਮਾਂਡ ਨੇ ਨਵਜੋਤ ਸਿੱਧੂ ਨੂੰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸੌਂਪਣ ਦਾ ਮਨ ਬਣਾ ਲਿਆ ਹੈ।

ਕਾਂਗਰਸ ਦੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਪਿਛਲੇ ਕੁਝ ਦਿਨਾਂ ਤੋਂ ਨਵਜੋਤ ਸਿੱਧੂ ਦੇ ਪੱਖ ਵਿਚ ਮੁਹਿੰਮ ਚਲਾ ਰਹੇ ਸਨ। ਪਾਰਟੀ ਹਾਈਕਮਾਂਡ ਕੇਰਲ ਕਾਂਗਰਸ ਦੀ ਤਰਜ਼ 'ਤੇ ਪੰਜਾਬ ਵਿਚ ਕਾਂਗਰਸ ਪ੍ਰਧਾਨ ਨਾਲ ਤਿੰਨ ਕਾਰਜਕਾਰੀ ਪ੍ਰਧਾਨ ਲਗਾਉਣ ਬਾਰੇ ਵੀ ਸੋਚ ਰਹੀ ਹੈ। ਹਾਈਕਮਾਂਡ ਨੇ ਜੂਨ ਮਹੀਨੇ ਵਿਚ ਕੇਰਲ 'ਚ ਤਿੰਨ ਕਾਰਜਕਾਰੀ ਪ੍ਰਧਾਨ ਲਗਾਏ ਹਨ। ਪੰਜਾਬ ਕਾਂਗਰਸ ਵਿਚ ਮਾਲਵਾ, ਮਾਝਾ ਅਤੇ ਦੋਆਬਾ ਖੇਤਰਾਂ ਨੂੰ ਉੱਚ ਅਹੁਦੇ ਦਿੱਤੇ ਜਾ ਸਕਦੇ ਹਨ। ਇਕ ਉਪ ਮੁੱਖ ਮੰਤਰੀ ਕਿਸੇ ਦਲਿਤ ਆਗੂ ਨੂੰ ਲਾਏ ਜਾਣ ਦੀ ਚਰਚਾ ਹੈ। ਕਾਂਗਰਸ ਦੇ ਪੁਨਰਗਠਨ ਮਗਰੋਂ ਪੰਜਾਬ ਵਜ਼ਾਰਤ 'ਚ ਫੇਰਬਦਲ ਦਾ ਕੰਮ ਸ਼ੁਰੂ ਹੋਵੇਗਾ। ਸੂਤਰ ਅਗਲੇ ਹਫਤੇ ਵਜ਼ਾਰਤੀ ਫੇਰਬਦਲ ਹੋਣ ਦੀ ਗੱਲ ਆਖ ਰਹੇ ਹਨ। ਇੱਛੁਕ ਵਿਧਾਇਕ ਕਈ ਦਿਨਾਂ ਤੋਂ ਮੰਤਰੀ ਬਣਨ ਲਈ ਜੋੜ-ਤੋੜ ਕਰ ਰਹੇ ਹਨ।

ਸਿਆਸੀ ਹਲਕੇ ਇਸ ਗੱਲੋਂ ਵੀ ਹੈਰਾਨ ਹਨ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਾਗੀ ਸੁਰ ਰੱਖਣ ਵਾਲੇ ਕਿਸੇ ਵੀ ਆਗੂ ਨਾਲ ਹਾਲੇ ਤੱਕ ਰਾਬਤਾ ਕਾਇਮ ਕਰਨ ਦੀ ਲੋੜ ਨਹੀਂ ਸਮਝੀ ਹੈ। ਚਰਚੇ ਚੱਲੇ ਹਨ ਕਿ ਮੁੱਖ ਮੰਤਰੀ ਪਿਛਲੇ ਸਮੇਂ ਦੌਰਾਨ ਇਕ ਸੀਨੀਅਰ ਅਧਿਕਾਰੀ ਨੂੰ ਮਨਾਉਣ ਲਈ ਕਈ ਵਾਰ ਉਸ ਦੇ ਘਰ ਗਏ ਸਨ ਪਰ ਕਾਂਗਰਸ ਦੇ ਰੁੱਸਿਆਂ ਤੋਂ ਹਾਲੇ ਵੀ ਦੂਰ ਹਨ। ਇਹ ਵੀ ਸਮਝਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਨੇ ਹੁਣ ਸਾਰਾ ਮਾਮਲਾ ਪਾਰਟੀ ਹਾਈਕਮਾਂਡ 'ਤੇ ਛੱਡ ਦਿੱਤਾ ਹੈ ਕਿਉਂਕਿ ਬਾਗੀ ਸੁਰ ਵਾਲੇ ਆਗੂ ਆਪਣੀ ਗੱਲ ਖੜਗੇ ਕਮੇਟੀ ਕੋਲ ਰੱਖ ਚੁੱਕੇ ਹਨ ਅਤੇ ਹੁਣ ਹਾਈਕਮਾਂਡ ਹੀ ਇਸ ਮਾਮਲੇ ਨਾਲ ਨਜਿੱਠੇਗੀ। ਪੰਜਾਬ ਵਜ਼ਾਰਤ ਵਿਚ ਕੌਣ-ਕੌਣ ਸ਼ਾਮਲ ਹੁੰਦਾ ਹੈ ਜਾਂ ਕਿਸ-ਕਿਸ ਦੀ ਛਾਂਟੀ ਹੁੰਦੀ ਹੈ, ਇਸ ਦੇ ਕਿਆਸ ਹੀ ਲਗਾਏ ਜਾ ਸਕਦੇ ਹਨ ਪ੍ਰੰਤੂ ਦੇਖਣਾ ਇਹ ਹੋਵੇਗਾ ਕਿ ਕੀ ਅਮਰਿੰਦਰ ਸਰਕਾਰ ਵਜ਼ਾਰਤ ਵਿਚ ਫੇਰਬਦਲ ਕਰ ਕੇ ਆਪਣਾ ਲੋਕ ਅਕਸ ਸੁਧਾਰ ਸਕੇਗੀ, ਕਿਉਂਕਿ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਸਮਾਂ ਵੀ ਕਾਫੀ ਘੱਟ ਬਚਿਆ ਹੈ। ਉਂਜ, ਪਿਛਲੇ ਦਿਨਾਂ ਤੋਂ ਮੁੱਖ ਮੰਤਰੀ ਹਿੰਦੂ ਭਾਈਚਾਰੇ ਨੂੰ ਖੁਸ਼ ਕਰਨ ਦੀ ਕਵਾਇਦ ਕਰ ਰਹੇ ਹਨ। ਇਸ ਤਰ੍ਹਾਂ ਸ਼ਹਿਰੀ ਲੋਕ ਵੀ ਇਹ ਮੁਲਾਂਕਣ ਕਰਨਗੇ ਕਿ ਕੀ ਸਰਕਾਰ ਨੇ ਸਾਢੇ ਚਾਰ ਵਰ੍ਹਿਆਂ ਵਿੱਚ ਸ਼ਹਿਰੀ ਲੋਕਾਂ ਲਈ ਕੋਈ ਕਦਮ ਉਠਾਏ ਹਨ।

# ਕਿਸਾਨਾਂ ਦੇ ਹੱਕ 'ਚ ਬੋਲਣ ਵਾਲੇ ਅਨਿਲ ਜੋਸ਼ੀ ਦੀ ਭਾਜਪਾ 'ਚੋਂ ਛੁੱਟੀ

ਚੰਡੀਗੜ੍ਹ: ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਅਨਿਲ ਜੋਸ਼ੀ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਹੈ। ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸ੍ਰੀ ਜੋਸ਼ੀ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ 6 ਸਾਲਾਂ ਲਈ ਕੱਢਣ ਦਾ ਐਲਾਨ ਕੀਤਾ ਹੈ। ਸ੍ਰੀ ਜੋਸ਼ੀ ਅਕਾਲੀ-ਭਾਜਪਾ ਸਰਕਾਰ ਸਮੇਂ ਸਾਲ 2012 ਤੋਂ 2017 ਤੱਕ ਕੈਬਨਿਟ ਮੰਤਰੀ ਰਹੇ ਅਤੇ ਉਹ ਅੰਮ੍ਰਿਤਸਰ ਸ਼ਹਿਰ ਦੇ ਇਕ ਹਲਕੇ ਦੀ ਨੁਮਾਇੰਦਗੀ ਕਰਦੇ ਸਨ।



ਸੂਬਾ ਪ੍ਰਧਾਨ ਨੇ 7 ਜੁਲਾਈ ਨੂੰ ਜੋਸ਼ੀ ਨੂੰ ਨੋਟਿਸ ਜਾਰੀ ਕਰਦਿਆਂ ਦੋ ਦਿਨਾਂ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਸੀ। ਭਾਜਪਾ ਦੇ ਜਨਰਲ ਸਕੱਤਰ ਡਾ. ਸੁਭਾਸ਼ ਸ਼ਰਮਾ ਨੇ ਇਕ ਬਿਆਨ ਰਾਹੀਂ ਕਿਹਾ ਕਿ ਅਨਿਲ ਜੋਸ਼ੀ ਕੇਂਦਰ ਸਰਕਾਰ, ਪਾਰਟੀ ਦੀ ਕੇਂਦਰੀ ਲੀਡਰਸ਼ਿਪ ਅਤੇ ਉਸ ਦੀਆਂ ਨੀਤੀਆਂ ਖ਼ਿਲਾਫ ਬਿਆਨਬਾਜ਼ੀ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜੋਸ਼ੀ ਨੇ ਨੋਟਿਸ ਮਿਲਣ ਤੋਂ ਬਾਅਦ ਵੀ ਭਾਜਪਾ ਖ਼ਿਲਾਫ ਚੱਲਣ ਦਾ ਆਪਣਾ ਅੜੀਅਲ ਰਵੱਈਆ ਨਹੀਂ ਛੱਡਿਆ। ਪਾਰਟੀ ਨੇ ਕਿਹਾ ਕਿ ਸਾਬਕਾ ਮੰਤਰੀ ਦੀਆਂ ਪਾਰਟੀ ਵਿਰੋਧੀ ਗਤੀਵਿਧੀਆਂ ਕਰਕੇ ਹੀ ਅਨੁਸ਼ਾਸਨੀ ਕਮੇਟੀ ਦੀ ਸਿਫਾਰਸ਼ 'ਤੇ ਪ੍ਰਦੇਸ਼ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਜੋਸ਼ੀ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ 6 ਸਾਲ ਲਈ ਕੱਢ ਦਿੱਤਾ ਹੈ। ਸੂਤਰਾਂ ਮੁਤਾਬਕ ਭਾਜਪਾ ਅੰਦਰ ਬਗਾਵਤੀ ਸੁਰਾਂ ਵਧਣ ਕਰਕੇ ਅਨਿਲ ਜੋਸ਼ੀ ਖਿਲਾਫ ਕਾਰਵਾਈ ਕੀਤੀ ਗਈ ਹੈ। ਵਿਧਾਨ ਸਭਾ ਚੋਣਾਂ ਨਜ਼ਦੀਕ ਹੋਣ ਕਾਰਨ ਭਗਵਾਂ ਪਾਰਟੀ ਦੀ ਸਥਿਤੀ ਕਸੂਤੀ ਬਣੀ ਪਈ ਸੀ। ਪਾਰਟੀ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਸੂਬਾ ਪ੍ਰਧਾਨ ਵੱਲੋਂ ਕੀਤੀ ਗਈ ਇਸ ਕਾਰਵਾਈ ਨਾਲ ਭਾਜਪਾ ਦਾ ਅੰਦਰੂਨੀ ਸੰਕਟ ਹੱਲ ਹੋਣ ਦੀ ਥਾਂ ਹੋਰ ਡੂੰਘਾ ਹੋ ਸਕਦਾ ਹੈ।

ਕਾਬਲੇਗੌਰ ਹੈ ਕਿ ਅਨਿਲ ਜੋਸ਼ੀ ਸਮੇਤ ਹੋਰ ਕਈ ਆਗੂਆਂ ਨੇ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਸੂਬਾਈ ਅਤੇ ਕੇਂਦਰੀ ਲੀਡਰਸ਼ਿਪ ਨੂੰ ਸ਼ੀਸ਼ਾ ਦਿਖਾਉਣ ਦੇ ਯਤਨ ਕੀਤੇ ਸਨ। ਬੀਤੇ ਸਾਲ ਸੰਸਦ ਵੱਲੋਂ ਖੇਤੀ ਕਾਨੂੰਨ ਪਾਸ ਕੀਤੇ ਜਾਣ ਤੋਂ ਬਾਅਦ ਭਾਜਪਾ ਆਗੂਆਂ ਨੂੰ ਪੰਜਾਬ ਵਿਚ ਲਗਾਤਾਰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ ਨੇ ਭਾਜਪਾ ਆਗੂਆਂ ਦੇ ਘਰਾਂ ਦਾ ਘਿਰਾਓ ਹੀ ਨਹੀਂ ਕੀਤਾ ਹੋਇਆ ਹੈ ਸਗੋਂ ਸਿਆਸੀ ਗਤੀਵਿਧੀਆਂ ਕਰਨੀਆਂ ਵੀ ਮੁਸ਼ਕਲ ਹੋਈਆਂ ਪਈਆਂ ਹਨ। ਇਸੇ ਰੋਹ ਦੇ ਚਲਦਿਆਂ ਭਾਜਪਾ ਦੇ ਅਬੋਹਰ ਤੋਂ ਵਿਧਾਇਕ ਅਰੁਣ ਨਾਰੰਗ ਦੇ ਮਲੋਟ 'ਚ ਕੱਪੜੇ ਤੱਕ ਪਾੜ ਦਿੱਤੇ ਗਏ ਸਨ। ਇਕ ਹੋਰ ਆਗੂ ਹਰਜੀਤ ਸਿੰਘ ਗਰੇਵਾਲ ਦੇ ਖੇਤ ਵਿਚ ਲਾਇਆ ਝੋਨਾ ਵੀ ਕਿਸਾਨਾਂ ਨੇ ਪੁੱਟ ਦਿੱਤਾ ਸੀ। ਜ਼ਿਕਰਯੋਗ ਹੈ ਕਿ ਅਨਿਲ ਜੋਸ਼ੀ ਵੱਲੋਂ ਪਿਛਲੇ ਇਕ ਮਹੀਨੇ ਤੋਂ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਪਾਰਟੀ ਆਗੂਆਂ ਦੇ ਵਿਵਹਾਰ ਦੀ ਨਿੰਦਾ ਕੀਤੀ ਜਾ ਰਹੀ ਸੀ। ਉਹ ਕਿਸਾਨਾਂ ਦੀ ਗੱਲ ਸੁਣਨ ਦੀ ਵਕਾਲਤ ਕਰਦੇ ਆ ਰਹੇ ਸਨ। ਉਨ੍ਹਾਂ ਇਹ ਵੀ ਕਿਹਾ ਸੀ ਕਿ ਪਾਰਟੀ ਦੀ ਕੌਮੀ ਲੀਡਰਸ਼ਿਪ ਜ਼ਮੀਨੀ ਹਾਲਾਤ ਸਮਝਣ 'ਚ ਨਾਕਾਮ ਰਹੀ ਹੈ।

ਸ੍ਰੀ ਜੋਸ਼ੀ ਨੇ ਤਾਂ ਇਥੋਂ ਤੱਕ ਆਖ ਦਿੱਤਾ ਸੀ ਕਿ ਲੋਕ ਭਾਜਪਾ ਆਗੂਆਂ ਨੂੰ ਬਾਹਰ ਨਹੀਂ ਨਿਕਲਣ ਦੇ ਰਹੇ ਅਤੇ ਪਾਰਟੀ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੀ ਹੈ। ਭਾਜਪਾ ਦੇ ਇਕ ਹੋਰ ਆਗੂ ਕੇ.ਡੀ. ਭੰਡਾਰੀ ਨੇ ਵੀ ਅਨਿਲ ਜੋਸ਼ੀ ਦੀ ਸੁਰ ਨਾਲ ਸੁਰ ਮਿਲਾਉਂਦਿਆਂ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਅੰਦੋਲਨ ਦਾ ਸਾਰਥਕ ਹੱਲ ਕੱਢਣ ਦਾ ਮਸ਼ਵਰਾ ਦਿੱਤਾ ਸੀ।

## ਕਿਸਾਨਾਂ ਦੀ ਗੱਲ ਕਰਕੇ ਕੋਈ ਗੁਨਾਹ ਨਹੀਂ ਕੀਤਾ: ਜੋਸ਼ੀ

**ਅੰਮ੍ਰਿਤਸਰ:** ਭਾਰਤੀ ਜਨਤਾ ਪਾਰਟੀ ਦੇ ਸਾਬਕਾ ਮੰਤਰੀ ਅਨਿਲ ਜੋਸ਼ੀ ਹੁਣ ਆਪਣੇ ਸਿਆਸੀ ਭਵਿੱਖ ਬਾਰੇ ਕੋਈ ਵੀ ਫੈਸਲਾ ਇਕ ਮਹੀਨੇ ਬਾਅਦ ਸਵੈ-ਮੰਥਨ ਅਤੇ ਸਥਿਤੀਆਂ ਦਾ ਜਾਇਜ਼ਾ ਲੈਣ ਮਗਰੋਂ ਲੈਣਗੇ। ਉਨ੍ਹਾਂ ਨੂੰ ਪੰਜਾਬ ਭਾਜਪਾ ਵਲੋਂ ਅਨੁਸ਼ਾਸਨਹੀਣਤਾ ਦੇ ਦੋਸ਼ ਹੇਠ ਪਾਰਟੀ ਵਿਚੋਂ ਛੇ ਸਾਲਾਂ ਲਈ ਬਾਹਰ ਕੱਢ ਦਿੱਤਾ ਗਿਆ ਹੈ। ਪੰਜਾਬ ਭਾਜਪਾ ਦੀ ਇਸ ਕਾਰਵਾਈ ਤੋਂ ਬਾਅਦ ਅਨਿਲ ਜੋਸ਼ੀ ਨੇ ਆਖਿਆ ਹੈ ਕਿ ਉਨ੍ਹਾਂ ਨੇ ਕਿਸਾਨਾਂ ਅਤੇ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਗੱਲ ਕਰਕੇ ਕੋਈ ਗੁਨਾਹ ਨਹੀਂ ਕੀਤਾ ਹੈ, ਜਿਸ ਲਈ ਪਾਰਟੀ ਦੇ ਇਸ ਫੈਸਲੇ ਕਾਰਨ ਉਨ੍ਹਾਂ ਨੂੰ ਕੋਈ ਸ਼ਰਮਿੰਦਗੀ ਮਹਿਸੂਸ ਹੋਵੇ। ਉਨ੍ਹਾਂ ਨੇ ਤਾਂ ਸਿਰਫ ਪਾਰਟੀ ਦੀ ਸਾਖ ਨੂੰ ਬਚਾਉਣ ਲਈ ਸਭ ਕੁਝ ਕੀਤਾ ਹੈ, ਇਸ ਲਈ ਪਾਰਟੀ ਵੱਲੋਂ ਕੀਤਾ ਫੈਸਲਾ ਕੋਈ ਸਜ਼ਾ ਨਹੀਂ, ਸਗੋਂ ਉਨ੍ਹਾਂ ਲਈ ਗੋਲਡ ਮੈਡਲ ਹੈ।

## ਗੈਂਗਸਟਰ ਮਨਪ੍ਰੀਤ ਸਿੰਘ ਸਾਥੀ ਸਣੇ ਗ੍ਰਿਫਤਾਰ

**ਫਰੀਦਕੋਟ:** ਜ਼ਿਲ੍ਹਾ ਪੁਲਿਸ ਨੇ ਮਨਪ੍ਰੀਤ ਸਿੰਘ ਉਰਫ ਮਨੀ ਨਾਮ ਦੇ ਗੈਂਗਸਟਰ ਨੂੰ ਉਸ ਦੇ ਸਾਥੀ ਸਣੇ ਗ੍ਰਿਫਤਾਰ ਕਰ ਲਿਆ ਹੈ। ਉੱਚ ਪੁਲਿਸ ਅਧਿਕਾਰੀਆਂ ਨੇ ਇਥੇ ਪ੍ਰੈੱਸ ਕਾਨਫਰੰਸ ਕਰਕੇ ਜਾਣਕਾਰੀ ਦਿੱਤੀ ਕਿ ਮਨਪ੍ਰੀਤ ਸਿੰਘ ਮਨੀ ਤੇ ਉਸ ਦੇ ਇਕ ਸਾਥੀ ਮੋਹਿਤ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਕੋਲੋਂ ਦੋ ਵਿਦੇਸ਼ੀ ਹਥਿਆਰ ਤੇ ਪੰਦਰਾਂ ਕਾਰਤੂਸ ਬਰਾਮਦ ਹੋਏ ਹਨ।

ਜ਼ਿਲ੍ਹਾ ਪੁਲਿਸ ਮੁਖੀ ਸਵਰਨਦੀਪ ਸਿੰਘ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਉਰਫ ਮਨੀ ਨੇ ਕੁਝ ਦਿਨ ਪਹਿਲਾਂ ਕੋਟਕਪੂਰੇ ਵਿਚ ਰਵੇਲ ਸਿੰਘ ਨਾਮ ਦੇ ਬੰਦੇ ਨੂੰ ਕਤਲ ਕਰਨ ਲਈ ਸ਼ਰ੍ਹੇਆਮ ਗੋਲੀਆਂ ਚਲਾਈਆਂ ਸਨ। ਉਨ੍ਹਾਂ ਕਿਹਾ ਕਿ ਮਨਪ੍ਰੀਤ ਸਿੰਘ ਖਿਲਾਫ ਪਹਿਲਾਂ ਵੀ ਕਤਲ ਤੇ ਹੋਰ ਗੰਭੀਰ ਅਪਰਾਧਾਂ ਤਹਿਤ ਮੁਕੱਦਮੇ ਦਰਜ ਹਨ ਤੇ ਇਹ ਗੈਂਗਸਟਰ ਲਾਰੈਂਸ ਬਿਸ਼ਨੋਈ ਲਈ ਕੰਮ ਕਰਦਾ ਸੀ। ਗ੍ਰਿਫਤਾਰ ਕੀਤੇ ਗਏ ਮਨਪ੍ਰੀਤ ਸਿੰਘ ਤੇ ਮੋਹਿਤ ਕੁਮਾਰ ਨੂੰ ਇਥੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਗ੍ਰਿਫਤਾਰ ਕੀਤੇ ਮੁਲਜ਼ਮਾਂ ਨੂੰ ਚਾਰ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਣ ਦਾ ਹੁਕਮ ਦਿੱਤਾ ਹੈ।

ਐਸ.ਪੀ. ਬੀਕੇ ਸਿੰਗਲਾ ਨੇ ਦੱਸਿਆ ਕਿ ਸੀ.ਆਈ.ਏ. ਸਟਾਫ ਜੈਤੋ ਨੇ ਫਰੀਦਕੋਟ-ਬਠਿੰਡਾ ਸੜਕ 'ਤੇ ਨਾਕਾ ਲਾਇਆ ਹੋਇਆ ਸੀ ਤੇ ਇਹ ਦੋਵੇਂ ਨੌਜਵਾਨ ਮੋਟਰਸਾਈਕਲ 'ਤੇ ਬਠਿੰਡੇ ਵੱਲ ਆ ਰਹੇ ਸਨ। ਤਲਾਸ਼ੀ ਦੌਰਾਨ ਇਨ੍ਹਾਂ ਕੋਲੋਂ ਵਿਦੇਸ਼ੀ ਹਥਿਆਰ ਤੇ ਕਾਰਤੂਸ ਮਿਲੇ।

ਪੁਲਿਸ ਨੇ ਸੰਭਾਵਨਾ ਜਤਾਈ ਹੈ ਕਿ ਪੁੱਛ-ਗਿੱਛ ਦੌਰਾਨ ਹੋਰ ਘਟਨਾਵਾਂ ਬਾਰੇ ਵੱਡੇ ਖੁਲਾਸੇ ਹੋ ਸਕਦੇ ਹਨ।

# ਕਿਸਾਨੀ ਸੰਘਰਸ਼: ਪੰਜਾਬ ਵਿਚ ਭਾਜਪਾ ਆਗੂਆਂ ਦੀ ਆਈ ਸ਼ਾਮਤ

**ਰਾਜਪੁਰਾ:** ਕੇਂਦਰੀ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਅਤੇ ਭਾਜਪਾ ਦਰਮਿਆਨ ਜਾਰੀ ਰੇੜਕੇ ਦਰਮਿਆਨ ਰਾਜਪੁਰਾ ਵਿਚ ਤਣਾਅ ਵਾਲੇ ਹਾਲਾਤ ਬਣ ਗਏ ਹਨ। ਪਟਿਆਲਾ ਵਾਸੀ ਭਾਜਪਾ ਦੇ ਸੂਬਾਈ ਆਗੂ ਭੂਪੇਸ਼ ਅਗਰਵਾਲ ਸਮੇਤ ਕੁਝ ਹੋਰ ਆਗੂਆਂ ਨੂੰ ਅੱਧੀ ਰਾਤ ਤੱਕ ਸੈਂਕੜੇ ਕਿਸਾਨਾਂ ਨੇ ਰਾਜਪੁਰਾ ਵਿਚਲੀ ਕੋਠੀ ਵਿਚ ਬੰਦੀ ਬਣਾਈ ਰੱਖਿਆ ਤੇ ਹਾਈਕੋਰਟ ਦੇ ਦਖਲ ਪਿੱਛੋਂ ਬਾਹਰ ਕੱਢਿਆ ਗਿਆ। ਇਥੇ ਸੈਂਕੜੇ ਪੁਲਿਸ ਮੁਲਾਜ਼ਮ ਵੀ ਤਾਇਨਾਤ ਸਨ। ਪੰਜਾਬ 'ਚ ਕਿਸਾਨਾਂ ਵੱਲੋਂ ਭਾਵੇਂ ਕਈ ਭਾਜਪਾ ਆਗੂਆਂ ਦਾ ਘਿਰਾਓ ਕੀਤਾ ਜਾ ਚੁੱਕਾ ਹੈ, ਪਰ ਰਾਜਪੁਰਾ ਸ਼ਹਿਰ ਵਿਚਲੀ ਇਹ ਘਟਨਾ ਹੋਰ ਵੀ ਵੱਡੀ ਤੇ ਘਾਤਕ ਮੰਨੀ ਜਾ ਰਹੀ ਹੈ।



ਜਾਣਕਾਰੀ ਅਨੁਸਾਰ ਰਾਜਪੁਰਾ ਦੀ ਵਾਰਡ ਨੰਬਰ 15 'ਚ ਭਾਜਪਾ ਦੇ ਭਾਰਤੀ ਵਿਕਾਸ ਪ੍ਰੀਸ਼ਦ ਦੇ ਦਫਤਰ 'ਚ ਦਿਨ ਵੇਲੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਵਿਕਾਸ ਵਿੱਕੀ ਦੀ ਅਗਵਾਈ ਹੇਠਾਂ ਜ਼ਿਲ੍ਹਾ ਪੱਧਰੀ ਮੀਟਿੰਗ ਚੱਲ ਰਹੀ ਸੀ। ਮੀਟਿੰਗ ਦਾ ਪਤਾ ਲੱਗਦੇ ਹੀ ਵੱਡੀ ਗਿਣਤੀ ਕਿਸਾਨਾਂ ਨੇ ਭਾਜਪਾ ਆਗੂਆਂ ਦਾ ਘਿਰਾਓ ਕਰ ਲਿਆ। ਪੁਲਿਸ ਨੇ ਭਾਵੇਂ ਮੌਕੇ 'ਤੇ ਪੁੱਜ ਕੇ ਇਨ੍ਹਾਂ ਭਾਜਪਾ ਆਗੂਆਂ ਨੂੰ ਬਾਹਰ ਕੱਢਿਆ, ਪਰ ਇਸ ਦੌਰਾਨ ਰੋਹ 'ਚ ਆਏ ਕਿਸਾਨਾਂ ਨੇ ਇਕ ਕੌਂਸਲਰ ਸਮੇਤ ਕੁਝ ਕੁ ਹੋਰ ਭਾਜਪਾ ਕਾਰਕੁਨਾਂ ਦੀ ਖਿੱਚਧੂਹ ਵੀ ਕੀਤੀ। ਇਸ ਮਗਰੋਂ ਭਾਜਪਾ ਆਗੂ ਭੂਪੇਸ਼ ਅਗਰਵਾਲ ਤੇ ਹੋਰਾਂ ਨੇ ਰਾਜਪੁਰਾ ਵਿਚਲੇ ਹੀ ਲਾਇਨਜ਼ ਕਲੱਬ ਵਿਚ ਪ੍ਰੈੱਸ ਕਾਨਫਰੰਸ ਕਰ ਕੇ ਇਸ ਘਟਨਾ ਪਿੱਛੇ ਕਾਂਗਰਸ, 'ਆਪ' ਤੇ ਅਕਾਲੀ ਦਲ ਦਾ ਹੱਥ ਦੱਸਿਆ। ਉਨ੍ਹਾਂ ਨੇ ਪੁਲਿਸ 'ਤੇ ਵੀ ਸਰਕਾਰ ਦੇ ਇਸ਼ਾਰੇ 'ਤੇ ਭਾਜਪਾ ਖਿਲਾਫ ਗੁੰਡਾਗਰਦੀ ਕਰਨ ਵਾਲਿਆਂ ਦੀ ਖੁੱਲ੍ਹੇਆਮ ਹਮਾਇਤ ਕਰਨ ਦੇ ਦੋਸ਼ ਲਾਏ। ਇਸ ਦੌਰਾਨ ਕਿਸਾਨ ਲਾਇਨਜ਼ ਕਲੱਬ ਆਣ ਪੁੱਜੇ ਅਤੇ ਨਾਅਰੇਬਾਜ਼ੀ ਕਰਨ ਲੱਗੇ। ਇਸ ਮੌਕੇ ਭਾਜਪਾ ਆਗੂ ਭੂਪੇਸ਼ ਅਗਰਵਾਲ ਨੇ ਕਿਸਾਨਾਂ ਨੂੰ ਕਥਿਤ ਚੁਣੌਤੀ ਦਿੱਤੀ ਕਿ 'ਉਹ ਹੁਣ ਮੀਟਿੰਗ ਕਰਨ ਜਾ ਰਿਹਾ ਹੈ, ਹਿੰਮਤ ਹੈ ਤਾਂ ਉਸ ਨੂੰ ਆ ਕੇ ਰੋਕ ਲੈਣ।' ਇਸ ਮਗਰੋਂ ਭੂਪੇਸ਼ ਅਗਰਵਾਲ ਜਦੋਂ ਆਪਣੇ ਕੁਝ ਸਾਥੀਆਂ ਸਮੇਤ ਰਾਜਪੁਰਾ ਦੀ ਅਰਜਨ ਕਲੋਨੀ ਸਥਿਤ ਭਾਜਪਾ ਕਾਰਕੁਨ ਦੀ ਕੋਠੀ 'ਚ ਗਿਆ, ਤਾਂ ਜਲਦੀ ਹੀ ਸੈਂਕੜੇ ਕਿਸਾਨਾਂ ਨੇ ਉਨ੍ਹਾਂ ਦੀ ਘੇਰਾਬੰਦੀ ਕਰ ਲਈ। ਜਲਦੀ ਹੀ ਇਥੇ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ। ਖੁਦ ਡੀ.ਆਈ.ਜੀ. ਵਿਕਰਮਜੀਤ ਦੁੱਗਲ ਨੇ ਮੌਕੇ 'ਤੇ ਪੁੱਜ ਕੇ ਕਿਸਾਨ ਨੇਤਾ ਪ੍ਰੇਮ ਸਿੰਘ ਭੰਗੂ ਤੇ ਹੋਰਾਂ ਨਾਲ ਗੱਲਬਾਤ ਕੀਤੀ। ਕਿਸਾਨਾਂ ਨੇ ਮੰਗ ਕੀਤੀ ਕਿ ਭਾਜਪਾ ਆਗੂ ਕਥਿਤ ਗਾਲ ਕੱਢਣ ਅਤੇ ਕਿਸਾਨਾਂ ਨੂੰ ਚੁਣੌਤੀ ਦੇਣ ਸਬੰਧੀ ਮੁਆਫੀ ਮੰਗੇ, ਜਿਸ ਮਗਰੋਂ ਉਹ ਇਥੋਂ ਧਰਨਾ ਚੁੱਕਣਗੇ।

## ਕਾਂਗਰਸ ਮਾਹੌਲ ਖਰਾਬ ਕਰ ਰਹੀ: ਸੁਭਾਸ਼ ਸ਼ਰਮਾ

ਕਿਸਾਨਾਂ ਦੇ ਘਿਰਾਓ ਕਰਕੇ ਕੋਠੀ ਵਿਚ ਤੜੇ ਭਾਜਪਾ ਆਗੂਆਂ 'ਚ ਸੂਬਾਈ ਜਨਰਲ ਸਕੱਤਰ ਸੁਭਾਸ਼ ਸ਼ਰਮਾ, ਸੂਬਾਈ ਆਗੂ ਭੂਪੇਸ਼ ਅਗਰਵਾਲ ਸਮੇਤ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਿੰਦਰ ਕੋਹਲੀ ਅਤੇ ਵਿਕਾਸ ਸ਼ਰਮਾ ਪ੍ਰਮੁੱਖ ਹਨ। ਕੋਠੀ ਦੇ ਅੰਦਰੋਂ ਹੀ ਬਣਾ ਕੇ ਭੇਜੀ ਵੀਡੀਓ ਵਿਚ ਭਾਜਪਾ ਆਗੂਆਂ ਨੇ ਪੰਜਾਬ ਕਾਂਗਰਸ 'ਤੇ ਸੂਬੇ ਦੇ ਹਾਲਾਤ ਖਰਾਬ ਕਰਨ ਦਾ ਦੋਸ਼ ਲਾਇਆ ਹੈ। ਸੁਭਾਸ਼ ਸ਼ਰਮਾ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਸੂਬੇ 'ਚ ਅਤਿਵਾਦ ਨਾਲੋਂ ਵੀ ਮਾੜੇ ਹਾਲਾਤ ਪੈਦਾ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੰਜ ਛੇ ਸੌ ਦੀ ਭੀੜ ਨੇ ਉਨ੍ਹਾਂ ਨੂੰ ਕੋਠੀ ਅੰਦਰ ਬੰਦੀ ਬਣਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਦੇ ਹੱਥਾਂ 'ਚ ਭਾਵੇਂ ਝੰਡੇ ਕਿਸਾਨੀ ਦੇ ਹਨ, ਪਰ ਇਹ ਲੋਕ ਕਾਂਗਰਸ ਦੇ ਗੁੰਡੇ ਹਨ।

# ਮੋਦੀ ਸਰਕਾਰ ਵੱਲੋਂ ਕੈਬਨਿਟ ਰੱਦੋਬਦਲ ਆਸਰੇ ਸਾਖ ਬਚਾਉਣ ਦੀਆਂ ਕੋਸ਼ਿਸ਼ਾਂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੇਂਦਰੀ ਕੈਬਨਿਟ ਵਿਚ ਸਭ ਤੋਂ ਵੱਡੀ ਰੱਦੋਬਦਲ ਦੌਰਾਨ 12 ਮੰਤਰੀਆਂ ਨੂੰ ਸੱਤਾ ਤੋਂ ਬਾਹਰ ਕਰਕੇ 43 ਮੰਤਰੀਆਂ ਨੂੰ ਹਲਫ ਦਿਵਾਇਆ ਗਿਆ। ਹਲਫ ਲੈਣ ਵਾਲਿਆਂ ਵਿਚ 36 ਨਵੇਂ ਮੰਤਰੀ ਹਨ ਜਦੋਂਕਿ 7 ਮੰਤਰੀਆਂ ਨੂੰ ਰਾਜ ਮੰਤਰੀ ਤੋਂ ਕੈਬਨਿਟ ਮੰਤਰੀ ਬਣਾਇਆ ਗਿਆ। ਸਿਆਸੀ ਮਾਹਿਰ ਇਸ ਰੱਦੋਬਦਲ ਦਾ ਕਾਰਨ ਸਿਆਸੀ ਦੱਸ ਰਹੇ ਹਨ ਕਿਉਂਕਿ ਉਨ੍ਹਾਂ ਰਾਜਾਂ, ਜਿਥੇ ਚੋਣਾਂ ਹੋਣ ਵਾਲੀਆਂ ਹਨ, ਵੱਲ ਜ਼ਿਆਦਾ ਧਿਆਨ ਦਿੱਤਾ ਗਿਆ। ਉਦਾਹਰਨ ਦੇ ਤੌਰ 'ਤੇ ਹੁਣ ਉਤਰ ਪ੍ਰਦੇਸ਼ ਤੋਂ ਮੰਤਰੀਆਂ ਦੀਆਂ ਗਿਣਤੀ ਪ੍ਰਧਾਨ ਮੰਤਰੀ ਸਮੇਤ 15 ਹੈ।

ਇਸ ਕੈਬਨਿਟ ਵਿਚ 12 ਦਲਿਤ, 8 ਕਬਾਇਲੀ ਅਤੇ 27 ਪੱਛੜੀਆਂ ਜਾਤੀਆਂ ਨਾਲ ਸਬੰਧਤ ਨੁਮਾਇੰਦੇ ਹਨ। ਇਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਨੂੰ ਪਛੜੀਆਂ ਜਾਤਾਂ, ਦਲਿਤਾਂ ਅਤੇ ਜਨਜਾਤੀਆਂ ਦੀ ਪਾਰਟੀ ਵਾਲੀ ਦਿੱਖ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਤਰ ਪ੍ਰਦੇਸ਼ ਵਿਚ ਯਾਦਵਾਂ ਨੂੰ ਛੱਡ ਕੇ ਬਾਕੀ ਦੀਆਂ ਪਛੜੀਆਂ ਸ਼੍ਰੇਣੀਆਂ ਅਤੇ ਦਲਿਤਾਂ ਵਿਚੋਂ ਮਹਾਰਾਂ ਤੋਂ ਬਿਨਾਂ ਹੋਰ ਅਨੁਸੂਚਿਤ ਜਾਤੀਆਂ ਦੇ ਪ੍ਰਤੀਨਿਧਾਂ ਨੂੰ ਸ਼ਾਮਲ ਕਰ ਕੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਇਨ੍ਹਾਂ ਜਾਤਾਂ ਦੇ ਲੋਕਾਂ ਵਿਚ ਪਾਰਟੀ ਦੀ ਸਾਖ ਵਧਾਉਣ ਦਾ ਯਤਨ ਪ੍ਰਤੱਖ ਨਜ਼ਰ ਆਉਂਦਾ ਹੈ।

ਇਸ ਫੇਰਬਦਲ ਵਿਚ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਰਵੀ ਸ਼ੰਕਰ ਪ੍ਰਸਾਦ ਅਤੇ ਪ੍ਰਕਾਸ਼ ਜਾਵਡੇਕਰ ਨੂੰ ਮੰਤਰੀ ਮੰਡਲ ਤੋਂ ਬਾਹਰ ਕਰਨਾ ਹੈ। ਰਵੀ ਸ਼ੰਕਰ ਪ੍ਰਸਾਦ ਕਾਨੂੰਨ ਮੰਤਰੀ ਹੋਣ ਦੇ ਨਾਲ ਸੰਚਾਰ, ਇਲੈਕਟ੍ਰੋਨਿਕ ਅਤੇ ਇਨਫਰਮੇਸ਼ਨ ਟੈਕਨਾਲੋਜੀ ਦਾ ਵੀ ਮੰਤਰੀ ਸੀ। ਉਹ ਮੰਤਰੀ ਮੰਡਲ ਵਿਚ ਲਏ ਗਏ ਫੈਸਲਿਆਂ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦਾ ਸੀ ਅਤੇ ਇਸ ਤਰ੍ਹਾਂ ਮੀਡੀਆ ਸਾਹਮਣੇ ਮੰਤਰੀ ਮੰਡਲ ਦਾ ਚਿਹਰਾ ਬਣ ਕੇ ਪੇਸ਼ ਹੁੰਦਾ ਸੀ। ਉਸ ਨੂੰ ਜ਼ਿਆਦਾ ਸਮਝ ਵਾਲਾ ਅਤੇ ਯੋਗ ਮੰਤਰੀ ਮੰਨਿਆ ਜਾਂਦਾ ਸੀ। ਇਸੇ ਤਰ੍ਹਾਂ ਪ੍ਰਕਾਸ਼ ਜਾਵਡੇਕਰ ਸੂਚਨਾ ਅਤੇ ਪ੍ਰਸਾਰਨ ਮੰਤਰੀ ਹੋਣ ਦੇ ਨਾਲ ਪਾਰਟੀ ਤੇ ਸਰਕਾਰ ਦਾ ਬੁਲਾਰਾ ਸੀ। ਸਿਆਸੀ ਮਾਹਿਰ ਇਹ ਦਲੀਲ ਦੇ ਰਹੇ ਹਨ ਕਿ ਬਾਹਰ ਕੀਤੇ ਗਏ ਮੰਤਰੀਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਗੈਰ-ਤਸੱਲੀਬਖ਼ਸ਼ ਹੋਣ ਕਾਰਨ ਮੰਤਰੀ ਮੰਡਲ 'ਚੋਂ ਕੱਢਿਆ ਗਿਆ।

ਸਿਹਤ ਮੰਤਰੀ ਹਰਸ਼ ਵਰਧਨ ਨੂੰ ਵੀ ਮੰਤਰੀ ਮੰਡਲ ਤੋਂ ਬਾਹਰ ਕੀਤਾ ਗਿਆ ਹੈ ਜਦੋਂਕਿ ਇਸ ਵਿਭਾਗ ਨਾਲ ਜ਼ਿਆਦਾ ਨਿਰਣੇ ਗ੍ਰਹਿ ਵਿਭਾਗ ਲੈਂਦਾ ਰਿਹਾ ਹੈ। ਕੁਝ ਸਿਆਸੀ ਮਾਹਿਰਾਂ ਅਨੁਸਾਰ ਭਾਜਪਾ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੋਵਿਡ-19 ਦੀ ਮਹਾਮਾਰੀ ਦੌਰਾਨ ਚੰਗੀ ਕਾਰਗੁਜ਼ਾਰੀ ਨਾ ਦਿਖਾਉਣ ਵਾਲੇ ਮੰਤਰੀਆਂ ਜਿਨ੍ਹਾਂ ਵਿਚ ਸਿਹਤ ਮੰਤਰੀ ਹਰਸ਼ ਵਰਧਨ, ਸਿੱਖਿਆ ਮੰਤਰੀ ਰਮੇਸ਼ ਪੋਖਰਿਆਲ ਨਿਸ਼ਾਂਕ ਅਤੇ ਕਿਰਤ ਮੰਤਰੀ ਸੰਤੋਸ਼ ਗੰਗਵਾਰ ਪ੍ਰਮੁੱਖ ਹਨ, ਨੂੰ ਬਾਹਰ ਕੱਢ ਕੇ ਕੋਵਿਡ-19 ਦੌਰਾਨ ਕਾਰਜਕੁਸ਼ਲਤਾ ਨਾ ਦਿਖਾਉਣ ਵਾਲਿਆਂ ਨੂੰ ਦੰਡ ਦਿੱਤਾ ਗਿਆ ਹੈ।



ਅਸਲ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਸਰੇ ਕਾਰਜਕਾਲ ਦੀ ਸਰਕਾਰ ਦਾ 2 ਸਾਲ ਦਾ ਸਮਾਂ ਬੀਤ ਚੁੱਕਾ ਹੈ। 3 ਸਾਲ ਬਾਕੀ ਹਨ। ਪਿਛਲੇ ਲੰਮੇ ਸਮੇਂ ਤੋਂ ਕਰੋਨਾ ਮਹਾਂਮਾਰੀ ਦੇ ਚਲਦਿਆਂ ਸਰਕਾਰ ਸਾਹਮਣੇ ਬਹੁਤ ਵੱਡੀਆਂ ਚੁਣੌਤੀਆਂ ਬਣੀਆਂ ਰਹੀਆਂ ਹਨ। ਸਮੁੱਚੇ ਰੂਪ ਵਿਚ ਦੇਸ਼ ਦੀ ਆਰਥਿਕਤਾ ਨੂੰ ਵੱਡਾ ਧੱਕਾ ਲੱਗਾ ਹੈ ਅਤੇ ਬੇਰੁਜ਼ਗਾਰੀ ਵਧੀ ਹੈ। ਇਸੇ ਸਮੇਂ ਵਿਚ ਹੀ ਹਰ ਪੱਖੋਂ ਮਹਿੰਗਾਈ ਨੇ ਸ਼ੂਟ ਵੱਟੀ ਰੱਖੀ ਹੈ। ਡੀਜ਼ਲ ਤੇ ਪੈਟਰੋਲ ਦੇ ਭਾਅ ਲਗਾਤਾਰ ਵਧਣ ਕਾਰਨ ਆਮ ਲੋਕਾਂ ਦੀ ਪਰੇਸ਼ਾਨੀ ਵਿਚ ਹੋਰ ਵੀ ਵਾਧਾ ਹੋਇਆ ਹੈ। ਵਿਰੋਧੀ ਪਾਰਟੀਆਂ ਨੇ ਅਕਸਰ ਸਰਕਾਰ ਨੂੰ ਇਨ੍ਹਾਂ ਮਸਲਿਆਂ ਉਤੇ ਘੇਰਿਆ ਹੈ। ਲੰਮੇ ਸਮੇਂ ਤੋਂ ਚੱਲਦੇ ਕਿਸਾਨ ਅੰਦੋਲਨ ਨੇ ਵੀ ਸਰਕਾਰ ਦੀ ਸ਼ਾਖ 'ਤੇ ਸੱਟ ਮਾਰੀ ਹੈ। ਪਿਛਲੇ ਮਹੀਨਿਆਂ ਵਿਚ ਕੁਝ ਰਾਜਾਂ ਦੀਆਂ ਚੋਣਾਂ ਤੋਂ ਵੀ ਇਹ ਅਹਿਸਾਸ ਹੁੰਦਾ ਰਿਹਾ ਹੈ ਕਿ ਸਰਕਾਰ ਦੀ ਚੜ੍ਹਾਈ ਦੀ ਥਾਂ ਹੁਣ ਉਤਰਾਈ ਹੋਣੀ ਸ਼ੁਰੂ ਹੋ ਗਈ ਹੈ। ਦੇਸ਼ ਦੇ ਸਭ ਤੋਂ ਵੱਡੀ ਆਬਾਦੀ ਵਾਲੇ ਸੂਬੇ ਉਤਰ ਪ੍ਰਦੇਸ਼ ਦੀਆਂ ਚੋਣਾਂ ਵੀ ਸਿਰ ਉਤੇ ਆ ਰਹੀਆਂ ਹਨ। ਅਗਲੇ ਸਾਲ ਦੇ ਅਖੀਰ ਵਿਚ ਗੁਜਰਾਤ ਦੀਆਂ ਚੋਣਾਂ ਦਾ ਸਮਾਂ ਵੀ ਆ ਜਾਏਗਾ। ਅਜਿਹੇ ਸਮੇਂ ਵਿਚ ਪ੍ਰਧਾਨ ਮੰਤਰੀ ਵੱਲੋਂ ਆਪਣੀ ਮੰਤਰੀਆਂ ਦੀ ਟੀਮ ਦਾ ਵਿਸਤਾਰ ਕਰਨ ਦਾ ਵਿਸ਼ੇਸ਼ ਮਹੱਤਵ ਮੰਨਿਆ ਜਾ ਸਕਦਾ ਹੈ।

### ਵਜ਼ਾਰਤੀ ਵਾਧਾ ਗਲਤ ਨੀਤੀਆਂ ਨੂੰ ਨਹੀਂ ਢਕ ਸਕਦਾ: ਮਾਇਆਵਤੀ

**ਲਖਨਊ:** ਕੇਂਦਰੀ ਵਜ਼ਾਰਤ ਵਿਚ ਵਾਧੇ ਤੇ ਫੇਰਬਦਲ ਦੇ ਬਾਅਦ ਬਹੁਜਨ ਸਮਾਜ ਪਾਰਟੀ (ਬਸਪਾ) ਮੁਖੀ ਮਾਇਆਵਤੀ ਨੇ ਕਿਹਾ ਕਿ ਅਜਿਹੇ ਕਦਮ ਨਾ ਤਾਂ ਸਰਕਾਰ ਦੀਆਂ ਗਲਤ ਨੀਤੀਆਂ, ਕਾਰਵਾਈਆਂ ਅਤੇ ਹੋਰ ਖਾਮੀਆਂ 'ਤੇ ਪਰਦਾ ਪਾ ਸਕਦੇ ਹਨ ਅਤੇ ਨਾ ਹੀ ਲੋਕਾਂ ਦਾ ਧਿਆਨ ਭਟਕਾ ਸਕਦੇ ਹਨ।

ਮਾਇਆਵਤੀ ਨੇ ਟਵੀਟ ਕੀਤਾ, 'ਕੇਂਦਰੀ ਵਜ਼ਾਰਤ ਵਿਚ ਕੀਤਾ ਗਿਆ ਵਾਧਾ ਅਤੇ ਫੇਰਬਦਲ ਸਰਕਾਰ ਦੀਆਂ ਹੁਣ ਤੱਕ ਦੀਆਂ ਗਲਤ ਨੀਤੀਆਂ, ਸਰਗਰਮੀਆਂ ਅਤੇ ਹੋਰ ਖਾਮੀਆਂ 'ਤੇ ਪਰਦਾ ਨਹੀਂ ਪਾ ਸਕਦਾ ਅਤੇ ਨਾ ਹੀ ਉਨ੍ਹਾਂ ਤੋਂ ਲੋਕਾਂ ਦਾ ਧਿਆਨ ਪਾਸੇ ਕਰ ਸਕਦਾ ਹੈ। ਦੇਸ਼ ਦੇ ਲੋਕ ਬਦਲਾਅ ਲਈ ਸਹੀ ਸਮੇਂ ਦੀ ਉਡੀਕ ਕਰ ਰਹੇ ਹਨ।'

# ਦੁਨੀਆ ਭਰ 'ਚ ਕਰੋਨਾ ਨਾਲ ਮੌਤਾਂ ਦਾ ਅੰਕੜਾ 40 ਲੱਖ ਤੋਂ ਪਾਰ



**ਵਾਸ਼ਿੰਗਟਨ:** ਵਿਸ਼ਵ ਵਿਚ ਕੋਵਿਡ-19 ਨਾਲ ਮੌਤਾਂ ਦਾ ਅੰਕੜਾ 40 ਲੱਖ ਨੂੰ ਪਾਰ ਕਰ ਗਿਆ, ਉਥੇ ਵਾਇਰਸ ਦੇ ਬੇਹੱਦ ਘਾਤਕ ਡੇਲਟਾ ਰੂਪ ਦੇ ਸਾਹਮਣੇ ਆਉਣ ਤੋਂ ਬਾਅਦ ਟੀਕਾਕਰਨ ਨੂੰ ਤੇਜੀ ਨਾਲ ਅੰਜਾਮ ਦੇਣ ਦੀ ਜੱਦੋਜਹਿਦ ਵੀ ਵਧ ਗਈ ਹੈ। ਅਮਰੀਕਾ ਦੀ ਜੌਹਨਸ ਹਾਪਕਿੰਨਸ ਯੂਨੀਵਰਸਿਟੀ ਦੇ ਅਧਿਕਾਰਤ ਸੂਤਰਾਂ ਦੁਆਰਾ ਇਕੱਤਰ ਡੇਢ ਸਾਲ 'ਚ ਹੋਈਆਂ ਮੌਤਾਂ ਦਾ ਇਹ ਅੰਕੜਾ ਪੀਸ ਰਿਸਰਚ ਇੰਸਟੀਚਿਊਟ ਓਸਲੋ ਦੇ ਅਨੁਮਾਨ ਮੁਤਾਬਕ 1982 ਤੋਂ ਬਾਅਦ ਦੁਨੀਆਂ 'ਚ ਜਿੰਨੀਆਂ ਜੰਗਾਂ ਹੋਈਆਂ ਹਨ, ਉਨ੍ਹਾਂ 'ਚ ਮਾਰੇ ਗਏ ਲੋਕਾਂ ਦੇ ਲਗਭਗ ਬਰਾਬਰ ਹੈ। ਇਹ ਗਿਣਤੀ ਹਰ ਸਾਲ ਦੁਨੀਆਂ ਭਰ 'ਚ ਸੜਕ ਹਾਦਸਿਆਂ 'ਚ ਮਾਰੇ ਜਾਣ ਵਾਲੇ ਲੋਕਾਂ ਤੋਂ ਤਿੰਨ ਗੁਣਾ ਜ਼ਿਆਦਾ ਹੈ। ਇਹ ਲਾਸ ਏਂਜਲਸ ਜਾਂ ਜਾਰਜੀਆ ਦੀ ਆਬਾਦੀ ਦੇ ਬਰਾਬਰ ਹੈ। ਇਹ ਗਿਣਤੀ ਹਾਂਗਕਾਂਗ ਦੀ ਅੱਧੀ ਆਬਾਦੀ ਤੋਂ ਜ਼ਿਆਦਾ ਜਾਂ ਨਿਊ ਯਾਰਕ ਸਿਟੀ ਦੀ ਲਗਭਗ 50 ਫੀਸਦੀ ਜਨ ਸੰਖਿਆ ਜਿੰਨਾ ਹੈ। ਇਸ ਦੇ ਬਾਵਜੂਦ ਜ਼ਿਆਦਾਤਰ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗਿਣਤੀ ਅਸਲ ਨਹੀਂ ਹੈ ਕਿਉਂਕਿ ਜਾਂ ਤਾਂ ਕੁਝ ਮਾਮਲੇ ਨਜ਼ਰ 'ਚ ਨਹੀਂ ਆਏ ਜਾਂ ਕੁਝ ਨੂੰ ਜਾਣਬੁਝ ਕੇ ਲੁਕੋਇਆ ਜਾ ਰਿਹਾ ਹੈ। ਦੁਨੀਆਂ ਭਰ 'ਚ ਸਭ ਤੋਂ ਵੱਧ ਮੌਤਾਂ ਅਮਰੀਕਾ 'ਚ ਹੋਈਆਂ, ਜਿਥੇ 6,21,904 ਲੋਕ ਮੌਤ ਦੇ ਮੂੰਹ ਵਿਚ ਗਏ। ਇਸ ਤੋਂ ਬਾਅਦ 5,28,611 ਮੌਤਾਂ ਨਾਲ ਬ੍ਰਾਜ਼ੀਲ ਦੂਜੇ ਤੇ 4,05,057 ਨਾਲ ਭਾਰਤ ਤੀਜੇ ਸਥਾਨ ਉਤੇ ਹੈ।

### ਸੈਲਾਨੀ ਕੇਂਦਰਾਂ 'ਤੇ ਵਧਦੀ ਭੀੜ ਕਾਰਨ ਕੇਂਦਰ ਖਫ਼ਾ

**ਨਵੀਂ ਦਿੱਲੀ:** ਇਸ ਵੇਲੇ ਕਰੋਨਾ ਦੀ ਦੂਜੀ ਲਹਿਰ ਭਾਵੇਂ ਘੱਟ ਗਈ ਹੈ ਪਰ ਸੈਲਾਨੀ ਕੇਂਦਰਾਂ 'ਤੇ ਲੋਕਾਂ ਦੀ ਭੀੜ ਨੇ ਸਿਹਤ ਵਿਭਾਗ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਖਾਸ ਕਰ ਪਹਾੜੀ ਸਥਾਨਾਂ ਵੱਲ ਲੋਕ ਵੱਡੀ ਗਿਣਤੀ ਵਿਚ ਜਾ ਰਹੇ ਹਨ ਜਿਸ ਕਾਰਨ ਕੇਂਦਰੀ ਅਧਿਕਾਰੀਆਂ ਨੇ ਰਾਜ ਦੇ ਅਧਿਕਾਰੀਆਂ ਨਾਲ ਕਰੋਨਾ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਮੀਟਿੰਗ ਕੀਤੀ ਤੇ ਰਾਜਾਂ ਨੂੰ ਸਖਤ ਹਦਾਇਤਾਂ ਦਿੱਤੀਆਂ ਕਿ ਉਹ ਸੈਲਾਨੀ ਕੇਂਦਰਾਂ ਵਿਚ ਕਰੋਨਾ ਨਿਯਮਾਂ ਦਾ ਪਾਲਣ ਕਰਵਾਉਣ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨਾਲ ਸਖਤੀ ਨਾਲ ਨਿਪਟਣ।

### ਮੌਤਾਂ ਦੇ ਅੰਕੜੇ ਲੁਕਾ ਰਹੀ ਯੋਗੀ ਸਰਕਾਰ: ਅਖਿਲੇਸ਼

**ਲਖਨਊ:** ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਦੋਸ਼ ਲਾਇਆ ਕਿ ਉੱਤਰ ਪ੍ਰਦੇਸ਼ ਸਰਕਾਰ ਕਰੋਨਾ ਕਰਕੇ ਹੋਈਆਂ ਮੌਤਾਂ ਦੇ ਅੰਕੜੇ ਲੁਕਾ ਰਹੀ ਹੈ। ਸੂਬਾ ਸਰਕਾਰ ਅਸਲ ਅੰਕੜੇ ਦੇਣ ਤੋਂ ਇਨਕਾਰੀ ਹੈ ਅਤੇ ਲੋਕਾਂ ਦੀ ਮਦਦ ਕਰਨ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਅਗਲੇ ਸਾਲ ਅਸੈਂਬਲੀ ਚੋਣਾਂ ਮਗਰੋਂ ਸੂਬੇ 'ਚ ਸਮਾਜਵਾਦੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਕੋਵਿਡ-19 ਪ੍ਰਬੰਧਨ ਦਾ ਆਡਿਟ ਕਰਵਾ ਕੇ ਮੌਤਾਂ ਸਬੰਧੀ ਕਥਿਤ ਅੰਕੜੇ ਲੁਕਾਉਣ ਵਾਲੇ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਸਪਾ ਮੁਖੀ ਨੇ ਪੰਚਾਇਤ ਚੋਣਾਂ ਦੀ ਡਿਊਟੀ 'ਤੇ ਤਾਇਨਾਤ ਅਧਿਆਪਕਾਂ ਦੀ ਮੌਤ ਦੇ ਮੁੱਦੇ ਨੂੰ ਵੀ ਉਭਾਰਿਆ।

### ਚੌਥੀ ਵਾਰ ਪੁਲਾੜ ਵਿਚ ਪੁੱਜੇ ਭਾਰਤੀ

**ਨਿਊ ਮੈਕਸਿਕੋ:** ਭਾਰਤੀ ਕੁੜੀ ਸਿਰਿਸ਼ਾ ਬਾਂਦਲਾ ਨੇ ਵਰਜਿਨ ਗੈਲੇਕਟਿਕ ਦੀ ਯੂਨਿਟੀ-22 ਰਾਹੀਂ ਪੁਲਾੜ ਵੱਲ ਸਫਲ ਉਡਾਣ ਭਰੀ। ਉਹ ਪੁਲਾੜ ਵਿਚ ਜਾਣ ਵਾਲੀ ਚੌਥੀ ਭਾਰਤੀ ਹੈ। ਸਿਰਿਸ਼ਾ ਚੌਥੀ ਭਾਰਤੀ ਤੇ ਤੀਜੀ ਭਾਰਤੀ ਮੂਲ ਦੀ ਕੁੜੀ ਹੈ। ਇਸ ਤੋਂ ਪਹਿਲਾਂ ਸਕੁਐਡਰਨ ਲੀਡਰ ਰਾਕੇਸ਼ ਸ਼ਰਮਾ, ਕਲਪਨਾ ਚਾਵਲਾ ਤੇ ਸੁਨੀਤਾ ਵਿਲੀਅਮਜ਼ ਪੁਲਾੜ ਯਾਤਰਾ ਕਰ ਚੁੱਕੇ ਹਨ। ਸਿਰਿਸ਼ਾ ਰਿਚਰਡ ਬ੍ਰੈਨਸਨ ਦੇ ਪੰਜ ਪੁਲਾੜ ਯਾਤਰੀਆਂ ਵਿਚੋਂ ਇਕ ਹੈ, ਉਹ ਵਰਜਿਨ ਗੈਲੇਕਟਿਕ ਕੰਪਨੀ ਦੇ ਗਵਰਨਮੈਂਟ ਅਫੇਅਰਜ਼ ਐਂਡ ਰਿਸਰਚ ਅਪਰੇਸ਼ਨ ਦੀ ਮੀਤ ਪ੍ਰਧਾਨ ਹੈ ਤੇ ਉਸ ਦੀ ਇੰਨੀ ਛੋਟੀ ਉਮਰ ਵਿਚ ਤਰੱਕੀ ਜ਼ਿਕਰਯੋਗ ਪ੍ਰਾਪਤੀ ਹੈ।

# ਕਰੋਨਾ ਵਾਇਰਸ ਦੇ ਨਰਮ ਪੈਣ ਪਿੱਛੋਂ ਪੰਜਾਬ 'ਚ ਪਾਬੰਦੀਆਂ ਵਿਚ ਢਿੱਲ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ ਮਹਾਮਾਰੀ ਦੀ ਸਥਿਤੀ ਸੁਧਰਨ ਦੇ ਮੱਦੇਨਜ਼ਰ ਢਿੱਲ ਦਿੰਦਿਆਂ ਪੰਜਾਬ 'ਚ ਹਫਤਾਵਾਰੀ ਅਤੇ ਰਾਤ ਦਾ ਕਰਫਿਊ ਹਟਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਉੱਚ ਵਿੱਦਿਅਕ ਅਦਾਰਿਆਂ ਨੂੰ ਵੀ ਖੋਲ੍ਹੇ ਜਾਣ ਲਈ ਵੀ ਹਰੀ ਝੰਡੀ ਦੇ ਦਿੱਤੀ ਹੈ ਪਰ ਸਕੂਲ ਹਾਲੇ ਬੰਦ ਹੀ ਰਹਿਣਗੇ।

ਕਾਲਜਾਂ, ਕੋਚਿੰਗ ਸੈਂਟਰਾਂ ਤੇ ਸਾਰੇ ਹੋਰ ਉੱਚ ਵਿੱਦਿਅਕ ਅਦਾਰਿਆਂ ਨੂੰ ਸਬੰਧਿਤ ਡਿਪਟੀ ਕਮਿਸ਼ਨਰਾਂ ਵੱਲੋਂ ਖੋਲ੍ਹਣ ਦੀ ਆਗਿਆ ਹੋਵੇਗੀ। ਸਾਰੇ ਟੀਚਿੰਗ, ਨਾਨ-ਟੀਚਿੰਗ ਸਟਾਫ ਅਤੇ ਵਿਦਿਆਰਥੀਆਂ ਦੇ ਦੋ ਹਫਤੇ ਪਹਿਲਾਂ ਟੀਕਾਕਰਨ ਦੀ ਘੱਟੋ-ਘੱਟ ਇਕ ਖੁਰਾਕ ਜ਼ਰੂਰ ਲੱਗੀ ਹੋਣ ਦਾ ਸਰਟੀਫਿਕੇਟ ਦੇਣਾ ਹੋਵੇਗਾ। ਮੁੱਖ ਮੰਤਰੀ ਨੇ ਕੋਵਿਡ ਦੀ ਸਥਿਤੀ ਦੀ ਵਰਚੁਅਲ ਸਮੀਖਿਆ ਮੀਟਿੰਗ ਦੌਰਾਨ ਕਿਹਾ ਕਿ 20 ਜੁਲਾਈ ਨੂੰ ਕੋਵਿਡ ਦੇ ਹਾਲਾਤ ਦੀ ਦੁਬਾਰਾ ਸਮੀਖਿਆ ਕੀਤੀ ਜਾਵੇਗੀ। ਇਸੇ ਦੌਰਾਨ ਮੁੱਖ ਮੰਤਰੀ ਨੇ ਕੋਵਿਡ ਦੀ ਸੰਭਾਵਿਤ ਤੀਜੀ ਲਹਿਰ ਦੀ ਤਿਆਰੀ ਵਜੋਂ ਵੀ 380 ਕਰੋੜ ਰੁਪਏ ਮਨਜ਼ੂਰ ਕਰ ਦਿੱਤੇ ਹਨ। ਫੈਸਲਿਆਂ 'ਚ ਅੰਦਰੂਨੀ ਇਕੱਠਾਂ (ਇਨਡੋਰ) ਵਿਚ 100 ਵਿਅਕਤੀਆਂ ਅਤੇ ਖੁੱਲ੍ਹੇ ਵਿਚ (ਆਊਟਡੋਰ) 200 ਵਿਅਕਤੀਆਂ ਦੇ ਇਕੱਠ ਕਰਨ ਦੀ ਵੀ ਇਜਾਜ਼ਤ ਦਿੱਤੀ ਗਈ ਹੈ। ਇਸ ਤੋਂ ਇਲਾਵਾ ਟੀਕੇ ਦੀ ਘੱਟੋ ਘੱਟ ਇਕ ਖੁਰਾਕ ਲੱਗੀ ਹੋਣ ਦੀ ਸ਼ਰਤ 'ਤੇ ਬਾਰ, ਸਿਨੇਮਾ ਹਾਲ, ਰੈਸਟੋਰੈਂਟ, ਸਪਾਅ, ਤੈਰਾਕੀ ਪੂਲ, ਜਿਮ, ਮਾਲ, ਖੇਡ ਕੰਪਲੈਕਸ, ਮਿਊਜ਼ੀਅਮ,



ਚਿੜੀਆ ਘਰ ਆਦਿ ਖੋਲ੍ਹਣ ਦੇ ਵੀ ਹੁਕਮ ਕੀਤੇ ਗਏ ਹਨ। ਉਨ੍ਹਾਂ ਨੇ ਸੂਬੇ 'ਚ ਬਲੈਕ ਫੰਗਸ ਦੇ 8 ਜੁਲਾਈ ਤੱਕ 623 ਮਰੀਜ਼ਾਂ ਦੇ ਹਵਾਲੇ ਨਾਲ ਅਜਿਹੇ ਮਰੀਜ਼ਾਂ ਦੇ ਇਲਾਜ ਲਈ ਤਜਵੀਜ਼ ਤਿਆਰ ਕਰਨ ਦੀ ਹਦਾਇਤ ਵੀ ਕੀਤੀ ਹੈ। ਮੁੱਖ ਮੰਤਰੀ ਨੇ 674 ਜੀ.ਡੀ.ਐਮ.ਓ, 283 ਮੈਡੀਕਲ ਅਫਸਰ (ਸਪੈਸ਼ਲਿਸਟ), 2000 ਸਟਾਫ ਨਰਸਾਂ ਦੇ ਨਾਲ ਪਟਿਆਲਾ ਤੇ ਅੰਮ੍ਰਿਤਸਰ ਦੇ ਮੈਡੀਕਲ ਕਾਲਜਾਂ ਵਿਚ 330 ਫੈਕਲਟੀ ਪੋਸਟਾਂ ਭਰਨ ਦੀ ਵੀ ਹਰੀ ਝੰਡੀ ਦਿੱਤੀ ਹੈ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਕਿ ਸੂਬੇ ਵੱਲੋਂ ਤੀਜੀ ਲਹਿਰ ਦਾ ਮੁਕਾਬਲਾ ਕਰਨ ਲਈ ਦੂਜੀ ਲਹਿਰ ਦੇ ਮਰੀਜ਼ਾਂ ਨਾਲੋਂ 25 ਫੀਸਦੀ ਹੋਰ ਵੱਧ ਮਰੀਜ਼ਾਂ ਦੇ ਹਿਸਾਬ ਨਾਲ ਤਿਆਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲੀ ਸੂਰਤ ਵਿਚ ਜੀ.ਆਈ.ਐਸ. ਆਧਾਰਿਤ ਨਿਗਰਾਨੀ ਅਤੇ ਰੋਕਥਾਮ ਤਰੀਕਿਆਂ ਦੀ ਵਰਤੋਂ ਸਥਾਨਕ ਬੰਦਿਸ਼ਾਂ ਲਈ ਆਟੋਟ੍ਰਿਗਰ ਵਿਧੀ ਰਾਹੀਂ ਕੀਤੀ ਜਾਵੇਗੀ।


ਮੁੱਖ ਸਕੱਤਰ ਵਿਨੀ ਮਹਾਜਨ ਨੇ ਇਸ ਮੌਕੇ ਦੱਸਿਆ ਕਿ ਫੰਡ ਅਤੇ ਆਕਸੀਜਨ ਪਲਾਂਟ ਲੋੜੀਂਦੇ ਤੌਰ 'ਤੇ ਮੁਹੱਈਆ ਕਰਵਾਏ ਗਏ ਹਨ ਤਾਂ ਜੋ ਕੋਈ ਵੀ ਘਾਟ ਨਾ ਆਉਣ ਨੂੰ ਯਕੀਨੀ ਬਣਾਇਆ ਜਾਵੇ। ਸਿਹਤ ਸਕੱਤਰ ਹੁਸਨ ਲਾਲ ਨੇ ਹਾਲੇ ਵੀ ਲੁਧਿਆਣਾ, ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ ਤੇ ਰੂਪਨਗਰ ਜ਼ਿਲ੍ਹਿਆਂ ਵਿਚ ਚੌਕਸੀ ਵਰਤਣ ਦੀ ਲੋੜ ਦੀ ਗੱਲ ਰੱਖੀ। ਮੁੱਖ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਵਾਇਰਸ ਦੇ ਬਦਲਦੇ ਸਰੂਪਾਂ ਦੀ ਜਾਂਚ ਵਿਚ ਵਾਧਾ ਕਰਨ ਦੇ ਹੁਕਮ ਦਿੱਤੇ ਤਾਂ ਜੋ ਨਵੇਂ ਪ੍ਰਕਾਰ ਦੇ ਕੇਸਾਂ ਦੀ ਪਛਾਣ ਕੀਤੀ ਜਾ ਸਕੇ।

### ਹੁਣ ਸਿਆਸੀ ਧਿਰਾਂ ਉਤੇ ਵਧੇਗੀ ਸਖਤੀ

ਮੁੱਖ ਮੰਤਰੀ ਨੇ ਕਿਹਾ ਕਿ ਉਮੀਦ ਹੈ ਕਿ ਰਾਜਸੀ ਪਾਰਟੀਆਂ ਅਤੇ ਆਗੂਆਂ ਵੱਲੋਂ ਇਸ ਮਾਮਲੇ 'ਚ ਸਹਿਯੋਗ ਕੀਤਾ ਜਾਵੇਗਾ ਪਰ ਉਨ੍ਹਾਂ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਨਿਰਦੇਸ਼ ਵੀ ਦਿੱਤੇ ਕਿ ਕੋਵਿਡ ਪ੍ਰੋਟੋਕੋਲ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਜਾਰੀ ਕੀਤੇ ਜਾਣ। ਡੀ.ਜੀ.ਪੀ. ਨੂੰ ਕੋਵਿਡ ਨਿਯਮਾਂ ਦੀ ਉਲੰਘਣਾ ਕਰ ਕੇ ਰੈਲੀਆਂ ਤੇ ਰੋਸ ਮੀਟਿੰਗਾਂ ਕਰਨ ਵਾਲੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਚਲਾਨ ਕਰਨ ਲਈ ਕਿਹਾ ਗਿਆ ਹੈ।ਮੁੱਖ ਮੰਤਰੀ ਨੇ ਪੰਜਾਬ ਵਿਚ ਕੋਵੀਸ਼ੀਲਡ ਮੁੱਕਣ ਅਤੇ ਕੋਵੈਕਸੀਨ ਦੇ ਸਿਰਫ ਇਕ ਦਿਨ ਦੇ ਬਚੇ ਸਟਾਕ ਦੀ ਸਥਿਤੀ ਨੂੰ ਵੇਖਦਿਆਂ ਮੁੜ ਕੇਂਦਰ ਵੱਲੋਂ ਵੈਕਸੀਨ ਦੀ ਸਪਲਾਈ ਵਧਾਏ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਵਿਚ ਪਹਿਲਾਂ ਹੀ 83 ਲੱਖ ਦੇ ਕਰੀਬ ਯੋਗ ਵਿਅਕਤੀਆਂ (ਕੁੱਲ ਅਬਾਦੀ ਦਾ 27 ਫੀਸਦੀ ਦੇ ਕਰੀਬ) ਨੂੰ ਵੈਕਸੀਨ ਲਗਾਈ ਜਾ ਚੁੱਕੀ ਹੈ।

# ਹਰਭਜਨ ਸਿੰਘ ਤੇ ਗੀਤਾ ਬਸਰਾ ਦੇ ਘਰ ਪੁੱਤਰ ਨੇ ਜਨਮ ਲਿਆ

**ਮੁੰਬਈ:** ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਗੇਂਦਬਾਜ਼ ਹਰਭਜਨ ਸਿੰਘ ਅਤੇ ਅਦਾਕਾਰਾ ਗੀਤਾ ਬਸਰਾ ਦੇ ਘਰ ਪੁੱਤਰ ਨੇ ਜਨਮ ਲਿਆ ਹੈ। 41 ਸਾਲਾ ਸਾਬਕਾ ਖਿਡਾਰੀ ਨੇ ਇਹ ਜਾਣਕਾਰੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ। ਇਸ ਤੋਂ ਪਹਿਲਾਂ ਇਸ ਜੋੜੇ ਦੇ ਘਰ ਇਕ ਧੀ ਹੈ।



ਜਲੰਧਰ ਵਾਸੀ ਕ੍ਰਿਕਟਰ ਹਰਭਜਨ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ, 'ਘਰ ਪੁੱਤਰ ਆਉਣ 'ਤੇ ਬਹੁਤ ਖੁਸ਼ ਹਾਂ ਅਤੇ ਜੱਚਾ-ਬੱਚਾ ਤੰਦਰੁਸਤ ਹਨ।'

ਹਰਭਜਨ ਸਿੰਘ ਨੇ ਪਿਆਰ ਤੇ ਸਹਿਯੋਗ ਦੇਣ ਬਦਲੇ ਆਪਣੇ ਚਾਹੁਣ ਵਾਲਿਆਂ ਦਾ ਸ਼ੁਕਰੀਆ ਅਦਾ ਕੀਤਾ ਹੈ।

# ਆਜ਼ਾਦੀ ਦਿਹਾੜੇ ਦੇ ਜਸ਼ਨਾਂ 'ਚ ਸਿੱਖ ਭਾਈਚਾਰੇ ਵਲੋਂ ਸ਼ਮੂਲੀਅਤ

**ਡੇਅਟਨ (ਓਹਾਇਓ):** ਅਮਰੀਕਾ ਦੇ ਇਤਿਹਾਸ ਵਿਚ 4 ਜੁਲਾਈ ਦਾ ਦਿਨ ਬਹੁਤ ਹੀ ਮਹੱਤਵਪੂਰਨ ਹੈ। ਇਸ ਦਿਨ 1776 ਵਿਚ









ਅਮਰੀਕਾ ਨੂੰ ਬਰਤਾਨੀਆ ਤੋਂ ਆਜ਼ਾਦੀ ਹਾਸਲ ਹੋਈ ਸੀ ਅਤੇ ਇਸ ਦਿਨ ਨੂੰ ਹਰ ਸਾਲ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਪਰੇਡ ਵੀ ਕੱਢੀ ਜਾਂਦੀ ਹੈ, ਜਿਸ ਵਿਚ ਵੱਖ ਵੱਖ ਵਿਭਾਗ, ਵਪਾਰਕ ਅਤੇ ਹੋਰ ਅਦਾਰਿਆਂ ਦੀਆਂ ਝਾਕੀਆਂ ਸਮੇਤ ਵਿੱਦਿਅਕ ਅਦਾਰਿਆਂ ਦੇ ਬੈਂਡ ਭਾਗ ਲੈਂਦੇ ਹਨ।

ਬੀਤੇ ਦਿਨੀਂ ਇਸ ਮੌਕੇ ਓਹਾਇਓ ਸੂਬੇ ਵਿਚ ਹਵਾਈ ਜਹਾਜ਼ ਦੀ ਜਨਮ ਭੂਮੀ ਵਜੋਂ ਜਾਣੇ ਜਾਂਦੇ ਪ੍ਰਸਿੱਧ ਸ਼ਹਿਰ ਡੇਅਟਨ ਦੇ ਸਿੱਖ ਭਾਈਚਾਰੇ ਨੇ ਵੀ ਅਮਰੀਕਾ ਦੇ 245ਵੇਂ ਆਜ਼ਾਦੀ ਦਿਹਾੜੇ ਦੇ ਜਸ਼ਨਾਂ ਵਿਚ ਆਪਣਾ ਯੋਗਦਾਨ ਪਾਇਆ। ਬੀਵਰਕਰੀਕ ਸ਼ਹਿਰ ਦੀ ਪਰੇਡ ਵਿਚ ਸਿੱਖ ਭਾਈਚਾਰੇ ਨੇ ਵੱਡੀ ਗਿਣਤੀ ਵਿਚ ਬਹੁਤ ਹੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਪਰੇਡ ਦੀ ਸ਼ੁਰੂਆਤ ਬੀਵਰਕਰੀਕ ਪੁਲਿਸ ਅਤੇ ਸਮੁੰਦਰੀ ਫੌਜ ਵਲੋਂ ਕੀਤੀ ਗਈ। ਅਮਰੀਕੀ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈ ਗਈ ਸਿੱਖ ਝਾਕੀ ਦਾ ਸੜਕਾਂ ਕੰਢੇ ਬੈਠੇ ਪਰਿਵਾਰਾਂ ਸਮੇਤ ਹਜ਼ਾਰਾਂ ਦਰਸ਼ਕਾਂ ਨੇ ਭਰਵਾਂ ਸੁਆਗਤ ਕੀਤਾ। ਫਲੋਟ ਉਪਰ ਲਾਏ ਬੈਨਰਾਂ ਰਾਹੀਂ ਸਿੱਖਾਂ ਦੀ ਤਰਫੋਂ ਸਭ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਗਈ ਸੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕ 'ਹੈਪੀ ਫੋਰਥ ਜੁਲਾਈ, ਹੈਪੀ ਇੰਡੀਪੈਨਡੈਂਸ ਡੇਅ' ਕਹਿ ਕੇ ਸੁਆਗਤ ਕਰ ਰਹੇ ਸਨ। ਸਿੱਖਾਂ ਦੀ ਨਿਵੇਕਲੀ ਪਛਾਣ ਵੀ ਪਰੇਡ ਵਿਚ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ ਅਤੇ ਕਈਆਂ ਨੇ ਪਛਾਣ ਬਾਰੇ ਜਾਣਕਾਰੀ ਲੈਣ ਵਿਚ ਦਿਲਚਸਪੀ ਦਿਖਾਈ। ਸਿੱਖਾਂ ਬਾਰੇ ਜਾਣਕਾਰੀ ਵਧਾਉਣ ਲਈ ਲਿਟਰੇਚਰ ਵੀ ਵੰਡਿਆ ਗਿਆ।

ਸਪਰਿੰਗਫੀਲਡ ਦੀ ਜੋੜੀ ਸ. ਅਵਤਾਰ ਸਿੰਘ ਤੇ ਬੀਬੀ ਸਰਬਜੀਤ ਕੌਰ ਵਲੋਂ ਉਚੇਚੇ ਤੌਰ 'ਤੇ ਆਜ਼ਾਦੀ ਦਿਵਸ ਨਾਲ ਸਬੰਧਿਤ ਤਿਆਰ ਕੀਤੀ ਗਈ ਝਾਕੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਉਨ੍ਹਾਂ ਦਾ ਕਹਿਣਾ ਹੈ ਕਿ ਸਭ ਸ਼ਹਿਰਾਂ ਵਿਚ ਵੱਖ-ਵੱਖ ਮੌਕਿਆਂ 'ਤੇ ਨਿਕਲਦੀਆਂ ਪਰੇਡਾਂ ਵਿਚ ਸਿੱਖ ਸੰਸਥਾਵਾਂ ਨੂੰ ਵੱਖ-ਵੱਖ ਦਿਵਸਾਂ ਨਾਲ ਸਬੰਧਿਤ ਫਲੋਟ ਤਿਆਰ ਕਰਕੇ ਇਨ੍ਹਾਂ ਪਰੇਡਾਂ ਵਿਚ ਸ਼ਮੂਲੀਅਤ ਕਰਨੀ ਚਾਹੀਦੀ ਹੈ। ਇਸ ਨਾਲ ਅਮਰੀਕੀ ਲੋਕਾਂ ਨੂੰ ਸਿੱਖਾਂ ਵਲੋਂ ਅਮਰੀਕਾ ਵਿਚ ਰਹਿ ਕੇ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਾਰੇ ਵੀ ਜਾਣੂ ਕਰਾਇਆ ਜਾ ਸਕਦਾ ਹੈ। ਅਮਰੀਕੀ ਝੰਡਿਆਂ ਦਾ ਇੱਥੇ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਹਰ ਅਦਾਰੇ ਅੰਦਰ ਭਾਵੇਂ ਕਿ ਉਹ ਧਾਰਮਿਕ ਸਥਾਨ ਹੀ ਹੋਏ, ਅਮਰੀਕੀ ਝੰਡਾ ਝੂਲਦਾ ਨਜ਼ਰ ਆਵੇਗਾ। ਪਰੇਡ ਸਮੇਂ ਵੀ ਹਰ ਵਿਅਕਤੀ ਦੇ ਹੱਥ ਵਿਚ ਝੰਡਾ ਲਹਿਰਾ ਰਿਹਾ ਸੀ ਅਤੇ ਇੱਕ ਕਿਸਮ ਦਾ ਮੇਲੇ ਵਰਗਾ ਮਾਹੌਲ ਸੀ। ਭਾਈ ਜਸਬੀਰ ਸਿੰਘ ਤੇ ਭਾਈ ਹੇਮ ਸਿੰਘ




ਆਪਣੀਆਂ ਕਾਰਾਂ ਉਤੇ ਅਮਰੀਕਨ ਝੰਡੇ ਲਾ ਕੇ ਆਏ ਸਨ।

ਇਸ ਮੌਕੇ ਪਵਿੱਤਰ ਸਿੰਘ ਸਿੱਧੂ, ਸਮੀਪ ਸਿੰਘ, ਸੁਰਜੀਤ ਸਿੰਘ (ਅਮਰ ਇੰਡੀਆ), ਤਲਵੰਡੀ ਸਿੰਘ ਬਾਸੀ, ਬਲਕਾਰ ਸਿੰਘ, ਪਰਮਿੰਦਰ ਸਿੰਘ ਬਾਸੀ, ਲਖਵਿੰਦਰ ਸਿੰਘ, ਜਸਪਾਲ ਸਿੰਘ ਗਿੱਲ, ਅਮਨ ਸਿੰਘ ਤੇ ਪ੍ਰਿਤਪਾਲ ਸਿੰਘ ਚਿਤਰਿਥ ਸਮੇਤ ਭਾਈਚਾਰੇ ਦੇ ਹੋਰ ਸੱਜਣ ਵੀ ਉਚੇਚਾ ਪਹੁੰਚੇ ਹੋਏ ਸਨ। ਬੱਚਿਆਂ ਤੇ ਬੀਬੀਆਂ ਨੇ ਵੀ ਪੂਰੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਇਸ ਮੌਕੇ ਏ. ਐਂਡ ਏ. ਫੋਟੋਗ੍ਰਾਫੀ ਤੋਂ ਸੁਨੀਲ ਮੱਲੀ ਨੇ ਇਨ੍ਹਾਂ ਯਾਦਗਾਰੀ ਪਲਾਂ ਨੂੰ ਕੈਮਰਾਬੰਦ ਕਰਨ ਦੀ ਸੇਵਾ ਨਿਭਾਈ।

# ਸਿੱਖ ਸੁਸਾਇਟੀ ਡੇਅਟਨ ਨੇ ਅਮਰੀਕਾ ਦੇ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਇਆ

**ਡੇਅਟਨ, ਓਹਾਇਓ:** ਅਮਰੀਕਾ ਦਾ ਆਜ਼ਾਦੀ ਦਿਵਸ ਲੰਘੀ 4 ਜੁਲਾਈ ਨੂੰ ਦੇਸ਼ ਵਿਚ ਅਮਰੀਕਨ ਝੰਡੇ ਲਹਿਰਾ ਕੇ ਤੇ ਪਰੇਡਾਂ ਕੱਢ ਕੇ ਬਹੁਤ ਹੀ ਜੋਸ਼ ਨਾਲ ਮਨਾਇਆ ਗਿਆ। ਡੇਅਟਨ ਦੇ ਸਿੱਖ ਭਾਈਚਾਰੇ ਵੱਲੋਂ ਵੀ ਗੁਰਦੁਆਰਾ ਸਿੱਖ ਸੁਸਾਇਟੀ ਡੇਅਟਨ ਦੇ ਮੈਦਾਨ ਵਿਚ ਅਮਰੀਕਾ ਦਾ ਝੰਡਾ ਲਹਿਰਾ ਕੇ ਸਲਾਮੀ ਦਿੱਤੀ ਗਈ।

ਇਸ ਮੌਕੇ ਡਾ. ਦਰਸ਼ਨ ਸਿੰਘ ਸਹਿਬੀ ਵੱਲੋਂ ਸ਼ਹਿਰ ਦੇ ਪਤਵੰਤੇ ਸੱਜਣਾਂ ਅਤੇ ਲੀਡਰ ਸਾਹਿਬਾਨ ਨੂੰ ਸੱਦਾ ਪੱਤਰ ਵੀ ਦਿੱਤਾ ਗਿਆ ਸੀ, ਜਿਨ੍ਹਾਂ ਵਿਚ ਗਰੀਨ ਕਾਊਂਟੀ ਦੇ ਕਮਿਸ਼ਨਰ ਤੇ ਸਟੇਟ ਦੇ ਸਾਬਕਾ ਕਾਂਗਰਸਮੈਨ ਰਿੱਕ ਪਰੈਲਸ, ਇਸਾਈ








ਭਾਈਚਾਰੇ ਤੋਂ ਡਾ. ਪ੍ਰਮੋਦ, ਹਿੰਦੂ ਭਾਈਚਾਰੇ ਤੋਂ ਰਾਕੇਸ਼ ਅਰੋੜਾ, ਅਹਿਮਦੀਆ ਮੁਸਲਿਮ ਕਮਿਊਨਿਟੀ ਦੇ ਮਿਰਜ਼ਾ ਅਹਿਮਦ ਤੇ ਅੱਤਾਹ ਅਤੇ ਡੇਅਟਨ ਫੋਰਮ ਤੋਂ ਸ਼ਾਰਲੀਨ ਬੇਅਲਸ ਸ਼ਾਮਿਲ ਹੋਏ।

ਇਸ ਮੌਕੇ ਕਮਿਸ਼ਨਰ ਪਰੈਲਸ ਨੇ ਕਿਹਾ ਕਿ ਸਿੱਖਾਂ ਨੇ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਵਿਚ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ, ਇਸ ਲਈ ਸਾਨੂੰ ਸਭਨਾਂ ਨੂੰ ਇਨ੍ਹਾਂ 'ਤੇ ਮਾਣ ਹੈ। ਸਿੱਖਾਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਰਾਜਨੀਤੀ, ਫੌਜ ਅਤੇ ਹੋਰਨਾਂ ਖੇਤਰਾਂ ਵਿਚ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਖੁਸ਼ੀ ਜਾਹਰ ਕਰਦਿਆਂ ਕਿਹਾ ਕਿ ਸਿੱਖ ਹੁਣ ਦਸਤਾਰ ਅਤੇ ਦਾੜ੍ਹੀ ਰੱਖ ਕੇ ਅਮਰੀਕੀ ਫੌਜ ਵਿਚ ਸ਼ਾਮਲ ਹੋ ਸਕਦੇ ਹਨ।

ਹੋਰਨਾਂ ਪਤਵੰਤੇ ਲੀਡਰਾਂ ਨੇ ਵੀ ਸਿੱਖ ਭਾਈਚਾਰੇ ਵੱਲੋਂ ਹਰ ਵਰਗ ਦੇ ਨੁਮਾਇੰਦਿਆਂ ਨੂੰ ਆਪਣੇ ਵਿਚਕਾਰ ਬੁਲਾ ਕੇ ਸਨਮਾਨ ਦੇਣ ਲਈ ਸਿੱਖ ਸੰਗਤ ਦਾ ਧੰਨਵਾਦ ਕੀਤਾ। ਸਿੱਖ ਸੁਸਾਇਟੀ ਡੇਅਟਨ ਤੋਂ ਪਿਆਰਾ ਸਿੰਘ, ਅਵਤਾਰ ਸਿੰਘ ਸਪਰਿੰਗਫੀਲਡ, ਪਰਮਿੰਦਰ ਸਿੰਘ ਬਾਸੀ ਅਤੇ ਲਖਵਿੰਦਰ ਸਿੰਘ ਮੱਟੂ ਨੇ ਆਏ ਹੋਏ ਮਹਿਮਾਨਾਂ ਤੇ ਸੰਗਤ ਦਾ ਧੰਨਵਾਦ ਕੀਤਾ।

ਸਿੱਖ ਸੁਸਾਇਟੀ ਡੇਅਟਨ ਵਲੋਂ ਗੁਰਦੁਆਰਾ ਸਾਹਿਬ ਦੇ ਨਾਲ ਸਥਾਪਿਤ ਕੀਤੀ ਗਈ ਨਵੀਂ ਸੇਵਾ ਕਲਿਨਿਕ ਦਾ ਵੀ ਕਮਿਸ਼ਨਰ ਪਰੈਲਸ ਨੇ ਉਦਘਾਟਨ ਕੀਤਾ। ਆਏ ਮਹਿਮਾਨਾਂ ਨੇ ਗੁਰਦੁਆਰਾ ਸਾਹਿਬ ਵਿਖੇ ਲੰਗਰ ਵੀ ਛਕਿਆ। ਆਜ਼ਾਦੀ ਦਿਹਾੜੇ 'ਤੇ ਸ਼ਾਮ ਨੂੰ ਸਿੱਖ ਭਾਈਚਾਰੇ ਨੇ ਡੇਅਟਨ ਸ਼ਹਿਰ ਵਿਚ ਕੱਢੀ ਗਈ ਆਜ਼ਾਦੀ ਦਿਵਸ ਦੀ ਪਰੇਡ ਵਿਚ ਵੀ ਸ਼ਮੂਲੀਅਤ ਕੀਤੀ।

# ਪੰਜਾਬ ਵਿਚ ਡੇਰਿਆਂ ਦੀ ਸਿਆਸਤ ਅਤੇ ਲੀਡਰ

**ਪੰਜਾਬ ਵਿਚ ਅਗਲੇ ਸਾਲ ਫਰਵਰੀ-ਮਾਰਚ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਵੱਖ-ਵੱਖ ਸਿਆਸੀ ਧਿਰਾਂ ਨੇ ਪੂਰੀ ਸਰਗਰਮੀ ਫੜੀ ਹੋਈ ਹੈ। ਲੋਕਾਂ ਨਾਲ ਲੋਕ-ਲੁਭਾਊ ਵਾਅਦੇ ਕੀਤੇ ਜਾ ਰਹੇ ਹਨ। ਚੋਣਾਂ ਵਿਚ ਵੱਖ-ਵੱਖ ਸੰਪਰਦਾਵਾਂ ਨਾਲ ਜੁੜੇ ਡੇਰੇ ਅਤੇ ਇਨ੍ਹਾਂ ਦੇ ਸ਼ਰਧਾਲੂ ਅਹਿਮ ਭੂਮਿਕਾ ਨਿਭਾਉਂਦੇ ਹਨ। ਅੰਮ੍ਰਿਤਸਰ ਦੇ ਖਾਲਜਾ ਕਾਲਜ ਦੇ ਸਾਬਕਾ ਪ੍ਰੋਫੈਸਰ ਜਗਰੂਪ ਸਿੰਘ ਸੇਖੋਂ ਨੇ ਆਪਣੇ ਇਸ ਲੇਖ ਵਿਚ ਪੰਜਾਬ ਅੰਦਰ ਡੇਰਾ ਸਿਆਸਤ ਬਾਰੇ ਟਿੱਪਣੀਆਂ ਕੀਤੀਆਂ ਹਨ।**




**ਜਗਰੂਪ ਸਿੰਘ ਸੇਖੋਂ**
ਫੋਨ: +91-94170-75563

ਪੰਜਾਬ ਵਿਚ ਡੇਰੇ ਤੇ ਧਾਰਮਿਕ ਸਥਾਨ ਸੰਸਥਾਵਾਂ ਦੇ ਤੌਰ 'ਤੇ ਸਿਆਸੀ ਪ੍ਰਕਿਰਿਆ ਦਾ ਅਟੁੱਟ ਅੰਗ ਬਣ ਗਏ ਹਨ। ਇਨ੍ਹਾਂ ਪਾਸ ਸਿਆਸੀ ਨਿਜ਼ਾਮ ਨੂੰ ਪ੍ਰਭਾਵਿਤ ਕਰਨ ਦੀ ਅਸੀਮ ਸ਼ਕਤੀ ਹੈ। ਇਹੀ ਕਾਰਨ ਹੈ ਕਿ ਇਹ ਸੰਸਥਾਵਾਂ ਸਿਆਸੀ ਲੀਡਰਾਂ ਅਤੇ ਸਿਆਸੀ ਪਾਰਟੀਆਂ ਲਈ ਸਦਾ ਤਰਜੀਹ ਦਾ ਕੇਂਦਰ ਰਹੀਆਂ ਹਨ। ਪੰਜਾਬ ਵਿਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਚੋਣਾਂ ਵਿਚ ਬਹੁਤ ਸਾਰੇ ਮੁੱਦਿਆਂ ਤੋਂ ਇਲਾਵਾ ਧਾਰਮਿਕ ਲੀਡਰਾਂ ਅਤੇ ਡੇਰਿਆਂ ਦਾ ਵੀ ਵੱਡਾ ਪ੍ਰਭਾਵ ਰਹਿੰਦਾ ਹੈ। ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਦੇ ਲੀਡਰਾਂ ਤੇ ਚੋਣਾਂ ਲੜਨ ਵਾਲੇ ਉਮੀਦਵਾਰਾਂ ਦੀ ਇਨ੍ਹਾਂ ਡੇਰਿਆ ਵਿਚ ਹਾਜ਼ਰੀ ਦੀ ਲਗਾਤਾਰਤਾ ਵਧ ਜਾਂਦੀ ਹੈ। ਇਸ ਦਾ ਮੁੱਖ ਮਕਸਦ ਇਨ੍ਹਾਂ ਡੇਰਿਆਂ ਦੇ ਮੁਖੀਆਂ ਰਾਹੀਂ ਉਨ੍ਹਾਂ ਦੇ ਪੈਰੋਕਾਰਾਂ ਦੀਆਂ ਵੱਧ ਤੋਂ ਵੱਧ ਵੋਟਾਂ ਪ੍ਰਾਪਤ ਕਰਨਾ ਹੁੰਦਾ ਹੈ।

ਇਕ ਅਧਿਐਨ ਮੁਤਾਬਿਕ ਪੰਜਾਬ ਵਿਚ ਧਾਰਮਿਕ ਸਥਾਨਾਂ ਜਿਨ੍ਹਾਂ ਵਿਚ ਛੋਟੇ ਤੇ ਵੱਡੇ ਡੇਰੇ ਵੀ ਆਉਂਦੇ ਹਨ, ਦੀ ਗਿਣਤੀ ਕੁੱਲ ਵਿੱਦਿਅਕ ਸੰਸਥਾਵਾਂ ਦੀ ਗਿਣਤੀ ਤੋਂ ਕਈ ਗੁਣਾਂ ਜ਼ਿਆਦਾ ਹੈ। ਇਸ ਗੱਲ ਦਾ ਅੰਦਾਜ਼ਾ ਮੋਟੇ ਤੌਰ 'ਤੇ ਕਿਸੇ ਵੀ ਇਕ ਪਿੰਡ ਤੋਂ ਲਗਾਇਆ ਜਾ ਸਕਦਾ ਹੈ।

ਇਹ ਡੇਰੇ ਸੰਸਥਾ ਦੇ ਤੌਰ 'ਤੇ ਆਪਣੀ ਪੈਰੋਕਾਰਾਂ ਦੀ ਗਿਣਤੀ ਅਤੇ ਤਾਕਤ ਦੇ ਬਲ ਨਾਲ ਪਿੰਡ ਦੀ ਸਿਆਸਤ ਤੋਂ ਲੈ ਕੇ ਰਾਜ ਤਕ ਦੀ ਸਿਆਸਤ ਨੂੰ ਪ੍ਰਭਾਵ ਕਰਨ ਦੀ ਸ਼ਕਤੀ ਰੱਖਦੇ ਹਨ। ਪਿੰਡ ਦੀ ਸਿਆਸਤ ਤੋਂ ਭਾਵ ਪਿੰਡ ਵਿਚ ਹੋਣ ਵਾਲੀ ਕੋਈ ਵੀ ਸਿਆਸੀ ਪਕ੍ਰਿਰਿਆ ਜਿਵੇਂ ਪੰਚਾਇਤ ਦੀ ਚੋਣ, ਪਰਿਵਾਰਾਂ ਤੇ ਧੜਿਆਂ ਦੇ ਆਪਸੀ ਝਗੜੇ ਦਾ ਨਿਬੇੜਾ ਆਦਿ ਵਿਚ ਇਨ੍ਹਾਂ ਦੀ ਦਖ਼ਲਅੰਦਾਜ਼ੀ ਦੇਖਣ ਨੂੰ ਮਿਲਦੀ ਹੈ। ਚੋਣਾਂ ਦੇ ਦਿਨਾਂ ਵਿਚ ਆਮ ਤੌਰ 'ਤੇ ਇਹ ਡੇਰਿਆਂ ਦੇ ਮੁਖੀ ਕਾਫ਼ੀ ਸਰਗਰਮ ਰਹਿੰਦੇ ਹਨ।

ਇਹ ਵਰਾਤਾਰਾ ਖ਼ਾਸ ਕਰਕੇ 21ਵੀਂ ਸਦੀ ਦੇ ਸ਼ੁਰੂ ਵਿਚ ਜ਼ਿਆਦਾ ਦਿਖਾਈ ਦਿੰਦਾ ਹੈ। ਸਿਆਸੀ ਪਾਰਟੀਆਂ ਦੇ ਮੁਖੀ ਤੇ ਹੋਰ ਲੀਡਰ ਬਹੁਤ ਹੀ ਬੇਬਾਕ ਤਰੀਕੇ ਨਾਲ ਇਹ ਕਹਿੰਦੇ ਸੁਣਾਈ ਦਿੰਦੇ ਹਨ ਕਿ ਡੇਰਿਆਂ ਕੋਲ ਤਾਂ ਜਾਣਾ ਹੀ ਪੈਂਦਾ ਹੈ, ਇਨ੍ਹਾਂ ਤੋਂ ਬਿਨਾ ਚੋਣ ਜਿੱਤਣੀ ਬਹੁਤ ਮੁਸ਼ਕਿਲ ਹੈ। ਇਹੀ ਕਾਰਨ ਹਨ ਕਿ ਇਹ ਡੇਰੇ ਨਾ ਕੇਵਲ ਸਿਆਸੀ ਤੌਰ 'ਤੇ ਬਹੁਤ ਤਾਕਤਵਰ ਬਣ ਗਏ ਹਨ ਸਗੋਂ ਇਨ੍ਹਾਂ ਨੇ ਰਾਜ ਵਿਚ ਲੋਕਤੰਤਰ ਨੂੰ ਨਵੀਂ ਤਰ੍ਹਾਂ ਪਰਿਭਾਸ਼ਤ ਵੀ ਕੀਤਾ ਹੈ। ਕੁਝ ਕੁ ਡੇਰੇ ਤਾਂ 'ਰਾਜ ਵਿਚ ਰਾਜ' ਦੇ ਬਰਾਬਰ ਹਨ ਤੇ ਉਨ੍ਹਾਂ ਤੋਂ ਬਿਨਾ ਉਨ੍ਹਾਂ ਦੇ ਇਲਾਕੇ ਵਿਚ ਪੱਤਾ ਨਹੀਂ ਹਿੱਲ ਸਕਦਾ। ਅਸੀ ਅਜਿਹੀਆਂ ਦਰਜਨਾਂ ਉਦਾਹਰਨਾਂ ਪੇਸ਼ ਕਰ ਸਕਦੇ ਹਾਂ ਜਿਹੜੀਆਂ ਅਸੀਂ ਆਪਣੇ 'ਡੇਰਿਆਂ ਦੇ ਸਮਾਜਿਕ-ਸਿਆਸੀ ਸੰਸਥਾਵਾਂ' ਦੇ ਤੌਰ 'ਤੇ ਖੋਜ ਦੇ ਸਮੇਂ ਵਿਚ ਮਹਿਸੂਸ ਕੀਤੀਆਂ ਹਨ।

ਛੋਟੇ ਡੇਰਿਆਂ ਦੇ ਮੁਖੀਆਂ ਦਾ ਸਬੰਧ ਰਾਜ ਪ੍ਰਬੰਧ ਅਤੇ ਪ੍ਰਸ਼ਾਸਨ ਦੇ ਮੁਖੀਆਂ ਨਾਲ ਹੁੰਦਾ ਹੈ। ਇਕ ਵਾਰ ਇਕ ਛੋਟੇ ਡੇਰੇ ਦੇ ਮੁਖੀ ਨਾਲ ਲੰਮੀ ਗੱਲਬਾਤ ਕਰਨ ਤੋਂ ਬਾਅਦ ਅਗਲੇ ਦਿਨ ਮੈਨੂੰ ਅੰਮ੍ਰਿਤਸਰ ਵਿਚ ਬਹੁਤ ਵੱਡੇ ਸਰਕਾਰੀ ਅਧਿਕਾਰੀ ਨੇ ਮਿਲਣ ਲਈ ਕਿਹਾ ਗਿਆ। ਮੇਰੀ ਹੈਰਾਨੀ ਦੀ ਕੋਈ ਹੱਦ ਨਹੀਂ, ਜਦੋਂ ਉਸ ਨੇ ਇਹ ਕਿਹਾ ਕਿ ਕੱਲ੍ਹ ਤੁਸੀਂ ਫਲਾਂ ਡੇਰੇ ਵਿਚ ਗਏ ਸੀ। ਦੱਸਣਾ ਬਣਦਾ ਹੈ ਕਿ ਇਸ ਬਾਬੇ ਨੂੰ ਪਿੰਡ ਦੇ ਲੋਕਾਂ ਨੇ ਇਸ ਦੀਆਂ ਬਹੁਤ ਸਾਰੀਆਂ ਮਾੜੀਆਂ ਹਰਕਤਾਂ ਕਾਰਨ ਡੇਰੇ ਵਿਚੋਂ ਕੱਢ ਦਿੱਤਾ ਸੀ ਪਰ ਇਸ ਨੇ ਡੇਰੇ ਨਾਲ ਲੱਗਦੀ ਦਸ ਬਾਰਾਂ ਏਕੜ ਜ਼ਮੀਨ ਆਪਣੇ ਨਾਮ 'ਤੇ ਖਰੀਦ ਕੇ ਨਵਾਂ ਡੇਰਾ ਪਾ ਲਿਆ ਸੀ।

ਬਹੁਤ ਸਾਰੀਆਂ ਹੋਰ ਗੱਲਾਂ ਨਾਲ ਇਸ ਅਫ਼ਸਰ ਨੇ ਕੁਝ ਹੋਰ ਡੇਰਿਆਂ ਦੇ ਮੁਖੀਆਂ ਵੱਲੋਂ ਅਤਿਵਾਦ ਵਿਚ ਸਰਕਾਰ ਲਈ ਨਿਭਾਏ ਰੋਲ ਬਾਰੇ ਹੋਰ ਬਹੁਤ ਸਾਰੀਆਂ ਗੱਲਾਂ ਵੀ ਕੀਤੀਆਂ। ਉਸ ਦੀ ਇਸ ਗੱਲ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਜਦੋਂ ਉਸ ਨੇ ਇਹ ਕਿਹਾ ਕਿ ਅਤਿਵਾਦ ਵਿਚ ਨਾ ਪੁਲੀਸ ਨੇ, ਨਾ ਹੀ ਅਤਿਵਾਦੀਆਂ ਨੇ ਕਿਸੇ ਡੇਰੇ ਦੇ ਮੁਖੀ ਦਾ ਕਤਲ ਕੀਤਾ। ਇਸ ਕਥਨ ਤੋਂ ਤੁਸੀਂ ਇਨ੍ਹਾਂ ਡੇਰਿਆਂ ਜਾਂ ਇਨ੍ਹਾਂ ਦੇ ਮੁਖੀਆਂ ਦੀ ਪ੍ਰਸ਼ਾਸਨ 'ਤੇ ਪਕੜ ਅਤੇ ਬਹੁਤ ਸਾਰੇ ਕੇਸਾਂ ਵਿਚ ਅਤਿਵਾਦੀਆਂ ਨੂੰ ਬਚਾਉਣ ਦੇ ਨਾਲ ਨਾਲ ਬੇਕਸੂਰ ਲੋਕਾਂ ਨੂੰ ਪੁਲੀਸ ਤੋਂ ਛੁਡਾਉਣ ਦੇ ਕਿੱਸਿਆ ਬਾਰੇ ਜਾਣ ਸਕਦੇ ਹੋ।

ਪੰਜਾਬ ਵਿਚ ਤਿੰਨ ਚਾਰ ਡੇਰਿਆਂ ਦਾ ਰੋਲ ਚੋਣਾਂ ਵਿਚ ਸਭ ਤੋਂ ਵੱਧ ਦਿਲਚਸਪੀ ਪੈਦਾ ਕਰਦਾ ਹੈ। ਇਹ ਡੇਰੇ ਜਾਂ ਇਨ੍ਹਾਂ ਦੇ ਮੁਖੀ ਜਾਂ ਹੋਰ ਅਹਿਲਕਾਰ ਭਾਵੇਂ ਇਹ ਕਹਿੰਦੇ ਨਹੀਂ ਥੱਕਦੇ ਕਿ ਸਿਆਸਤ ਨਾਲ ਉਨ੍ਹਾਂ ਦਾ ਕਿਸੇ ਵੀ ਕਿਸਮ ਦਾ ਕੋਈ ਸਬੰਧ ਨਹੀਂ ਹੈ ਪਰ ਕੋਈ ਵੀ ਸਾਧਾਰਨ ਇਨਸਾਨ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦਾ ਕਿ ਕੋਈ ਵੀ ਸ਼ਖ਼ਸ ਜਾਂ ਸੰਸਥਾ ਸਿਆਸਤ ਤੋਂ ਪਰੇ ਹੈ। ਇਸ ਸਦੀ ਦੇ ਸ਼ੁਰੂ ਹੋਣ ਤੋਂ ਬਾਅਦ ਹੋਣ ਵਾਲੀਆਂ ਚੋਣਾਂ ਵਿਚ ਇਨ੍ਹਾਂ ਡੇਰਿਆਂ ਦੇ ਮੁਖੀਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਸ਼ਮੂਲੀਅਤ ਜੱਗ ਜ਼ਾਹਿਰ ਹੈ। ਇਨ੍ਹਾਂ ਵਿਚੋਂ ਕੁਝ ਡੇਰੇ ਤੋਂ ਸਿਆਸੀ ਪਾਰਟੀਆਂ ਲਈ ਵੋਟਾਂ ਦੇ ਏ.ਟੀ.ਐਮ. ਵਾਂਗ ਕੰਮ ਕਰਦੇ ਹਨ।

ਦੇਖਣ ਵਿਚ ਆਇਆ ਹੈ ਕਿ ਕਈ ਵਾਰ ਪਾਰਟੀ ਦੇ ਲੀਡਰ ਤੇ ਉਮੀਦਵਾਰ ਡੇਰਿਆਂ ਵਿਚ ਗੁਪਤ ਤਰੀਕੇ ਨਾਲ ਹਾਜ਼ਰੀ ਭਰਦੇ ਹਨ ਪਰ ਕਈ ਵਾਰੀ ਬਹੁਤੇ ਲੀਡਰ ਆਪਣੇ ਇਨ੍ਹਾਂ ਡੇਰਿਆਂ ਦੀ ਫੇਰੀ ਦੌਰਾਨ ਉੱਥੋਂ ਦੇ ਮੁਖੀ ਜਾਂ ਹੋਰ ਵੱਡੇ ਅਹਿਲਕਾਰਾਂ ਨਾਲ ਜਨਤਕ ਤੌਰ 'ਤੇ ਫੋਟੋ ਸੈਸ਼ਨ ਕਰਦੇ ਹਨ ਤਾਂ ਕਿ ਡੇਰੇ ਦੇ ਪੈਰੋਕਾਰਾਂ ਲਈ ਸਿਆਸੀ ਸੁਨੇਹਾ ਛੱਡਿਆ ਜਾਵੇ। ਇਹ ਗੱਲ ਭਾਵੇਂ ਪੱਕੀ ਹੈ ਕਿ ਸਾਰੇ ਪੈਰੋਕਾਰਾਂ ਨੂੰ ਸਿਆਸੀ ਤੌਰ 'ਤੇ ਇਨ੍ਹਾਂ ਕਾਰਨਾਮਿਆਂ ਨਾਲ ਪ੍ਰਭਾਵਿਤ ਨਹੀਂ ਕੀਤਾ ਜਾ ਸਕਦਾ, ਫਿਰ ਵੀ ਵੱਡੀ ਗਿਣਤੀ ਲੋਕ ਅਜਿਹੇ ਝਾਂਸੇ ਵਿਚ ਆ ਜਾਂਦੇ ਹਨ। ਇਸ ਦਾ ਵੱਡਾ ਕਾਰਨ ਪੰਜਾਬ ਵਿਚ ਅਨਪੜ੍ਹਤਾ, ਲਾਈਲੱਗਪੁਣਾ, ਆਪਣੇ ਆਪ 'ਤੇ ਯਕੀਨ ਦੀ ਕਮੀ, ਸਿਆਸਤ ਦੀ ਡੂੰਘੀ ਸਮਝ ਦੀ ਕਮੀ ਆਦਿ ਹੈ।

ਦੇਖਣ ਵਿਚ ਆਇਆ ਹੈ ਕਿ ਤਕਰੀਬਨ ਹਰ ਡੇਰੇ ਦਾ ਹੋਰਨਾਂ ਵਿਭਾਗਾਂ ਵਾਂਗ ਸਿਆਸੀ ਸੈੱਲ ਵੀ ਹੈ ਜਿਹੜਾ ਮੋਟੇ ਤੌਰ 'ਤੇ ਅਜਿਹੇ ਮਸਲਿਆਂ ਬਾਰੇ ਫ਼ੈਸਲਾ ਕਰਦਾ ਹੈ। ਇਹ ਵਰਤਾਰਾ ਨਾ ਸਿਰਫ਼ ਡੇਰੇ ਦੀ ਸਮਾਜਿਕ, ਸਿਆਸੀ, ਧਾਰਮਿਕ ਆਦਿ ਮਹੱਤਤਾ ਵਧਾਉਂਦਾ ਹੈ ਸਗੋਂ ਉਸ ਦੀ ਰਾਜ ਪ੍ਰਬੰਧ ਚਲਾਉਣ ਵਾਲੀ ਧਿਰ ਨਾਲ ਸੌਦੇਬਾਜ਼ੀ ਵੀ ਵਧਾਉਂਦਾ ਹੈ। ਇਸੇ ਕਰਕੇ ਕੋਈ ਵੀ ਸਰਕਾਰ ਜਾਂ ਸਿਆਸੀ ਪਾਰਟੀ ਇਨ੍ਹਾਂ ਸੰਸਥਾਵਾਂ ਬਾਰੇ ਇਨ੍ਹਾਂ ਤੋਂ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀਆਂ ਸ਼ਿਕਾਇਤਾਂ ਵੱਲ ਕਦੇ ਧਿਆਨ ਨਹੀਂ ਦਿੰਦੀ। ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਦੀਆਂ ਸੈਂਕੜੇ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ।

'ਲੋਕਨੀਤੀ' ਨਾਂ ਦੀ ਸੰਸਥਾ ਨੇ ਚੋਣਾਂ ਤੋਂ ਬਾਅਦ ਕੀਤੇ ਸਰਵੇ ਵਿਚ ਡੇਰੇ ਨਾਲ ਸਬੰਧਿਤ ਲੋਕਾਂ ਦੇ ਸਿਆਸੀ ਵਿਹਾਰ ਬਾਰੇ ਸਰਵੇਖਣ ਕੀਤੇ ਹਨ। ਪੰਜਾਬ ਜਾਂ ਹੋਰ ਰਾਜਾਂ ਵਿਚ ਭਾਵੇਂ ਧਰਮ ਦਾ ਸਿਆਸਤ ਨਾਲ ਪੁਰਾਣਾ ਰਿਸ਼ਤਾ ਹੈ ਪਰ ਡੇਰੇਵਾਦ ਦਾ ਇਹ ਰਿਸ਼ਤਾ ਖੁੱਲ੍ਹ ਕੇ ਸਾਹਮਣੇ ਆਉਣ ਦਾ ਪਤਾ ਜ਼ਿਆਦਾਤਰ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਲੱਗਦਾ ਹੈ। ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ ਵਿਚੋਂ ਕਾਂਗਰਸ ਦਾ ਪੱਲੜਾ ਜ਼ਿਆਦਾਤਰ ਮਾਝੇ ਤੇ ਦੁਆਬੇ ਵਿਚ ਭਾਰਾ ਰਹਿੰਦਾ ਹੈ ਤੇ ਮਾਲਵੇ ਨੂੰ ਅਕਾਲੀ ਦਲ ਦਾ ਗੜ੍ਹ ਮੰਨਿਆ ਜਾਂਦਾ ਸੀ। ਇਹ ਵਰਤਾਰਾ ਭਾਵੇਂ ਲੰਮੇ ਸਮੇਂ ਤੋਂ ਚੱਲ ਰਿਹਾ ਸੀ ਪਰ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਦੋਂ ਡੇਰਾ ਸੱਚਾ ਸੌਦਾ ਦੇ ਮੁਖੀ ਨੇ ਖੁੱਲ੍ਹੇਆਮ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦੀ ਮਦਦ ਦਾ ਐਲਾਨ ਕਰ ਦਿੱਤਾ ਤਾਂ ਇਸ ਦਾ ਅਸਰ ਵੀ ਦੇਖਣ ਨੂੰ ਮਿਲਿਆ। 2007 ਦੀਆਂ ਚੋਣਾਂ ਵਿਚ ਕਾਂਗਰਸ ਨੇ ਆਪਣੀਆਂ ਕੁਲ ਜਿੱਤੀਆਂ 44 ਸੀਟਾਂ ਵਿਚੋਂ 37 ਸੀਟਾਂ ਕੇਵਲ ਮਾਲਵੇ ਵਿਚੋਂ ਹੀ ਜਿੱਤੀਆਂ। ਇਸ ਨੂੰ ਦੁਆਬੇ ਦੀਆਂ ਕੁੱਲ 25 ਸੀਟਾਂ ਵਿਚੋਂ 3 ਅਤੇ ਮਾਝੇ ਦੀਆਂ ਕੁੱਲ 27 ਸੀਟਾਂ ਵਿਚੋਂ 4 ਸੀਟਾਂ ਹੀ ਮਿਲੀਆਂ। ਦੱਸਣਾ ਬਣਦਾ ਹੈ ਕਿ 2002 ਅਤੇ 2007 ਤੱਕ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਦੀ ਸਰਕਾਰ ਸੀ। ਇਸ ਮੁਖੀ ਦਾ ਇਕ ਰਿਸ਼ਤੇਦਾਰ ਮਾਲਵੇ ਵਿਚ ਉਸ ਸਮੇਂ ਕਾਂਗਰਸ ਦਾ ਵਿਧਾਇਕ ਸੀ ਅਤੇ ਉਸ ਨੇ ਹੀ ਡੇਰੇ ਦੇ ਪੈਰੋਕਾਰਾਂ ਦੀਆਂ ਵੋਟਾਂ ਕਾਂਗਰਸ ਦੇ ਹੱਕ ਵਿਚ ਭੁਗਤਾਉਣ ਦਾ ਬੰਦੋਬਸਤ ਕੀਤਾ ਸੀ। ਚੋਣਾਂ ਬਾਅਦ ਕੀਤੇ ਸਰਵੇ ਤੋਂ ਪਤਾ ਲੱਗਦਾ ਹੈ ਕਿ ਦੱਖਣੀ ਮਾਲਵੇ, ਭਾਵ ਬਠਿੰਡਾ, ਸੰਗਰੂਰ, ਫਰੀਦਕੋਟ, ਫਿਰਜ਼ੋਪੁਰ, ਪਟਿਆਲਾ ਪਾਰਲੀਮੈਂਟ ਹਲਕਿਆਂ ਵਿਚ ਪੈਂਦੇ ਕੋਈ 40 ਵਿਧਾਨ ਸਭਾ ਹਲਕਿਆਂ ਵਿਚ ਇਸ ਡੇਰੇ ਦੇ ਪੈਰੋਕਾਰਾਂ ਦੀ ਵੱਡੀ ਗਿਣਤੀ ਹੈ।

> **ਸਾਰੀਆਂ ਧਿਰਾਂ ਜਾਣਦੀਆਂ ਹਨ ਕਿ ਇੰਨੀ ਵੱਡੀ ਗਿਣਤੀ ਦੇ ਪੈਰੋਕਾਰਾਂ ਨੂੰ ਨਾਰਾਜ਼ ਕਰਕੇ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ ਕਿਉਂਕਿ ਹੁਣ ਸਿਆਸੀ ਪਾਰਟੀਆਂ ਦਾ ਕੇਵਲ ਇਕ ਹੀ ਮਨੋਰਥ ਰਹਿ ਗਿਆ ਹੈ, ਕੁਝ ਵੀ ਹੋਰ ਹੋਵੇ ਜਾਂ ਨਾ ਹੋਵੇ, ਚੋਣਾਂ ਜਿੱਤਣੀਆਂ ਹੀ ਉਨ੍ਹਾਂ ਦਾ ਇਕੋ-ਇੱਕ ਨਿਸ਼ਾਨਾ ਹੈ। ਅਜਿਹੇ ਹਾਲਾਤ ਵਿਚੋਂ ਇਨ੍ਹਾਂ ਸੰਸਥਾਵਾਂ ਦਾ ਵਧਣਾ ਫੁਲਣਾ ਸੁਭਾਵਿਕ ਹੈ।**

ਦੂਸਰੇ ਪਾਸੇ ਵੱਡੇ ਡੇਰਿਆਂ ਵਿਚ ਰਾਧਾ ਸੁਆਮੀ ਅਤੇ ਸੱਚ ਖੰਡ ਬੱਲਾਂ ਦਾ ਨਾਂ ਆਉਂਦਾ ਹੈ। ਦੱਸਣਾ ਬਣਦਾ ਹੈ ਕਿ ਰਾਧਾ ਸੁਆਮੀ ਡੇਰੇ ਦੇ ਪੈਰੋਕਾਰਾਂ ਦੀ ਗਿਣਤੀ ਕਈ ਲੱਖਾਂ ਵਿਚ ਹੈ ਤੇ ਇਸ ਨੂੰ ਮੰਨਣ ਵਾਲੇ ਪੰਜਾਬ ਤੋਂ ਬਿਨਾ ਦੇਸ਼ ਦੇ ਵੱਖ ਵੱਖ ਸੂਬਿਆਂ ਤੇ ਬਾਹਰਲੇ ਮੁਲਕਾਂ ਵਿਚ ਵੀ ਰਹਿੰਦੇ ਹਨ। ਇਸ ਡੇਰੇ ਨੇ ਆਮ ਤੌਰ 'ਤੇ ਭਾਵੇਂ ਸਿੱਧੇ ਤੌਰ 'ਤੇ ਆਪਣੇ ਆਪ ਨੂੰ ਸਿਆਸਤ ਤੋਂ ਪਰੇ ਰਹਿਣ ਦੀ ਗੱਲ ਆਖੀ ਹੈ ਪਰ ਚੋਣਾਂ ਤੋਂ ਪਹਿਲਾਂ ਕੌਮੀ ਪਾਰਟੀਆਂ ਦੇ ਵੱਡੇ ਵੱਡੇ ਲੀਡਰਾਂ ਤੋਂ ਲੈ ਕੇ ਪ੍ਰਾਂਤਕ ਪਾਰਟੀਆਂ ਦੇ ਲੀਡਰਾਂ ਅਤੇ ਉਮੀਦਵਾਰਾਂ ਦਾ ਡੇਰੇ ਵੱਲ ਵਹੀਰਾਂ ਘੱਤਣਾ ਇਨ੍ਹਾਂ ਦੇ ਕਹੇ ਕਥਨ ਦੀ ਸੱਚਾਈ ਤੋਂ ਪਰੇ ਹੈ। ਅਸਲ ਵਿਚ ਅਜਿਹੇ ਵਰਤਾਰੇ ਨਾਲ ਇਨ੍ਹਾਂ ਡੇਰਿਆਂ ਵਿਚ ਜਾਂਦੇ ਗਰੀਬ ਤੇ ਸਾਧਾਰਨ ਲੋਕਾਂ ਵਿਚ ਅਸੁਰੱਖਿਅਤ ਸਮਾਜਿਕ, ਸਿਆਸੀ ਤੇ ਆਰਥਿਕ ਤਾਣੇ-ਬਾਣੇ ਵਿਚ ਰਹਿਣ ਵਾਲੇ ਨਾਗਰਿਕਾਂ ਦੇ ਤੌਰ 'ਤੇ ਮਨੋਵਿਗਿਆਨਕ ਸੁਰੱਖਿਆ ਤੇ ਆਪਣੇ ਆਪ ਨੂੰ ਤਾਕਤਵਰ ਸਾਮਰਾਜ ਨਾਲ ਜੁੜੇ ਹੋਣ ਦੀ ਭਾਵਨਾ ਵੀ ਪੈਦਾ ਹੁੰਦੀ ਹੈ। 1979 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੱਕਾਰੀ ਚੋਣਾਂ ਵਿਚ ਬਿਆਸ ਹਲਕੇ ਤੋਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੀ ਭਾਈ ਅਮਰੀਕ ਸਿੰਘ ਖਿਲਾਫ਼ ਜਿੱਤੀ ਚੋਣ ਵਿਚ ਇਸ ਡੇਰੇ ਦੇ ਪੈਰੋਕਾਰਾਂ ਦੀ ਮਿਹਰਬਾਨੀ ਦਾ ਹੀ ਨਤੀਜਾ ਸੀ। ਹੁਣ ਅਸੀਂ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਨ੍ਹਾਂ ਤਿੰਨ ਮਹੱਤਵਪੂਰਨ ਅਤੇ ਵੱਡੇ ਡੇਰਿਆਂ ਦੇ ਵੋਟ ਪਾਉਣ ਦੇ ਰੁਝਾਨ ਵੱਲ ਨਜ਼ਰ ਮਾਰਦੇ ਹਾਂ। 'ਲੋਕਨੀਤੀ' ਸੰਸਥਾ ਦੁਆਰਾ ਚੋਣਾਂ ਤੋਂ ਬਾਅਦ ਕੀਤੇ ਸਰਵੇ ਮੁਤਾਬਿਕ ਇਨ੍ਹਾਂ ਚੋਣਾਂ ਵਿਚ ਡੇਰਾ ਸੱਚਾ ਸੌਦਾ ਦੇ ਕੁੱਲ ਪੈਰੋਕਾਰਾਂ ਦੀਆਂ ਪਈਆਂ ਵੋਟਾਂ ਦਾ 63 ਪ੍ਰਤੀਸ਼ਤ ਕਾਂਗਰਸ ਨੂੰ ਪਿਆ ਜਦ ਕਿ ਅਕਾਲੀ ਦਲ ਨੂੰ ਕੇਵਲ 27 ਪ੍ਰਤੀਸ਼ਤ ਵੋਟ ਹੀ ਮਿਲੀਆਂ। ਰਾਧਾ ਸੁਆਮੀ ਦੇ ਪੈਰੋਕਾਰਾਂ ਨੇ ਦੋਹਾਂ ਪਾਰਟੀਆਂ, ਭਾਵ ਅਕਾਲੀ ਦਲ ਤੇ ਕਾਂਗਰਸ ਨੂੰ ਇੱਕੋ ਜਿਹੀਆਂ, ਭਾਵ 43 ਪ੍ਰਤੀਸ਼ਤ ਵੋਟਾਂ ਪਾਈਆਂ।

ਦੱਸਣਾ ਬਣਦਾ ਹੈ ਕਿ ਆਮ ਤੌਰ 'ਤੇ ਇਸ ਡੇਰੇ ਦੇ ਪੈਰੋਕਾਰਾਂ ਦਾ ਜ਼ਿਆਦਾ ਰੁਝਾਨ ਕਾਂਗਰਸ ਵੱਲ ਹੀ ਰਿਹਾ ਹੈ ਪਰ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਦੇ ਇਕ ਵੱਡੇ ਨੇਤਾ ਦਾ ਰਾਧਾ ਸੁਆਮੀ ਦੇ ਵੱਡੇ ਲੀਡਰ ਦੇ ਪਰਿਵਾਰ ਨਾਲ ਰਿਸ਼ਤਾ ਬਣਨ ਨਾਲ ਇਸ ਡੇਰੇ ਦੇ ਕੁਝ ਪੈਰੋਕਾਰਾਂ ਦਾ ਅਕਾਲੀ ਦਲ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਦਾ ਰੁਝਾਨ ਵਧਿਆ ਸੀ। ਡੇਰਾ ਸੱਚ ਖੰਡ ਬੱਲਾਂ ਅਤੇ ਹੋਰ ਰਵੀਦਾਸੀਏ ਡੇਰਿਆਂ ਦੇ ਪੈਰੋਕਾਰਾਂ ਦੀਆਂ ਕੁੱਲ ਵੋਟਾਂ ਦਾ 39 ਪ੍ਰਤੀਸ਼ਤ ਕਾਂਗਰਸ ਅਤੇ 34 ਪ੍ਰਤੀਸ਼ਤ ਅਕਾਲੀ-ਬੀਜੇਪੀ ਭਾਈਵਾਲਾਂ ਨੂੰ ਪਿਆ। ਬਹੁਜਨ ਸਮਾਜ ਪਾਰਟੀ ਜਿਹੜੀ ਦਲਿਤਾਂ ਅਤੇ ਦੱਬੇ ਕੁਚਲਿਆ ਦੇ ਹਿੱਤਾਂ ਨੂੰ ਬਚਾਉਣ ਲਈ ਉੱਭਰੀ ਸੀ, ਉਸ ਨੂੰ ਕੇਵਲ ਇਨ੍ਹਾਂ ਡੇਰਿਆਂ ਦੇ ਕੁਝ ਪੈਰੋਕਾਰਾਂ ਦੀਆਂ ਪਈਆਂ ਵੋਟਾਂ ਦਾ ਕੇਵਲ 21 ਪ੍ਰਤੀਸ਼ਤ ਹੀ ਮਿਲਿਆ। ਇਨ੍ਹਾਂ ਚੋਣਾਂ ਵਿਚ ਕਾਂਗਰਸ ਪਾਰਟੀ ਬਹੁਤ ਥੋੜ੍ਹੇ ਫਰਕ ਨਾਲ ਹਾਰ ਗਈ ਅਤੇ ਨਵੇਂ ਅਕਾਲੀ ਦਲ-ਬੀ.ਜੇ.ਪੀ. ਦੀ ਭਾਈਵਾਲ ਸਰਕਾਰ ਨੇ ਲਗਾਤਾਰ ਦੂਜੀ ਵਾਰ ਚੋਣ ਜਿੱਤ ਕੇ ਨਵਾਂ ਕੀਰਤੀਮਾਨ ਪੈਦਾ ਕੀਤਾ। ਇਹ ਵਰਤਾਰਾ ਪਿੰਡਾਂ ਤੋਂ ਲੈ ਕੇ ਪਾਰਲੀਮੈਂਟ ਦੀਆਂ ਚੋਣਾਂ ਵਿਚ ਇਸੇ ਤਰ੍ਹਾਂ ਹੀ ਚੱਲਦਾ ਹੈ। ਪਿੰਡ ਦੀ ਪੰਚਾਇਤ ਚੋਣ ਸਮੇਂ ਉਸ ਧੜੇ ਦਾ ਪਲੜਾ ਭਾਰੀ ਹੁੰਦਾ ਹੈ ਜਿਸ ਦੇ ਨਾਲ ਉਸ ਪਿੰਡ ਵਿਚ ਰਹਿਣ ਵਾਲੇ ਇਨ੍ਹਾਂ ਡੇਰਿਆਂ ਦੇ ਪੈਰੋਕਾਰਾਂ ਦਾ ਜ਼ਿਆਦਾ ਸਾਥ ਹੋਵੇ।

2012 ਦੀਆਂ ਚੋਣਾਂ ਤੋਂ ਬਾਅਦ ਪੰਜਾਬ ਵਿਚ ਰਾਜ ਕਰ ਰਹੀ ਪਾਰਟੀ ਅਤੇ ਡੇਰਾ ਸੱਚਾ ਸੌਦਾ ਦਾ ਵਿਵਾਦ ਬਹੁਤ ਵਧਦਾ ਹੈ ਪਰ ਇਸ ਦੀ ਜੜ੍ਹ 2007 ਦੀਆਂ ਚੋਣਾਂ ਵਿਚ ਪਈ ਹੈ। ਡੇਰਾ ਸੱਚਾ ਸੌਦਾ ਦਾ ਖੁੱਲ੍ਹ ਕੇ ਕਾਂਗਰਸ ਦਾ ਸਾਥ ਤੇ ਉਸ ਤੋਂ ਬਾਅਦ ਡੇਰੇ ਮੁਖੀ ਦਾ ਜਨਤਕ ਵਰਤਾਰਾ ਅਕਾਲੀ ਦਲ ਸਰਕਾਰ ਨੂੰ ਰਾਸ ਨਹੀਂ ਆਇਆ।

ਡੇਰੇ ਦੇ ਪੈਰੋਕਾਰਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਦੇ ਸਰਕਰਦਾ ਪੈਰੋਕਾਰਾਂ ਤੇ ਪੁਲੀਸ ਮੁੱਕਦਮੇ ਬਣਾਏ ਗਏ ਅਤੇ ਸਿਆਸੀ ਬਦਲੇ ਦੀ ਭਾਵਨਾ ਨਾਲ ਤੰਗ ਕੀਤਾ ਗਿਆ। 2009 ਦੀਆਂ ਲੋਕ ਸਭਾ ਚੋਣਾਂ ਤੋਂ ਬਠਿੰਡੇ ਹਲਕੇ ਦੇ ਪਿੰਡਾਂ ਦੇ ਡੇਰੇ ਦੇ ਪੈਰੋਕਾਰਾਂ ਨੇ ਸਾਨੂੰ ਦੱਸਿਆ ਕਿ ਇਸ ਵਾਰ ਉਨ੍ਹਾਂ ਨੇ ਇਸ ਤਸ਼ੱਦਦ ਤੋਂ ਬਚਣ ਖਾਤਰ ਬਠਿੰਡਾ ਹਲਕੇ ਦੀ ਪਾਰਲੀਮੈਂਟ ਤੋਂ ਅਕਾਲੀ ਦਲ ਦੇ ਉਮੀਦਵਾਰ ਨੂੰ ਵੋਟ ਪਾਈ ਹੈ। ਉਨ੍ਹਾਂ ਮੁਤਾਬਿਕ ਇਸ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਦੀ ਜਿੱਤ ਕੁਝ ਰਾਹਤ ਲੈ ਕੇ ਆਵੇਗੀ। 2007 ਤੋਂ 2017 ਦੇ ਇਕ ਦਹਾਕੇ ਦੇ ਸਮੇਂ ਵਿਚ ਜਿੱਥੇ ਡੇਰਾ ਸੱਚਾ ਸੌਦਾ ਦੇ ਮੁਖੀ ਦੇ ਕਾਰਨਾਮਿਆਂ ਕਰਕੇ ਸਰਕਾਰ ਅਤੇ ਡੇਰੇ ਵਿਚ ਕਾਫ਼ੀ ਟਕਰਾਉ ਰਿਹਾ, ਉੱਥੇ ਅਕਾਲੀ ਸਰਕਾਰ ਨੇ ਡੇਰੇ ਦੇ ਮੁਖੀ ਤੋਂ ਹੋਰ ਪੈਰੋਕਾਰਾਂ ਦੀਆਂ ਕਈ ਹਰਕਤਾਂ ਨੂੰ ਅੱਖੋਂ ਓਹਲੇ ਕੀਤਾ।

ਇਹੀ ਕਾਰਨ ਹੈ ਕਿ ਖਾਸਕਰ 2015 ਵਿਚ ਬੇਅਦਬੀ ਦੀਆਂ ਘਟਨਾਵਾਂ ਕਾਰਨ ਅਤੇ ਅਕਾਲੀ ਸਰਕਾਰ ਵੱਲੋਂ ਕੋਈ ਠੋਸ ਕਦਮ ਨਾ ਚੁੱਕਣ ਕਰਕੇ ਅਕਾਲੀ-ਬੀ.ਜੇ.ਪੀ. ਸਰਕਾਰ ਨੂੰ 2017 ਦੀਆਂ ਚੋਣਾਂ ਵਿਚ ਵੱਡੀ ਕੀਮਤ ਚੁਕਾਉਣੀ ਪਈ। ਹੁਣ ਕਾਂਗਰਸ ਦੇ ਵੱਡੇ ਲੀਡਰ ਅਕਾਲੀ ਦਲ 'ਤੇ ਇਹ ਦੋਸ਼ ਲਗਾਉਂਦੇ ਨਹੀਂ ਥੱਕਦੇ ਕਿ ਸਿਰਫ 2017 ਦੀਆਂ ਚੋਣਾਂ ਵਿਚ ਡੇਰਾ ਸਮਰਥਕਾਂ ਦੀਆਂ ਵੋਟਾਂ ਖਾਤਰ ਅਕਾਲੀ-ਬੀ.ਜੇ.ਪੀ. ਸਰਕਾਰ ਨੇ ਦੋਸ਼ੀਆਂ ਨੂੰ ਨਹੀਂ ਫੜਿਆ। ਅਕਾਲ ਤਖ਼ਤ ਤੋਂ ਡੇਰੇ ਮੁਖੀ ਨੂੰ ਮੁਆਫ਼ੀਨਾਮਾ ਦੇਣਾ ਭਾਵੇਂ ਅਕਾਲੀ ਦਲ ਦੀ ਵੱਡੀ ਸਿਆਸੀ ਪਹਿਲਕਦਮੀ ਸਮਝੀ ਜਾਂਦੀ ਸੀ ਪਰ ਬਾਅਦ ਵਿਚ ਇਸ ਨੂੰ ਬਹੁਤ ਮਹਿੰਗੀ ਪਈ।

ਦੂਜੇ ਪਾਸੇ, ਅਮਰਿੰਦਰ ਸਿੰਘ ਨੇ 2017 ਦੀਆਂ ਚੋਣਾਂ ਵਿਚ ਬੇਅਦਬੀ ਦੇ ਦੋਸ਼ੀਆਂ ਨੂੰ ਫੜ ਕੇ ਢੁਕਵੀਂ ਸਜ਼ਾ ਦਿਵਾਉਣ ਦਾ ਵਾਅਦਾ ਕੀਤਾ ਸੀ ਅਤੇ ਇਸ ਬਾਬਤ ਕਮੇਟੀ ਵੀ ਬਣਾਈ ਸੀ। ਸਰਕਾਰ ਬਣਨ ਤੋਂ ਸਾਢੇ ਚਾਰ ਸਾਲ ਨਿਕਲ ਜਾਣ 'ਤੇ ਕੋਈ ਠੋਸ ਕਦਮ ਨਾ ਚੁੱਕਣ ਕਰਕੇ ਹੁਣ ਅਮਰਿੰਦਰ ਸਿੰਘ ਸਰਕਾਰ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ।

ਹੁਣ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਕਾਂਗਰਸ ਸਰਕਾਰ 'ਤੇ ਬੇਅਦਬੀ ਅਤੇ ਬੇਹੁਰਮਤੀ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੀ ਬਜਾਇ ਉਨ੍ਹਾਂ ਖਿਲਾਫ਼ ਦਰਜ ਕੇਸਾਂ ਨੂੰ ਕਮਜ਼ੋਰ ਕਰਨ ਦੇ ਦੋਸ਼ ਲਾ ਰਹੇ ਹਨ। ਅਗਲੀਆਂ ਚੋਣਾਂ ਹੋਣ ਵਿਚ ਕੁਝ ਮਹੀਨੇ ਹੀ ਬਚੇ ਹਨ, ਲੱਗਦਾ ਹੈ ਕਿ ਮਾਮਲਾ ਜਿਵੇਂ ਦਾ ਤਿਵੇਂ ਹੀ ਰਹੇਗਾ। ਸਾਰੀਆਂ ਧਿਰਾਂ ਜਾਣਦੀਆਂ ਹਨ ਕਿ ਇੰਨੀ ਵੱਡੀ ਗਿਣਤੀ ਦੇ ਪੈਰੋਕਾਰਾਂ ਨੂੰ ਨਾਰਾਜ਼ ਕਰਕੇ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ ਕਿਉਂਕਿ ਹੁਣ ਸਿਆਸੀ ਪਾਰਟੀਆਂ ਦਾ ਕੇਵਲ ਇਕ ਹੀ ਮਨੋਰਥ ਰਹਿ ਗਿਆ ਹੈ, ਕੁਝ ਵੀ ਹੋਰ ਹੋਵੇ ਜਾਂ ਨਾ ਹੋਵੇ, ਚੋਣਾਂ ਜਿੱਤਣੀਆਂ ਹੀ ਉਨ੍ਹਾਂ ਦਾ ਇਕੋ-ਇੱਕ ਨਿਸ਼ਾਨਾ ਹੈ। ਅਜਿਹੇ ਹਾਲਾਤ ਵਿਚੋਂ ਇਨ੍ਹਾਂ ਸੰਸਥਾਵਾਂ ਦਾ ਵਧਣਾ ਫੁਲਣਾ ਸੁਭਾਵਿਕ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 17 ਜੁਲਾਈ 2021*

## ਸਿਆਸੀ ਧੁਰੇ ਹਿੱਲੇ

ਤਿੰਨ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀ ਕਿਸਾਨ ਲੀਡਰਸ਼ਿਪ ਵੱਲੋਂ ਆਪਣੇ ਨਵੇਂ ਐਕਸ਼ਨ ਪਲਾਨ ਦੇ ਐਲਾਨ ਪਿਛੋਂ ਪਿੜ ਇਕ ਵਾਰ ਫਿਰ ਭਖ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਦੀ ਸਿਆਸਤ ਵਿਚ ਵੀ ਹਿਲਜੁਲ ਵਧੀ ਹੈ। ਉਧਰ, ਕੁਝ ਬੁੱਧੀਜੀਵੀਆਂ ਜਿਨ੍ਹਾਂ ਦਾ ਇਹ ਮੰਨਣਾ ਹੈ ਕਿ ਕਿਸਾਨ ਅੰਦੋਲਨ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਖਾਸ ਭੂਮਿਕਾ ਨਿਭਾ ਸਕਦਾ ਹੈ, ਦਾ ਕਹਿਣਾ ਹੈ ਕਿ ਕਿਸਾਨ ਲੀਡਰਸ਼ਿਪ ਨੂੰ ਚੋਣਾਂ ਵਿਚ ਹਿੱਸਾ ਲੈਣਾ ਚਾਹੀਦਾ ਹੈ। ਕੁਝ ਬੁੱਧੀਜੀਵੀਆਂ ਨੇ ਤਾਂ ਇਥੋਂ ਤੱਕ ਆਖ ਦਿੱਤਾ ਹੈ ਕਿ ਲੀਹੋਂ ਲੱਥੀ ਪੰਜਾਬ ਦੀ ਸਿਆਸਤ ਨੂੰ ਲੀਹ 'ਤੇ ਲਿਆਉਣ ਦਾ ਇਤਿਹਾਸਕ ਮੌਕਾ ਹੁਣ ਕਿਸਾਨ ਲੀਡਰਸ਼ਿਪ ਨੂੰ ਮਿਲਿਆ ਹੈ, ਇਸ ਲਈ ਲੀਡਰਸ਼ਿਪ ਨੂੰ ਚੋਣਾਂ ਵਿਚ ਸਰਗਰਮ ਰੂਪ ਵਿਚ ਹਿੱਸਾ ਲੈਣ ਬਾਰੇ ਬਾਕਾਇਦਾ ਵਿਚਾਰ-ਚਰਚਾ ਕਰਨੀ ਹੈ। ਬਿਨਾ ਸ਼ੱਕ, ਜਿਸ ਮੁਕਾਮ ਉਤੇ ਅੱਜ ਕਿਸਾਨ ਅੰਦੋਲਨ ਪਹੁੰਚ ਗਿਆ ਹੈ, ਉਥੋਂ ਸਾਫ ਦਿਸ ਰਿਹਾ ਹੈ ਕਿ ਇਹ ਅੰਦੋਲਨ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰੇਗਾ ਪਰ ਕਿਸਾਨ ਲੀਡਰਸ਼ਿਪ ਦੇ ਸਿਆਸੀ ਰੋਲ ਬਾਰੇ ਟਿੱਪਣੀਆਂ ਕਰਨ ਵਾਲੇ ਇਹ ਉਦਾਰਵਾਦੀ ਬੁੱਧੀਜੀਵੀ ਸ਼ਾਇਦ ਕਿਸਾਨ ਜਥੇਬੰਦੀਆਂ ਦੀ ਬਣਤਰ ਅਤੇ ਕਾਰਜਸ਼ੈਲੀ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਇਸੇ ਕਰਕੇ ਕਮਰਿਆਂ 'ਚ ਬੈਠ ਕੇ ਕੀਤੀ ਵਿਚਾਰ-ਚਰਚਾ ਦੌਰਾਨ ਅਜਿਹੀਆਂ ਚਰਚਾਵਾਂ ਹੀ ਸਾਹਮਣੇ ਆਉਂਦੀਆਂ ਹਨ।

ਉਂਝ ਵੀ, ਕਿਸਾਨ ਜਥੇਬੰਦੀਆਂ ਬਾਰੇ ਥੋੜ੍ਹੀ-ਬਹੁਤ ਸੋਝੀ ਰੱਖਣ ਵਾਲਾ ਕੋਈ ਵੀ ਸ਼ਖਸ ਅਜਿਹੀ ਟਿੱਪਣੀ ਕਰਨ ਤੋਂ ਗੁਰੇਜ਼ ਹੀ ਕਰੇਗਾ। ਇਹ ਬੁੱਧੀਜੀਵੀ ਨਹੀਂ ਜਾਣਦੇ ਕਿ ਕਿਸਾਨਾਂ ਦੇ ਵੱਖ-ਵੱਖ ਧੜਿਆਂ ਦਾ ਗੂੜ੍ਹਾ ਸਬੰਧ ਸੂਬੇ ਦੀਆਂ ਵੱਖ-ਵੱਖ ਸਿਆਸੀ ਧਿਰਾਂ ਨਾਲ ਹੈ। ਇਨ੍ਹਾਂ ਦੀ ਬਹੁਤੀ ਸਰਗਰਮੀ ਇਨ੍ਹਾਂ ਸਿਆਸੀ ਧਿਰਾਂ ਦੇ ਅਨੁਸਾਰ ਹੀ ਚੱਲਦੀ ਹੈ। ਅਸਲ ਵਿਚ ਅਜਿਹੇ ਵਿਚਾਰ ਰੱਖਣ ਵਾਲੇ ਬੁੱਧੀਜੀਵੀਆਂ ਦੀ ਸਮੱਸਿਆ ਹੀ ਇਹ ਹੈ ਕਿ ਇਨ੍ਹਾਂ ਦੀਆਂ ਗੱਲਾਂ ਦਾ ਧੁਰਾ ਸਿਮਟਦਾ-ਸਿਮਟਦਾ ਆਖਰਕਾਰ ਚੋਣਾਂ ਦੁਆਲੇ ਚੱਕਰ ਕੱਟਣ ਲੱਗ ਪੈਂਦਾ ਹੈ ਜਦਕਿ ਪਿਛਲੇ ਸੱਤਰ ਸਾਲਾਂ ਤੋਂ ਚੱਲ ਰਹੇ ਚੋਣ ਢਾਂਚੇ ਬਾਰੇ ਇਹ ਸਾਬਤ ਹੋ ਚੁੱਕਾ ਹੈ ਕਿ ਜੇ ਕਿਸੇ ਆਗੂ ਜਾਂ ਪਾਰਟੀ ਦੀ ਸਿਆਸੀ ਇੱਛਾ-ਸ਼ਕਤੀ ਨਹੀਂ ਤਾਂ ਅਜਿਹੇ ਮਸਲੇ ਕਦੀ ਹੱਲ ਨਹੀਂ ਹੋ ਸਕਦੇ। ਸੱਤਾਧਾਰੀ ਧਿਰਾਂ ਦੇ ਫੈਸਲਿਆਂ ਉਤੇ ਹਲਕੀ ਜਿਹੀ ਨਜ਼ਰ ਮਾਰਨ 'ਤੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਉਹ ਆਪਣੀ ਸਿਆਸਤ ਵਿਚ ਬਿਲਕੁਲ ਨੱਕ ਦੀ ਸੇਧ ਵਿਚ ਤੁਰਦੇ ਹਨ; ਜਦੋਂ ਲੋਕਾਂ ਦੇ ਮਸਲਿਆਂ ਦੀ ਗੱਲ ਆਉਂਦੀ ਹੈ ਤਾਂ ਗੱਲ ਯੋਜਨਾਵਾਂ ਦੇ ਗੇੜ 'ਚ ਪੈ ਜਾਂਦੀ ਹੈ। ਇਸ ਲਈ ਹੁਣ ਮਸਲਾ ਚੋਣਾਂ 'ਚ ਹਿੱਸਾ ਲੈਣ ਜਾਂ ਨਾ ਲੈਣ ਦਾ ਨਹੀਂ ਹੈ, ਮਸਲਾ ਹੈ ਕਿ ਕਿਸਾਨ ਸਿਆਸੀ ਧਿਰਾਂ ਨੂੰ ਆਪਣੇ ਮਸਲਿਆਂ 'ਤੇ ਕਿੰਨੇ ਦਮਦਾਰ ਢੰਗ ਨਾਲ ਘੇਰਦੇ ਹਨ।

ਇਸ ਸਬੰਧੀ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਜਦੋਂ ਦਾ ਕਿਸਾਨ ਅੰਦੋਲਨ ਸ਼ੁਰੂ ਹੋਇਆ ਹੈ, ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਬਾਹਰ ਨਿੱਕਲਣਾ ਤਕਰੀਬਨ ਬੰਦ ਹੋਇਆ ਪਿਆ ਹੈ। ਹੁਣ ਹਾਲਾਤ ਹੱਥੋਪਾਈ ਤੱਕ ਜਾ ਪੁੱਜੇ ਹਨ। ਇਹ ਅਸਲ ਵਿਚ ਕਿਸਾਨ ਅੰਦੋਲਨ ਅਤੇ ਇਸ ਬਾਰੇ ਫੈਲੀ ਚੇਤਨਾ ਕਰਕੇ ਹੀ ਸੰਭਵ ਹੋਇਆ ਹੈ। ਪੰਜਾਬ ਵਿਧਾਨ ਸਭਾ ਦੀਆਂ ਪਿਛਲੀਆਂ ਦੋ ਚੋਣਾਂ ਦੌਰਾਨ ਕਿਤੇ-ਕਿਤੇ ਇਹ ਖਬਰ ਆਉਂਦੀ ਸੀ ਕਿ ਕਿਸੇ ਪਿੰਡ ਵਿਚ ਕਿਸੇ ਆਗੂ ਨੂੰ ਸਵਾਲ ਪੁੱਛੇ ਗਏ ਹਨ। ਅੱਜ ਕਿਸਾਨ ਅੰਦੋਲਨ ਦੀ ਜਾਗਰੂਕਤਾ ਦੀ ਬਦੌਲਤ ਪਿੰਡ-ਪਿੰਡ ਲੋਕ ਸਿਆਸੀ ਆਗੂਆਂ ਨੂੰ ਘੇਰ-ਘੇਰ ਕੇ ਸਵਾਲਾਂ ਦੀ ਵਾਛੜ ਕਰ ਰਹੇ ਹਨ। ਇਹ ਚੇਤਨਾ ਪੰਜਾਬ ਦੀ ਲੀਹੋਂ ਉਖੜੀ ਸਿਆਸਤ ਨੂੰ ਲੀਹ 'ਤੇ ਪਾ ਸਕਦੀ ਹੈ। ਇਸ ਚੇਤਨਾ ਦੇ ਲੜ ਲੱਗੇ ਨੌਜਵਾਨ ਹੀ ਸਿਆਸਤ ਦੇ ਪਿੜ ਵਿਚ ਅਗਵਾਈ ਕਰਨਗੇ। ਇਸ ਲਈ ਮੌਜੂਦਾ ਹਾਲਾਤ ਵਿਚ ਕਿਸਾਨ ਲੀਡਰਸ਼ਿਪ ਦਾ ਰੋਲ ਬਿਲਕੁੱਲ ਵੱਖਰਾ ਹੈ। ਉਨ੍ਹਾਂ ਨੂੰ ਉਸ ਪਾਸੇ ਜ਼ੋਰ-ਅਜ਼ਮਾਈ ਕਰਦੇ ਰਹਿਣਾ ਚਾਹੀਦਾ ਹੈ। ਜੇਕਰ ਪੰਜਾਬ ਦੀ ਥੋਥੀ ਲੀਡਰਸ਼ਿਪ ਨੂੰ ਵੰਗਾਰ ਪਾਉਣੀ ਹੈ ਤਾਂ ਕਿਸਾਨ ਸੰਘਰਸ਼ ਦੀ ਥਾਂ ਸਿਆਸੀ ਪਿੜ 'ਤੇ ਹੀ ਟੇਕ ਰੱਖਣੀ ਪਵੇਗੀ। ਇਹ ਠੀਕ ਹੈ ਕਿ ਹਰ ਪੰਜ ਸਾਲ ਪਿਛੋਂ ਵੱਖ-ਵੱਖ ਪਾਰਟੀਆਂ ਦੀਆਂ ਬਣਦੀਆਂ-ਟੁੱਟਦੀਆਂ ਸਰਕਾਰਾਂ ਨੇ ਆਮ ਲੋਕਾਂ ਦਾ ਬਹੁਤਾ ਕੁਝ ਸੰਵਾਰਿਆ ਨਹੀਂ ਹੈ ਪਰ ਲੋਕਾਂ ਦਾ ਦਬਾਅ ਸਰਕਾਰਾਂ ਨੂੰ ਲੋਕ ਪੱਖੀ ਫੈਸਲਿਆਂ ਲਈ ਮਜਬੂਰ ਕਰ ਸਕਦਾ ਹੈ।

ਇਹ ਲੋਕਾਂ ਦੇ ਦਬਾਅ ਦਾ ਨਤੀਜਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਰਗੀ ਪਾਰਟੀ ਅੱਜ ਆਪਣੇ ਆਪ ਨੂੰ ਪੰਜਾਬ ਦੇ ਸਿਆਸੀ ਪਿੜ ਵਿਚ ਅਲੱਗ-ਥਲੱਗ ਪੈ ਗਈ ਸਮਝ ਰਹੀ ਹੈ। ਇਸੇ ਕਰਕੇ ਹੁਣ ਇਸ ਨੂੰ ਬਹੁਜਨ ਸਮਾਜ ਪਾਰਟੀ ਵਰਗੀਆ ਧਿਰਾਂ ਨਾਲ ਚੋਣ ਸਮਝੌਤੇ ਕਰਨੇ ਪੈ ਰਹੇ ਹਨ। ਇਸ ਤੋਂ ਪਹਿਲਾਂ ਲੋਕਾਂ ਦੇ ਦਬਾਅ ਕਾਰਨ ਹੀ ਇਸ ਨੂੰ ਪਹਿਲਾਂ ਕੇਂਦਰ ਸਰਕਾਰ ਵਿਚੋਂ ਬਾਹਰ ਆਉਣਾ ਪਿਆ ਅਤੇ ਫਿਰ ਇਸੇ ਦਬਾਅ ਕਾਰਨ ਹੀ ਭਾਰਤੀ ਜਨਤਾ ਪਾਰਟੀ ਨਾਲੋਂ ਢਾਈ ਦਹਾਕੇ ਪੁਰਾਣਾ ਸਿਆਸੀ ਗਠਜੋੜ ਤੋੜਨਾ ਪਿਆ। ਇਸ ਗਠਜੋੜ ਨੂੰ ਅਕਾਲੀ ਦੇ ਮੁੱਖ ਲੀਡਰ ਨਹੁੰ-ਮਾਸ ਦਾ ਰਿਸ਼ਤਾ ਪ੍ਰਚਾਰਦੇ ਰਹੇ ਹਨ। ਪਹਿਲਾਂ-ਪਹਿਲ ਸ਼੍ਰੋਮਣੀ ਅਕਾਲੀ ਦਲ ਨੇ ਤਾਂ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਦੇ ਹੱਕ ਵਿਚ ਲਿਆਂਦੇ ਵਧੀਆ ਕਾਨੂੰਨ ਕਿਹਾ ਸੀ, ਅਕਾਲੀ ਦਲ ਦੇ ਕਈ ਸਰਕਰਦਾ ਆਗੂ ਕਈ ਮਹੀਨੇ ਇਨ੍ਹਾਂ ਕਾਨੂੰਨਾਂ ਦੇ ਹੱਕ ਵਿਚ ਧੂੰਆਂਧਾਰ ਪ੍ਰਚਾਰ ਵੀ ਕਰਦੇ ਰਹੇ ਪਰ ਜਦੋਂ ਲੋਕ ਰੋਹ ਵਧਣ ਲੱਗਾ ਤਾਂ ਇਨ੍ਹਾਂ ਨੂੰ ਹੌਲੀ-ਹੌਲੀ ਪਿਛਾਂਹ ਹਟਣਾ ਪਿਆ। ਜ਼ਾਹਿਰ ਹੈ ਕਿ ਅੱਜ ਕਿਸਾਨਾਂ ਦਾ ਅੰਦੋਲਨ ਪੰਜਾਬ ਦੀ ਸਿਆਸਤ ਦਾ ਮੁੱਖ ਧੁਰਾ ਬਣ ਕੇ ਉਭਰਿਆ ਹੈ। ਸਾਰੀਆਂ ਸਿਆਸੀ ਧਿਰਾਂ ਕਿਸਾਨ ਚੇਤਨਾ ਦੇ ਇਸ ਉਭਾਰ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਇਸ ਮੋੜ ਉਤੇ ਕਿਸਾਨ ਲੀਡਰਸ਼ਿਪ ਦਾ ਰੋਲ ਬਣਦਾ ਹੈ ਕਿ ਇਹ ਸਾਰੀਆਂ ਧਿਰਾਂ ਨੂੰ ਆਪਣੀ ਮੰਗਾਂ ਬਾਰੇ ਸਵਾਲ ਕਰੇ ਅਤੇ ਲੋਕਾਂ ਦੀ ਕਚਹਿਰੀ ਵਿਚ ਹੀ ਇਸ ਸਬੰਧੀ ਜਵਾਬ ਲਵੇ। ਇਸ ਅਮਲ ਵਿਚੋਂ ਜਿਹੜੀ ਲੀਡਰਸ਼ਿਪ ਉਭਰੇਗੀ, ਉਹ ਫਿਰ ਪੰਜਾਬ ਦੀ ਸਿਆਸਤ ਨੂੰ ਲੀਹ 'ਤੇ ਲਿਆਉਣ ਦੇ ਸਮਰੱਥ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦਿੱਲੀ ਨੂੰ ਦਬੀੜਾਂ ਦਾ ਅਸਰ?*

ਕੀਤੇ ਸੀ ਐਲਾਨ ਵੱਡੇ ਗੁਟਕੇ ਦੀ ਸੰਹੁ ਖਾ ਕੇ, ਨਸ਼ੇ ਦੇ ਵਪਾਰੀ ਤਾਂ 'ਦਿਨਾਂ ਦੇ ਵਿਚ' ਚੱਕਣੇ।
ਫੇਰ ਸੰਵਿਧਾਨ ਦੀ ਸੌਗੰਧ ਚੁੱਕ ਵਾਅਦਾ ਕੀਤਾ, ਦੋਸ਼ੀ ਜੋ ਬੇਅਦਬੀ ਦੇ ਜੇਲ੍ਹਾਂ ਵਿਚ ਡੱਕਣੇ।
ਸਿਟਾਂ ਹੀ ਬਣਾਈਆਂ, ਨਾ ਸਜ਼ਾਵਾਂ ਕੋਈ ਦਿੱਤੀਆਂ, ਰੱਖੇ ਆ ਪੰਜਾਬੀਆਂ ਦੇ ਪੱਲੇ ਜਮਾਂ ਸੱਖਣੇ।
ਅੱਕੇ ਲੋਕੀਂ ਆਖਦੇ ਨੇ ਮਹਿੰਗੇ ਬੜੇ ਪੈਣਗੇ ਜੀ, ਨੀਲਿਆਂ ਦੇ ਨਾਲ ਕੋਈ ਸਬੰਧ 'ਗੁੱਝੇ' ਰੱਖਣੇ।
ਪਾਣੀ 'ਚ ਮਧਾਣੀ ਵਾਂਗ ਦਿੱਲੀ ਨੂੰ ਦਬੀੜਾਂ ਲਾ ਕੇ, ਚਾਹੁੰਦੇ ਆ ਇਹ ਲੋਕਾਂ ਨੂੰ ਭੁਲੇਖੇ ਪਾਈ ਰੱਖਣੇ।
ਸੋਨੀਆਂ ਦੇ ਘਰੋਂ 'ਠਾਰਾਂ ਨੁਕਤੇ ਲਿਆ ਕੇ ਹੁਣ, ਜਾਣਦਾ ਪੰਜਾਬ ਕਿ ਕਿੰਨੇ ਕੁ 'ਫੱਟੇ' ਚੱਕਣੇ!

# ਦਲਿਤ ਸਿਆਸਤ ਦੀਆਂ ਪੈੜਾਂ ਅਤੇ ਅੱਜ ਦੀ ਲੀਡਰਸ਼ਿਪ

***ਕੁਝ ਦਹਾਕੇ ਪਹਿਲਾਂ ਭਾਰਤ ਦੀ ਸਿਆਸਤ ਵਿਚ ਦਲਿਤ ਸਿਆਸਤ ਬੜੇ ਤਕੜੇ ਰੂਪ ਵਿਚ ਦਾਖਲ ਹੋਈ ਸੀ। ਉਹ ਅਸਲ ਵਿਚ ਕਾਂਸ਼ੀ ਰਾਮ ਦੀ ਅਗਵਾਈ ਦਾ ਕ੍ਰਿਸ਼ਮਾ ਵੀ ਸੀ। ਉਨ੍ਹਾਂ ਬਹੁਜਨ ਸਮਾਜ ਪਾਰਟੀ ਨੂੰ ਦਲਿਤਾਂ ਦੀ ਤਕੜੀ ਧਿਰ ਵਜੋਂ ਸਥਾਪਿਤ ਕੀਤਾ। ਇਸ ਪਾਰਟੀ ਦੀ ਸ਼ੁਰੂਆਤ ਉਨ੍ਹਾਂ ਪੰਜਾਬ ਤੋਂ ਹੀ ਆਰੰਭ ਕੀਤੀ ਸੀ ਅਤੇ ਫਿਰ ਉਤਰ ਪ੍ਰਦੇਸ਼ ਵਿਚ ਇਸ ਪਾਰਟੀ ਦੀ ਸਰਕਾਰ ਵੀ ਬਣੀ। ਅੱਜਕੱਲ੍ਹ ਦਲਿਤ ਸਿਆਸਤ ਦੇ ਕੀ ਹਾਲ-ਚਾਲ ਹਨ, ਇਸ ਬਾਰੇ ਚਰਚਾ ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਇਸ ਲੇਖ ਵਿਚ ਕੀਤੀ ਹੈ।***

**ਅਭੈ ਕੁਮਾਰ ਦੂਬੇ**

ਹਾਲ ਹੀ ਵਿਚ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਨੇ ਭਾਰਤ ਦੀ ਦਲਿਤ ਸਿਆਸਤ ਦੇ ਮੌਜੂਦਾ ਰੂਪ 'ਤੇ ਨਵੇਂ ਸਿਰੇ ਤੋਂ ਰੌਸ਼ਨੀ ਪਾਈ ਹੈ। ਇਸ ਵਿਚ ਪਹਿਲੀ ਘਟਨਾ ਸੀ, ਪੰਜਾਬ ਵਿਚ ਆਉਣ ਵਾਲੀਆਂ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਦਰਮਿਆਨ ਗੱਠਜੋੜ ਦਾ ਐਲਾਨ। ਦੂਜੀ ਘਟਨਾ ਸੀ, ਉੱਤਰ ਪ੍ਰਦੇਸ਼ ਵਿਚ ਬਹੁਜਨ ਸਮਾਜ ਪਾਰਟੀ ਦੇ ਕੁਝ ਵਿਧਾਇਕਾਂ ਦਾ ਟੁੱਟ ਕੇ ਸਮਾਜਵਾਦੀ ਪਾਰਟੀ ਵਿਚ ਜਾਣਾ। ਤੀਜੀ ਘਟਨਾ ਸੀ, ਉਥੋਂ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੁਆਰਾ ਡਾ. ਭੀਮ ਰਾਓ ਅੰਬੇਡਕਰ ਦੀ ਵੱਡੀ ਮੂਰਤੀ ਬਣਾਉਣ ਦਾ ਐਲਾਨ। ਚੌਥੀ ਘਟਨਾ ਸੀ, ਕੇਂਦਰੀ ਮੰਤਰੀ ਮੰਡਲ ਵਿਚ ਉੱਤਰ ਪ੍ਰਦੇਸ਼ ਤੋਂ ਤਿੰਨ ਦਲਿਤ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ ਬਣਾਉਣਾ ਅਤੇ ਬਿਹਾਰ ਵਿਚ ਪਸ਼ੂਪਤੀ ਨਾਥ ਪਾਰਸ ਨੂੰ ਮੰਤਰੀ ਦਾ ਅਹੁਦਾ ਦੇਣਾ। ਇਸ ਵਿਚ ਕੇਵਲ ਪਹਿਲੀ ਘਟਨਾ ਹੀ ਅਜਿਹੀ ਹੈ ਜੋ ਦਲਿਤ ਅਗਵਾਈ ਲਈ ਕੁਝ ਉਮੀਦ ਜਗਾਉਂਦੀ ਹੈ। ਬਾਕੀ ਤਿੰਨੇ ਘਟਨਾਵਾਂ ਦੱਸਦੀਆਂ ਹਨ ਕਿ ਦਲਿਤ ਸਿਆਸਤ ਵਿਚ ਸਭ ਕੁਝ ਠੀਕ ਨਹੀਂ ਹੈ। ਇਨ੍ਹਾਂ ਘਟਨਾਵਾਂ 'ਤੇ ਇਕ-ਇਕ ਕਰਕੇ ਵਿਚਾਰ ਕਰਨ ਨਾਲ ਦਲਿਤ ਸਿਆਸਤ ਦੀਆਂ ਸਮੱਸਿਆਵਾਂ ਸਪੱਸ਼ਟ ਹੋ ਕੇ ਸਾਹਮਣੇ ਆ ਸਕਦੀਆਂ ਹਨ।

ਧਿਆਨ ਰਹੇ ਕਿ ਅਕਾਲੀ ਦਲ ਇਨ੍ਹੀਂ ਦਿਨੀਂ ਮਾੜੇ ਦੌਰ ਵਿਚੋਂ ਲੰਘ ਰਿਹਾ ਹੈ। ਅਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ਾਂ ਤੋਂ ਪੂਰੀ ਤਰ੍ਹਾਂ ਉਸ ਨੂੰ ਛੁਟਕਾਰਾ ਨਹੀਂ ਮਿਲਿਆ ਅਤੇ ਆਪਣੀ ਪੁਰਾਣੀ ਸਹਿਯੋਗੀ ਜਥੇਬੰਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਉਸ ਦਾ ਨਾਤਾ ਟੁੱਟ ਹੀ ਚੁੱਕਾ ਹੈ; ਭਾਵ ਅਕਾਲੀ ਦਲ ਕੋਲ ਨਾ ਤਾਂ ਉਸ ਲਈ ਸਿੱਖ ਗਾਰੰਟੀਸ਼ੁਦਾ ਵੋਟ ਰਹਿ ਗਏ ਹਨ ਅਤੇ ਨਾ ਹੀ ਹਿੰਦੂ ਵੋਟ। ਮਾਇਆਵਤੀ ਨਾਲ ਗੱਠਜੋੜ ਰਾਹੀਂ ਉਹ ਪੰਜਾਬ ਦੇ ਕਰੀਬ 35 ਫ਼ੀਸਦੀ ਦਲਿਤ ਵੋਟਾਂ ਨਾਲ ਕੁਝ ਉਮੀਦ ਕਰ ਰਿਹਾ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਬਹੁਜਨ ਸਮਾਜ ਪਾਰਟੀ ਦੀ ਸਿਆਸਤ ਪੰਜਾਬ ਕੇਂਦਰਿਤ ਨਾ ਹੋ ਕੇ ਉੱਤਰ ਪ੍ਰਦੇਸ਼ ਕੇਂਦਰਿਤ ਹੈ; ਬਾਵਜੂਦ ਇਸ ਦੇ ਕਿ ਉਸ ਦਾ ਜਨਮ ਪੰਜਾਬ ਵਿਚ ਹੋਇਆ ਸੀ ਅਤੇ ਪੰਜਾਬ ਵਿਚ ਇਸ ਦੇਸ਼ ਦੀ ਸਭ ਤੋਂ ਵੱਡੀ ਦਲਿਤ ਆਬਾਦੀ ਵੀ ਰਹਿੰਦੀ ਹੈ। ਕਾਂਸ਼ੀ ਰਾਮ ਨੇ ਸ਼ੁਰੂਆਤੀ ਦਿਨਾਂ ਨੂੰ ਛੱਡ ਕੇ ਪੰਜਾਬ ਨੂੰ ਕਦੇ ਵੀ ਸਿਆਸਤ ਵਿਚ ਪਹਿਲ ਨਹੀਂ ਦਿੱਤੀ। ਉਨ੍ਹਾਂ ਤੋਂ ਬਾਅਦ ਮਾਇਆਵਤੀ ਨੇ ਵੀ ਪੰਜਾਬ ਵੱਲ ਸਹੀ ਤਰੀਕੇ ਨਾਲ ਨਹੀਂ ਦੇਖਿਆ। ਇਸ ਲਈ ਪੰਜਾਬ ਬਸਪਾ ਕੋਲ ਉਹ ਨੈੱਟਵਰਕ ਨਹੀਂ ਹੈ ਜੋ ਇਸ ਗੱਠਜੋੜ ਨੂੰ ਜ਼ਿਆਦਾ ਫਾਇਦਾ ਦਿਵਾ ਸਕੇ।

ਦੂਜੀ ਗੱਲ ਇਹ ਹੈ ਕਿ ਜੇਕਰ ਉੱਤਰ ਪ੍ਰਦੇਸ਼ ਵਿਚ ਬਸਪਾ ਦੀ ਹਾਲਤ ਠੀਕ ਹੁੰਦੀ ਤਾਂ ਉਹ ਪੰਜਾਬ ਵਿਚ ਜ਼ਿਆਦਾ ਵਿਸ਼ਵਾਸ ਨਾਲ ਦਖ਼ਲ ਦੇ ਸਕਦੀ ਸੀ ਪਰ ਉੱਤਰ ਪ੍ਰਦੇਸ਼ ਵਿਚ ਵੀ ਉਸ ਦੀ ਹਾਲਤ ਖ਼ਸਤਾ ਹੀ ਹੈ। ਇਨ੍ਹਾਂ ਦੋਵਾਂ ਕਾਰਨਾਂ ਨਾਲ ਸਮਝਿਆ ਜਾ ਸਕਦਾ ਹੈ ਕਿ ਇਹ ਗੱਠਜੋੜ ਅਕਾਲੀ ਦਲ ਨੂੰ ਤਾਂ ਲਾਭ ਪਹੁੰਚਾ ਸਕਦਾ ਹੈ ਪਰ ਬਸਪਾ ਨੂੰ ਉਸ ਤੋਂ ਜ਼ਿਆਦਾ ਉਮੀਦ ਨਹੀਂ ਕਰਨੀ ਚਾਹੀਦੀ। ਜਿਥੋਂ ਤੱਕ ਬਸਪਾ ਵਿਧਾਇਕਾਂ ਦੇ ਸਮਾਜਵਾਦੀ ਪਾਰਟੀ ਵਿਚ ਜਾਣ ਦਾ ਮਸਲਾ ਹੈ, ਇਹ ਕੋਈ ਨਵੀਂ ਗੱਲ ਨਹੀਂ ਹੈ। ਬਸਪਾ ਦੇ ਵਿਧਾਇਕ ਤੇ ਨੇਤਾ ਕਦੇ ਭਾਜਪਾ ਵਿਚ ਅਤੇ ਕਦੇ ਸਮਾਜਵਾਦੀ ਪਾਰਟੀ ਵਿਚ ਜਾਂਦੇ-ਆਉਂਦੇ ਰਹਿੰਦੇ ਹਨ। ਜਦੋਂ ਤੱਕ ਮਾਇਆਵਤੀ ਦੀ ਸਾਖ਼ ਚੰਗੀ ਸੀ, ਉਸ ਸਮੇਂ ਤੱਕ ਅਜਿਹੀਆਂ ਸਾਰੀਆਂ ਵੰਡਾਂ ਨੂੰ ਉਨ੍ਹਾਂ ਦੀ ਸਿਆਸੀ ਸ਼ਖ਼ਸੀਅਤ ਪਚਾ ਲੈਂਦੀ ਸੀ ਪਰ ਅੱਜ ਦੀ ਤਰੀਕ ਵਿਚ ਅਜਿਹੀਆਂ ਵੰਡੀਆਂ ਦੀ ਉਨ੍ਹਾਂ ਨੂੰ ਬੜੀ ਵੱਡੀ ਕੀਮਤ ਚੁਕਾਉਣੀ ਪੈ ਸਕਦੀ ਹੈ। ਉਨ੍ਹਾਂ ਲਈ ਇਹ ਸਮਾਂ 'ਕਰੋ ਜਾਂ ਮਰੋ' ਦਾ ਹੈ। ਜੇਕਰ ਉੱਤਰ ਪ੍ਰਦੇਸ਼ ਦੀਆਂ ਚੋਣਾਂ ਵਿਚ ਉਨ੍ਹਾਂ ਨੇ ਸਨਮਾਨਜਨਕ ਪ੍ਰਦਰਸ਼ਨ ਨਾ ਕੀਤਾ ਤਾਂ ਉਨ੍ਹਾਂ ਦੀ ਸਿਆਸਤ ਦਾ ਤਕਰੀਬਨ ਅੰਤ ਹੋ ਜਾਏਗਾ। ਅਖ਼ੀਰ 2007 ਤੋਂ ਬਾਅਦ ਲਗਾਤਾਰ ਪੰਜਵੀਆਂ ਚੋਣਾਂ ਹੋਣਗੀਆਂ, ਜਦੋਂ ਉਨ੍ਹਾਂ ਦੇ ਹੱਥ ਨਾਕਾਮੀ ਲੱਗੇਗੀ।

ਬਸਪਾ ਦੀ ਅਜਿਹੀ ਹਾਲਤ ਕਿਉਂ ਅਤੇ ਕਿਵੇਂ ਹੋਈ? ਕੀ ਸਿਰਫ ਬਸਪਾ ਦਾ ਹੀ ਅਜਿਹਾ ਹਾਲ ਹੋ ਰਿਹਾ ਹੈ? ਬਾਕੀ ਦਲਿਤ ਪਾਰਟੀਆਂ ਕਿਸ ਹਾਲਤ ਵਿਚ ਹਨ? ਇਸ ਦਾ ਜਵਾਬ ਲੱਭਣ ਲਈ ਸਾਨੂੰ ਥੋੜ੍ਹਾ ਇਤਿਹਾਸ ਨੂੰ ਖੋਜਣਾ ਪਵੇਗਾ। ਡਾ. ਭੀਮ ਰਾਓ ਅੰਬੇਡਕਰ ਨੇ ਆਪਣੇ ਦੇਹਾਂਤ ਤੋਂ ਕੁਝ ਸਮਾਂ ਪਹਿਲਾਂ ਰਿਪਬਲਿਕਨ ਪਾਰਟੀ ਦੀ ਸਥਾਪਨਾ ਕਰਕੇ ਜਿਸ ਦਲਿਤ ਸਿਆਸਤ ਦਾ ਆਗਾਜ਼ ਕੀਤਾ ਸੀ, ਉਹ ਅੱਜ ਦੀ ਤਰੀਕ ਵਿਚ ਆਪਣੀ ਹੋਂਦ ਦੇ ਸੰਕਟ ਦਾ ਸਾਹਮਣਾ ਕਰ ਰਹੀ ਹੈ। 2007 ਵਿਚ ਮਾਇਆਵਤੀ ਦੀ ਅਗਵਾਈ ਵਿਚ ਬਹੁਜਨ ਸਮਾਜ ਪਾਰਟੀ ਨੇ ਉੱਤਰ ਪ੍ਰਦੇਸ਼ ਵਿਚ ਸਿਰਫ ਆਪਣੇ ਦਮ 'ਤੇ ਪੂਰਾ ਬਹੁਮਤ ਹਾਸਲ ਕਰਕੇ ਇਸ ਸਿਆਸਤ ਨੂੰ ਸਿਖ਼ਰ 'ਤੇ ਪਹੁੰਚਾਇਆ ਸੀ। ਅੱਜ ਉਸੇ ਬਸਪਾ ਦੇ ਸਾਹਮਣੇ ਖ਼ੁਦ ਨੂੰ ਪ੍ਰਸੰਗਿਕ ਬਣਾਈ ਰੱਖਣ ਦੀ ਚੁਣੌਤੀ ਹੈ। ਬਿਹਾਰ ਦੇ ਸਭ ਤੋਂ ਪ੍ਰਭਾਵੀ ਦਲਿਤ ਨੇਤਾ ਰਾਮ ਵਿਲਾਸ ਪਾਸਵਾਨ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੀ ਲੋਕ ਜਨਸ਼ਕਤੀ ਪਾਰਟੀ ਅੰਦਰੂਨੀ ਕਲੇਸ਼ ਕਾਰਨ ਪੂਰੀ ਤਰ੍ਹਾਂ ਨਾਲ ਵੰਡੀ ਜਾ ਚੁੱਕੀ ਹੈ। ਮਹਾਰਾਸ਼ਟਰ ਵਿਚ ਚਾਹੇ ਰਿਪਬਲਿਕਨ ਪਾਰਟੀ ਦੇ ਛੋਟੇ-ਛੋਟੇ ਧੜੇ ਹਨ, ਜਾਂ ਦਲਿਤ ਪੈਂਥਰ ਦੀਆਂ ਬਚੀਆਂ ਨਿਸ਼ਾਨੀਆਂ ਹੋਣ, ਉਨ੍ਹਾਂ ਦੇ ਜਨਆਧਾਰ ਨੂੰ ਜਾਂ ਤਾਂ ਕਾਂਗਰਸ ਨੇ ਨਿਗਲ ਲਿਆ ਹੈ ਜਾਂ ਸ਼ਿਵ ਸੈਨਾ ਅਤੇ ਭਾਜਪਾ ਨੇ। ਦੱਖਣੀ ਭਾਰਤ ਵਿਚ ਦਲਿਤ ਸੰਘਰਸ਼ ਕਮੇਟੀ ਦੀਆਂ ਪਹਿਲਕਦਮੀਆਂ ਦੀ ਜਿਵੇਂ ਹੁਣ ਇਤਿਹਾਸ ਦੀ ਗੱਲ ਬਣ ਕੇ ਰਹਿ ਗਈਆਂ ਹਨ।

ਸਾਰੇ ਦੇਸ਼ ਵਿਚ ਫੈਲੇ ਹੋਏ ਦਲਿਤਾਂ ਅਤੇ ਪਛੜਿਆਂ ਦੀਆਂ ਵੋਟਾਂ ਨੂੰ ਗੋਲਬੰਦ ਕਰਕੇ ਇਕ ਕੌਮੀ ਦਲਿਤ ਗੋਲਬੰਦੀ ਕਰਨ ਦਾ ਇਰਾਦਾ ਆਖ਼ਰੀ ਵਾਰ 1993 ਵਿਚ ਕਾਂਸ਼ੀ ਰਾਮ ਨੇ ਦਿਖਾਇਆ ਸੀ। ਉਹ ਉੱਤਰ ਪ੍ਰਦੇਸ਼ ਨੂੰ ਮਾਇਆਵਤੀ ਦੇ ਭਰੋਸੇ ਛੱਡ ਕੇ ਸਾਰੇ ਦੇਸ਼ ਦਾ ਦੌਰਾ ਕਰਨ ਨਿਕਲ ਪਏ ਸਨ। ਅੱਜ ਅਸੀਂ ਇਹ ਕਹਿ ਸਕਦੇ ਹਾਂ ਕਿ ਕਾਂਸ਼ੀ ਰਾਮ ਕਿਤੇ ਵੀ ਉੱਤਰ ਪ੍ਰਦੇਸ਼ ਵਾਲਾ ਜਾਦੂ ਨਹੀਂ ਦੁਹਰਾ ਸਕੇ। ਲੋਕਤੰਤਰ ਵਿਚ ਪ੍ਰਭਾਵੀ ਦਲਿਤ ਦਾਅਵੇਦਾਰੀ ਦੇ ਰੂਪ ਵਿਚ ਉਨ੍ਹਾਂ ਕੋਲ ਜੋ ਕੁਝ ਬਚਿਆ ਸੀ, ਉਹ ਉੱਤਰ ਪ੍ਰਦੇਸ਼ ਦੀ ਸਿਆਸਤ ਹੀ ਸੀ ਪਰ ਹੁਣ ਉਨ੍ਹਾਂ ਦੀ ਹੋਂਦ ਦੇ 17 ਸਾਲ ਬਾਅਦ ਉਹ ਉੱਤਰ ਪ੍ਰਦੇਸ਼ ਵੀ ਉਨ੍ਹਾਂ ਦੀ ਪਾਰਟੀ ਲਈ 'ਉਰਵਰ ਪ੍ਰਦੇਸ਼' ਨਹੀਂ ਰਹਿ ਗਿਆ। 2007 ਦੀ ਅਸਾਧਾਰਨ ਜਿੱਤ ਤੋਂ ਬਾਅਦ ਮਾਇਆਵਤੀ ਦਾ ਗਰਾਫ਼ ਹਰ ਚੋਣਾਂ ਵਿਚ ਹੇਠਾਂ ਡਿਗਦਾ ਰਿਹਾ ਹੈ। 30 ਫ਼ੀਸਦੀ ਵੋਟਾਂ ਘਟ ਕੇ 20 ਫ਼ੀਸਦੀ ਤੋਂ ਕੁਝ ਹੀ ਜ਼ਿਆਦਾ ਰਹਿ ਗਈਆਂ ਹਨ। ਜ਼ਾਹਿਰ ਹੈ ਕਿ ਬਸਪਾ ਦਾ ਜਿਸ ਤਰ੍ਹਾਂ ਦਾ ਜਨਆਧਾਰ ਹੈ, ਉਸ ਵਿਚ ਉਸ ਨੂੰ ਜਾਟਵਾਂ ਦੇ ਨਾਲ-ਨਾਲ ਹੋਰ ਪਛੜੇ ਵਰਗਾਂ ਦੀਆਂ ਵੋਟਾਂ ਦੀ ਲੋੜ ਪੈਂਦੀ ਹੈ। ਸਿਰਫ ਜਾਟਵ ਵੋਟ ਉਸ ਨੂੰ ਜ਼ਿਆਦਾ ਤੋਂ ਜ਼ਿਆਦਾ 20 ਤੋਂ 25 ਸੀਟਾਂ ਹੀ ਦਿਵਾ ਸਕਦੇ ਹਨ। ਫਿਲਹਾਲ ਅਜਿਹਾ ਕੋਈ ਸੰਕੇਤ ਨਹੀਂ ਦਿਖਾਈ ਦਿੰਦਾ ਕਿ ਮਾਇਆਵਤੀ ਕੋਲ ਜਾਟਵਾਂ ਤੋਂ ਇਲਾਵਾ ਅਤਿ ਪਛੜੇ, ਅਤਿ ਦਲਿਤਾਂ ਦੇ ਪ੍ਰਤੀਬੱਧ ਸਮਰਥਨ ਦੇ ਨਾਲ-ਨਾਲ ਉੱਚੀ ਜਾਤੀ ਦੇ ਕੁਝ ਹੋਰ ਵੋਟਰਾਂ ਦੀ ਹਮਦਰਦੀ ਜਿੱਤਣ ਦੀਆਂ ਯੁਕਤੀਆਂ ਹਨ।

ਦੇਖਿਆ ਜਾਵੇ ਤਾਂ ਇਸ ਸਮੇਂ ਜ਼ਿਆਦਾਤਰ ਦਲਿਤ ਵੋਟ ਹਵਾ ਵਿਚ ਤੈਰ ਰਹੇ ਹਨ। ਇਨ੍ਹਾਂ ਦਾ ਕੌਣ ਫਾਇਦਾ ਚੁੱਕੇਗਾ? ਸਭ ਤੋਂ ਵੱਡੀ ਦਾਅਵੇਦਾਰੀ ਭਾਜਪਾ ਦੀ ਹੈ। ਉਸ ਨੇ ਉੱਤਰ ਪ੍ਰਦੇਸ਼ ਵਿਚ ਕਰੋੜਾਂ ਰੁਪਏ ਖ਼ਰਚ ਕਰਕੇ ਡਾ. ਅੰਬੇਡਕਰ ਦੀ ਮੂਰਤੀ ਬਣਾਉਣ ਦਾ ਫ਼ੈਸਲਾ ਕੀਤਾ ਹੈ। ਕਾਂਗਰਸ ਕੋਲ ਅਜਿਹੀ ਕਿਸੇ ਦਾਅਵੇਦਾਰੀ ਦੀ ਸਿਆਸੀ ਇੱਛਾ ਸ਼ਕਤੀ ਹੀ ਨਹੀਂ ਹੈ। ਕੀ ਅਖਿਲੇਸ਼ ਯਾਦਵ ਕੋਲ ਜਾਟਵਾਂ ਨੂੰ ਛੱਡ ਕੇ ਬਾਕੀ ਛੋਟੀਆਂ ਦਲਿਤ ਬਰਾਦਰੀਆਂ ਦੀ ਸਿਆਸੀ ਨੁਮਾਇੰਦਗੀ ਨੂੰ ਇਕ ਚੋਣ ਮੰਚ ਮੁਹੱਈਆ ਕਰਾਉਣ ਦੀ ਸਮਰੱਥਾ ਹੈ? ਕੀ ਚੰਦਰ ਸ਼ੇਖਰ ਦੇ ਉਨ੍ਹਾਂ ਵੱਲ ਦੇਖਣ ਦਾ ਕੋਈ ਸਾਕਾਰਾਤਮਕ ਮਤਲਬ ਨਿਕਲੇਗਾ? ਜਾਂ ਓਮ ਪ੍ਰਕਾਸ਼ ਰਾਜਭਰ ਅਤਿ ਦਲਿਤਾਂ ਅਤੇ ਅਤਿ ਪਛੜਿਆਂ ਦਾ ਮੋਰਚਾ ਬਣਾ ਕੇ ਕਿਸੇ ਪਾਰਟੀ ਨਾਲ ਕੋਈ ਲਾਭਕਾਰੀ ਲੈਣ-ਦੇਣ ਕਰ ਸਕਣਗੇ? ਇਨ੍ਹਾਂ ਸਵਾਲਾਂ ਦਾ ਜਵਾਬ ਅਗਲੇ 3-4 ਮਹੀਨਿਆਂ ਵਿਚ ਮਿਲ ਜਾਏਗਾ।

ਭਾਜਪਾ ਇਸ ਸਮੇਂ ਅਜਿਹੀ ਨੀਤੀ 'ਤੇ ਚੱਲ ਰਹੀ ਹੈ ਜਿਸ ਵਿਚ ਦਲਿਤ ਬਰਾਦਰੀਆਂ ਦੇ ਨੇਤਾਵਾਂ ਨੂੰ ਆਪਣੇ ਵੱਲ ਖਿੱਚਣ ਦੀ ਬਜਾਇ ਸਿੱਧਾ ਆਪਣੀ ਪਾਰਟੀ ਵਿਚੋਂ ਚਿਹਰੇ ਖੋਜ ਕੇ ਉਨ੍ਹਾਂ ਦੇ ਰਾਹੀਂ ਵੋਟਰਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਜਾਏ। ਉੱਤਰ ਪ੍ਰਦੇਸ਼ ਵਿਚ ਧਨਗਰ ਅਤੇ ਇਕ ਪਾਸੀ ਨੇਤਾ ਨੂੰ ਮੰਤਰੀ ਬਣਾ ਕੇ ਉਸ ਨੇ ਇਹੀ ਸੰਦੇਸ਼ ਦਿੱਤਾ ਹੈ। ਬਿਹਾਰ ਵਿਚ ਪਾਰਸ ਨੂੰ ਮੰਤਰੀ ਬਣਾ ਕੇ ਉਸ ਨੇ ਦਿਖਾ ਦਿੱਤਾ ਹੈ ਕਿ ਉਹ ਬਿਹਾਰ ਦੀ ਇਕ ਅਹਿਮ ਦਲਿਤ ਪਾਰਟੀ ਨੂੰ ਪੂਰੀ ਤਰ੍ਹਾਂ ਨਾਲ ਆਪਣਾ ਮੁਹਤਾਜ ਬਣਾ ਸਕਦੀ ਹੈ। ਲਗਦਾ ਹੈ ਕਿ ਦਲਿਤਾਂ ਦੇ ਸਿਤਾਰੇ ਨੂੰ ਦੁਬਾਰਾ ਚਮਕਣ ਲਈ ਵਕਤ ਦੀ ਉਡੀਕ ਕਰਨੀ ਪਵੇਗੀ। ਇਹ ਵਕਤ ਕਾਫੀ ਲੰਮਾ ਵੀ ਹੋ ਸਕਦਾ ਹੈ। ਕਾਰਨ ਇਹ ਹੈ ਕਿ ਬਹੁਜਨ ਥੀਸਿਸ ਸਿਰਫ ਬੋਧੀ ਵਿਚਾਰ-ਚਰਚਾ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਉਸ ਦੇ ਜ਼ਰੀਏ ਹੋਣ ਵਾਲੀ ਸਮਾਜਿਕ ਨਿਆਂ ਦੀ ਸਿਆਸਤ ਵਿਚ ਪਹਿਲਾਂ ਵਰਗੀ ਚਮਕ ਨਹੀਂ ਹੈ। ਡਾ. ਅੰਬੇਡਕਰ ਆਪਣੀਆਂ ਤਸਵੀਰਾਂ ਵਿਚ ਪ੍ਰਭਾਵਸ਼ਾਲੀ ਅਤੇ ਮੂਰਤੀਆਂ ਵਿਚ ਸਰਬਵਿਆਪੀ ਲਗਦੇ ਹਨ ਪਰ ਉਨ੍ਹਾਂ ਦਾ ਨਾਂ ਲੈ ਕੇ ਸਿਆਸਤ ਕਰਨ ਵਾਲੇ ਉਨ੍ਹਾਂ ਦੇ ਸਿਆਸੀ ਸੰਦੇਸ਼ ਨੂੰ ਲੋਕਤੰਤਰ ਦੀ ਸ਼ਕਤੀ ਨਹੀਂ ਬਣਾ ਸਕੇ।

***ਲਗਦਾ ਹੈ ਕਿ ਦਲਿਤਾਂ ਦੇ ਸਿਤਾਰੇ ਨੂੰ ਦੁਬਾਰਾ ਚਮਕਣ ਲਈ ਵਕਤ ਦੀ ਉਡੀਕ ਕਰਨੀ ਪਵੇਗੀ। ਇਹ ਵਕਤ ਕਾਫੀ ਲੰਮਾ ਵੀ ਹੋ ਸਕਦਾ ਹੈ। ਕਾਰਨ ਇਹ ਹੈ ਕਿ ਬਹੁਜਨ ਥੀਸਿਸ ਸਿਰਫ ਬੋਧੀ ਵਿਚਾਰ-ਚਰਚਾ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਉਸ ਦੇ ਜ਼ਰੀਏ ਹੋਣ ਵਾਲੀ ਸਮਾਜਿਕ ਨਿਆਂ ਦੀ ਸਿਆਸਤ ਵਿਚ ਪਹਿਲਾਂ ਵਰਗੀ ਚਮਕ ਨਹੀਂ ਹੈ। ਡਾ. ਅੰਬੇਡਕਰ ਆਪਣੀਆਂ ਤਸਵੀਰਾਂ ਵਿਚ ਪ੍ਰਭਾਵਸ਼ਾਲੀ ਅਤੇ ਮੂਰਤੀਆਂ ਵਿਚ ਸਰਬਵਿਆਪੀ ਲਗਦੇ ਹਨ ਪਰ ਉਨ੍ਹਾਂ ਦਾ ਨਾਂ ਲੈ ਕੇ ਸਿਆਸਤ ਕਰਨ ਵਾਲੇ ਉਨ੍ਹਾਂ ਦੇ ਸਿਆਸੀ ਸੰਦੇਸ਼ ਨੂੰ ਲੋਕਤੰਤਰ ਦੀ ਸ਼ਕਤੀ ਨਹੀਂ ਬਣਾ ਸਕੇ।***

# ਬੇਰੁਜ਼ਗਾਰ ਭਾਰਤ ਦੀ ਕਹਾਣੀ...

**ਵਿਸ਼ਵ ਗੁਰੂ ਬਣਨ ਦੇ ਦਾਅਵੇ ਕਰਨ ਵਾਲੀ ਆਰ.ਐਸ.ਐਸ.-ਭਾਜਪਾ ਦੀ ਅਗਵਾਈ ਵਾਲੇ ਭਾਰਤ ਦੀ ਜ਼ਮੀਨੀ ਹਕੀਕਤ ਕੀ ਹੈ, ਉਸ ਬਾਰੇ ਪਿਯੂਸ਼ ਸ਼ਰਮਾ ਦਾ ਇਹ ਅਧਿਐਨ ਅੱਖਾਂ ਖੋਲ੍ਹਣ ਵਾਲਾ ਹੈ। ਇਹ ਦੱਸਦਾ ਹੈ ਕਿ ਇਸ ਵਕਤ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਮਨਜ਼ੂਰਸ਼ੁਦਾ 60 ਲੱਖ ਤੋਂ ਵੱਧ ਅਸਾਮੀਆਂ ਖਾਲੀ ਹਨ। ਇਸ ਅਹਿਮ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।**

ਇੰਨੀ ਵੱਡੀ ਗਿਣਤੀ ਵਿਚ ਖਾਲੀ ਅਸਾਮੀਆਂ ਮੋਦੀ ਸਰਕਾਰ ਦੀਆਂ ਕੰਜੂਸ ਅਤੇ ਲੋਕ ਵਿਰੋਧੀ ਨੀਤੀਆਂ ਦਾ ਨਤੀਜਾ ਹਨ।

ਜੇ ਮੁਲਕ 'ਚ ਸੱਚਮੁੱਚ ਕਿਸੇ ਰਾਹਤ ਪੈਕੇਜ ਦੀ ਲੋੜ ਹੈ, ਤਾਂ ਖਾਲੀ ਅਸਾਮੀਆਂ ਭਰਨੀਆਂ ਚਾਹੀਦੀਆਂ ਅਤੇ ਲੋੜ ਅਨੁਸਾਰ ਨਵੀਆਂ ਪੈਦਾ ਕਰਨੀਆਂ ਚਾਹੀਦੀਆਂ ਹਨ। ਮੋਦੀ ਸਰਕਾਰ ਦੇ ਕਾਰਜਕਾਲ ਵਿਚ ਜਿਥੇ ਬੇਰੁਜ਼ਗਾਰੀ ਇੰਨੀ ਜ਼ਿਆਦਾ ਹੈ, ਉਥੇ ਨਵੀਆਂ ਨੌਕਰੀਆਂ ਨਹੀਂ ਹਨ। ਦੂਜੇ ਪਾਸੇ, ਉਹ ਸਰਕਾਰੀ ਅਹੁਦੇ ਜੋ ਪਹਿਲੀ ਹੀ ਮਨਜ਼ੂਰ ਹਨ, ਉਨ੍ਹਾਂ ਉਪਰ ਨਿਯੁਕਤੀਆਂ ਨਹੀਂ ਕੀਤੀਆਂ ਜਾ ਰਹੀਆਂ। ਕੇਂਦਰ ਅਤੇ ਰਾਜ ਸਰਕਾਰਾਂ ਦੇ ਵੱਖ-ਵੱਖ ਵਿਭਾਗਾਂ ਦੇ ਅੰਕੜਿਆਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਖਾਲੀ ਅਸਾਮੀਆਂ ਦੀ ਗਿਣਤੀ 60 ਲੱਖ ਤੋਂ ਵੱਧ ਹੈ।

ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਦੀ ਅਗਵਾਈ ਵਾਲੀ ਨਰਿੰਦਰ ਮੋਦੀ ਸਰਕਾਰ ਅਤੇ ਰਾਜ ਸਰਕਾਰਾਂ ਦਾ ਰਵੱਈਆ ਬਹੁਤ ਉਦਾਸੀਨ ਹੈ, ਨੌਕਰੀਆਂ ਦੇਣ ਦੀ ਬਜਾਇ, ਇਸ ਗੱਲ 'ਤੇ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ ਕਿ ਅੰਕੜੇ ਕਿਵੇਂ ਲੁਕੋਏ ਜਾਣ। ਕੇਂਦਰ ਸਰਕਾਰ ਅਤੇ ਰਾਜਾਂ ਦੇ ਵੱਖ-ਵੱਖ ਵਿਭਾਗਾਂ ਵਿਚ ਖਾਲੀ ਅਸਾਮੀਆਂ ਦੀ ਹਾਲਤ ਬਾਰੇ ਜਾਣਨ ਲਈ ਅੰਕੜਿਆਂ ਦਾ ਅਧਿਐਨ ਕੀਤੇ ਜਾਣ 'ਤੇ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ। ਅੰਕੜਿਆਂ ਅਨੁਸਾਰ ਕੇਂਦਰ ਅਤੇ ਰਾਜਾਂ ਵਿਚ 60 ਲੱਖ ਤੋਂ ਵੱਧ ਅਸਾਮੀਆਂ ਹਨ ਜੋ ਪਹਿਲਾਂ

**ਪਿਯੂਸ਼ ਸ਼ਰਮਾ**
**ਅਨੁਵਾਦ: ਬੂਟਾ ਸਿੰਘ**

ਹੀ ਮਨਜ਼ੂਰਸ਼ੁਦਾ ਹਨ ਪਰ ਉਨ੍ਹਾਂ ਉਤੇ ਨਿਯੁਕਤੀ ਨਹੀਂ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚੋਂ 9.10 ਲੱਖ ਅਸਾਮੀਆਂ ਕੇਂਦਰ ਸਰਕਾਰ ਦੇ ਮੰਤਰਾਲਿਆਂ ਅਤੇ ਵਿਭਾਗਾਂ ਵਿਚ ਹਨ।

ਉਚ ਸਿੱਖਿਆ ਅਧੀਨ ਕੇਂਦਰੀ ਯੂਨੀਵਰਸਿਟੀ, ਆਈ.ਆਈ.ਟੀ., ਆਈ.ਆਈ.ਆਈ.ਟੀ., ਆਈ.ਆਈ.ਐਮ., ਐਨ.ਆਈ.ਟੀ. ਅਤੇ ਕੇਂਦਰ ਸਰਕਾਰ ਦੇ ਹੋਰ ਵਿਦਿਅਕ ਅਦਾਰਿਆਂ ਵਿਚ ਲਗਭਗ 37 ਹਜ਼ਾਰ ਅਸਾਮੀਆਂ, ਕੇਂਦਰੀ ਵਿਦਿਆਲਿਆ (ਕੇ.ਵੀ.), ਜਵਾਹਰ ਨਵੋਦਿਆ ਵਿਦਿਆਲਿਆ ਅਤੇ ਰਾਜਾਂ ਵਿਚ ਪ੍ਰਾਇਮਰੀ ਸਿੱਖਿਆ ਦੇ ਸਕੂਲਾਂ ਵਿਚ 8.53 ਲੱਖ ਅਸਾਮੀਆਂ ਖਾਲੀ ਹਨ। ਰੂਰਲ ਹੈਲਥ ਸਟੈਟਿਸਟਿਕਸ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੂਰੇ ਮੁਲਕ 'ਚ ਸਿਹਤ ਖੇਤਰ ਵਿਚ 1.68 ਲੱਖ ਅਤੇ ਆਂਗਣਵਾੜੀ ਵਿਚ 1.76 ਲੱਖ ਅਸਾਮੀਆਂ ਖਾਲੀ ਹਨ।

ਮੁਲਕ ਦੇ ਜਨਤਕ ਖੇਤਰ ਦੇ ਬੈਂਕਾਂ ਵਿਚ 2 ਲੱਖ ਅਸਾਮੀਆਂ, ਰੱਖਿਆ ਖੇਤਰ ਵਿਚ ਭਾਰਤੀ ਫੌਜ ਵਿਚ 1.07 ਲੱਖ ਅਸਾਮੀਆਂ, ਕੇਂਦਰੀ ਆਰਮਡ ਪੁਲਿਸ ਫੋਰਸ ਵਿਚ ਲਗਭਗ 92 ਹਜ਼ਾਰ ਅਸਾਮੀਆਂ ਅਤੇ ਇਸ ਦੇ ਨਾਲ ਹੀ ਰਾਜਾਂ ਦੇ ਪੁਲਿਸ ਵਿਭਾਗ ਵਿਚ 5.31 ਲੱਖ ਅਸਾਮੀਆਂ, ਪੂਰੇ ਮੁਲਕ ਦੀਆਂ ਅਦਾਲਤਾਂ ਸੁਪਰੀਮ ਕੋਰਟ, ਹਾਈ ਕੋਰਟ ਅਤੇ ਹੇਠਲੀਆਂ ਅਦਾਲਤਾਂ ਸ਼ਾਮਲ ਹਨ, ਵਿਚ ਪੰਜ ਹਜ਼ਾਰ ਤੋਂ ਵੱਧ ਅਸਾਮੀਆਂ ਖਾਲੀ ਹਨ। ਆਲ ਇੰਡੀਆ ਸਟੇਟ ਗੌਰਮਿੰਟ ਐਂਪਲਾਈਜ਼ ਫੈਡਰੇਸ਼ਨ (ਏ.ਆਈ.ਐਸ.ਜੀ.ਈ.ਐਫ.) ਦੇ ਅਨੁਸਾਰ ਜੇ ਵੱਖ-ਵੱਖ ਰਾਜ ਸਰਕਾਰਾਂ ਵਿਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਨੂੰ ਜੋੜ ਦਿੱਤਾ ਜਾਵੇ ਤਾਂ ਇਹ ਗਿਣਤੀ ਰਾਜਾਂ ਵਿਚ 30 ਲੱਖ ਤੋਂ ਵੱਧ ਹੋ ਜਾਵੇਗੀ।

ਖਾਲੀ ਪਈਆਂ ਅਸਾਮੀਆਂ ਦੇ ਅੰਕੜੇ, ਕੇਂਦਰੀ ਸਰਕਾਰ ਵਿਭਾਗਾਂ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੇ ਅੰਕੜੇ, ਵਿੱਤ ਮੰਤਰਾਲੇ ਦੇ ਖਰਚ ਵਿਭਾਗ ਦੇ ਤਨਖਾਹ ਅਦਾਇਗੀ ਯੂਨਿਟ (ਪੀ.ਈ.ਈ. ਰਿਸਰਚ ਯੂਨਿਟ) ਦੀ ਤਨਖਾਹ ਅਤੇ ਭੱਤਿਆਂ ਬਾਰੇ ਸਾਲਾਨਾ ਰਿਪੋਰਟ ਤੋਂ, ਸਿਹਤ ਨਾਲ ਸਬੰਧਤ ਅੰਕੜੇ, ਪੇਂਡੂ ਸਿਹਤ ਅੰਕੜੇ (ਆਰ.ਐਚ.ਐਸ.) 2019-20 ਤੋਂ, ਆਂਗਣਵਾੜੀ ਦੇ ਅੰਕੜੇ ਲੋਕ ਸਭਾ ਦੇ ਸਵਾਲ ਨੰਬਰ 3980, ਉਚ ਵਿਦਿਆ 'ਚ ਕੇਂਦਰੀ ਵਿਦਿਅਕ ਸੰਸਥਾਵਾਂ ਦਾ ਵੇਰਵਾ ਸਵਾਲ ਨੰਬਰ 1172, ਭਾਰਤੀ ਫੌਜ ਦੇ ਅੰਕੜੇ ਰਾਜ ਸਭਾ ਸਵਾਲ ਨੰਬਰ 2903, ਨਿਆਂ ਵਿਭਾਗ ਵਿਭਾਗ ਲੋਕ ਸਭਾ ਦੇ ਸਵਾਲ ਨੰਬਰ 29, ਰਾਜਾਂ ਵਿਚ ਖਾਲੀ ਪਈਆਂ ਪੁਲਿਸ ਅਸਾਮੀਆਂ ਦੇ ਅੰਕੜੇ ਪੁਲਿਸ ਖੋਜ ਅਤੇ ਵਿਕਾਸ ਬਿਊਰੋ ਦੀ ਰਿਪੋਰਟ, ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕਾਂ ਦੇ ਅੰਕੜੇ ਰਾਜ ਸਭਾ ਦੇ ਸਵਾਲ ਨੰਬਰ 1166, ਕੇਂਦਰੀ ਵਿਦਿਆਲਿਆ ਦੇ ਅੰਕੜੇ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਅਤੇ ਜਵਾਹਰ ਨਵੋਦਿਆ ਵਿਦਿਆਲਿਆ ਦੇ ਅੰਕੜੇ ਰਾਜ ਸਭਾ ਦੇ ਸਵਾਲ ਨੰਬਰ 2579 ਤੋਂ ਲਏ ਗਏ ਹਨ।

ਮੁਲਕ ਦੇ ਕਰੋੜਾਂ ਨੌਜਵਾਨ ਕੰਮ ਦੀ ਘਾਟ ਕਾਰਨ ਰੁਜ਼ਗਾਰ ਲਈ ਬੇਚੈਨ ਹਨ। ਇਸ ਦੇ ਨਾਲ ਹੀ, ਜਦੋਂ ਮੁਲਕ ਵਿਚ ਬੇਰੁਜ਼ਗਾਰੀ ਆਪਣੇ ਸਿਖਰ 'ਤੇ ਹੈ, ਤਾਂ ਇੰਨੀ ਵੱਡੀ ਗਿਣਤੀ ਵਿਚ ਅਸਾਮੀਆਂ ਖਾਲੀ ਦੇਖ ਕੇ ਨਿਰਾਸ਼ਾ ਹੁੰਦੀ ਹੈ। ਬੇ.ਜੀ.ਪੀ. ਦੀ ਅਗਵਾਈ ਵਾਲੀ ਨਰਿੰਦਰ ਮੋਦੀ ਸਰਕਾਰ ਅਤੇ ਰਾਜ ਸਰਕਾਰਾਂ ਰੋਜ਼ਗਾਰ ਨੂੰ ਲੈ ਕੇ ਕਿੰਨੀਆਂ ਕੁ ਚਿੰਤਤ ਹਨ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅਸਾਮੀਆਂ ਦੀ ਗਿਣਤੀ ਲਗਾਤਾਰ ਸਾਲ-ਦਰ-ਸਾਲ ਵਧ ਰਹੀ ਹੈ ਪਰ ਇਸ ਦੇ ਬਾਵਜੂਦ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਸਿਰਫ ਕੇਂਦਰ ਸਰਕਾਰ ਦੇ ਵੱਖ ਵੱਖ ਮੰਤਰਾਲਿਆਂ ਅਤੇ ਵਿਭਾਗਾਂ ਵਿਚ ਹੀ ਸਾਲ 2014-15 ਵਿਚ 4.21 ਲੱਖ ਅਸਾਮੀਆਂ ਖਾਲੀ ਸਨ, ਜੋ ਕਿ ਇਨ੍ਹਾਂ ਵਿਭਾਗਾਂ ਵਿਚ ਮਨਜ਼ੂਰਸ਼ੁਦਾ ਅਸਾਮੀਆਂ ਦਾ 11.5 ਪ੍ਰਤੀਸ਼ਤ ਸੀ। ਸਾਲ 2018-19 ਵਿਚ ਇਨ੍ਹਾਂ ਖਾਲੀ ਅਸਾਮੀਆਂ ਦੀ ਗਿਣਤੀ ਵਧ ਕੇ 9.10 ਲੱਖ ਹੋ ਗਈ ਹੈ ਜੋ ਮਨਜ਼ੂਰਸ਼ੁਦਾ ਕੁਲ ਅਸਾਮੀਆਂ ਦਾ 22.76 ਪ੍ਰਤੀਸ਼ਤ ਹੈ, ਭਾਵ ਖਾਲੀ ਅਸਾਮੀਆਂ ਦੀ ਗਿਣਤੀ 2014-15 ਤੋਂ 2018-19 ਦੇ ਵਿਚਕਾਰ ਦੁੱਗਣੀ ਹੋ ਗਈ ਹੈ।



ਪਿਛਲੇ ਕੁਝ ਸਾਲਾਂ ਵਿਚ ਮਹਿਸੂਸ ਕੀਤਾ ਗਿਆ ਕਿ ਹਰ ਸਾਲ ਵੱਖ-ਵੱਖ ਵਿਭਾਗਾਂ ਵਿਚ, ਜਨਤਕ ਖੇਤਰ ਦੀਆਂ ਇਕਾਈਆਂ, ਵੱਖ-ਵੱਖ ਕੇਂਦਰੀ ਅਦਾਰਿਆਂ, ਜਨਤਕ ਖੇਤਰ ਦੇ ਬੈਂਕਾਂ ਵਿਚ ਹੋਣ ਵਾਲੀਆਂ ਨਿਯੁਕਤੀਆਂ ਵਿਚ ਕਾਫੀ ਕਮੀ ਆਈ ਹੈ। ਆਲ ਇੰਡੀਆ ਬੈਂਕ ਇੰਪਲਾਈਜ਼ ਐਸੋਸੀਏਸ਼ਨ (ਏ.ਆਈ.ਬੀ.ਈ.ਏ.) ਦੇ ਜਨਰਲ ਸਕੱਤਰ ਸੀ.ਐਚ. ਵੈਂਕਟਾਚਲਮ ਦਾ ਕਹਿਣਾ ਹੈ ਕਿ ਬੈਂਕਾਂ ਵਿਚ ਦੋ ਲੱਖ ਤੋਂ ਵੱਧ ਕਲਾਸ-4, ਕਲਾਸ-3 ਅਤੇ ਅਧਿਕਾਰੀ ਕਾਡਰ ਦੀਆਂ ਅਸਾਮੀਆਂ ਖਾਲੀ ਹਨ ਜਿਨ੍ਹਾਂ ਨੂੰ ਬੈਂਕ ਭਰਨਾ ਨਹੀਂ ਚਾਹੁੰਦੇ ਹਨ। ਇਸ ਦੇ ਨਾਲ ਹੀ, ਬੈਂਕ ਕਰਮਚਾਰੀਆਂ ਨੂੰ ਠੇਕੇ 'ਤੇ ਘੱਟ ਤਨਖਾਹ 'ਤੇ ਰੱਖਦੇ ਹਨ ਅਤੇ ਆਊਟਸੋਰਸ ਕੀਤੇ ਕਰਮਚਾਰੀਆਂ ਤੋਂ ਸਥਾਈ ਕਰਮਚਾਰੀਆਂ ਵਾਂਗ ਕੰਮ ਲੈ ਰਹੇ ਹਨ। ਦੂਜੇ ਪਾਸੇ, ਸਰਕਾਰ ਸਰਕਾਰੀ ਅਦਾਰਿਆਂ ਵਿਚ ਨਿਪੁੰਨਤਾ ਅਤੇ ਕਾਰਜ-ਕੁਸ਼ਲਤਾ ਦੀ ਗੱਲ ਕਰਦੀ ਹੈ ਪਰ ਉਸੇ ਸਮੇਂ ਜਦੋਂ ਨਿਯਮਤ ਕਰਮਚਾਰੀਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ ਤਾਂ ਕੁਸ਼ਲਤਾ ਬਿਹਤਰ ਕਿਵੇਂ ਹੋ ਸਕਦੀ ਹੈ?

ਕਰਮਚਾਰੀਆਂ 'ਤੇ ਕੰਮ ਦਾ ਵਧੇਰੇ ਬੋਝ ਹੋਣ ਕਾਰਨ ਉਹ ਨਿਰਾਸ਼ਾ, ਤਣਾਅ ਤੇ ਮਾਨਸਿਕ ਦਬਾਅ ਕਾਰਨ ਕੰਮ ਸਮੇਂ 'ਤੇ ਪੂਰਾ ਨਹੀਂ ਕਰ ਪਾਉਂਦੇ। ਇਸ ਸਮੇਂ ਬੈਂਕਾਂ ਵਿਚ ਕਾਰੋਬਾਰ ਪਹਿਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਵਧਿਆ ਹੈ ਜਿਸ ਕਾਰਨ ਕਰਮਚਾਰੀਆਂ ਦੇ ਕੰਮ ਵਿਚ ਚੋਖਾ ਵਾਧਾ ਹੋਇਆ ਹੈ। ਬਹੁਤ ਸਾਰੀਆਂ ਸਰਕਾਰੀ ਯੋਜਨਾਵਾਂ ਸਿਰਫ ਬੈਂਕਾਂ ਜ਼ਰੀਏ ਹੀ ਲਾਗੂ ਕੀਤੀਆਂ ਜਾਂਦੀਆਂ ਹਨ। ਅਜਿਹੀ ਹਾਲਤ 'ਚ ਨਿਯਮਤ ਅਤੇ ਸਥਾਈ ਕਰਮਚਾਰੀ ਰੱਖਣਾ ਬਿਹਤਰ ਹੈ। ਕਰਮਚਾਰੀ ਕੁਸ਼ਲਤਾ ਨਾਲ ਕੰਮ ਕਰ ਸਕਣ, ਇਸ ਲਈ ਇਹ ਜ਼ਰੂਰੀ ਹੈ ਕਿ ਜਲਦੀ ਹੀ ਬੈਂਕਾਂ ਵਿਚ 2 ਲੱਖ ਤੋਂ ਵੱਧ ਖਾਲੀ ਅਸਾਮੀਆਂ ਭਰੀਆਂ ਜਾਣ।

ਕੇਂਦਰ ਸਰਕਾਰ ਦੇ ਕਰਮਚਾਰੀ ਅਤੇ ਮਜ਼ਦੂਰ ਸੰਘ ਦੇ ਜਨਰਲ ਸਕੱਤਰ ਆਰ.ਐਨ. ਪਰਾਸ਼ਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੇ ਸਾਰੇ ਵਿਭਾਗਾਂ ਵਿਚ, ਵੱਖ ਵੱਖ ਪੀ.ਐਸ.ਯੂ., ਖੁਦਮੁਖਤਿਆਰੀ ਸੰਸਥਾਵਾਂ ਜਿਵੇਂ ਆਈ.ਆਈ.ਟੀ., ਆਈ.ਆਈ.ਐਮ., ਇਸਰੋ, ਬਹੁਤ ਸਾਰੇ ਵਿਗਿਆਨਕ ਖੋਜ ਅਦਾਰਿਆਂ, ਬੈਂਕਾਂ ਵਿਚ ਕੁਲ ਮਿਲਾ ਕੇ 24 ਲੱਖ ਅਸਾਮੀਆਂ ਖਾਲੀ ਪਈਆਂ ਹਨ, ਹਰ ਵਿਭਾਗ ਵਿਚ 30 ਤੋਂ 35 ਪ੍ਰਤੀਸ਼ਤ ਅਸਾਮੀਆਂ ਖਾਲੀ ਹਨ। ਕੁਝ ਵਿਭਾਗਾਂ ਵਿਚ ਤਾਂ ਵੀ 40 ਤੋਂ 50 ਪ੍ਰਤੀਸ਼ਤ ਅਸਾਮੀਆਂ ਖਾਲੀ ਪਈਆਂ ਹਨ। ਸਰਕਾਰ ਜਨਤਕ ਖੇਤਰ ਨੂੰ ਨਿਰੰਤਰ ਵੇਚਣ ਲਈ ਤਹੂ ਹੈ।

ਪਹਿਲਾਂ ਜਨਤਕ ਖੇਤਰ ਵਿਚ ਸਰਕਾਰ ਦੀ ਹਿੱਸੇਦਾਰੀ 51 ਪ੍ਰਤੀਸ਼ਤ ਤੋਂ 76 ਪ੍ਰਤੀਸ਼ਤ ਤੱਕ ਹੁੰਦੀ ਸੀ ਅਤੇ ਇਸ ਤੋਂ ਇਲਾਵਾ ਮੁਨਾਫਿਆਂ ਵਿਚ ਵੀ ਹਿੱਸਾ ਮਿਲਦਾ ਸੀ, ਪਰ ਜਦੋਂ ਸਰਕਾਰ ਆਪਣੇ ਸ਼ੇਅਰ ਵੇਚ ਦਿੰਦੀ ਹੈ ਤਾਂ ਇਸ ਨੂੰ ਇਕਮੁਸ਼ਤ ਰਕਮ ਤਾਂ ਮਿਲ ਜਾਂਦੀ ਹੈ ਪਰ ਇਸ ਤੋਂ ਹੋਣ ਵਾਲੀ ਨਿਯਮਤ ਆਮਦਨੀ ਖਤਮ ਹੋ ਗਈ। ਕੇਂਦਰ ਦੀ ਮੋਦੀ ਸਰਕਾਰ ਨੇ ਕਿਹਾ ਸੀ ਕਿ 'ਘੱਟੋ-ਘੱਟ ਸਰਕਾਰ, ਵੱਧ ਤੋਂ ਵੱਧ ਸ਼ਾਸਨ', ਜਿਸ ਕਾਰਨ ਲੋਕਾਂ ਨੇ ਸੋਚਿਆ ਕਿ ਸ਼ਾਇਦ ਮੰਤਰੀ ਮੰਡਲ ਛੋਟਾ ਹੋਵੇਗਾ ਜੋ ਵਧੇਰੇ ਕੰਮ ਕਰੇਗਾ ਪਰ ਹੁਣ ਇਹ ਪਰਿਭਾਸ਼ਾ ਨਹੀਂ ਹੈ ਸਗੋਂ ਮੋਦੀ ਦੀ ਪਰਿਭਾਸ਼ਾ ਇਹ ਹੈ ਕਿ ਇੱਥੇ ਘੱਟ ਸਰਕਾਰੀ ਵਿਭਾਗ ਅਤੇ ਸਰਕਾਰੀ ਅਦਾਰੇ ਹੋਣੇ ਚਾਹੀਦੇ ਹਨ, ਘੱਟ ਕਰਮਚਾਰੀ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਤੋਂ ਵੱਧ ਤੋਂ ਵੱਧ ਕੰਮ ਲਿਆ ਜਾਣਾ ਚਾਹੀਦਾ ਹੈ ਅਤੇ ਬਾਕੀ ਆਊਟਸੋਰਸ 'ਚ ਬੰਧੂਆ ਮਜ਼ਦੂਰੀ ਕਰਵਾ ਕੇ ਕੰਮ ਲਿਆ ਜਾਵੇ ਜਿਸ ਦੀ ਨੌਕਰੀ ਦੀ ਕੋਈ ਸੁਰੱਖਿਆ ਨਹੀਂ ਹੈ ਅਤੇ ਕਿਸੇ ਸਮਾਜਿਕ ਸੁਰੱਖਿਆ ਅਦਾ ਕਰਨ ਦੀ ਜ਼ਰੂਰਤ ਨਹੀਂ ਹੈ। ਅਟਲ ਬਿਹਾਰੀ ਵਾਜਪਾਈ ਸਰਕਾਰ ਨੇ ਪੈਨਸ਼ਨ ਖਤਮ ਕੀਤੀ ਅਤੇ ਹੁਣ ਮੋਦੀ ਨੌਕਰੀ ਖਤਮ ਕਰਨ 'ਤੇ ਤੁਲੇ ਹੋਏ ਹਨ।

### ਰਾਜਾਂ 'ਚ ਖਾਲੀ ਅਸਾਮੀਆਂ

ਮੋਦੀ ਸਰਕਾਰ ਰਾਜਾਂ ਵਿਚ ਖਾਲੀ ਅਸਾਮੀਆਂ ਬਾਰੇ ਪੂਰੀ ਤਰ੍ਹਾਂ ਚੁੱਪ ਹੈ ਅਤੇ ਰਾਜ ਵਿਚ ਖਾਲੀ ਅਸਾਮੀਆਂ ਦਾ ਐਲਾਨ ਕਰਨ ਤੋਂ ਇਨਕਾਰੀ ਹੈ, ਕਿਉਂਕਿ ਉਸ ਦਾ ਮੰਨਣਾ ਹੈ ਕਿ ਇਹ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ। ਰਾਜ ਦੇ ਬਜਟ ਦਸਤਾਵੇਜ਼ਾਂ ਅਨੁਸਾਰ ਇਕੱਲੇ ਉਤਰ ਪ੍ਰਦੇਸ਼ ਵਿਚ 13 ਲੱਖ ਅਸਾਮੀਆਂ ਮਨਜ਼ੂਰ ਹਨ ਜਿਨ੍ਹਾਂ ਵਿਚੋਂ 4 ਲੱਖ ਤੋਂ ਵੱਧ ਖਾਲੀ ਹਨ।

ਰਾਜਾਂ ਵਿਚ ਸਰਕਾਰੀ ਅਸਾਮੀਆਂ ਬਾਰੇ ਚਰਚਾ ਕਰਦਿਆਂ ਆਲ ਇੰਡੀਆ ਰਾਜ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ (ਏ. ਆਈ. ਐਸ. ਜੀ. ਈ. ਐਫ.) ਦੇ ਜਨਰਲ ਸੈਕਟਰੀ ਸੁਭਾਸ਼ ਲਾਂਬਾ ਦਾ ਕਹਿਣਾ ਹੈ ਕਿ ਆਬਾਦੀ ਅਤੇ ਕੰਮ ਦੇ ਮਾਮਲੇ ਵਿਚ ਸਾਰੇ ਰਾਜਾਂ ਵਿਚ 30 ਲੱਖ ਤੋਂ ਵੱਧ ਅਸਾਮੀਆਂ ਖਾਲੀ ਹਨ। ਐਨੀ ਵੱਡੀ ਗਿਣਤੀ 'ਚ ਅਸਾਮੀਆਂ ਖਾਲੀ ਹੋਣ ਕਾਰਨ, ਮੌਜੂਦਾ ਨਿਯੁਕਤ ਕਰਮਚਾਰੀ ਵਾਧੂ ਬੋਝ ਕਾਰਨ ਤਸੱਲੀਬਖ਼ਸ਼ ਸੇਵਾਵਾਂ ਮੁਹੱਈਆ ਨਹੀਂ ਕਰ ਸਕਦੇ। ਰਾਜ ਸਰਕਾਰ ਖਾਲੀ ਅਸਾਮੀਆਂ ਦੀ ਨਿਯੁਕਤੀ ਨਾ ਕਰਕੇ ਪੈਸੇ ਬਚਾਉਂਦੀ ਹੈ, ਕਿਉਂਕਿ ਅਸਾਮੀਆਂ ਨੂੰ ਭਰਨ ਲਈ ਰਾਜਾਂ ਨੂੰ ਬਜਟ ਵਿਚ ਵੱਡੀ ਰਕਮ ਦੀ ਜ਼ਰੂਰਤ ਹੋਏਗੀ ਜਿਸ ਨੂੰ ਬਚਾਉਣ ਲਈ ਰਾਜ ਸਥਾਈ ਨਿਯੁਕਤੀਆਂ ਦੀ ਬਜਾਇ ਠੇਕੇ 'ਤੇ ਨਿਯੁਕਤੀਆਂ ਕਰਦੇ ਹਨ ਅਤੇ ਜਦੋਂ ਠੇਕੇ 'ਤੇ ਰੱਖੇ ਕਰਮਚਾਰੀਆਂ ਦੀ ਕੋਈ ਨੌਕਰੀ ਦੀ ਸੁਰੱਖਿਆ ਨਹੀਂ ਹੈ ਤਾਂ ਉਹ ਸਥਾਈ ਕਰਮਚਾਰੀ ਵਾਂਗ ਕੰਮ ਵੀ ਨਹੀਂ ਕਰਨਗੇ ਅਤੇ ਉਨ੍ਹਾਂ ਦੀ ਉਸ ਤਰ੍ਹਾਂ ਨਾਲ ਕੋਈ ਜ਼ਿੰਮੇਵਾਰੀ ਨਹੀਂ ਹੈ। ਸਥਾਈ ਨਿਯੁਕਤੀਆਂ ਨਾ ਕਰਨ ਦਾ ਹਰਜਾਨਾ ਸਭ ਤੋਂ ਜ਼ਿਆਦਾ ਇਸ ਸਮੇਂ ਵਾਧੂ ਬੋਝ ਹੇਠ ਕੰਮ ਕਰ ਰਹੇ ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਇਸ ਸਭ ਦੇ ਬਾਵਜੂਦ ਰਾਜ ਇਸ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ। ਪਿਛਲੇ ਕੁਝ ਸਾਲਾਂ 'ਚ ਵੱਡੀ ਗਿਣਤੀ ਵਿਚ ਕਰਮਚਾਰੀ ਸੇਵਾ ਮੁਕਤ ਹੋ ਗਏ ਹਨ ਜਿਸ ਕਾਰਨ ਖਾਲੀ ਅਸਾਮੀਆਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ ਕਿਉਂਕਿ ਇਨ੍ਹਾਂ ਖਾਲੀ ਅਸਾਮੀਆਂ 'ਤੇ ਸਥਾਈ ਭਰਤੀ ਨਹੀਂ ਕੀਤੀ ਗਈ ਹੈ। ਇਹ ਖਾਲੀ ਅਸਾਮੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਜਿਨ੍ਹਾਂ ਨੂੰ ਬਹੁਤ ਪਹਿਲਾਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਮਨਜ਼ੂਰ ਕੀਤਾ ਗਿਆ ਸੀ, ਅੱਜ ਜਦੋਂ ਆਬਾਦੀ ਵਿਚ ਬਹੁਤ ਵਾਧਾ ਹੋ ਰਿਹਾ ਹੈ ਤਾਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ ਵਧਾਉਣ ਦੀ ਲੋੜ ਹੈ। ਮੌਜੂਦਾ ਅਬਾਦੀ ਅਤੇ ਕੰਮ ਦੇ ਮੱਦੇਨਜ਼ਰ ਰਾਜਾਂ ਵਿਚ ਲਗਭਗ 15 ਤੋਂ 20 ਲੱਖ ਨਵੀਆਂ ਅਸਾਮੀਆਂ ਪੈਦਾ ਕਰਨੀਆਂ ਚਾਹੀਦੀਆਂ ਹਨ।

### ਸਥਾਈ ਨਿਯੁਕਤੀਆਂ ਅਹਿਮ ਕਿਉਂ?

ਕਰੋਨਾ ਮਹਾਮਾਰੀ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਤ੍ਰਾਸਦੀ ਦੌਰਾਨ ਸਿਰਫ ਸਰਕਾਰੀ ਤੰਤਰ ਹੀ ਮਜ਼ਬੂਤੀ ਨਾਲ ਲੜ ਰਿਹਾ ਸੀ ਅਤੇ ਉਨ੍ਹਾਂ ਵਿਚੋਂ ਵੀ ਜ਼ਰੂਰੀ ਸੇਵਾਵਾਂ ਦਾ ਖੇਤਰ ਜਿਸ ਵਿਚ ਸਿਹਤ, ਪੁਲਿਸ, ਬੈਂਕ ਲਗਾਤਾਰ ਲੋਕਾਂ ਨੂੰ ਸਹੂਲਤਾਂ ਮੁਹੱਈਆ ਕਰ ਰਹੇ ਸਨ ਪਰ ਪ੍ਰਾਈਵੇਟ ਖੇਤਰ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ ਸੀ, ਜਾਂ ਜੋ ਵੀ ਸੀ, ਉਹ ਸਿਰਫ ਮੁਨਾਫਾ ਕਮਾਉਣ ਵਿਚ ਰੁੱਝਿਆ ਹੋਇਆ ਸੀ ਜਿਸ ਕਾਰਨ ਪ੍ਰਾਈਵੇਟ ਸੈਕਟਰ ਆਮ ਲੋਕਾਂ ਦੀ ਬਹੁਗਿਣਤੀ ਤੋਂ ਦੂਰ ਸੀ। ਦੂਜੇ ਪਾਸੇ, ਸਰਕਾਰੀ ਤੰਤਰ ਵਿਚ ਸਟਾਫ ਅਤੇ ਸਹੂਲਤਾਂ ਦੀ ਘਾਟ ਕਾਰਨ ਆਮ ਲੋਕ ਦਰ-ਦਰ ਭਟਕਦੇ ਰਹੇ।

ਮੁੱਖ ਖੇਤਰਾਂ ਜਿਵੇਂ ਸਿੱਖਿਆ ਅਤੇ ਸਿਹਤ ਦੀਆਂ ਖਾਲੀ ਅਸਾਮੀਆਂ ਦੇ ਜੋ ਸਭ ਤੋਂ ਹੈਰਤਅੰਗੇਜ਼ ਅੰਕੜੇ ਹਨ, ਉਸ ਦਾ ਸਭ ਤੋਂ ਵੱਡਾ ਕਾਰਨ ਬਹੁਤ ਹੀ ਘੱਟ ਫੰਡ ਅਤੇ ਫੰਡਾਂ ਵਿਚ ਕਟੌਤੀ ਹੈ ਜਿਸ ਕਾਰਨ ਸਕੂਲਾਂ ਅਤੇ ਕਾਲਜਾਂ 'ਚੋਂ ਲੱਖਾਂ ਅਧਿਆਪਕ ਗ਼ਾਇਬ ਹਨ, ਇਥੋਂ ਤੱਕ ਕਿ ਨਾਮਵਰ ਸੰਸਥਾਵਾਂ, ਆਈ.ਆਈ.ਐਮ. ਅਤੇ ਆਈ.ਆਈ.ਟੀ. 'ਚ ਵੀ। ਨਾਲ ਹੀ, ਮੋਦੀ ਸ਼ਾਸਨ ਦੌਰਾਨ ਸਿੱਖਿਆ ਅਤੇ ਸਿਖਲਾਈ ਦੇ ਪੱਧਰ ਵਿਚ ਗਿਰਾਵਟ ਆਈ ਹੈ ਜਿਸ ਨੂੰ 'ਏ.ਐਸ.ਆਰ.' (ਸਿੱਖਿਆ ਦੀ ਸਾਲਾਨਾ ਹਾਲਤ ਦੀ ਰਿਪੋਰਟ) ਵਿਚ ਵਿਸਥਾਰ ਨਾਲ ਦੇਖਿਆ ਜਾ ਸਕਦਾ ਹੈ। ਸਿੱਖਿਆ ਪ੍ਰਣਾਲੀ ਦੀ ਇਹ ਘਾਟ ਭਾਰਤ ਦੇ ਭਵਿੱਖ ਨੂੰ ਹਨੇਰੇ ਵਿਚ ਸੁੱਟ ਰਹੀ ਹੈ।

ਨੈਸ਼ਨਲ ਹੈਲਥ ਮਿਸ਼ਨ ਪ੍ਰੋਗਰਾਮ ਵਿਚ ਇਸੇ ਤਰ੍ਹਾਂ ਦੀ ਲਾਪਰਵਾਹੀ ਵਾਲੀ ਪਹੁੰਚ ਨਜ਼ਰ ਆਉਂਦੀ ਹੈ ਜੋ ਭਾਰਤੀ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਵਾਲਾ ਮੁੱਖ ਪ੍ਰੋਗਰਾਮ ਹੈ। ਦਿਹਾਤੀ ਸਿਹਤ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਮਾਹਰ, ਜਨਰਲ ਪ੍ਰੈਕਟੀਸ਼ਨਰ, ਨਰਸਾਂ, ਟੈਕਨੀਸ਼ੀਅਨ ਅਤੇ ਹੋਰ ਪੈਰਾਮੈਡੀਕਲ ਸਟਾਫ ਸਮੇਤ ਮੁੱਖ ਸਿਹਤ ਕਰਮਚਾਰੀਆਂ ਦੀਆਂ 1.68 ਲੱਖ ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ 1.76 ਲੱਖ ਅਸਾਮੀਆਂ ਖਾਲੀ ਹਨ ਜੋ ਪੋਸ਼ਣ ਅਤੇ ਬੱਚਿਆਂ ਦੀ ਦੇਖਭਾਲ ਦੀਆਂ ਸੇਵਾਵਾਂ ਦਿੰਦੇ ਹਨ, ਜਿਨ੍ਹਾਂ ਦੀ ਭਰਤੀ ਨਹੀਂ ਕੀਤੀ ਗਈ। ਐਨ.ਐਫ.ਐਚ.ਐਸ.-5 ਦੇ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਪੰਜ ਸਾਲਾਂ ਵਿਚ ਮਧਰੇ (ਉਮਰ ਦੇ ਹਿਸਾਬ ਨਾਲ ਘੱਟ ਕੱਦ), ਕਮਜ਼ੋਰ (ਕੱਦ ਦੇ ਹਿਸਾਬ ਨਾਲ ਘੱਟ ਭਾਰ) ਅਤੇ ਕੁਪੋਸ਼ਿਤ (ਉਮਰ ਦੇ ਹਿਸਾਬ ਨਾਲ ਘੱਟ ਭਾਰ) ਬੱਚਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਬੱਚਿਆਂ ਦੀ ਸਿਹਤ ਵਿਚ ਸੁਧਾਰ ਦੇ ਇਕ ਦਹਾਕੇ ਦੇ ਉਲਟ ਇਹ ਹਾਲਤ ਬਣੀ ਹੋਈ ਹੈ। ਅਦਾਲਤਾਂ ਵਿਚ ਵੱਡੀ ਗਿਣਤੀ ਵਿਚ ਖਾਲੀ ਅਸਾਮੀਆਂ ਕਾਰਨ 4.28 ਕਰੋੜ ਅਦਾਲਤੀ ਕੇਸ ਲਟਕੇ ਹੋਏ ਹਨ।

### ਅਰਥਸ਼ਾਸਤਰੀ ਕੀ ਕਹਿੰਦੇ ਹਨ

ਸਰਕਾਰੀ ਅਹੁਦੇ 'ਤੇ ਬਿਰਾਜਮਾਨ ਵਿਕਾਸ ਅਰਥਸ਼ਾਸਤਰੀ ਦੀਪਾ ਸਿਨਹਾ ਕਹਿੰਦੀ ਹੈ ਕਿ ਮੁਲਕ ਦੇ ਜੋ ਹਾਲਾਤ ਹਨ, ਉਸ ਵਿਚ ਖਾਲੀ ਪਈਆਂ ਅਸਾਮੀਆਂ ਨੂੰ ਫਿਲਹਾਲ ਭਰਨਾ ਵਧੀਆ ਕਦਮ ਹੋਵੇਗਾ, ਕਿਉਂਕਿ ਇਸ ਸਮੇਂ ਮੰਡੀ 'ਚ ਮੰਗ ਦੀ ਘਾਟ ਹੈ। ਲੋਕਾਂ ਕੋਲ ਨੌਕਰੀਆਂ ਨਹੀਂ ਹਨ, ਇਹ ਜੋ ਖਾਲੀ ਅਸਾਮੀਆਂ ਹਨ, ਉਥੇ ਹਰ ਪੱਧਰ ਦੇ ਕਰਮਚਾਰੀ ਹੋਣਗੇ ਅਤੇ ਇਹ ਅਜਿਹੇ ਲੋਕ ਹਨ ਜੋ ਪੈਸਾ ਹੱਥ 'ਚ ਹੋਣ 'ਤੇ ਖਰਚ ਵੀ ਕਰਦੇ ਹਨ ਅਤੇ ਜੋ ਵਸਤਾਂ ਇਹ ਲੋਕ ਖਰੀਦਦੇ ਹਨ, ਉਹ ਬਹੁਤ ਮਹਿੰਗੀਆਂ ਜਾਂ ਦਰਾਮਦ ਵਸਤਾਂ ਨਹੀਂ ਹੁੰਦੀਆਂ ਸਗੋਂ ਸਥਾਨਕ ਵਸਤਾਂ ਹੁੰਦੀਆਂ ਹਨ ਜੋ ਵਧੇਰੇ ਰੁਜ਼ਗਾਰ ਵਧਾਉਣਗੀਆਂ ਅਤੇ ਆਰਥਿਕਤਾ ਨੂੰ ਹੁਲਾਰਾ ਦੇਣਗੀਆਂ। ਫਿਲਹਾਲ ਸਰਕਾਰ ਕਰੋਨਾ ਦੌਰ ਦੌਰਾਨ ਰਾਹਤ ਪੈਕੇਜ ਦੇਣ ਦੀ ਗੱਲ ਕਰ ਰਹੀ ਹੈ ਪਰ ਸਿਰਫ ਕਾਰਪੋਰੇਟ ਹੀ ਇਸ ਦਾ ਸਭ ਤੋਂ ਜ਼ਿਆਦਾ ਫਾਇਦਾ ਉਠਾਏਗਾ। ਉਂਜ, ਜੇ ਅਰਥਚਾਰੇ ਨੂੰ ਮੁੜ ਲੀਹ 'ਤੇ ਲਿਆਉਣਾ ਹੈ ਤਾਂ ਤੁਰੰਤ ਬਿਨਾ ਦੇਰੀ ਖਾਲੀ ਅਸਾਮੀਆਂ ਭਰਨਾ ਸਹੀ ਅਰਥਾਂ ਵਿਚ ਵਧੀਆ ਰਾਹਤ ਪੈਕੇਜ ਹੋਵੇਗਾ ਜੋ ਆਰਥਿਕਤਾ ਦੇ ਵਧੇ ਵਿਚ ਮਦਦਗਾਰ ਹੋਵੇਗਾ ਅਤੇ ਇਸ ਨੂੰ ਅਰਥ ਸ਼ਾਸਤਰ ਦੀ ਭਾਸ਼ਾ ਵਿਚ ਕਿਹਾ ਜਾਵੇ ਤਾਂ ਇਹ ਅਰਥ ਵਿਵਸਥਾ ਵਿਚ ਮਲਟੀਪਲਾਇਅਰ ਦਾ ਕੰਮ ਕਰੇਗਾ, ਸੇਵਾਵਾਂ ਦੀ ਗੁਣਵੱਤਾ ਵਿਚ ਵੀ ਵਾਧਾ ਹੋਵੇਗਾ ਅਤੇ ਲੋਕਾਂ ਨੂੰ ਰੋਜ਼ਗਾਰ ਮਿਲਣ ਨਾਲ ਨਾ ਸਿਰਫ ਆਰਥਿਕਤਾ ਵਿਚ ਵਾਧਾ ਹੋਵੇਗਾ ਬਲਕਿ ਇਸ ਨਾਲ ਸਿਹਤ, ਸਿੱਖਿਆ, ਪੋਸ਼ਣ ਆਦਿ ਖੇਤਰਾਂ ਵਿਚ ਵੀ ਸੁਧਾਰ ਹੋਵੇਗਾ।

ਜਦੋਂ ਏਨੀ ਵੱਡੀ ਗਿਣਤੀ ਵਿਚ ਲੋਕ ਬੇਰੁਜ਼ਗਾਰ ਹਨ ਤਾਂ ਇਹ ਬਹੁਤ ਮੰਦਭਾਗਾ ਹੈ ਕਿ ਇੰਨੀਆਂ ਅਸਾਮੀਆਂ ਖਾਲੀ ਹਨ। ਇਹ ਬੇਰੁਜ਼ਗਾਰੀ ਨਹੀਂ, ਮਹਾਮਾਰੀ ਹੈ। ਸਮਾਜ ਦਾ ਕੋਈ ਵਰਗ ਇਸ ਤੋਂ ਬਚਿਆ ਨਹੀਂ। ਇਉਂ ਖਾਲੀ ਅਸਾਮੀਆਂ ਹੋਣਾ ਕੋਈ ਨਵੀਂ ਗੱਲ ਵੀ ਨਹੀਂ ਹੈ। ਦਰਅਸਲ 1990-91 ਤੋਂ ਜਦੋਂ ਤੋਂ ਮੁਲਕ ਵਿਚ ਨਵੀਂ ਆਰਥਿਕ ਨੀਤੀ ਆਈ ਹੈ, ਉਦੋਂ ਤੋਂ ਸਰਕਾਰਾਂ ਨੇ ਮੰਨਣਾ ਸ਼ੁਰੂ ਕਰ ਦਿੱਤਾ ਹੈ ਕਿ ਜ਼ਿਆਦਾ ਲੋਕਾਂ ਨੂੰ ਬਾਕਾਇਦਾ ਨੌਕਰੀ 'ਤੇ ਰੱਖਣ ਦੀ ਜ਼ਰੂਰਤ ਨਹੀਂ ਹੈ ਅਤੇ ਸਾਰੀਆਂ ਹੀ ਸਰਕਾਰਾਂ ਨੇ ਨੌਕਰੀਆਂ ਘਟਾਉਣੀਆਂ ਸ਼ੁਰੂ ਕਰ ਦਿੱਤੀਆਂ। ਖਾਲੀ ਅਸਾਮੀਆਂ ਇਨ੍ਹਾਂ ਨਵਉਦਾਰਵਾਦੀ ਨੀਤੀਆਂ ਦਾ ਹਿੱਸਾ ਹਨ।

ਅਸਾਮੀਆਂ ਖਾਲੀ ਹੋਣਾ ਮਹਿਜ਼ ਪ੍ਰਬੰਧਕੀ ਗੜਬੜ ਜਾਂ ਨੁਕਸ ਨਹੀਂ ਹੈ ਸਗੋਂ ਇਹ ਸਰਕਾਰ ਦੀ ਨੀਤੀਗਤ ਸਮਝ ਹੈ ਕਿ ਅਸਾਮੀਆਂ ਨਹੀਂ ਭਰੀਆਂ ਜਾਣੀਆਂ ਚਾਹੀਦੀਆਂ। ਮੁਲਕ ਵਿਚ ਨੌਜਵਾਨਾਂ ਦੀ ਇੰਨੀ ਵੱਡੀ ਆਬਾਦੀ ਹੈ ਅਤੇ ਇੰਨੀ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਕੋਈ ਸੰਵੇਦਨਸ਼ੀਲ ਸਰਕਾਰ ਹੁੰਦੀ ਤਾਂ ਆਪਣੇ ਨੌਜਵਾਨਾਂ ਦੀ ਸਮੱਸਿਆ ਨੂੰ ਬੁਨਿਆਦੀ ਪੱਧਰ 'ਤੇ ਸਮਝਦੀ ਹੋਈ ਨਾ ਸਿਰਫ ਜੰਗੀ ਪੱਧਰ' ਤੇ ਮਨਜ਼ੂਰਸ਼ੁਦਾ ਅਸਾਮੀਆਂ ਨੂੰ ਭਰਦੀ ਸਗੋਂ ਜ਼ਰੂਰਤ ਅਨੁਸਾਰ ਨਵੀਆਂ ਵੀ ਪੈਦਾ ਕਰਦੀ।

ਮੁਲਕ ਵਿਚ ਮਨਜ਼ੂਰ ਅਸਾਮੀਆਂ ਪਹਿਲਾਂ ਹੀ ਘੱਟ ਹਨ। ਪੂਰੀ ਤਰ੍ਹਾਂ ਭਰ ਦਿੱਤੇ ਜਾਣ 'ਤੇ ਵੀ ਉਹ ਕੌਮਾਂਤਰੀ ਮਾਪਦੰਡਾਂ ਨਾਲੋਂ ਬਹੁਤ ਘੱਟ ਹੋਣਗੀਆਂ। ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰਾਂ ਨੂੰ ਕੁਝ ਨਵਾਂ ਕਰਨ ਦੀ ਜ਼ਰੂਰਤ ਨਹੀਂ ਹੈ। ਨਾ ਹੀ ਸੰਸਦ ਨੂੰ ਕਾਨੂੰਨ ਪਾਸ ਕਰਨੇ ਪੈਣੇ ਹਨ। ਸਰਕਾਰ ਨੂੰ ਜੋ ਕਰਨਾ ਚਾਹੀਦਾ ਸੀ/ਹੈ, ਉਹ ਸਿਰਫ ਇਹ ਹੈ ਕਿ ਇਸ ਨੇ ਲੋਕਾਂ ਪ੍ਰਤੀ ਆਪਣਾ ਮੁਢਲਾ ਫਰਜ਼ ਨਿਭਾਉਣਾ ਹੈ।

# ਜਦੋਂ ਰਾਜ-ਕਰਤੇ ਵੋਟਾਂ ਲੈਣ ਜਾਣਗੇ ਤਾਂ ਕੀ ਹੋਵੇਗਾ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦਾ ਇੱਕ ਸ਼ੇਅਰ ਆਮ ਚਰਚਾ ਵਿਚ ਆਉਂਦਾ ਰਹਿੰਦਾ ਹੈ, ਉਸੇ ਬਹਾਦਰ ਸ਼ਾਹ ਜ਼ਫਰ ਦਾ, ਜੋ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਵਿਚ ਅੰਗਰੇਜ਼ਾਂ ਵਿਰੁੱਧ ਲੜਿਆ ਅਤੇ ਉਸ ਨੂੰ ਅੰਗਰੇਜ਼ਾਂ ਨੇ ਜਲਾਵਤਨ ਕਰ ਦਿੱਤਾ ਸੀ। ਉਸ ਦੇ ਪਰਿਵਾਰ ਅਤੇ ਪੁੱਤਰਾਂ ਦਾ ਕੀ ਬਣਿਆ, ਇਹ ਸਭ ਵੱਖਰਾ ਵਿਸ਼ਾ ਹੈ। ਗੱਲ ਉਸ ਦੇ ਇਸ ਸ਼ੇਅਰ ਦੀ ਹੈ ਕਿ 'ਉਮਰ-ਇ-ਦਰਾਜ਼ ਮਾਂਗ ਕੇ ਲਾਏ ਥੇ ਚਾਰ ਦਿਨ, ਦੋ ਆਰਜ਼ੂ ਮੇਂ ਕਟ ਗਏ, ਦੋ ਇੰਤਜ਼ਾਰ ਮੇਂ।' ਇਸ ਸ਼ੇਅਰ ਦੀ ਕਹਾਣੀ ਵੀ ਪਾਈਏ ਤਾਂ ਗੱਲ ਇਥੇ ਪੁੱਜ ਜਾਣੀ ਹੈ ਕਿ ਸ਼ੇਅਰ ਉਸ ਦਾ ਸੀ ਜਾਂ ਉਸ ਦੇ ਨਾਂ ਨਾਲ ਜੁੜ ਗਿਆ। ਕਿਹਾ ਜਾਂਦਾ ਹੈ ਕਿ ਬਹਾਦਰ ਸ਼ਾਹ ਜ਼ਫਰ ਨੇ ਸਿਰਫ ਏਨਾ ਲਿਖਿਆ ਸੀ:

ਲਗਤਾ ਨਹੀਂ ਹੈ ਦਿਲ ਮੇਰਾ,
ਉਜੜੇ ਦਿਆਰ ਮੇਂ।
ਕਿਸ ਕੀ ਬਨੀ ਹੈ
ਆਲਮ-ਇ-ਨਾ-ਪਾਏਦਾਰ ਮੇਂ।
ਕਿਤਨਾ ਹੈ ਬਦ-ਨਸੀਬ 'ਜ਼ਫਰ'
ਦਫਨ ਕੇ ਲੀਏ,
ਦੋ ਗਜ਼ ਜ਼ਮੀਂ ਭੀ ਨਾ ਮਿਲੀ
ਕੂ-ਇ-ਯਾਰ ਮੇਂ।

ਸੀਮਾਬ ਅਕਬਰਾਬਾਦੀ ਵੱਲੋਂ ਲਿਖਿਆ 'ਉਮਰ-ਇ-ਦਰਾਜ਼ ਮਾਂਗ ਕੇ ਲਾਏ ਥੇ ਚਾਰ ਦਿਨ, ਦੋ ਆਰਜ਼ੂ ਮੇਂ ਕਟ ਗਏ, ਦੋ ਇੰਤਜ਼ਾਰ ਮੇਂ' ਇਸ ਸ਼ੇਅਰ ਨਾਲ ਏਨਾ ਤੇ ਬਹਾਦਰ ਸ਼ਾਹ ਜ਼ਫਰ ਦੀ ਜ਼ਿੰਦਗੀ ਨਾਲ ਏਨਾ ਮਿਲਦਾ ਸੀ ਕਿ ਕਿਹਾ ਜਾਂਦਾ ਹੈ ਕਿ ਸਿਰਫ ਇਸੇ ਲਈ ਬਹਾਦਰ ਸ਼ਾਹ ਜ਼ਫਰ ਦਾ ਮੰਨਿਆ ਗਿਆ। ਇਹ ਗੱਲ ਕਿੰਨੀ ਠੀਕ ਅਤੇ ਕਿੰਨੀ ਗਲਤ ਹੈ, ਮੈਂ ਨਹੀਂ ਜਾਣ ਸਕਿਆ, ਪਰ ਮੈਂ ਇਸ ਨੂੰ ਅਜੋਕੀਆਂ ਹਕੂਮਤਾਂ ਦੇ ਚੱਲਣ ਨਾਲ ਜੋੜ ਕੇ ਵੇਖਦਾ ਹਾਂ।

ਇਸ ਵਕਤ ਭਾਰਤ ਚੋਣਾਂ ਦੇ ਇੱਕ ਹੋਰ ਦੌਰ ਲਈ ਗੇਅਰ ਵਿਚ ਪੈ ਚੁੱਕਾ ਹੈ। ਅਜੇ ਦੋ-ਢਾਈ ਮਹੀਨੇ ਪਹਿਲਾਂ ਹੀ ਅਸੀਂ ਭਾਰਤ ਦੀਆਂ ਪੰਜ ਵਿਧਾਨ ਸਭਾਵਾਂ ਲਈ ਚੋਣਾਂ ਦਾ ਇੱਕ ਗੇੜ ਵੇਖਿਆ ਤੇ ਵੇਖਣ ਤੋਂ ਵੱਧ ਭੁਗਤਿਆ ਹੈ। ਨਵਾਂ ਸਾਲ ਚੜ੍ਹਨ ਵਿਚ ਮਸਾਂ ਸਾਢੇ ਪੰਜ ਮਹੀਨੇ ਬਾਕੀ ਹਨ ਤੇ ਉਹ ਸਾਲ ਚੜ੍ਹਦੇ ਸਾਰ ਪੰਜ ਹੋਰ ਰਾਜਾਂ ਦੀਆਂ ਵਿਧਾਨ ਸਭਾਵਾਂ ਲਈ ਚੋਣਾਂ ਦਾ ਦੌਰ ਚੱਲ ਪਵੇਗਾ। ਸਾਡੇ ਪੰਜਾਬ ਦੇ ਨਾਲ ਭਾਰਤ ਦਾ ਸਭ ਤੋਂ ਵੱਡਾ ਰਾਜ ਉੱਤਰ ਪ੍ਰਦੇਸ਼ ਵੀ ਉਸ ਵਕਤ ਚੋਣਾਂ ਕਰਾਵੇਗਾ, ਉਸ ਤੋਂ ਕੱਟ ਕੇ ਬਣਾਇਆ ਉੱਤਰਾਖੰਡ ਵੀ, ਉੱਤਰ ਪੂਰਬ ਦਾ ਰਾਜ ਮਨੀਪੁਰ ਵੀ ਤੇ ਸੰਸਾਰ ਪ੍ਰਸਿੱਧ ਟੂਰਿਸਟ ਟਿਕਾਣੇ ਵਾਲੇ ਰਾਜ ਗੋਆ ਵਿਚ ਵੀ ਚੋਣਾਂ ਹੋਣਗੀਆਂ। ਮਨੀਪੁਰ ਅਤੇ ਗੋਆ ਵਿਚ ਇਸ ਵੇਲੇ ਕਿੱਦਾਂ ਦੀ ਹਾਲਤ ਹੈ, ਇਸ ਬਾਰੇ ਨਾ ਬਹੁਤਾ ਕੁਝ ਅਸੀਂ ਜਾਣਦੇ ਹਾਂ, ਨਾ ਜਾਣਨ ਦੀ ਇੱਛਾ ਹੁੰਦੀ ਹੈ, ਪਰ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦਾ ਸਾਨੂੰ ਪੰਜਾਬ ਜਿੰਨਾ ਪਤਾ ਭਾਵੇਂ ਨਹੀਂ ਹੋ ਸਕਦਾ, ਫਿਰ ਵੀ ਬਹੁਤ ਕੁਝ ਪਤਾ ਲੱਗਦਾ ਰਹਿੰਦਾ ਹੈ। ਜਦੋਂ ਅਗਲੇ ਸਾਲ ਇਹ ਤਿੰਨੇ ਰਾਜ ਚੋਣਾਂ ਵਿਚ ਜਾਣ ਵਾਸਤੇ ਤਿਆਰ ਹਨ, ਇਨ੍ਹਾਂ ਵਿਚੋਂ ਕਿਸੇ ਇੱਕ ਦੇ ਹਾਲਾਤ ਵੀ ਇਹੋ ਜਿਹੇ ਨਹੀਂ ਕਹੇ ਜਾ ਸਕਦੇ ਕਿ ਅੱਜ ਦੇ ਰਾਜ-ਕਰਤੇ ਆਪਣੇ ਕੀਤੇ ਕੰਮਾਂ ਦੇ ਨਾਂ ਉੱਤੇ ਲੋਕਾਂ ਕੋਲੋਂ ਵੋਟਾਂ ਮੰਗ ਸਕਦੇ ਹੋਣ।

ਉੱਤਰ ਪ੍ਰਦੇਸ਼ ਵਿਚ ਘਰੋਂ ਸਾਰੀ ਮੋਹ-ਮਾਇਆ ਛੱਡ ਕੇ ਰੱਬ ਦੀ ਭਗਤੀ ਕਰਨ ਦੇ ਰਾਹ ਪਿਆ ਵਿਅਕਤੀ ਰਾਜ-ਸੁਖ ਮਾਣਨ ਵਿਚ ਏਨਾ ਜ਼ਿਆਦਾ ਗਲਤਾਨ ਹੈ ਕਿ ਸਿਰਫ ਚੋਲਾ ਸਾਧ ਦਾ ਹੈ, ਬਾਕੀ ਸਭ ਕੰਮ ਦੇਸ਼ ਦੇ ਰਾਜਸੀ ਆਗੂਆਂ ਵਾਲੇ ਹਨ। ਲੋਕਾਂ ਲਈ ਕੁਝ ਕੀਤਾ ਨਹੀਂ ਤੇ ਆਪਣੀ ਪਾਰਟੀ ਵਿਚ ਸਾਥੀਆਂ ਨਾਲ ਏਦਾਂ ਭਿੜਦਾ ਰਿਹਾ ਕਿ ਅਗਲੀ ਵਾਰੀ ਸਾਰੀ ਭਾਜਪਾ ਟੀਮ ਮਿਲ ਕੇ ਨਹੀਂ ਚੱਲ ਸਕਦੀ। ਭਾਜਪਾ ਦੀ ਮਾਂ ਦਾ ਦਰਜਾ ਰੱਖਦੇ ਸੰਘ ਪਰਿਵਾਰ ਦੇ ਆਗੂ ਉਥੇ ਆ ਕੇ ਭਾਜਪਾ ਆਗੂਆਂ ਨੂੰ ਮਿਲ ਕੇ ਚੱਲਣ ਦੀਆਂ ਹਦਾਇਤਾਂ ਕਰਦੇ ਹਨ, ਪਰ ਮੰਨਦਾ ਕੋਈ ਨਹੀਂ। ਏਨਾ ਕੁ ਹੈ ਕਿ ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ ਵਾਂਗ ਲੋਕਾਂ ਅੱਗੇ ਵਿਖਾਲਾ ਨਹੀਂ ਪਾ ਰਹੇ। ਉੱਤਰਾਖੰਡ ਦਾ ਮੁੱਖ ਮੰਤਰੀ ਸਵਾ ਚਾਰ ਸਾਲਾਂ ਵਿਚ ਤਿੰਨ ਵਾਰੀ ਬਦਲਿਆ ਜਾਣਾ ਦੱਸਦਾ ਹੈ ਕਿ ਉਥੇ ਭਾਜਪਾ ਦੀ ਅੰਦਰੂਨੀ ਹਾਲਤ ਕਿਸ ਤਰ੍ਹਾਂ ਨਿੱਘਰੀ ਹੋਈ ਹੈ ਅਤੇ ਭ੍ਰਿਸ਼ਟਾਚਾਰ ਵੀ ਲੁਕਾਇਆ ਨਹੀਂ ਜਾ ਰਿਹਾ। ਕੇਂਦਰੀ ਲੀਡਰ ਇਸ ਕਾਰਨ ਫਿਕਰਾਂ ਵਿਚ ਹਨ।

ਇਨ੍ਹਾਂ ਦੋਹਾਂ ਵੱਲੋਂ ਹਟ ਕੇ ਜਦੋਂ ਅਸੀਂ ਪੰਜਾਬ ਦੀ ਹਾਲਤ ਵੇਖਦੇ ਹਾਂ ਤਾਂ ਇਥੇ ਚਾਰ ਸਾਲ ਬੀਤ ਜਾਣ ਪਿੱਛੋਂ ਹਾਲਤ ਏਦਾਂ ਦੀ ਹੈ ਕਿ ਭਲਕੇ ਸਰਕਾਰ ਦਾ ਮੁਖੀ ਕੌਣ ਹੋਵੇਗਾ, ਇਹੋ ਚਰਚਾ ਚੱਲੀ ਜਾਂਦੀ ਹੈ। ਦਿੱਲੀ ਬੈਠੀ ਪਾਰਟੀ ਹਾਈ ਕਮਾਂਡ ਅਣਹੋਣੀ ਤੋਂ ਵੀ ਵੱਧ ਬੇਅਸਰ ਹੋ ਚੁਕੀ ਹੈ। ਅਸੀਂ ਕਿਸੇ ਇੱਕ ਪੱਖ ਨੂੰ ਠੀਕ ਤੇ ਕਿਸੇ ਨੂੰ ਗਲਤ ਨਹੀਂ ਕਹਿਣਾ ਚਾਹੁੰਦੇ, ਇਹ ਕੰਮ ਉਹ ਸਾਰੇ ਜਣੇ ਖੁਦ ਕਰ ਰਹੇ ਹਨ, ਸਾਡੀ ਦਿਲਚਸਪੀ ਦਾ ਵੱਡਾ ਨੁਕਤਾ ਇਹ ਹੈ ਕਿ ਜੋ ਗੱਲਾਂ ਇਸ ਸਰਕਾਰ ਦੇ ਵਿਰੋਧੀਆਂ ਨੂੰ ਕਹਿਣੀਆਂ ਚਾਹੀਦੀਆਂ ਹਨ, ਰਾਜ ਕਰਦੀ ਇਸ ਪਾਰਟੀ ਦੇ ਆਪਣੇ ਆਗੂ ਇੱਕ ਦੂਸਰੇ ਬਾਰੇ ਖੁਦ ਹੀ ਕਹੀ ਜਾਂਦੇ ਹਨ। ਕੱਲ੍ਹ ਨੂੰ ਜਦੋਂ ਇਨ੍ਹਾਂ ਦੇ ਵਿਰੋਧੀਆਂ ਨੇ ਆਪਣੇ ਚੋਣ ਪ੍ਰਚਾਰ ਦੇ ਨੁਕਤੇ ਲੱਭਣੇ ਹਨ ਤਾਂ ਉਨ੍ਹਾਂ ਨੂੰ ਖੇਚਲ ਕਰਨ ਦੀ ਲੋੜ ਨਹੀਂ, ਜਿੰਨਾ ਕੁਝ ਇਹ ਲੋਕ ਅੱਜ ਕੱਲ੍ਹ ਖੁਦ ਕਹਿੰਦੇ ਅਤੇ ਫਿਰ ਮੀਡੀਏ ਵਾਲਿਆਂ ਨੂੰ ਲੱਭ-ਲੱਭ ਕੇ ਪਰੋਸਦੇ ਪਏ ਹਨ, ਉਹ ਇਨ੍ਹਾਂ ਦੇ ਵਿਰੋਧੀਆਂ ਦੇ ਕੰਮ ਆ ਜਾਵੇਗਾ।

ਕਾਂਗਰਸ ਪਾਰਟੀ ਦੇ ਕਿਸੇ ਵੀ ਲੀਡਰ ਨੂੰ ਉਨ੍ਹਾਂ ਦੇ ਰਾਜ ਦੇ ਚਾਰ ਸਾਲਾਂ ਤੋਂ ਵੱਧ ਦੇ ਸਮੇਂ ਦੀਆਂ ਪ੍ਰਾਪਤੀਆਂ ਬਾਰੇ ਪੁੱਛੋ ਤਾਂ ਉਹ ਇਹ ਕਦੇ ਨਹੀਂ ਕਹੇਗਾ ਕਿ ਉਸ ਨੇ ਖੁਦ ਕੀ ਕੀਤਾ ਹੈ, ਸਗੋਂ ਇਹ ਦੱਸਣ ਲੱਗ ਜਾਵੇਗਾ ਕਿ ਉਸ ਦੇ ਵਿਰੋਧੀ ਧੜੇ ਨੇ ਇਸ ਦੌਰਾਨ ਬੇੜਾ ਗਰਕ ਕਰਨ ਲਈ ਆਹ ਕੁਝ ਕੀਤਾ ਹੈ। ਲੋਕਾਂ ਨੂੰ ਬਿਜਲੀ ਚਾਹੀਦੀ ਹੈ, ਮਿਲਦੀ ਨਹੀਂ ਅਤੇ ਰੁਜ਼ਗਾਰ ਵੀ ਮਿਲਿਆ ਨਹੀਂ। ਨਸ਼ੀਲੇ ਪਦਾਰਥਾਂ ਦਾ ਵਹਿਣ ਬੰਦ ਕਰਨ ਦਾ ਦਾਅਵਾ ਕੀਤਾ ਸੀ, ਉਹ ਕਰ ਨਹੀਂ ਸਕੇ ਤੇ ਸਿੱਖ ਭਾਈਚਾਰੇ ਦੇ ਜਿਹੜੇ ਦੋ ਭਾਵੁਕ ਮੁੱਦਿਆਂ ਉੱਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਵਾਅਦਾ ਕੀਤਾ ਸੀ, ਕੋਟਕਪੂਰਾ ਅਤੇ ਬਹਿਬਲ ਕਲਾਂ ਦੇ ਗੋਲੀ ਕਾਂਡ ਵਾਲਾ ਮੁੱਦਾ ਹੋਵੇ ਜਾਂ ਬਰਗਾੜੀ ਦਾ ਬੇਅਦਬੀ ਕਾਂਡ ਹੋਵੇ, ਕਿਸੇ ਵਿਚ ਵੀ ਲੋਕਾਂ ਦੀ ਤਸੱਲੀ ਕਰਵਾ ਸਕਣ ਵਰਗਾ ਕੁਝ ਨਹੀਂ ਕੀਤਾ ਗਿਆ। ਜਿਹੜਾ ਸਮਾਂ ਅਤੇ ਸ਼ਕਤੀ ਲੋਕਾਂ ਦੇ ਕੰਮਾਂ ਲਈ ਲਾਉਣੀ ਚਾਹੀਦੀ ਸੀ, ਉਹ ਕਾਂਗਰਸ ਦੇ ਲੀਡਰਾਂ ਦੀ ਆਪਸੀ ਖਹਿਬਾਜ਼ੀ ਵਿਚ ਲੱਗਦੀ ਰਹੀ ਹੈ ਅਤੇ ਜਨਤਕ ਮੁੱਦੇ ਅੱਜ ਤੱਕ ਓਦਾਂ ਹੀ ਠੱਪੇ ਪਏ ਸੁਣੀਦੇ ਹਨ।

ਪੰਜਾਬ ਵਿਚ ਰਾਜ ਕਰਦੀ ਕਾਂਗਰਸ ਪਾਰਟੀ ਦੇ ਕੋਲ ਜਦੋਂ ਬਹੁਤ ਥੋੜ੍ਹਾ ਸਮਾਂ ਰਹਿ ਗਿਆ ਹੈ, ਇਸ ਦੇ ਅੰਦਰਲਾ ਕਲੇਸ਼ ਅਜੇ ਵੀ ਠੱਲ੍ਹਣ ਦਾ ਨਾਂ ਨਹੀਂ ਲੈ ਰਿਹਾ ਤਾਂ ਇਸ ਦੇ ਇਹੋ ਜਿਹੇ ਪਿਛਲੇ ਤਜਰਬੇ ਤੋਂ ਕੋਈ ਸਬਕ ਲੈਣ ਦੀ ਲੋੜ ਵੀ ਕਿਸੇ ਲੀਡਰ ਨੂੰ ਨਹੀਂ ਜਾਪਦੀ। ਮੁੱਖ ਮੰਤਰੀ ਬੇਅੰਤ ਸਿੰਘ ਦੀ ਮੌਤ ਮਗਰੋਂ ਹਰਚਰਨ ਸਿੰਘ ਬਰਾੜ ਅਤੇ ਰਜਿੰਦਰ ਕੌਰ ਭੱਠਲ ਦਾ ਆਖਰੀ ਸਾਲ ਦਾ ਆਢਾ ਇਸ ਪਾਰਟੀ ਨੂੰ ਲੈ ਬੈਠਾ ਸੀ ਤੇ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਦੇ ਆਖਰੀ ਸਾਲ ਵਿਚ ਵੀ ਕੈਪਟਨ ਅਤੇ ਭੱਠਲ ਧੜਿਆਂ ਦੀ ਖਹਿਬਾਜ਼ੀ ਆਖਰੀ ਦਿਨ ਤੱਕ ਚੱਲਦੀ ਰਹੀ ਸੀ, ਜਿਸ ਨੇ ਦੋਹਾਂ ਨੂੰ ਲੋਕਾਂ ਕੋਲ ਜਾਣ ਜੋਗੇ ਨਹੀਂ ਸੀ ਛੱਡਿਆ। ਉਹੀ ਕੁਝ ਇਸ ਵਾਰ ਹੋਈ ਜਾਂਦਾ ਹੈ। ਕੋਈ ਵਕਤ ਸੀ ਕਿ ਅਕਾਲੀ ਦਲ ਦੇ ਲੀਡਰ ਇਹ ਰੋਣਾ ਰੋਇਆ ਕਰਦੇ ਸਨ ਕਿ ਸਾਡੇ ਵਿਚ ਕਾਂਗਰਸ ਪਾਟਕ ਪਾਉਂਦੀ ਹੈ ਅਤੇ ਸਾਡੇ ਅੱਧੇ ਆਗੂ ਕਾਂਗਰਸ ਦੇ ਇੱਕ ਲੀਡਰ ਅਤੇ ਅੱਧੇ ਦੂਸਰੇ ਦੇ ਹੱਥਾਂ ਵਿਚ ਖੇਡਦੇ ਹਨ।

ਅੱਜ ਇਹੋ ਜਿਹਾ ਹਾਲ ਕਾਂਗਰਸ ਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਕਾਂਗਰਸ ਦੇ ਆਪਣੇ ਲੀਡਰ ਹੀ ਬਾਦਲ ਪਰਿਵਾਰ ਨਾਲ ਮਿਲਿਆ ਹੋਣ ਦਾ ਦੋਸ਼ ਲਾਈ ਜਾਂਦੇ ਹਨ ਤੇ ਨਵਜੋਤ ਸਿੰਘ ਸਿੱਧੂ ਨੂੰ ਕਦੀ ਇੱਕ ਪਾਰਟੀ ਤੇ ਕਦੀ ਦੂਸਰੀ ਵਿਚ ਜਾਣ ਨੂੰ ਤਿਆਰ ਦੱਸਿਆ ਜਾਂਦਾ ਹੈ। ਪੰਜਾਂ ਸਾਲਾਂ ਦਾ ਸਮਾਂ ਇਨ੍ਹਾਂ ਨੇ ਜਿੰਨਾ ਗੁਜ਼ਾਰਨਾ ਸੀ, ਉਸ ਦਾ ਬਹੁਤਾ ਲੰਘ ਗਿਆ ਅਤੇ ਥੋੜ੍ਹਾ ਜਿਹਾ ਬਾਕੀ ਹੈ, ਜਿਸ ਦੇ ਬਾਅਦ ਇਹ ਆਪਣੀ ਇਸ ਸਰਕਾਰ ਦੌਰਾਨ ਕੀਤੀ ਆਪੋ-ਆਪਣੀ ਕਮਾਈ ਗਿਣਨਗੇ, ਪਰ ਜਿਨ੍ਹਾਂ ਲੋਕਾਂ ਨੇ ਇਨ੍ਹਾਂ ਨੂੰ ਰਾਜ ਦਿੱਤਾ ਸੀ, ਉਹਦੇ ਪੱਲੇ ਕਿੰਨਾ ਪਾਇਆ ਹੈ, ਇਸ ਸਵਾਲ ਦਾ ਜਵਾਬ ਦੇਣਾ ਪਵੇ ਤਾਂ ਖਾਲੀ ਪਰਚਾ ਦੇਣਾ ਪਵੇਗਾ। ਮਿਲੀ ਮਿਆਦ ਦਾ ਅੱਧਾ ਸਮਾਂ ਭ੍ਰਿਸ਼ਟ ਤਰੀਕਿਆਂ ਨਾਲ ਕਮਾਈਆਂ ਕਰਨ ਉੱਤੇ ਲਾ ਦਿੱਤਾ ਤੇ ਅੱਧ ਸਮਾਂ ਆਪਸੀ ਭੇੜ ਕਰਨ ਉੱਤੇ ਲਾਉਣ ਪਿੱਛੋਂ ਲੋਕਾਂ ਕੋਲ ਜਾਣ ਵੇਲੇ ਉਹ ਸ਼ੇਅਰ ਹੀ ਪੱਲੇ ਰਹਿ ਜਾਵੇਗਾ, ਜਿਹੜਾ ਭਾਵੇਂ ਬਹਾਦਰ ਸ਼ਾਹ ਜ਼ਫਰ ਦਾ ਕਹਿ ਲਓ ਤੇ ਭਾਵੇਂ ਅਕਬਰਾਬਾਦੀ ਦਾ; ਇਸ ਪਾਰਟੀ ਦੇ ਇਨ੍ਹਾਂ ਲੀਡਰਾਂ ਉੱਤੇ ਪੂਰੀ ਤਰ੍ਹਾਂ ਫਿੱਟ ਬੈਠ ਸਕਦਾ ਹੈ:

ਉਮਰ-ਇ-ਦਰਾਜ਼ ਮਾਂਗ ਕੇ
ਲਾਏ ਥੇ ਚਾਰ ਦਿਨ,
ਦੋ ਆਰਜ਼ੂ ਮੇਂ ਕਟ ਗਏ,
ਦੋ ਇੰਤਜ਼ਾਰ ਮੇਂ।

ਜਦੋਂ ਅੱਜ ਦੇ ਪੰਜਾਬ ਦੇ ਰਾਜ-ਕਰਤਿਆਂ ਨੂੰ ਅਗਲੇ ਸਾਲ ਲੋਕਾਂ ਦੇ ਸਾਹਮਣੇ ਜਾਣਾ ਪਿਆ ਤਾਂ ਉਸ ਵਕਤ ਇਸ ਸ਼ੇਅਰ ਵਿਚ ਬੱਸ ਜ਼ਰਾ ਜਿੰਨੀ ਤੋੜ-ਭੰਨ ਕਰਨੀ ਪਵੇਗੀ ਕਿ:

ਰਾਜ ਕਰਨ ਨੂੰ ਮਿਲੇ ਸਨ,
ਮਸਾਂ ਪੰਜ ਹੀ ਸਾਲ,
ਦੋ ਕਮਾਈ ਵਿਚ ਗੁਜ਼ਰ ਗਏ,
ਦੋ ਖਾ ਗਈ ਲੜਾਈ।
ਸਾਨੂੰ ਕਿਸੇ ਨੂੰ ਇਹੋ ਨਾ,
ਰਿਹਾ ਸੀ ਕਦੀ ਯਾਦ,
ਘੜੀ ਵੀ ਲੇਖਾ ਦੇਣ ਦੀ,
ਬਸ ਆਈ ਆ ਕਿ ਆਈ।

# ਸਾਰੀ ਪਾਰਲੀਮੈਂਟ ਰਲ ਕੇ ਕੰਮ ਕਰੇ ਤਾਂ ਹੀ ਮੁਲਕ ਦਾ ਕੁਝ ਬਣੇ

ਦਲੀਪ ਸਿੰਘ ਵਾਸਨ
ਐਡਵੋਕੇਟ, ਪਟਿਆਲਾ
ਫੋਨ: 0175-5191856

ਭਾਰਤ ਵਿਚ ਇਹ ਜੈਸਾ ਵੀ ਪਰਜਾਤੰਤਰ ਆ ਗਿਆ ਹੈ, ਅਸੀਂ ਆਪ ਹੀ ਆਖ ਰਹੇ ਹਾਂ ਕਿ ਇਹ ਅਸਲੀ ਪਰਜਾਤੰਤਰ ਹੈ। ਅਸੀਂ ਤਾਂ ਦੁਨੀਆਂ ਭਰ ਵਿਚ ਇਹ ਆਖੀ ਜਾ ਰਹੇ ਹਾਂ ਕਿ ਅਸੀਂ ਦੁਨੀਆਂ ਦਾ ਸਭ ਤੋਂ ਵੱਡਾ ਪਰਜਾਤੰਤਰ ਹਾਂ। ਇਹ ਪਿਛਲੇ ਸਵਾ ਸੱਤ ਦਹਾਕਿਆਂ ਤੋਂ ਚਲਦਾ ਆ ਰਿਹਾ ਹੈ।

ਅਸੀਂ ਬੇਸ਼ਕ ਅੱਜ ਤਕ ਆਪਣੇ ਪ੍ਰਤੀਨਿਧ ਨਹੀਂ ਚੁਣ ਸਕੇ ਹਾਂ ਅਤੇ ਇਹ ਜਿਹੜੇ ਵੀ ਆਦਮੀ ਰਾਜਸੀ ਪਾਰਟੀਆਂ ਤੇ ਰਾਜਸੀ ਧੜੇ ਆਪਣੇ ਆਦਮੀ ਚੁਣ ਕੇ ਸਾਡੇ ਸਾਹਮਣੇ ਕਰਦੇ ਰਹੇ ਹਨ, ਅਸੀਂ ਵੋਟਾਂ ਪਾਉਂਦੇ ਰਹੇ ਹਾਂ। ਵਿਧਾਨ ਮੁਤਾਬਿਕ ਇਹ ਆਦਮੀ ਸਾਡੇ ਪ੍ਰਤੀਨਿਧ ਹੀ ਮੰਨੇ ਜਾਂਦੇ ਰਹੇ ਹਨ, ਹਾਲਾਂਕਿ ਇਹ ਆਦਮੀ ਪਾਰਟੀਆਂ ਅਤੇ ਧੜਿਆਂ ਦੇ ਹਮਾਇਤੀ ਬਣ ਕੇ ਪਾਰਲੀਮੈਂਟ ਵਿਚ ਜਾਂਦੇ ਰਹੇ ਹਨ।

ਕੁਲ ਮਿਲਾ ਕੇ ਇਸ ਮੁਲਕ ਵਿਚ ਇਕਪੁਰਖਾ ਜਿਹਾ ਰਾਜ ਬਣਦਾ ਰਿਹਾ ਹੈ ਅਤੇ ਪਿਛਲੇ ਸਵਾ ਸੱਤ ਦਹਾਕਿਆਂ ਵਿਚ ਇਕ ਹੀ ਆਦਮੀ ਜਿਹੜਾ ਵੀ ਪ੍ਰਧਾਨ ਮੰਤਰੀ ਬਣਦਾ ਰਿਹਾ ਹੈ, ਦਾ ਨਾਮ ਹੀ ਬੋਲਦਾ ਰਿਹਾ ਹੈ। ਅਰਥਾਤ ਇਹ ਜਿਹੜੇ ਸੈਂਕੜੇ ਵਿਧਾਇਕ ਪਾਰਲੀਮੈਂਟ ਵਿਚ ਜਾ ਕੇ ਬੈਠਦੇ ਰਹੇ ਹਨ, ਇਹ ਦੋ ਹਿੱਸਿਆਂ ਵਿਚ ਵੰਡ ਜਾਂਦੇ ਰਹੇ ਹਨ-ਇਕ ਸਰਕਾਰੀ ਪੱਖ ਤੇ ਦੂਜਾ ਵਿਰੋਧੀ ਪੱਖ। ਸਰਕਾਰੀ ਪੱਖ ਤਾਂ ਬੋਲਦਾ ਹੀ ਨਹੀਂ ਅਤੇ ਵਿਰੋਧੀਆਂ ਦੀ ਕੋਈ ਸੁਣਦਾ ਹੀ ਨਹੀਂ ਰਿਹਾ। ਇਸ ਕਰਕੇ ਇਕਪੁਰਖਾ ਅਰਥਾਤ ਪ੍ਰਧਾਨ ਮੰਤਰੀ ਹੀ ਕਰਤਾ-ਧਰਤਾ ਰਿਹਾ ਹੈ। ਇਹ ਇਕਪੁਰਖਾ ਰਾਜ ਜੇ ਪਰਜਾਤੰਤਰ ਅਖਵਾਈ ਜਾਂਦਾ ਹੈ ਤਾਂ ਇਹ ਗਲਤ ਹੈ।

ਬੇਸ਼ਕ ਸੈਂਕੜਿਆਂ ਦੀ ਗਿਣਤੀ ਵਿਚ ਪਾਰਲੀਮੈਂਟ ਵਿਚ ਬੈਠੇ ਵਿਧਾਇਕ ਸਾਡੇ ਪ੍ਰਤੀਨਿਧ ਨਹੀਂ ਹਨ, ਪਰ ਚੁਣੇ ਤਾਂ ਅਸਾਂ ਹੀ ਹਨ ਅਤੇ ਹਰ ਕਿਸੇ ਵਿਧਾਇਕ ਨੇ ਸਦਨ ਵਿਚ ਬੈਠਣ ਤੋਂ ਪਹਿਲਾਂ ਬਾਕਾਇਦਾ ਸੰਵਿਧਾਨ ਦੀ ਕਸਮ ਵੀ ਖਾਧੀ ਹੈ ਕਿ ਉਹ ਜਨਤਾ ਦਾ ਸੇਵਾਦਾਰ ਹੈ ਤੇ ਸਦਨ ਵਿਚ ਬੈਠ ਕੇ ਉਹ ਜਨਤਾ ਦੀ ਸੇਵਾ ਕਰੇਗਾ। ਇਹ ਸਹੁੰ ਚੁੱਕ ਕੇ ਉਹ ਲੋਕਾਂ ਦਾ ਸੇਵਕ ਅਰਥਾਤ ਪ੍ਰਤੀਨਿਧ ਬਣ ਜਾਂਦਾ ਹੈ।

ਹਰ ਕਿਸੇ ਆਦਮੀ ਵਿਚ ਜ਼ਮੀਰ ਵੀ ਹਾਜ਼ਰ ਹੁੰਦੀ ਹੈ ਅਤੇ ਇਹ ਜੋ ਵੀ ਆਦਮੀ ਅਸਾਂ ਵਿਧਾਇਕ ਬਣਾ ਕੇ ਸਦਨ ਵਿਚ ਭੇਜ ਦਿੱਤਾ ਹੈ, ਇਹ ਆਪਣਾ ਨਾਮ ਖੜ੍ਹਾ ਕਰਨ ਲਈ ਲੋਕਾਂ ਲਈ ਕੁਝ ਕਰਨਾ ਵੀ ਚਾਹੁੰਦਾ ਹੈ, ਪਰ ਇਹ ਅਜੀਬ ਕਿਸਮ ਦਾ ਪਰਜਾਤੰਤਰ ਹੈ, ਜਿਥੇ ਲੋਕ ਤਾਂ ਆਜ਼ਾਦ ਹੋ ਗਏ ਹਨ, ਲੋਕਾਂ ਦੇ ਚੁਣੇ ਹੋਏ ਆਦਮੀ ਪਾਰਟੀਆਂ ਅਤੇ ਧੜਿਆਂ ਦੇ ਸਰਦਾਰਾਂ ਦੇ ਗੁਲਾਮ ਹਨ ਤੇ ਇਹ ਜ਼ਾਬਤੇ ਉਨ੍ਹਾਂ ਦੇ ਸਾਰੇ ਅਧਿਕਾਰ ਖੋਹ ਲੈਂਦੇ ਹਨ। ਸਦਨ ਵਿਚ ਸਰਕਾਰੀ ਪੱਖ ਵਿਚ ਬੈਠੇ ਵਿਧਾਇਕ ਤਾਂ ਬੋਲ ਹੀ ਨਹੀਂ ਸਕਦੇ ਅਤੇ ਵਿਰੋਧੀ ਜੇ ਬੋਲ ਵੀ ਪੈਣ ਤਾਂ ਸਦਨ ਵਿਚ ਅਣਸੁਣੀ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਇਹ ਇਕਪੁਰਖਾ ਜਿਹਾ ਰਾਜ ਬਣ ਆਇਆ ਹੈ ਅਤੇ ਸਦਨ ਵਿਚ ਬੈਠੇ ਸਾਡੇ ਸੈਂਕੜੇ ਵਿਧਾਇਕ ਬਸ ਸਾਹ ਘੁੱਟੀ ਹੀ ਬੈਠੇ ਰਹਿੰਦੇ ਹਨ। ਅੰਦਰੋ ਅੰਦਰੀ ਸੜਦੇ ਭੁੱਜਦੇ ਵੀ ਰਹਿੰਦੇ ਹਨ, ਪਰ ਕਰ ਕੁਝ ਨਹੀਂ ਸਕਦੇ। ਇਸ ਲਈ ਅਸੀਂ ਆਖੀਏ ਕਿ ਇਹ ਸਾਡੇ ਚੁਣੇ ਹੋਏ ਵਿਧਾਇਕ ਗਲਤੀ ਉਤੇ ਹਨ, ਇਹ ਝੂਠਾ ਇਲਜ਼ਾਮ ਹੈ। ਸਾਨੂੰ ਵੀ ਸਾਫ ਦਿਸਦਾ ਹੈ ਕਿ ਇਨ੍ਹਾਂ 'ਚੋਂ ਬਹੁਤੇ ਵਿਧਾਇਕ ਗਲਤ ਨਹੀਂ ਹਨ। ਇਹ ਪਿਰਤ ਪੱਕੀ ਹੋ ਗਈ ਹੈ। ਹੁਣ ਕੋਈ ਇਹ ਆਖੇ ਕਿ ਇਹ ਪਿਰਤ ਖਤਮ ਕੀਤੀ ਜਾ ਸਕਦੀ ਹੈ ਤਾਂ ਐਸਾ ਸੋਚਣਾ ਹਾਲ ਦੀ ਘੜੀ ਗਲਤ ਜਿਹਾ ਲਗਦਾ ਹੈ।

ਇਹ ਇਕਪੁਰਖਾ ਰਾਜ ਲੋਕ-ਰਾਜ ਦੀਆਂ ਬੁਨਿਆਦਾਂ ਨਹੀਂ ਖੜ੍ਹੀਆਂ ਕਰ ਸਕਿਆ। ਇਹ ਇਕਪੁਰਖਾ ਰਾਜ ਬਸ ਆਪਣਾ ਰਾਜ ਹੀ ਕਾਇਮ ਕਰਨ ਵਿਚ ਲੱਗਾ ਰਹਿੰਦਾ ਹੈ ਅਤੇ ਇਹੀ ਕਾਰਨ ਹੈ ਕਿ ਮੁਲਕ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਅੱਜ ਤਕ ਸਦਨਾਂ ਵਿਚ ਬੈਠੇ ਸਾਡੇ ਇਹ ਵਿਧਾਇਕ ਕਦੀ ਬੋਲ ਵੀ ਨਹੀਂ ਸਕੇ ਹਨ। ਰਿਕਾਰਡ ਦਰਸਾ ਰਿਹਾ ਹੈ ਕਿ ਇਸ ਮੁਲਕ ਵਿਚ ਇਕਪੁਰਖ ਹੀ ਕਰਤਾ-ਧਰਤਾ ਰਹਿੰਦਾ ਹੈ ਅਤੇ ਉਹੀ ਜਿਹੜਾ ਬਿਲ ਆਦਿ ਸਦਨ ਵਿਚ ਰੱਖਦਾ ਹੈ, ਪਾਸ ਹੋ ਜਾਂਦਾ ਹੈ, ਕਿਉਂਕਿ ਉਸ ਕੋਲ ਬਹੁਮਤ ਹੈ ਅਤੇ ਇਕ ਵੀ ਆਦਮੀ ਨੂੰ ਉਸ ਦੇ ਵਿਰੁਧ ਵੋਟ ਪਾਉਣ ਦੀ ਆਗਿਆ ਨਹੀਂ ਹੈ।

ਅਸੀਂ ਇਹ ਵੀ ਨਹੀਂ ਆਖ ਸਕਦੇ ਕਿ ਇਹ ਜਿਹੜੇ ਸੈਂਕੜੇ ਵਿਧਾਇਕ ਸਾਡੀ ਪਾਰਲੀਮੈਂਟ ਵਿਚ ਬੈਠੇ ਹਨ, ਇਹ ਮੁਲਕ ਦੇ ਲੋਕਾਂ ਦਾ ਭਲਾ ਨਹੀਂ ਚਾਹੁੰਦੇ। ਇਹ ਬਹੁਤ ਕੁਝ ਕਹਿਣਾ ਚਾਹੁੰਦੇ ਹਨ ਅਤੇ ਜੇ ਇਹ ਸਦਨਾ ਵਿਚ ਬੋਲ ਸਕਦੇ ਜਾਂ ਕੋਈ ਸਕੀਮ ਰੱਖ ਸਕਦੇ ਤਾਂ ਹੁਣ ਤੱਕ ਸਾਡੀਆਂ ਕਿੰਨੀਆਂ ਹੀ ਸਮੱਸਿਆਵਾਂ ਹੱਲ ਹੋ ਜਾਣੀਆਂ ਸਨ, ਪਰ ਇਕਪੁਰਖਾ ਰਾਜ ਨੇ ਮੁਲਕ ਦਾ ਬੇੜਾ ਗਰਕ ਕਰ ਦਿੱਤਾ ਹੈ। ਪਰਜਾਤੰਤਰ ਖੜ੍ਹਾ ਵੀ ਇਸ ਲਈ ਕੀਤਾ ਗਿਆ ਸੀ ਤਾਂ ਕਿ ਇਕ ਦਿਮਾਗ ਨਹੀਂ, ਸਗੋਂ ਸੈਂਕੜੇ ਲੋਕਾਂ ਦਾ ਦਿਮਾਗ ਚੱਲੇ ਅਤੇ ਹਰ ਕੋਈ ਰਾਏ ਵੀ ਦੇ ਸਕੇ ਕਿ ਇਉਂ ਨਹੀਂ, ਇਉਂ ਹੋਣਾ ਚਾਹੀਦਾ! ਮੁਲਕ ਦੀ ਤਿੰਨ ਚੌਥਾਈ ਵਸੋਂ ਇੰਨੀ ਗਰੀਬ ਕਰਕੇ ਰੱਖ ਦਿੱਤੀ ਗਈ ਹੈ ਕਿ ਉਨ੍ਹਾਂ ਨੂੰ ਜਿਉਂਦਾ ਰੱਖਣ ਲਈ ਅੱਜ ਮੁਫਤ ਰਾਸ਼ਨ ਦੇਣਾ ਪੈ ਰਿਹਾ ਹੈ। ਸਰਕਾਰਾਂ ਦਾ ਕੰਮ ਇਹ ਮਦਦ ਕਰਕੇ ਲੋਕਾਂ ਨੂੰ ਮੰਗਤਾ ਨਹੀਂ ਬਣਾਉਣਾ ਹੁੰਦਾ, ਸਗੋਂ ਸਰਕਾਰਾਂ ਦਾ ਕੰਮ ਇਹ ਹੁੰਦਾ ਹੈ ਕਿ ਉਹ ਮੁਲਕ ਦੇ ਹਰ ਆਦਮੀ ਨੂੰ ਆਪਣਾ ਅਤੇ ਆਪਣੇ ਟੱਬਰ ਦਾ ਖਰਚਾ ਆਪ ਕਮਾਉਣ ਦਾ ਮੌਕਾ ਬਣਾਉਣ ਤੇ ਅਸੀਂ ਐਸਾ ਮਾਹੌਲ ਬਣਾਉਣ ਵਿਚ ਅਸਫਲ ਰਹੇ ਹਾਂ।

ਜਨਤਾ ਤਾਂ ਕੁਝ ਵੀ ਨਹੀਂ ਕਰ ਸਕਦੀ ਅਤੇ ਸਾਡੇ ਪ੍ਰਤੀਨਿਧ ਹੀ ਸੋਚਣ ਕਿ ਸਦਨਾਂ ਵਿਚ ਜਾ ਕੇ ਜਦ ਉਹ ਜਨਤਾ ਪਾਸੋਂ ਤਨਖਾਹ ਅਤੇ ਪੈਨਸ਼ਨਾਂ ਲੈਂਦੇ ਹਨ ਤਾਂ ਸਦਨਾਂ ਵਿਚ ਜਾ ਕੇ ਗੁਲਾਮਾਂ ਵਾਂਗ ਕਿਉਂ ਬੈਠਦੇ ਹਨ? ਉਹ ਜਨਤਾ ਦੀ ਕੰਮ ਕਰਨ ਦਾ ਅਧਿਕਾਰ ਪ੍ਰਾਪਤ ਕਰਨ ਅਤੇ ਜੇ ਉਹ ਚਾਹੁਣ ਤਾਂ ਐਸਾ ਕਰ ਸਕਦੇ ਹਨ।

# ਭ੍ਰਿਸ਼ਟਾਚਾਰ ਕੇਸ: ਦਿੱਲੀ ਕਮੇਟੀ ਪ੍ਰਧਾਨ ਸਿਰਸਾ ਦੀਆਂ ਮੁਸ਼ਕਿਲਾਂ ਵਧੀਆਂ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਕਮੇਟੀ ਪ੍ਰਬੰਧ 'ਚ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਕਮੇਟੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਤਗੜਾ ਝਟਕਾ ਲੱਗਾ ਹੈ। ਮਾਮਲਿਆਂ ਦੀ ਸੁਣਵਾਈ ਦੌਰਾਨ ਪਟਿਆਲਾ ਹਾਊਸ ਕੋਰਟ ਨੇ ਆਰਥਿਕ ਅਪਰਾਧ ਸ਼ਾਖਾ ਨੂੰ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ। ਚੀਫ ਮੈਟਰੋਪੋਲੀਟਿਨ ਮੈਜਿਸਟ੍ਰੇਟ ਡਾ. ਪੰਕਜ ਸ਼ਰਮਾ ਨੇ ਆਰਥਿਕ ਅਪਰਾਧ ਸ਼ਾਖਾ ਨੂੰ ਇਸ ਮਾਮਲੇ 'ਚ ਕਾਰਵਾਈ ਕਰਕੇ 26 ਜੁਲਾਈ ਤੱਕ ਰਿਪੋਰਟ ਦਾਖਲ ਕਰਨ ਦੇ ਨਿਰਦੇਸ਼ ਦਿੱਤੇ। ਕੋਰਟ ਨੇ ਕਿਹਾ ਕਿ ਸ਼ਿਕਾਇਤਕਰਤਾ ਨੇ ਇਹ ਖਦਸ਼ਾ ਜਤਾਇਆ ਹੈ ਕਿ ਮਾਮਲਾ ਗੰਭੀਰ ਹੋਣ ਕਾਰਨ ਮੁਲਜ਼ਮ ਦੇਸ਼ ਛੱਡ ਕੇ ਜਾ ਸਕਦਾ ਹੈ, ਇਸ ਲਈ ਪੁਲਿਸ ਇਹ ਯਕੀਨੀ ਕਰੇ ਕਿ ਉਹ ਅਜਿਹਾ ਨਾ ਕਰ ਸਕੇ।

ਇਸ ਸਬੰਧੀ ਆਰਥਿਕ ਅਪਰਾਧ ਸ਼ਾਖਾ (ਈ.ਓ. ਡਬਲਿਓ) ਦੇ ਵਧੀਕ ਪੁਲਿਸ ਕਮਿਸ਼ਨਰ ਆਰ.ਕੇ. ਸਿੰਘ ਨੇ ਦੱਸਿਆ ਕਿ ਆਰਥਿਕ ਅਪਰਾਧ ਸ਼ਾਖਾ ਵੱਲੋਂ ਇਸ ਸਬੰਧੀ ਕਾਰਵਾਈ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਕਮੇਟੀ ਪ੍ਰਬੰਧ 'ਚ ਕਥਿਤ ਭ੍ਰਿਸ਼ਟਾਚਾਰ ਨੂੰ ਲੈ ਕੇ ਸਿਰਸਾ 'ਤੇ 2 ਵੱਖ-ਵੱਖ ਮਾਮਲੇ ਚੱਲ ਰਹੇ ਹਨ। ਇਨ੍ਹਾਂ ਦੋਵਾਂ ਮਾਮਲਿਆਂ ਦੀ ਸ਼ਿਕਾਇਤ ਸ਼੍ਰੋਮਣੀ ਅਕਾਲੀ ਦਲ ਦਿੱਲੀ ਵੱਲੋਂ ਕੀਤੀ ਗਈ ਸੀ। ਇਕ ਮਾਮਲਾ ਸਵਾ ਕਰੋੜ ਰੁਪਏ ਦੀ ਟੈਂਟ ਖਰੀਦ ਨਾਲ ਸਬੰਧਤ ਹੈ, ਦੂਜੇ ਮਾਮਲੇ 'ਚ ਦਿੱਲੀ ਕਮੇਟੀ ਵੱਲੋਂ ਜਾਅਲੀ ਬਿੱਲਾਂ ਰਾਹੀਂ ਲੱਖਾਂ ਰੁਪਿਆ ਦਾ ਭੁਗਤਾਨ ਕੀਤਾ ਗਿਆ ਹੈ।

# ਸਿਆਸਤਦਾਨਾਂ ਨੂੰ ਗੁਟਕੇ ਦੀ ਸਹੁੰ ਚੁੱਕਣ ਤੋਂ ਰੋਕਣ ਦੀ ਅਪੀਲ

**ਅੰਮ੍ਰਿਤਸਰ:** 'ਇੰਟਰਨੈਸ਼ਨਲ ਸੰਤ ਸਮਾਜ' ਨੇ ਸ੍ਰੀ ਅਕਾਲ ਤਖਤ ਨੂੰ ਅਪੀਲ ਕੀਤੀ ਹੈ ਕਿ ਸਿਆਸਤਦਾਨਾਂ ਨੂੰ ਚੋਣਾਂ ਸਮੇਂ ਗੁਰਬਾਣੀ ਜਾਂ ਗੁਟਕੇ ਦੀ ਸਹੁੰ ਚੁੱਕ ਕੇ ਐਲਾਨ ਕਰਨ ਤੋਂ ਰੋਕਣ ਲਈ ਆਦੇਸ਼ ਜਾਰੀ ਕੀਤਾ ਜਾਵੇ। ਜਥੇਬੰਦੀ ਨੇ ਅਜਿਹੇ ਮਾਮਲੇ 'ਚ ਮੁੱਖ ਮੰਤਰੀ ਅਮਰਿੰਦਰ ਸਿੰਘ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

ਜਥੇਬੰਦੀ ਦੇ ਪ੍ਰਧਾਨ ਸੰਤ ਸ਼ਮਸ਼ੇਰ ਸਿੰਘ ਜਗੇੜਾ ਤੇ ਉਨ੍ਹਾਂ ਦੇ ਸਾਥੀਆਂ ਨੇ ਇਥੇ ਅਕਾਲ ਤਖਤ ਦੇ ਸਕੱਤਰੇਤ ਵਿਚ ਜਥੇਦਾਰ ਹਰਪ੍ਰੀਤ ਸਿੰਘ ਦੇ ਨਾਂ ਉਨ੍ਹਾਂ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੂੰ ਪੱਤਰ ਸੌਂਪਿਆ। ਇਸ ਪੱਤਰ ਵਿਚ ਉਨ੍ਹਾਂ ਕਿਹਾ ਕਿ ਸਿੱਖ ਧਰਮ 'ਚ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਅਤੇ ਗੁਟਕੇ ਦਾ ਅਹਿਮ ਸਥਾਨ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤੇ ਐਲਾਨ ਨੂੰ ਸਭ ਤੋਂ ਉੱਪਰ ਮੰਨਿਆ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਪਿਛਲੀਆਂ ਚੋਣਾਂ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਵਿਚ ਗੁਟਕਾ ਫੜ ਕੇ ਲੋਕਾਂ ਨਾਲ ਕਈ ਵਾਅਦੇ ਕੀਤੇ ਸਨ, ਜੋ ਹੁਣ ਤੱਕ ਪੂਰੇ ਨਹੀਂ ਹੋਏ। ਉਨ੍ਹਾਂ ਕਿਹਾ ਕਿ ਗੁਰੂ ਨੂੰ ਹਾਜ਼ਰ ਨਾਜ਼ਰ ਮੰਨ ਕੇ ਕੀਤੇ ਐਲਾਨਾਂ ਤੋਂ ਮੁੱਕਰਨ ਦੇ ਦੋਸ਼ ਹੇਠ ਉਨ੍ਹਾਂ ਨੂੰ ਅਕਾਲ ਤਖਤ 'ਤੇ ਸੱਦ ਕੇ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਗੁਟਕਾ ਫੜ ਕੇ ਸਹੁੰ ਚੁੱਕਣ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਿਰ 'ਤੇ ਰੱਖ ਕੇ ਸਹੁੰ ਚੁੱਕਣ ਦੀ ਪਿਰਤ ਪੈਣ ਤੋਂ ਰੋਕਣ ਲਈ ਇਸ ਸਬੰਧੀ ਅਕਾਲ ਤਖਤ ਤੋਂ ਆਦੇਸ਼ ਜਾਰੀ ਕੀਤਾ ਜਾਵੇ।

**ਪੰਜਾਬ ਦੇ ਕਿਸਾਨਾਂ ਦੇ ਗੱਡੇ ਨੂੰ ਬਰੇਕਾਂ ਕਿਵੇਂ ਲੱਗਣ!**

# ਡੂੰਘੇ ਹੁੰਦੇ ਜਾ ਰਹੇ ਪਾਣੀ ਲਈ ਜ਼ਿੰਮੇਵਾਰ ਕੌਣ?

**ਧਰਤੀ ਹੇਠਲੇ ਪਾਣੀ ਦਾ ਪੱਧਰ ਚਿੰਤਾਜਨਕ ਪੱਧਰ ਤੱਕ ਹੇਠਾਂ ਚਲਾ ਗਿਆ ਹੈ ਅਤੇ ਪੰਜਾਬ ਤੇ ਹਰਿਆਣਾ ਰਾਜ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਨ। ਪੰਜਾਬ ਤੇ ਹਰਿਆਣਾ ਵਿਚ ਝੋਨੇ ਦੀ ਕਾਸ਼ਤ ਵਾਲਾ ਖੇਤਰ ਵਧ ਜਾਣ ਕਾਰਨ ਅਤੇ ਇਨ੍ਹਾਂ ਰਾਜਾਂ ਵਿਚ ਸਿੰਜਾਈ, ਘਰੇਲੂ ਅਤੇ ਉਦਯੋਗਿਕ ਲੋੜਾਂ ਲਈ ਧਰਤੀ ਹੇਠਲੇ ਪਾਣੀ ਦੀ ਵੱਧ ਵਰਤੋਂ ਹੋਣ ਕਾਰਨ ਧਰਤੀ ਹੇਠਲੇ ਪਾਣੀ ਦੀ ਮੰਗ ਵੱਧ ਗਈ। ਖਦਸ਼ਾ ਪੈਦਾ ਹੋ ਗਿਆ ਹੈ ਕਿ ਕੀ ਆਉਂਦੇ ਸਮੇਂ ਵਿਚ ਪੰਜਾਬ ਪੀਣ ਵਾਲੇ ਪਾਣੀ ਨੂੰ ਵੀ ਤਰਸ ਜਾਵੇਗਾ? ਉੱਤਰ ਪ੍ਰਦੇਸ਼ ਤੇ ਬਿਹਾਰ ਵਰਗੇ ਰਾਜਾਂ ਦੀ ਸਥਿਤੀ ਵੀ ਮਾੜੀ ਹੈ, ਜੋ ਕਿ ਖੇਤੀਬਾੜੀ ਰਾਜ ਹਨ ਅਤੇ ਜਿੱਥੇ ਧਰਤੀ ਹੇਠਲੇ ਪਾਣੀ ਪ੍ਰਬੰਧਨ ਦੀਆਂ ਰਣਨੀਤੀਆਂ ਅਜੇ ਵੀ ਬਹੁਤ ਪੁਰਾਣੀਆਂ ਹਨ। ਡੂੰਘੇ ਹੁੰਦੇ ਜਾ ਰਹੇ ਧਰਤੀ ਹੇਠਲੇ ਪਾਣੀ ਲਈ ਅਸਲ ਜ਼ਿੰਮੇਵਾਰ ਕੌਣ ਹਨ? ਇਹੋ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ।**





**ਡਾ. ਗਿਆਨ ਸਿੰਘ***

ਸੀਨੀਅਰ ਪੱਤਰਕਾਰ ਐੱਸ. ਪੀ. ਸਿੰਘ ਨੇ ਆਪਣੇ ਇਕ ਵ੍ਹੱਟਸਐਪ ਸੁਨੇਹੇ ਵਿਚ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਖਤਰਨਾਕ ਹੱਦ ਤੱਕ ਹੇਠਾਂ ਵੱਲ ਜਾਣ ਸਬੰਧੀ ਪੰਜਾਬ ਦੇ ਇਕ ਸਰਕਾਰੀ ਅਧਿਕਾਰੀ ਦੀ ਚਿੰਤਾ ਸਬੰਧੀ ਉਨ੍ਹਾਂ ਦੀ ਸੋਚ ਦੀ ਇਕ ਚਿੱਠੀ/ਸੁਨੇਹਾ ਸਾਂਝਾ ਕੀਤਾ ਹੈ। ਉਸ ਸਰਕਾਰੀ ਅਧਿਕਾਰੀ ਨੇ ਆਪਣੀ ਚਿੱਠੀ/ਸੁਨੇਹੇ ਵਿਚ ਲਿਖਿਆ ਹੈ, "ਮੈਂ ਅੱਜ ਸੰਗਰੂਰ, ਬਰਨਾਲਾ, ਮੋਗਾ, ਫਿਰੋਜ਼ਪੁਰ ਇਲਾਕੇ ਦੇ ਦੌਰੇ 'ਤੇ ਸਾਂ। ਤਾਪਮਾਨ 45 ਡਿੱਗਰੀ 'ਤੇ ਪਹੁੰਚਿਆ ਹੋਇਆ ਸੀ, ਕੋਈ ਚਿੜੀ ਜਨੌਰ ਵੀ ਬਾਹਰ ਨਹੀਂ ਸੀ ਦਿਸ ਰਿਹਾ, ਪਰ ਹਲਾਂ ਨਾਲ ਵਾਹ ਕੇ ਪੂਰੀ ਤਰ੍ਹਾਂ ਪੋਲੇ ਕੀਤੇ ਖੇਤਾਂ ਵਿਚ ਹਜ਼ਾਰਾਂ ਟਿਊਬਵੈਲ ਪਾਣੀ ਭਰਨ ਲਈ ਸੂਰਜ ਨਾਲ ਹਠ-ਧਰਮੀ ਜੰਗ ਲੜ ਰਹੇ ਸਨ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਮਾਤਾ ਧਰਤ ਮਹੱਤ ਦਾ ਪਾਣੀ ਪਿਤਾ ਦੀ ਹਾਜ਼ਰੀ ਵਿਚ, ਉਸ ਦੇ ਪੁੱਤਰਾਂ ਵੱਲੋਂ ਬੇਸ਼ਰਮੀ ਨਾਲ ਚੀਰਹਰਣ ਕੀਤਾ ਜਾ ਰਿਹਾ ਹੋਵੇ। ਕਈ ਦਿਨਾਂ ਤੋਂ ਜੀਰੀ ਲਾ ਰਹੇ ਕੁਝ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਮਹਿਸੂਸ ਹੋਇਆ ਕਿ ਬਸ ਹੁਣ ਕਹਾਣੀ ਖਤਮ ਸਮਝੋ, ਕਿਉਂਕਿ ਮਸਲਾ ਤਰਕ, ਕਾਨੂੰਨ, ਧਰਮ, ਦੁਨਿਆਵੀ ਸਿਆਣਪ ਅਤੇ ਸਮਾਜੀ ਇਖਲਾਕ ਦੇ ਮਾਨਵੀ ਚੌਖਟੇ ਤੋਂ ਬਹੁਤ ਅੱਗੇ ਲੰਘ ਚੁਕਾ ਹੈ। ਆਪੋ ਧਾਪੀ ਦੇ ਇਸ ਦੌਰ ਵਿਚ ਪਾਣੀ ਬਾਰੇ ਜਾਗਰੂਕ ਹੋ ਕੇ ਪੰਜਾਬੀ ਸਭਿਅਤਾ ਨੂੰ ਬਚਾਉਣ ਲਈ ਕੋਈ ਸਿਆਣਪੀ ਗੱਲ ਸੁਣਨ ਨੂੰ ਤਿਆਰ ਨਹੀਂ, ਆਉਣ ਵਾਲੇ ਕੱਲ੍ਹ ਦਾ ਫਿਕਰ, ਬਹੁਗਿਣਤੀ ਲਈ ਮਖੌਲ ਦਾ ਪਾਤਰ ਬਣ ਗਿਆ ਹੈ। ਅੱਜ (9 ਜੂਨ 2021) ਨੂੰ ਜਦੋਂ ਕੁਦਰਤ ਨਾਲ ਹੁੰਦਾ ਖਿਲਵਾੜ ਅੱਖਾਂ ਤੋਂ ਦੇਖ ਨਾ ਹੋਇਆ ਤਾਂ ਤਿੱਖੜ ਦੁਪਹਿਰੀਂ ਕਾਰ ਦੀ ਪਿਛਲੀ ਸੀਟ 'ਤੇ ਆਪਣੀਆਂ ਨਮ ਹੋਈਆਂ ਅੱਖਾਂ ਬੰਦ ਕਰਕੇ ਬਾਬੇ ਨਾਨਕ ਅੱਗੇ ਸਰਬੱਤ ਦੇ ਭਲੇ ਅਤੇ ਲੋਕਾਈ ਨੂੰ ਸੁਮੱਤ ਬਖਸ਼ਣ ਦੀ ਅਰਦਾਸ ਕਰਨ ਲੱਗ ਪਿਆ।"

ਪੰਜਾਬ ਦੇ ਇਸ ਸਰਕਾਰੀ ਅਧਿਕਾਰੀ ਦੀ ਇਕ ਗੱਲ ਨਾਲ ਕੋਈ ਅਸਹਿਮਤ ਹੋ ਹੀ ਨਹੀਂ ਸਕਦਾ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਹੇਠਾਂ ਚਲਿਆ ਗਿਆ ਹੈ ਅਤੇ ਉਸ ਦਾ ਮੁੱਖ ਕਾਰਨ ਪੰਜਾਬ ਵਿਚ ਜੀਰੀ/ਝੋਨੇ ਦੀ ਕਾਸ਼ਤ ਹੈ। ਇਸ ਅਧਿਕਾਰੀ ਦੀਆਂ ਕੁਝ ਵਿਚਾਰਾਂ ਨਾਲ ਬਿਲਕੁਲ ਸਹਿਮਤ ਨਹੀਂ ਹੋਇਆ ਜਾ ਸਕਦਾ ਜਿਵੇਂ (1) ਮਾਤਾ ਧਰਤ ਮਹੱਤ ਦਾ ਪਾਣੀ ਪਿਤਾ ਦੀ ਹਾਜ਼ਰੀ ਵਿਚ, ਉਸ ਦੇ ਪੁੱਤਰਾਂ ਵੱਲੋਂ ਬੇਸ਼ਰਮੀ ਨਾਲ ਚੀਰਹਰਣ ਕੀਤਾ ਜਾ ਰਿਹਾ ਹੋਵੇ, (2) ਆਪੋ ਧਾਪੀ ਦੇ ਇਸ ਦੌਰ ਵਿਚ ਪਾਣੀ ਬਾਰੇ ਜਾਗਰੂਕ ਹੋ ਕੇ ਪੰਜਾਬੀ ਸਭਿਅਤਾ ਨੂੰ ਬਚਾਉਣ ਲਈ ਕੋਈ ਸਿਆਣਪੀ ਗੱਲ ਸੁਣਨ ਨੂੰ ਤਿਆਰ ਨਹੀਂ, (3) ਜਦੋਂ ਕੁਦਰਤ ਨਾਲ ਹੁੰਦਾ ਖਿਲਵਾੜ ਅੱਖਾਂ ਤੋਂ ਦੇਖ ਨਾ ਹੋਇਆ ਤਾਂ ਇਹ ਅਧਿਕਾਰੀ ਦਾ ਆਪਣੀਆਂ ਨਮ ਹੋਈਆਂ ਅੱਖਾਂ ਬੰਦ ਕਰਕੇ... ਲੋਕਾਈ ਨੂੰ ਸੁਮੱਤ ਬਖਸ਼ਣ ਦੀ ਅਰਦਾਸ ਕਰਨਾ।

ਆਈ. ਆਈ. ਟੀ. ਕਾਨਪੁਰ ਦੇ ਪ੍ਰੋਫੈਸਰ ਰਾਜੀਵ ਸਿਨਹਾ ਅਤੇ ਉਨ੍ਹਾਂ ਦੀ ਨਿਗਰਾਨੀ ਹੇਠ ਕੰਮ ਕਰ ਰਹੇ ਪੀਐੱਚ.ਡੀ. ਖੋਜਾਰਥੀ ਸੁਨੀਲ ਕੁਮਾਰ ਜੋਸ਼ੀ ਦੀ ਅਗਵਾਈ ਵਿਚ ਕੀਤੇ ਗਏ ਇਕ ਤਾਜ਼ਾ ਖੋਜ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਪਾਣੀ ਵਿਚ ਡਿੱਗ ਰਹੇ ਪੱਧਰ ਦੇ ਸਬੰਧ ਵਿਚ ਪੰਜਾਬ ਅਤੇ ਹਰਿਆਣਾ ਖੇਤਰ ਸਭ ਤੋਂ ਵੱਧ ਮਾਰ ਝੱਲ ਰਿਹਾ ਹੈ। ਇਸ ਅਧਿਐਨ ਨੇ ਇਹ ਤੱਥ ਸਾਹਮਣੇ ਲਿਆਂਦੇ ਹਨ ਕਿ ਹਰਿਆਣੇ ਵਿਚ 1966-67 ਦੌਰਾਨ ਝੋਨੇ ਦੀ ਲਵਾਈ ਅਧੀਨ ਜਿਹੜਾ ਰਕਬਾ 1,92,000 ਹੈਕਟੇਅਰ ਸੀ, ਉਹ 2017-18 ਵਿਚ ਵਧ ਕੇ 14,22,000 ਹੈਕਟੇਅਰ ਹੋ ਗਿਆ ਹੈ ਅਤੇ 1960-61 ਵਿਚ ਪੰਜਾਬ ਵਿਚ ਝੋਨੇ ਦੀ ਲਵਾਈ ਅਧੀਨ ਜਿਹੜਾ ਰਕਬਾ 2,27,000 ਹੈਕਟੇਅਰ ਸੀ, ਉਹ 2017-18 ਵਿਚ ਵਧ ਕੇ 30,64,000 ਹੈਕਟੇਅਰ ਹੋ ਗਿਆ ਹੈ। ਇਸ ਖੋਜ ਅਧਿਐਨ ਅਨੁਸਾਰ 'ਹਰੇ ਇਨਕਲਾਬ' ਦੇ ਖੇਤੀਬਾੜੀ ਉਤਪਾਦਕਤਾ ਨੂੰ ਵਧਾਉਣ ਦੇ ਉਦੇਸ਼ ਦੀ ਪੂਰਤੀ ਧਰਤੀ ਹੇਠਲੇ ਪਾਣੀ ਦੀ ਲਗਾਤਾਰ ਵਰਤੋਂ ਅਤੇ ਉਸ ਦੇ ਲਗਾਤਾਰ ਤੇਜੀ ਨਾਲ ਡਿੱਗ ਰਹੇ ਪੱਧਰ ਲਈ ਜ਼ਿੰਮੇਵਾਰ ਹੈ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਦੇ ਕਈ ਕਾਰਨ ਹਨ। ਇਨ੍ਹਾਂ ਕਾਰਨਾਂ ਵਿਚੋਂ ਸਭ ਤੋਂ ਅਹਿਮ ਧਰਤੀ ਹੇਠਲੇ ਪਾਣੀ ਦੀ ਖੇਤੀਬਾੜੀ ਲਈ ਸਿੰਚਾਈ ਦੇ ਰੂਪ ਵਿਚ ਵਰਤੋਂ ਹੈ। ਲੇਖਕ ਡਾ. ਸੁਰਿੰਦਰ ਸਿੰਘ ਅਤੇ ਹਰਵਿੰਦਰ ਸਿੰਘ ਵਲੋਂ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਬਾਰੇ ਕੀਤੇ ਗਏ ਖੋਜ ਅਧਿਐਨ (2003) "ਗਰਾਊਂਡ ਵਾਟਰ ਡਿਵੈਲਪਮੈਂਟ ਇਨ ਪੰਜਾਬ" ਤੋਂ ਇਹ ਸਾਹਮਣੇ ਆਇਆ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਵਾਲੇ ਉਹ ਵਿਕਾਸ ਖੰਡ ਹਨ, ਜਿਨ੍ਹਾਂ ਵਿਚ ਫਸਲਾਂ ਪੈਦਾ ਕਰਨ ਲਈ ਪਾਣੀ ਦੀ ਵਰਤੋਂ ਉਸ ਦੀ ਉਪਲਬਧ ਮਾਤਰਾ ਨਾਲੋਂ ਜ਼ਿਆਦਾ ਹੋ ਰਹੀ ਹੈ। ਫਸਲਾਂ ਦੇ ਜੋੜ (Crop Combinations) ਅਤੇ ਧਰਤੀ ਹੇਠਲੇ ਪਾਣੀ ਦੇ ਸੰਤੁਲਨ ਵਿਚ ਗੂੜ੍ਹਾ ਸਹਿ-ਸਬੰਧ ਹੈ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਵਾਲੇ ਵਿਕਾਸ ਖੰਡਾਂ ਵਿਚ ਕਣਕ ਅਤੇ ਝੋਨੇ ਦੀ ਬਿਜਾਈ/ਲਵਾਈ ਕੀਤੀ ਜਾਂਦੀ ਹੈ। ਕਣਕ ਅਤੇ ਝੋਨੇ ਦੀਆਂ ਫਸਲਾਂ ਕੁੱਲ ਬੀਜੇ ਗਏ ਰਕਬੇ ਦਾ ਤਿੰਨ-ਚੌਥਾਈ ਤੋਂ ਵੱਧ ਹਿੱਸਾ ਹਨ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗਦੇ ਪੱਧਰ ਲਈ ਝੋਨੇ ਦੀ ਲਵਾਈ/ਬਿਜਾਈ ਹੇਠ ਆਇਆ ਰਕਬਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਝੋਨੇ ਦੀਆਂ ਜ਼ਿਆਦਾ ਝਾੜ ਵਾਲੀਆਂ ਕਿਸਮਾਂ ਲਈ ਸਿੰਚਾਈ ਦੀ ਲੋੜ ਨਰਮਾ/ਕਪਾਹ, ਮੱਕੀ ਅਤੇ ਹੋਰ ਬਹੁਤ ਸਾਰੀਆਂ ਫਸਲਾਂ ਦੇ ਮੁਕਾਬਲੇ ਵਿਚ ਕਿਤੇ ਜ਼ਿਆਦਾ ਹੁੰਦੀ ਹੈ। ਇਸ ਦਾ ਇਕ ਮੁੱਖ ਕਾਰਨ ਆਮ ਤੌਰ ਉੱਤੇ ਝੋਨੇ ਦੀ ਫਸਲ ਲਈ ਛੱਪੜ-ਸਿੰਚਾਈ ਦੀ ਵਿਧੀ ਦਾ ਪ੍ਰਚੱਲਤ ਹੋਣਾ ਹੈ।

ਪੰਜਾਬ ਦੇ ਸਰਕਾਰੀ ਅਧਿਕਾਰੀ ਦੇ ਮਾਤਾ ਧਰਤ ਮਹੱਤ ਦਾ ਪਾਣੀ ਪਿਤਾ ਦੀ ਹਾਜ਼ਰੀ ਵਿਚ, ਉਸ ਦੇ ਪੁੱਤਰਾਂ ਵੱਲੋਂ ਬੇਸ਼ਰਮੀ ਨਾਲ ਚੀਰਹਰਣ ਕੀਤੇ ਜਾਣ ਦੇ ਵਿਚਾਰ ਨਾਲ ਮੈਂ ਪੂਰੀ ਤਰ੍ਹਾਂ ਅਸਹਿਮਤ ਹਾਂ। ਇਸ ਵਿਚਾਰ ਦਾ ਸਪੱਸ਼ਟ ਅਰਥ ਇਹ ਹੈ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗਦੇ ਪੱਧਰ ਲਈ ਸਿਰਫ ਪੰਜਾਬ ਦੇ ਕਿਸਾਨ ਹੀ ਜ਼ਿੰਮੇਵਾਰ ਹਨ। ਇਸ ਅਸਹਿਮਤੀ ਲਈ ਇਤਿਹਾਸਕ ਤੌਰ ਉੱਪਰ ਪੰਜਾਬ ਵਿਚ ਫਸਲਾਂ ਦੇ ਜੋੜ ਅਤੇ ਮੁਲਕ ਦੀਆਂ ਲੋੜਾਂ ਲਈ ਉਨ੍ਹਾਂ ਵਿਚ ਕੀਤੇ/ਕਰਾਏ ਗਏ ਬਦਲਾਅ ਸਮਝਣੇ ਬਹੁਤ ਜ਼ਰੂਰੀ ਹਨ। ਦੂਜੀ ਪੰਜ ਸਾਲਾ ਯੋਜਨਾ ਵਿਚ ਮੁੱਖ ਤਰਜੀਹ ਖੇਤੀਬਾੜੀ ਖੇਤਰ ਤੋਂ ਬਦਲ ਕੇ ਉਦਯੋਗਿਕ ਖੇਤਰ ਨੂੰ ਦੇਣ ਦੇ ਨਤੀਜੇ ਕਾਰਨ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਕਾਰਨ ਅਮਰੀਕਾ ਤੋਂ ਪੀ. ਐੱਲ. 480 ਅਧੀਨ ਅਨਾਜ ਮੰਗਵਾਉਣ ਤੋਂ ਖਹਿੜਾ ਛੁਡਵਾਉਣ ਲਈ ਕੇਂਦਰ ਸਰਕਾਰ ਨੇ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਨਾਉਣ ਦਾ ਫੈਸਲਾ ਲਿਆ। 'ਖੇਤੀਬਾੜੀ ਦੀ ਨਵੀਂ ਜੁਗਤ' ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਅਤੇ ਹੋਰ ਰਸਾਇਣਾਂ, ਮਸ਼ੀਨਰੀ ਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ। ਖੇਤੀਬਾੜੀ ਦੀ ਇਸ ਜੁਗਤ ਰੂਹ ਵਪਾਰਿਕ/ਨਫੇ ਵਾਲੀ ਹੈ।

'ਖੇਤੀਬਾੜੀ ਦੀ ਨਵੀਂ ਜੁਗਤ' ਦੇ ਅਪਨਾਉਣ ਸਬੰਧੀ ਫੈਸਲਾ ਲੈਣ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ ਜੁਗਤ ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕਰਨ ਦਾ ਫੈਸਲਾ ਲਿਆ। ਕੇਂਦਰ ਸਰਕਾਰ ਦੇ ਇਸ ਫੈਸਲੇ ਪਿੱਛੇ ਪੰਜਾਬ ਦੇ ਹਿੰਮਤੀ ਕਿਸਾਨ, ਖੇਤ ਮਜ਼ਦੂਰ, ਛੋਟੇ ਕਾਰੀਗਰ ਅਤੇ ਅਮੀਰ ਕੁਦਰਤੀ ਸਾਧਨ ਸਨ। ਪੰਜਾਬ ਵਿਚ ਖੇਤੀਬਾੜੀ ਦੀ ਇਸ ਜੁਗਤ ਨੂੰ ਸ਼ੁਰੂ ਕਰਨ ਸਦਕਾ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਇੰਨਾ ਵਾਧਾ ਹੋਇਆ ਕਿ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਸਬੰਧੀ ਵੱਡੀਆਂ ਸਮੱਸਿਆਵਾਂ ਤੋਂ ਖਹਿੜਾ ਛੁੱਟ ਗਿਆ। ਕੇਂਦਰ ਸਰਕਾਰ ਨੇ ਪੰਜਾਬ ਦੀ ਸ਼ਾਨਦਾਰ ਪ੍ਰਾਪਤੀ ਅਤੇ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਦੇਖਦਿਆਂ 1973 ਤੋਂ ਖੇਤੀਬਾੜੀ ਜਿਨਸਾਂ ਦੀ ਘੱਟੋ-ਘੱਟ ਸਮਰਥਨ ਕੀਮਤਾਂ ਅਤੇ ਉਨ੍ਹਾਂ ਕੀਮਤਾਂ ਉੱਪਰ ਕੇਂਦਰ ਸਰਕਾਰ ਵੱਲੋਂ ਯਕੀਨੀ ਖਰੀਦਦਾਰੀ ਦੀ ਨੀਤੀ ਦੁਆਰਾ ਝੋਨੇ ਦੀ ਫਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹ ਦਿੱਤੀ। 'ਖੇਤੀਬਾੜੀ ਦੀ ਨਵੀਂ ਜੁਗਤ' ਦੀ ਰੂਹ ਦੇ ਵਪਾਰਿਕ/ਨਫੇ ਵਾਲੀ ਹੋਣ ਕਾਰਨ ਅਤੇ ਝੋਨੇ ਦੀ ਘੱਟੋ-ਘੱਟ ਕੀਮਤ ਸਾਉਣੀ ਦੀਆਂ ਹੋਰ ਫਸਲਾਂ ਦੇ ਮੁਕਾਬਲੇ ਵਿਚ ਉੱਚੀ ਰੱਖਣ ਅਤੇ ਉਸ ਉੱਪਰ ਯਕੀਨੀ ਖਰੀਦਦਾਰੀ ਕਾਰਨ ਪੰਜਾਬ ਵਿਚ ਝੋਨੇ ਦੀ ਲਵਾਈ/ਬਿਜਾਈ ਅਧੀਨ ਰਕਬਾ ਤੇਜ਼ੀ ਨਾਲ ਵਧਿਆ।

ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਉਣ ਤੋਂ ਪਹਿਲਾਂ ਸਿੰਚਾਈ ਆਮ ਤੌਰ ਉੱਤੇ ਨਹਿਰਾਂ ਅਤੇ ਖੂਹਾਂ ਰਾਹੀਂ ਕੀਤੀ ਜਾਂਦੀ ਸੀ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਸਬੰਧੀ ਕੋਈ ਗੰਭੀਰ ਸਮੱਸਿਆਵਾਂ ਨਹੀਂ ਸਨ। 1960-61 ਵਿਚ ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ ਸਿਰਫ 7445 ਸੀ। ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਵਿਚ ਤਰਜੀਹੀ ਤੌਰ ਉੱਤੇ 'ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਉਣ ਅਤੇ ਝੋਨੇ ਦੀ ਫਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹਨ ਕਾਰਨ ਅੱਜ ਕੱਲ੍ਹ ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ 15 ਲੱਖ ਦੇ ਕਰੀਬ ਹੋ ਗਈ ਹੈ। ਇਸ ਲਈ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਅਤੇ ਉਨ੍ਹਾਂ ਲਈ ਮਾੜੀ ਭਾਸ਼ਾ ਵਰਤਣੀ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਇਸ ਤੋਂ ਇਹ ਜਾਪਦਾ ਹੈ ਜਿਵੇਂ ਖੇਤੀਬਾੜੀ ਪ੍ਰਕ੍ਰਿਆਵਾਂ ਤੋਂ ਕੋਈ ਬਿਲਕੁਲ ਅਣਭਿੱਜ ਵਿਅਕਤੀ ਕਿਸੇ ਪੁਲ ਤੋਂ ਢਲਾਣ ਵੱਲ ਆ ਰਹੇ ਆਪਣੇ ਗੱਡੇ ਉੱਪਰਲੇ ਕਿਸਾਨ ਨੂੰ ਗੱਡੇ ਨੂੰ ਬਰੇਕਾਂ ਨਾ ਹੋਣ ਬਾਰੇ ਉਲਾਂਭਾ ਦੇ ਰਿਹਾ ਹੋਵੇ। ਇਸ ਤਰ੍ਹਾਂ ਦੇ ਵਰਤਾਰੇ ਵਿਚ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੁਲ ਦੀ ਢਲਾਣ ਵਿਚ ਜੇ ਕਿਸਾਨ ਕਿਸੇ ਵੀ ਤਰ੍ਹਾਂ ਆਪਣੇ ਗੱਡੇ ਨੂੰ ਬਰੇਕਾਂ ਲਾ ਦੇਵੇ ਤਾਂ ਉਸ ਦੇ ਬਲਦਾਂ ਦੇ ਕੰਨ੍ਹੇ ਮਤਾੜੇ ਜਾਣਗੇ। ਬਲਦਾਂ ਦੇ ਕੰਨਿਆਂ ਦੇ ਮਤਾੜੇ ਜਾਣ ਦਾ ਦੁੱਖ ਕਿਸਾਨ ਹੀ ਸਮਝ ਸਕਦਾ ਹੈ।



ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ ਵਿਚ ਕੀਤੇ ਗਏ ਅਥਾਹ ਵਾਧੇ ਨੇ ਸੂਬੇ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਲਗਾਤਾਰ ਡੇਗਣ ਦੇ ਨਾਲ ਨਾਲ ਹੋਰ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਸ਼ੁਰੂ ਵਿਚ ਤਾਂ ਮੋਨੋਬਲਾਕ ਮੋਟਰਾਂ ਨਾਲ ਕੰਮ ਚੱਲ ਜਾਂਦਾ ਸੀ, ਪਰ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਦੇ ਲਗਾਤਾਰ ਡਿੱਗਣ ਕਾਰਨ ਸਬਮਰਸੀਬਲ ਮੋਟਰਾਂ ਲਵਾਉਣੀਆਂ ਕਿਸਾਨਾਂ ਦੀ ਮਜ਼ਬੂਰੀ ਬਣਾ ਦਿੱਤੀ ਗਈ, ਜਿਹੜੀ ਉਨ੍ਹਾਂ ਸਿਰ ਚੜ੍ਹੇ ਕਰਜ਼ੇ ਦਾ ਇਕ ਕਾਰਨ ਬਣੀ ਹੈ। ਅੱਜ ਕੱਲ੍ਹ ਬਿਜਲੀ ਦੀ ਪੂਰਤੀ ਲੋੜ ਤੋਂ ਘੱਟ ਹੋਣ ਕਾਰਨ ਕਿਸਾਨਾਂ ਨੂੰ ਆਪਣੀਆਂ ਸਬਮਰਸੀਬਲ ਮੋਟਰਾਂ ਚਲਾਉਣ ਲਈ ਆਪਣੇ ਜਾਂ ਕਿਰਾਏ ਦੇ ਟਰੈਕਟਰਾਂ ਉੱਪਰ ਜੈਨਰੇਟਰ ਵਰਤਣੇ ਪੈ ਰਹੇ ਹਨ ਅਤੇ ਡੀਜ਼ਲ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾਉਣ ਦਾ ਇਕ ਕਾਰਨ ਬਣੀਆਂ ਹੋਈਆਂ ਹਨ।

ਇਸ ਵਿਚ ਕੋਈ ਵੀ ਸ਼ੱਕ ਨਹੀਂ ਕਿ ਪੂਰਾ ਭਾਰਤੀ ਸਮਾਜ ਦੁਨੀਆਂ ਦੇ ਬਹੁਤ ਸਾਰੇ ਹੋਰ ਸਮਾਜਾਂ ਦੀ ਤਰ੍ਹਾਂ ਆਪੋ ਧਾਪੀ ਦੇ ਚੱਕਰ ਵਿਚ ਫਸਿਆ ਹੋਇਆ ਹੈ। 'ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਉਣ ਤੋਂ ਪਹਿਲਾਂ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਅਤੇ ਹੋਰ ਪੇਂਡੂ ਲੋਕਾਂ ਵਿਚ ਨਿੱਘੇ ਸਮਾਜਿਕ ਸਬੰਧ ਸਨ। ਵੱਡੇ ਅਮੀਰ ਕਿਸਾਨ ਹੋਰ ਸਾਰੇ ਵਰਗਾਂ ਦੀ ਮਦਦ ਕਰਦੇ ਸਨ। ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਰਾਂ ਵਿਚਕਾਰ ਸੀਰ ਸੀ, ਭਾਵੇਂ ਇਸ ਸੀਰ ਵਿਚ ਵੀ ਟੇਢ ਸੀ। ਪੰਜਾਬ ਦੇ ਪੇਂਡੂ ਭਾਈਚਾਰੇ ਵਿਚ ਆਪੋ ਧਾਪੀ ਦੀ ਭਾਵਨਾ ਨੂੰ ਲਿਆਉਣ ਅਤੇ ਭਾਰੂ ਕਰਨ ਵਿਚ ਖੇਤੀਬਾੜੀ ਉਤਪਾਦਨ ਵਿਚ ਨਫੇ ਨੂੰ ਪ੍ਰਮੁੱਖ ਥਾਂ ਦੇਣਾ ਹੈ। ਪੰਜਾਬ ਦੇ ਕਿਸਾਨ ਸਿਆਣਪੀ ਗੱਲ ਸੁਣਨ ਤੋਂ ਬਿਨਾ ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਕਿ ਆਉਣ ਵਾਲੇ ਸਮੇਂ ਦੌਰਾਨ ਉਨ੍ਹਾਂ ਦੀਆਂ ਸਮੱਸਿਆਵਾਂ ਵਧਣਗੀਆਂ।

ਜਦੋਂ ਕੁਦਰਤ ਨਾਲ ਖਿਲਵਾੜ ਕੀਤਾ ਜਾਂਦਾ ਹੈ ਤਾਂ ਸਾਰੀ ਮਨੁੱਖਤਾ ਲਈ ਅਕਹਿ ਅਤੇ ਅਸਹਿ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ। ਕੌਮਾਂਤਰੀ ਪੱਧਰ ਦੀਆਂ ਵੱਖ-ਵੱਖ ਸੰਸਥਾਵਾਂ ਦੁਨੀਆਂ ਦੇ ਸਾਰੇ ਮੁਲਕਾਂ ਦੀਆਂ ਸਰਕਾਰਾਂ ਨੂੰ ਗਰੀਨਹਾਊਸ ਗੈਸਾਂ ਨੂੰ ਘਟਾਉਣ ਲਈ ਵੱਖ-ਵੱਖ ਉਪਾਅ ਕਰਨ ਦੀਆਂ ਸਲਾਹਾਂ ਅਤੇ ਚਿਤਾਵਨੀਆਂ ਦਿੰਦੀਆਂ ਰਹਿੰਦੀਆਂ ਹਨ। ਕੁਦਰਤ ਨਾਲ ਕੀਤੇ ਜਾਂਦੇ ਖਿਲਵਾੜ ਲਈ ਅਣਅਯੋਜਿਤ ਉਦਯੋਗੀਕਰਨ, ਰਹਿਣ-ਸਹਿਣ ਅਤੇ ਖਾਣ-ਪੀਣ ਦੇ ਗਲਤ ਤਰੀਕੇ ਤੇ ਹੋਰ ਬਹੁਤ ਸਾਰੇ ਕਾਰਨ ਜ਼ਿੰਮੇਵਾਰ ਹਨ। ਇਸ ਸਬੰਧ ਵਿਚ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕੁਦਰਤ ਨਾਲ ਹੋ ਰਹੇ ਖਿਲਵਾੜ ਨੂੰ ਰੋਕਣ ਲਈ ਬਾਬੇ ਨਾਨਕ ਨੂੰ ਅਰਜੋਈਆਂ ਕਰਨ ਦੀ ਥਾਂ ਸਰਕਾਰੀ ਨੀਤੀਆਂ ਨੂੰ ਕੁਦਰਤ-ਪੱਖੀ ਬਣਾਉਣਾ ਜ਼ਰੂਰੀ ਹੈ।

ਪੰਜਾਬ ਦੇ ਕਿਸਾਨਾਂ ਦੇ ਗੱਡੇ ਨੂੰ ਬਰੇਕਾਂ ਲਾਉਣ ਭਾਵ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਲਗਾਤਾਰ ਹੇਠਾਂ ਡਿੱਗਣ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਜਗ੍ਹਾ ਲਾਹੇਵੰਦ ਕੀਮਤਾਂ ਤੈਅ ਕਰੇ ਅਤੇ ਉਨ੍ਹਾਂ ਉੱਪਰ ਜਿਨਸਾਂ ਦੀ ਖਰੀਦਦਾਰੀ ਨੂੰ ਇਸ ਤਰ੍ਹਾਂ ਯਕੀਨੀ ਬਣਾਵੇ ਤਾਂ ਕਿ ਸੂਬੇ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਫਸਲਾਂ ਬੀਜੀਆਂ/ਲਾਈਆਂ ਜਾ ਸਕਣ। ਸਿੰਚਾਈ ਦੇ ਸਬੰਧ ਵਿਚ ਨਹਿਰੀ ਸਿੰਚਾਈ ਪ੍ਰਬੰਧ ਨੂੰ ਚੁਸਤ-ਦਰੁਸਤ ਕਰਨ ਦੇ ਨਾਲ ਨਾਲ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਵੰਡ ਨੂੰ 'ਰਿਪੇਅਰੀਅਨ ਸਿਧਾਂਤ' ਅਨੁਸਾਰ ਕੀਤਾ ਜਾਵੇ। ਇਸ ਦੇ ਨਾਲ ਨਾਲ ਕਿਸਾਨਾਂ ਅਤੇ ਹੋਰ ਸਾਰੇ ਵਰਗਾਂ ਨੂੰ ਇਹ ਅਹਿਸਾਸ ਕਰਨ ਦੀ ਲੋੜ ਹੈ ਕਿ ਪਾਣੀ ਦੀ ਅਜਾਈਂ ਗੁਆਈ ਹੋਈ ਇਕ ਵੀ ਬੂੰਦ ਬਹੁਤ ਹੀ ਵੱਡਾ ਅਤੇ ਨਾ-ਮੁਆਫਕਰਨਯੋਗ ਅਪਰਾਧ ਹੈ।

---

**ਸਾਬਕਾ ਪ੍ਰੋਫੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਬੇਨੂਰ ਹੋ ਗਈ ਮੇਰੀ ਦੁਨੀਆਂ ਤੇਰੇ ਬਗੈਰ

ਅਮੋਲਕ ਅੱਜ ਤੁਹਾਡਾ ਜਨਮ ਦਿਨ ਹੈ। ਹਰੇਕ ਸਾਲ ਪ੍ਰੋ. ਜੋਗਿੰਦਰ ਸਿੰਘ ਰਮਦੇਵ ਆਪਣੇ ਸਾਥੀਆਂ ਸਮੇਤ ਤੁਹਾਡਾ ਜਨਮ ਦਿਨ ਮਨਾਉਣ ਲਈ ਆ ਇਕੱਠੇ ਹੁੰਦੇ ਸਨ। ਕਦੀ ਉਹ ਤੁਹਾਡੇ ਤੇ ਆਪਣੇ ਬਹੁਤ ਸਾਰੇ ਸਨੇਹੀਆਂ ਨੂੰ ਬੁਲਾ ਲੈਂਦੇ ਤੇ ਕਦੀ ਆਪਣੇ ਸੀਨੀਅਰ ਸਿਟੀਜ਼ਨ ਨਾਲ ਮਿਲ ਕੇ ਹੀ ਦਿਲ ਖੁਸ਼ ਕਰ ਲੈਂਦੇ। ਅੱਜ ਨਾ ਸਾਡੇ ਵਿਚ ਪ੍ਰੋ. ਰਮਦੇਵ ਹਨ ਤੇ ਨਾ ਹੀ ਅਮੋਲਕ। ਤੁਸੀਂ ਦੋਨੋਂ ਹੀ ਬਹੁਤ ਯਾਦ ਆ ਰਹੇ ਹੋ। ਘਰ ਦਾ ਹਰ ਕੋਨਾ ਉਦਾਸ ਹੈ ਤੁਹਾਡੇ ਤੋਂ ਬਿਨਾ, ਘਰ ਦੀ ਸਾਰੀ ਰੌਣਕ ਵੀ ਤੁਹਾਡੇ ਨਾਲ ਹੀ ਰੁਖਸਤ ਹੋ ਗਈ ਹੈ। ਤੁਸੀਂ ਇਸ ਹਕੀਕਤ ਤੋਂ ਚੰਗੀ ਤਰ੍ਹਾਂ ਵਾਕਿਫ ਸੀ ਕਿ ਮੈਂ ਤੁਹਾਡੇ ਬਿਨਾ ਜੀਅ ਨਹੀਂ ਸਕਾਂਗੀ, ਪਰ...ਪਰ...'ਤੁਮ ਸੇ ਤੋ ਕਮ ਗਿਲਾ ਹੈ, ਜਿਆਦਾ ਨਸੀਬ ਸੇ।' ਹੁਣ ਤਾਂ ਬਸ ਤੁਹਾਡੀ ਯਾਦ ਹੀ ਮੇਰਾ ਇਲਾਜ ਹੈ। ਤੁਸੀਂ ਕਿਸੇ ਅਣਡਿਠੀ ਦੁਨੀਆਂ ਦੇ ਵਾਸੀ ਬਣ ਗਏ ਹੋ, ਪਰ ਸਾਡੇ ਚੇਤਿਆਂ 'ਚੋਂ ਵਿਸਰ ਨਹੀਂ ਸਕਦੇ। ਕਿਸੇ ਨੇ ਠੀਕ ਹੀ ਤਾਂ ਕਿਹਾ ਹੈ ਕਿ ਪਿਆਰ ਉਹ ਜਜ਼ਬਾ ਹੈ, ਜੋ ਦਿਮਾਗ ਰਾਹੀਂ ਤੁਹਾਡੀ ਰੂਹ ਉਤੇ ਛਾ ਜਾਂਦਾ ਹੈ, ਜਿਸ ਨੂੰ ਕਦੀ ਚਾਹ ਕੇ ਵੀ ਤੁਸੀਂ ਭੁਲਾ ਨਹੀਂ ਸਕਦੇ।

ਆਪਣੇ ਲਾਏ ਬੂਟੇ 'ਪੰਜਾਬ ਟਾਈਮਜ਼' ਦਾ ਫਿਕਰ ਨਾ ਕਰਨਾ। ਤੁਹਾਡੇ ਸਾਰੇ ਸਨੇਹੀਆਂ, ਹਮਦਰਦਾਂ, ਸੁਭਚਿੰਤਕਾਂ ਅਤੇ ਲੇਖਕਾਂ ਦੀ ਮਦਦ ਨਾਲ ਬਾਖੂਬੀ ਚਲ ਰਿਹਾ ਹੈ। ਮੇਰਾ ਤੁਹਾਡੇ ਨਾਲ ਵਾਅਦਾ ਹੈ ਕਿ 'ਪੰਜਾਬ ਟਾਈਮਜ਼' ਨੂੰ ਚਲਦਾ ਰੱਖਣ ਲਈ ਤੁਹਾਡੀ ਹੀ ਤਰ੍ਹਾਂ ਮਰਦੇ ਦਮ ਤਕ ਆਪਣੀ ਪੂਰੀ ਤਾਕਤ ਝੋਕ ਦੇਵਾਂਗੀ।

ਹਾਂ! ਤੁਹਾਨੂੰ ਦੱਸ ਦੇਵਾਂ, ਤੁਹਾਨੂੰ ਪਿਆਰ ਕਰਨ ਵਾਲੇ ਤੇ ਤੁਹਾਡਾ ਜਨਮ ਦਿਨ ਯਾਦ ਰੱਖਣ ਵਾਲੇ ਬਹੁਤ ਸਾਰੇ ਸਨੇਹੀਆਂ ਨੇ ਵੀ ਤੁਹਾਡੇ ਵਿਛੋੜੇ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ।

ਅਮੋਲਕ ਚਾਲੀ ਸਾਲਾਂ ਦੇ ਇਸ ਸਫਰ ਦੌਰਾਨ ਜੇ ਕਦੀ ਮੈਂ ਤੁਹਾਡਾ ਦਿਲ ਦੁਖਾਇਆ ਹੋਵੇ ਤਾਂ ਮੈਨੂੰ ਮੁਆਫ ਕਰ ਦੇਣਾ। ਤੁਸੀਂ ਇਸ ਜਨਮ ਵਿਚ ਬਹੁਤ ਦੁਖ ਖਿੜੇ ਮੱਥੇ ਹੰਢਾਇਆ ਹੈ, ਤੁਹਾਡੇ ਇਸ ਵਿਸ਼ੇਸ਼ ਜਨਮ ਦਿਨ 'ਤੇ ਮੇਰੀ ਦਿਲੀ ਦੁਆ ਹੈ, ਤੁਹਾਡਾ ਅਗਲਾ ਸਫਰ ਬਹੁਤ ਸੁਖਾਵਾਂ ਹੋਵੇ।

ਹਰ ਵਕਤ ਤੁਹਾਡੀ ਯਾਦ ਵਿਚ,

*-ਜਸਪ੍ਰੀਤ*



*ਅਮੋਲਕ ਸਿੰਘ ਜੰਮੂ ਦਾ ਜਨਮ ਦਿਨ ਮਨਾਏ ਜਾਣ ਦੀ ਇਕ ਯਾਦ...*

# ਅਮੋਲਕ... ਪੱਤਰਕਾਰੀ ਜਿਹਦੇ ਹੱਡੀਂ ਰਚ ਗਈ ਸੀ

## *14 ਜੁਲਾਈ ਨੂੰ ਜਨਮ ਦਿਨ 'ਤੇ ਵਿਸ਼ੇਸ਼*

**ਜਸਵੀਰ ਸਮਰ**
**ਫੋਨ: +91-98722-69310**

2001 ਵਾਲਾ ਸਾਲ ਅਜੇ ਚੜ੍ਹਿਆ ਹੀ ਸੀ ਕਿ ਨਿਊਜ਼ ਰੂਮ ਦੇ ਨੋਟਿਸ ਬੋਰਡ 'ਤੇ ਨਵੇਂ ਸਾਲ ਦੀਆਂ ਵਧਾਈਆਂ ਦਾ ਇਕ ਪੁਰਜ਼ਾ ਆਣ ਚਿਪਕਿਆ। ਆਏ ਸਾਲ ਵਧਾਈਆਂ ਵਾਲਾ ਮਸਲਾ ਰੁਟੀਨ ਜਿਹੀ ਕਾਰਵਾਈ ਹੀ ਤਾਂ ਹੁੰਦੀ ਹੈ ਪਰ ਨੋਟਿਸ ਬੋਰਡ 'ਤੇ ਚਿਪਕੇ ਪੁਰਜ਼ੇ ਉਤੇ ਲਿਖੀਆਂ ਦੋ ਸਤਰਾਂ ਸਦਾ ਸਦਾ ਲਈ ਜ਼ਿਹਨ ਅੰਦਰ ਉੱਤਰ ਗਈਆਂ: ਲੋਕੀਂ ਕਹਿੰਦੇ ਨੇ ਕਿ 'ਪੰਜਾਬ ਟਾਈਮਜ਼' ਵਿਚੋਂ 'ਪੰਜਾਬੀ ਟ੍ਰਿਬਿਊਨ' ਦਾ ਝਉਲਾ ਪੈਂਦਾ ਹੈ। ਕਿੰਝ ਦੱਸਾਂ ਕਿ 'ਪੰਜਾਬੀ ਟ੍ਰਿਬਿਊਨ' ਮੇਰੇ ਹੱਡਾਂ 'ਚ ਰਚਿਆ ਹੋਇਆ ਹੈ।

ਇਹ ਅਮੋਲਕ ਸਿੰਘ ਜੰਮੂ ਸੀ ਜਿਹੜਾ ਅਦਾਰੇ ਵਿਚ ਮੇਰੀ ਭਰਤੀ ਤੋਂ ਚਾਰ-ਪੰਜ ਸਾਲ ਪਹਿਲਾਂ, 1996ਵਿਆਂ ਦੇ ਅੱਧ ਜਿਹੇ ਵਿਚ ਅਮਰੀਕਾ ਜਾ ਵੱਸਿਆ ਸੀ ਅਤੇ ਉਹਨੇ ਉਥੇ ਚਾਰ-ਪੰਜ ਸਾਲ ਜੂਝਣ ਤੋਂ ਬਾਅਦ ਸਾਲ 2000 ਵਿਚ ਆਪਣਾ ਹਫ਼ਤਾਵਾਰੀ ਪਰਚਾ 'ਪੰਜਾਬ ਟਾਈਮਜ਼' ਕੱਢ ਲਿਆ ਸੀ। ਉਸ ਵਕਤ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਮਾਰੂ ਅਤੇ ਲਗਾਤਾਰ ਤੰਗ ਤੇ ਬੇਵੱਸ ਕਰਨ ਵਾਲੀ ਬਿਮਾਰੀ ਦੇ ਬਾਵਜੂਦ ਉਹਨੇ ਪੱਤਰਕਾਰੀ ਦੀ ਦੁਨੀਆ ਅੰਦਰ ਇੰਨੀ ਸ਼ਾਨਦਾਰ ਪਾਰੀ ਖੇਡਣੀ ਹੈ। ... ਤੇ ਨੋਟਿਸ ਬੋਰਡ 'ਤੇ ਉਹਦੀਆਂ ਵਧਾਈਆਂ ਵਾਲਾ ਪੁਰਜ਼ਾ ਚਿਪਕਾਉਣ ਵਾਲਾ ਕੋਈ ਹੋਰ ਨਹੀਂ, ਉਹਦਾ ਗੂੜ੍ਹਾ ਮਿੱਤਰ ਨਰਿੰਦਰ ਭੁੱਲਰ ਸੀ ਜਿਹੜਾ ਛੇਤੀ ਹੀ ਮੇਰਾ ਵੀ ਓਨਾ ਹੀ ਗੂੜ੍ਹਾ ਯਾਰ ਬਣ ਗਿਆ ਸੀ। ਸਾਂਝ ਦਾ ਜ਼ਰੀਆਂ ਸਿਰਫ਼ ਇਕ ਹੀ ਸੀ: ਕੰਮ ਔਰ ਸੰਜੀਦਗੀ। ਅਮੋਲਕ ਦੇ ਅਮਰੀਕਾ ਜਾਣ ਨਾਲ ਨਿਊਜ਼ ਰੂਮ ਦੀ ਇਕ ਜੋੜੀ (ਅਮੋਲਕ-ਨਰਿੰਦਰ) ਟੁੱਟ ਗਈ ਸੀ ਪਰ ਦੂਜੀ (ਨਰਿੰਦਰ-ਜਸਵੀਰ) ਬਣ ਵੀ ਗਈ ਸੀ।

ਅਸਲ ਵਿਚ ਅਮੋਲਕ ਸਿੰਘ ਮੈਨੂੰ ਪਹਿਲਾਂ-ਪਹਿਲ ਨਰਿੰਦਰ ਭੁੱਲਰ ਰਾਹੀਂ ਹੀ ਮਿਲਿਆ ਸੀ। ਬਿਨਾ ਮੁਲਾਕਾਤ। ਅਮੋਲਕ ਦੀਆਂ ਕਿੰਨੀਆਂ ਗੱਲਾਂ-ਬਾਤਾਂ ਨਰਿੰਦਰ ਦੇ ਬੋਹੀਏ ਵਿਚੋਂ ਉੱਛਲ ਕੇ ਮੇਰੀ ਝੋਲੀ ਵਿਚ ਪੈਂਦੀਆਂ ਰਹੀਆਂ ਸਨ; ਚੰਡੀਗੜ੍ਹ ਵਿਚ ਉਹਦੀ ਪੜ੍ਹਾਈ, ਨੌਕਰੀ, ਇਥੋਂ ਤੱਕ ਕਿ ਪਿੰਡ ਤੱਕ ਦੀਆਂ ਗੱਲਾਂ-ਬਾਤਾਂ। ਸ਼ਾਇਦ ਇਸੇ ਕਰਕੇ ਜਦੋਂ 2006 ਵਾਲੀ ਭਾਰਤ ਫੇਰੀ ਦੌਰਾਨ ਅਮੋਲਕ ਨੂੰ ਰੂ-ਬ-ਰੂ ਮਿਲਿਆ ਤਾਂ ਉਹ ਮੇਰੇ ਲਈ ਓਪਰਾ ਨਹੀਂ ਸੀ। ਇਹੀ ਲੱਗਦਾ ਸੀ, ਚਿਰਾਂ ਦੇ ਵਿਛੜਿਆਂ ਦੇ ਹੁਣ ਮੇਲੇ ਹੋਏ ਹਨ। ਉਂਜ, ਅਮੋਲਕ ਨੂੰ ਮਿਲਦਿਆਂ ਸਾਰ ਮੈਂ ਧੁਰ ਅੰਦਰ ਤੱਕ ਹਿੱਲ ਗਿਆ ਸਾਂ। ਉਹਨੇ ਸੱਜਾ ਹੱਥ ਮਿਲਾਉਣ ਲਈ ਖੱਬੇ ਹੱਥ ਦਾ ਸਹਾਰਾ ਲਿਆ ਸੀ, ਜਿਵੇਂ ਮਗਰੋਂ ਚਾਹ ਵਾਲਾ ਕੱਪ ਮੂੰਹ ਤੱਕ ਲਿਜਾਣ ਲਈ ਉਹਨੇ ਕੀਤਾ ਸੀ। ਫਿਰ ਹੈਰਾਨ ਵੀ ਹੋਇਆ, ਇਹ ਉਹੀ ਹੱਥ ਸਨ ਜਿਨ੍ਹਾਂ ਵਿਚੋਂ 'ਪੰਜਾਬ ਟਾਈਮਜ਼' ਹਰ ਹਫ਼ਤੇ ਪੂਰੀ ਸਜ-ਧਜ ਨਾਲ ਉਦੈ ਹੁੰਦਾ ਸੀ!

ਉਦੋਂ ਤੱਕ 'ਪੰਜਾਬ ਟਾਈਮਜ਼' ਨੂੰ ਦਰਪੇਸ਼ ਮੁਢਲੀਆਂ ਦੁਸ਼ਵਾਰੀਆਂ ਵਾਲਾ ਵਕਤ ਨਿੱਕਲ ਚੁੱਕਾ ਸੀ ਅਤੇ ਇਨ੍ਹਾਂ ਸਾਲਾਂ ਦੌਰਾਨ ਅਮੋਲਕ ਨੇ ਇਕੱਲਿਆਂ ਹੀ ਜੂਝਦਿਆਂ ਆਪਣੇ ਸਿਰੜ ਸਦਕਾ ਅਖ਼ਬਾਰ ਦਾ ਮੂੰਹ-ਮੱਥਾ ਬਣਾ ਲਿਆ ਸੀ। ਇਹ ਉਹ ਵਕਤ ਵੀ ਸੀ ਜਦੋਂ ਉਹਨੇ 'ਪੰਜਾਬ ਟਾਈਮਜ਼' ਨੂੰ ਲੰਮੇ ਸਫ਼ਰ 'ਤੇ ਪਾਉਣ ਬਾਰੇ ਜੁਗਤਾਂ



***(ਖੱਬਿਓਂ) ਨਰਿੰਦਰ ਸਿੰਘ ਭੁੱਲਰ, ਅਮੋਲਕ ਸਿੰਘ ਜੰਮੂ ਤੇ ਜਸਪ੍ਰੀਤ ਕੌਰ ਜੰਮੂ ਅਤੇ (ਪਿਛੇ ਖੜ੍ਹੇ) ਕੰਵਲਜੀਤ ਸਿੰਘ ਵਿਰਕ***

ਲੜਾਉਣੀਆਂ ਆਰੰਭ ਕੀਤੀਆਂ। ਦਰਅਸਲ, ਉਹਨੂੰ ਚਿੰਬੜੀ ਮਾਸਕੂਲਰ ਡਿਸਟਰੋਫੀ ਦੀ ਬਿਮਾਰੀ ਮਾਰ ਕਰ ਰਹੀ ਸੀ। ਉਹ ਚਾਹੁੰਦਾ ਸੀ ਕਿ ਉਹਦਾ ਲਾਇਆ ਬੂਟਾ, ਜਿਹੜਾ ਹੁਣ ਖੂਬ ਮੌਲਣ ਲੱਗ ਪਿਆ ਸੀ, ਹੋਰ ਵਧੇ-ਫੁੱਲੇ। ਉਹਦੇ ਇਸ ਸਫ਼ਰ ਦੇ ਕਾਫ਼ਲੇ ਵਿਚ ਬਾਬਾ ਬਲ (ਗੁਰਦਿਆਲ ਸਿੰਘ ਬਲ) ਸਮੇਤ ਸਾਰੇ ਪੁਰਾਣੇ ਦੋਸਤ ਅਤੇ ਨਵੇਂ ਮਿੱਤਰ-ਪਿਆਰੇ ਆਣ ਰਲੇ ਸਨ। ਅਮਰੀਕਾ-ਕੈਨੇਡਾ ਦੇ ਕਿੰਨੇ ਲਿਖਾਰੀ ਤੇ ਪੱਤਰਕਾਰ ਇਸ ਸਫ਼ਰ ਦਾ ਹਿੱਸਾ ਬਣ ਗਏ ਸਨ ਅਤੇ ਪਰਚੇ ਦਾ ਆਕਾਰ ਵੀ ਫੈਲ ਗਿਆ ਸੀ; ਅਡੀਸ਼ਨ ਵੀ ਤਿੰਨ- ਕੈਲੀਫੋਰਨੀਆ, ਨਿਊ ਯਾਰਕ ਤੇ ਸ਼ਿਕਾਗੋ (ਮਿਡ ਵੈਸਟ), ਹੋ ਗਏ ਸਨ। ਉਹਨੇ 'ਪੰਜਾਬੀ ਟ੍ਰਿਬਿਊਨ' ਦੇ ਮਿਆਰ ਵਾਲਾ ਰੰਗ ਅਮਰੀਕਾ ਵਿਚ ਵੀ ਕਾਇਮ ਰੱਖਿਆ ਸੀ ਅਤੇ ਉਹਦੀ ਕਣਦਾਰ ਸੰਪਾਦਕੀ ਸੂਝ ਦੀ ਸੁਗੰਧ ਹੌਲੀ-ਹੌਲੀ ਚੁਫ਼ੇਰੇ ਫੈਲ ਰਹੀ ਸੀ। ਵਜ੍ਹਾ ਇਹੀ ਸੀ ਕਿ ਹਰ ਰਚਨਾ ਨੂੰ ਅਮੋਲਕ ਦੀ ਛਾਣਨੀ ਵਿਚੋਂ ਲੰਘਣਾ ਪੈਂਦਾ ਸੀ।

ਪੱਤਰਕਾਰੀ ਦੇ ਇਸ ਸੁਘੜ ਸਫ਼ਰ ਦੌਰਾਨ ਆਪਣੀਆਂ ਸਰੀਰਕ ਦੁਸ਼ਵਾਰੀਆਂ ਨਾਲ ਜੂਝਦਿਆਂ ਅਮੋਲਕ ਦੀ ਨਜ਼ਰ ਨਰਿੰਦਰ ਭੁੱਲਰ 'ਤੇ ਆਣ ਕੇ ਰੁਕੀ। ਉਹ ਚਾਹੁੰਦਾ ਸੀ ਕਿ ਨਰਿੰਦਰ 'ਪੰਜਾਬ ਟਾਈਮਜ਼' ਦਾ ਹੱਥ ਵਟਾਉਣ ਅਮਰੀਕਾ ਆਵੇ। ਇਸ ਸੋਚ ਅੰਦਰ ਪੇਸ਼ੇਵਾਰਾਨਾ ਪਹੁੰਚ ਦੇ ਨਾਲ-ਨਾਲ ਗੂੜ੍ਹੀ ਦੋਸਤੀ ਵਾਲੀ ਤਵੱਕੋ ਵੀ ਸੀ ਪਰ ਨਰਿੰਦਰ ਅਜੇ ਅਮੋਲਕ ਵਾਂਗ ਨਹੀਂ ਸੀ ਸੋਚ ਰਿਹਾ। ਪੱਤਰਕਾਰੀ ਅਤੇ ਪੜ੍ਹਾਈ-ਲਿਖਾਈ ਬਾਬਤ ਉਹਦੇ ਆਪਣੇ 'ਪ੍ਰੋਜੈਕਟ' ਸਨ। ਆਖ਼ਿਰਕਾਰ ਅਮੋਲਕ ਦਾ ਪਲੜਾ ਭਾਰੀ ਪੈ ਗਿਆ, ਤੇ ਨਰਿੰਦਰ ਆਪਣੇ ਯਾਰ ਅਮੋਲਕ ਦੇ ਕਹਿਣ 'ਤੇ ਇਕ ਵਾਰ 'ਪੰਜਾਬ ਟਾਈਮਜ਼' ਦਾ ਜਲੌਅ ਦੇਖਣ ਅਤੇ ਫਿਰ ਹੀ ਕੋਈ ਫ਼ੈਸਲਾ ਕਰਨ ਦੀ ਸੋਚ ਕੇ ਸ਼ਿਕਾਗੋ ਵਾਲੇ ਜਹਾਜ਼ ਜਾ ਚੜ੍ਹਿਆ। ਆਪਣੇ ਕਸਬ ਵਿਚ ਅੱਵਲ, ਦੋ ਦੋਸਤ ਫਿਰ ਇਕੱਠੇ ਸਨ ਅਤੇ 'ਪੰਜਾਬ ਟਾਈਮਜ਼' ਬਾਰੇ ਬਾਬੇ ਬਲ ਦੇ ਮਸ਼ਵਰੇ ਆਪਣਾ ਰੰਗ ਲਿਆਉਣ ਲੱਗੇ। ਚਹੁੰ ਮਹੀਨਿਆਂ ਬਾਅਦ ਜਦੋਂ ਨਰਿੰਦਰ ਵਾਪਸ ਆਪਣੇ ਨਵੇਂ ਬਣਾਏ ਘਰ ਜ਼ੀਰਕਪੁਰ ਮੁੜਿਆ ਤਾਂ ਉਹ 'ਪੰਜਾਬ ਟਾਈਮਜ਼' ਨਾਲ ਜੁੜਨ ਲਈ ਤਕਰੀਬਨ ਤਿਆਰ ਸੀ ਪਰ ਕੁਦਰਤ ਨੂੰ ਪੱਤਰਕਾਰੀ ਦੇ ਪਿੜ ਵਿਚ ਮੌਲ਼ ਰਹੀ ਇਹ ਦੋਸਤੀ ਸ਼ਾਇਦ ਮਨਜ਼ੂਰ ਨਹੀਂ ਸੀ। 12 ਅਗਸਤ (2007) ਨੂੰ ਐਤਵਾਰ ਦਾ ਦਿਨ ਸੀ ਜਦੋਂ ਨਰਿੰਦਰ ਦਿੱਲੀ ਦੇ ਹਵਾਈ ਅੱਡੇ 'ਤੇ ਉੱਤਰਿਆ, ਤੇ ਬੁੱਧਵਾਰ ਰਾਤ ਦੀ ਖ਼ਬਰ ਸੀ ਕਿ ਨਰਿੰਦਰ ਦਾ ਐਕਸੀਡੈਂਟ ਹੋ ਗਿਆ ਹੈ ਅਤੇ ਉਹ ਹਸਪਤਾਲ ਵਿਚ ਬੇਹੋਸ਼ ਪਿਆ ਜ਼ਿੰਦਗੀ ਨਾਲ ਜੂਝ ਰਿਹਾ ਸੀ। ਦਿਨ ਚੜ੍ਹਦੇ ਤੱਕ ਉਹ ਖ਼ਬਰ ਬਣ ਗਿਆ ਸੀ ਅਤੇ ਇਹ ਖ਼ਬਰ ਉਨ੍ਹੀਂ ਪੈਰੀਂ ਅਮਰੀਕਾ ਵੀ ਪੁੱਜ ਗਈ ਸੀ। ਆਪਣੀ ਸਰੀਰਕ ਲੜਾਈ ਨਾਲ ਜੂਝ ਰਿਹਾ ਅਮੋਲਕ ਹੁਣ ਇਕ ਹੋਰ ਲੜਾਈ ਲੜ ਰਿਹਾ ਸੀ। ਉਹਨੂੰ ਲੱਗਿਆ, ਮਾਸਕੂਲਰ ਡਿਸਟਰੋਫੀ ਨਾਲ ਉਹਦੀਆਂ ਬਾਹਾਂ ਸਿਰਫ਼ ਨਿੱਸਲ ਹੋਈਆਂ ਸਨ, ਟੁੱਟੀਆਂ ਤਾਂ ਹੁਣ ਨਰਿੰਦਰ ਦੇ ਤੁਰ ਜਾਣ ਨਾਲ ਹਨ। ਇਹ ਹਜ਼ਾਰਾਂ ਮੀਲ ਲੰਮੀ ਹੂਕ ਸੀ ਜਿਹੜੀ ਜਿਸਮ-ਓ-ਜਾਨ ਅੰਦਰ ਡੂੰਘੀ ਲਹਿ ਗਈ ਸੀ।

---

ਨਰਿੰਦਰ ਦੇ ਤੁਰ ਜਾਣ ਤੋਂ ਇਕ-ਦੋ ਦਿਨ ਬਾਅਦ ਅਮੋਲਕ ਦਾ ਫੋਨ ਆਇਆ, ਉਹ ਇਸ ਹਾਦਸੇ ਨੂੰ ਆਪਣੇ ਢੰਗ ਨਾਲ ਸਮੇਟਣ ਦਾ ਯਤਨ ਕਰ ਰਿਹਾ ਸੀ, ਉਹਦੇ ਬੋਲਾਂ ਅੰਦਰ ਬੇਵਸੀ ਦੇ ਨਾਲ-ਨਾਲ ਉਲਾਂਭਾ ਵੀ ਰਲਿਆ ਹੋਇਆ ਸੀ: "ਇਸੇ ਕੰਮ ਲਈ ਉਹਨੂੰ ਸੱਦੀ ਜਾਂਦੇ ਸੀ। ... ਹੈਂ?" ਅਸਲ ਵਿਚ ਕੁਝ ਕਾਰਨਾਂ ਕਰਕੇ ਦਫ਼ਤਰ ਵਾਲੇ ਨਰਿੰਦਰ ਨੂੰ ਵਾਪਸ ਆਉਣ ਲਈ ਜ਼ੋਰ ਪਾ ਰਹੇ ਸਨ! ਅਮੋਲਕ ਦੇ ਉਲਾਂਭੇ ਅੰਦਰ ਲੋਹੜੇ ਦਾ ਦਰਦ ਸੀ। ਇਸ ਤੋਂ ਅੱਗੇ ਨਾ ਮੈਥੋਂ ਕੁਝ ਬੋਲ ਹੋਇਆ, ਤੇ ਨਾ ਹੀ ਅਮੋਲਕ ਦਾ ਬੋਲ ਨਿੱਕਲਿਆ। ਫੋਨ ਦੇ ਦੋਵੇਂ ਪਾਸੀਂ ਸੁਣਦੀਆਂ ਸਿਸਕੀਆਂ ਆਪੋ-ਆਪਣੇ ਥਾਂ ਸ਼ਾਂਤ ਹੋ ਗਈਆਂ ਸਨ। ਅਮੋਲਕ ਦੇ 'ਪੰਜਾਬ ਟਾਈਮਜ਼' ਦਾ ਹੱਥ-ਵਟਾਵਾ ਬੜਾ ਨਿਰਮੋਹਿਆ ਨਿੱਕਲਿਆ ਸੀ! ਹੁਣ ਤਾਂ ਉਹਨੂੰ ਉਲਟਾ ਨਰਿੰਦਰ ਦੇ ਪਰਿਵਾਰ ਦਾ ਹੱਥ ਵਟਾਉਣਾ ਪੈ ਗਿਆ ਸੀ। ਉਹ ਦੂਜੇ-ਤੀਜੇ ਫੋਨ ਕਰਕੇ ਖ਼ਬਰਸਾਰ ਪੁੱਛਦਾ; ਬੱਸ, ਉਹ ਆਪਣੇ ਦੋਸਤ ਦੇ ਪਰਿਵਾਰ ਦਾ ਗਮ ਵੰਡਾਉਣ ਉੱਡ ਕੇ ਨਹੀਂ ਸੀ ਆ ਸਕਦਾ!

---

ਫਿਰ ਗਾਹੇ-ਬਗਾਹੇ ਅਮੋਲਕ ਦਾ ਫੋਨ ਆਉਂਦਾ ਪਰ ਹਰ ਵਾਰ ਕਸਬ ਜਾਂ 'ਪੰਜਾਬ ਟਾਈਮਜ਼' ਦੀ ਹੀ ਗੱਲ: ਐਂ ਕਰ, ਫਲਾਣੇ ਲੇਖਕ ਦਾ ਬੜਾ ਵਧੀਆ ਲੇਖ ਆਇਐ, ਲੰਮਾ। ਤੇਰੇ ਸ਼ਹਿਰ 'ਚ ਹੀ ਰਹਿੰਦੈ। ਉਹਦੇ ਘਰੋਂ ਛਾਂਟਵੀਆਂ ਜਿਹੀਆਂ ਫੋਟੋਆਂ ਲੈ ਕੇ ਸਕੈਨ ਕਰਕੇ ਭੇਜ। ... ਮੁਹਾਲੀ ਵਾਲੀ ਲੇਖਕਾ ਤੋਂ ਆਹ ਲੈ ਆ, ਤੇਰੇ ਤਾਂ ਨੇੜੇ ਈ ਆ ... ਫਲਾਣੇ ਤੋਂ ਅਹੁ ਲਿਆ ਕੇ ਭੇਜ ...। ਇਕ ਦਿਨ ਫੋਨ ਵਾਹਵਾ ਲੰਮਾ ਹੋ ਗਿਆ। ਸ਼ਾਇਦ ਸਾਲ 2011 ਦਾ ਮਾਰਚ ਮਹੀਨਾ ਸੀ। ਸਵੇਰੇ ਅਜੇ ਉੱਠਿਆ ਵੀ ਨਹੀਂ ਸੀ, ਰਾਤ ਦੀ ਡਿਊਟੀ ਦਾ ਝੰਬਿਆ, ਅੱਖਾਂ ਅੰਦਰ ਨੀਂਦ ਅਜੇ ਤਾਰੀਆਂ ਲਾ ਰਹੀ ਸੀ: 'ਓ ਬਈ ਫ਼ੌਜਾਂ ਅਜੇ ਤੱਕ ਸੁੱਤੀਆਂ ਪਈਆਂ। ਸਲਮਾਨ ਤਾਸੀਰ ਦਾ ਕਤਲ ਹੋ ਗਿਆ'। ਸਲਮਾਨ ਤਾਸੀਰ ਲਹਿੰਦੇ ਪੰਜਾਬ ਦਾ ਗਰਵਨਰ ਸੀ ਅਤੇ ਕੱਟੜਪੰਥੀਆਂ ਦੇ ਅਸਰ ਹੇਠ ਆਏ ਉਹਦੇ ਆਪਣੇ ਹੀ ਅੰਗ-ਰੱਖਿਅਕ ਨੇ ਉਹਦੇ ਜਿਸਮ ਅੰਦਰ 27 ਗੋਲੀਆਂ ਉਤਾਰ ਦਿੱਤੀਆਂ ਸਨ। ਉਹਨੇ ਗ਼ਰੀਬਣੀ ਈਸਾਈ ਔਰਤ ਆਸੀਆ ਬੀਬੀ ਨਾਲ ਹੋ ਰਹੀ ਵਧੀਕੀ ਖ਼ਿਲਾਫ਼ ਆਵਾਜ਼ ਉਠਾਈ ਸੀ ਅਤੇ ਉਹਦੀ ਫਾਂਸੀ ਤੁੜਵਾਉਣ ਲਈ ਤਰੱਦਦ ਕਰ ਰਿਹਾ ਸੀ। ਅਮੋਲਕ ਨੇ ਗੱਲਬਾਤ ਦੌਰਾਨ ਪਾਕਿਸਤਾਨ ਦੀ ਸਿਆਸਤ, ਫੌਜ, ਮੁਲਾਣਿਆਂ ਦੀ ਚੜ੍ਹਤ, ਘੱਟ-ਗਿਣਤੀਆਂ ਦੇ ਹਾਲਾਤ ਬਾਰੇ ਕਿੰਨਾ ਕੁਝ ਕਿਹਾ ਤੇ ਸੁਣਿਆ ਵੀ। ਅਖ਼ੀਰ 'ਚ ਕਹਿੰਦਾ: ਬੱਸ, 800 ਸ਼ਬਦਾਂ ਵਿਚ ਇਹ ਸਾਰਾ ਕੁਝ ਲਿਖ ਕੇ ਭੇਜ ਦੇ'। ... ਹੁਣ ਨੀਂਦ ਉਡੰਤਰ ਹੋ ਚੁੱਕੀ ਸੀ ਅਤੇ ਮੈਂ ਨੈੱਟ 'ਤੇ ਤਾਸੀਰ ਬਾਰੇ ਵੇਰਵੇ ਫਰੋਲ ਰਿਹਾ ਸਾਂ।

ਹਰ ਵਾਰ ਉਹਦਾ ਆਖ਼ਰੀ ਫਿਕਰ 'ਪੰਜਾਬ ਟਾਈਮਜ਼' ਦਾ ਮੈਟਰ ਹੁੰਦਾ ਸੀ।

ਤੇ ਉਹਦੇ ਬੋਲ ਸੁਣਦਿਆਂ ਦਿਲ ਦੇ ਦਰਵਾਜ਼ੇ 'ਤੇ ਇਕਦਮ 'ਪੰਜਾਬੀ ਟ੍ਰਿਬਿਊਨ' ਦੇ ਡਿਪਟੀ ਐਡੀਟਰ ਦਲਬੀਰ ਸਿੰਘ ਨੇ ਦਸਤਕ ਦੇ ਦਿੱਤੀ:

ਸਾਲ 2007 ਦਾ ਮਈ ਮਹੀਨਾ ਅਜੇ ਚੜ੍ਹਿਆ ਹੀ ਸੀ। ਮੈਨੂੰ ਉਚੇਚਾ ਆਪਣੇ ਕੈਬਿਨ 'ਚ ਬੁਲਾਇਆ ਅਤੇ ਮੇਰੇ ਕੁਰਸੀ ਉਤੇ ਬੈਠਦੇ ਸਾਰ ਕਹਿਣ ਲੱਗੇ: "ਸੁਖਦੇਵ ਬਾਰੇ ਕਿੰਨਾ ਕੁ ਪੜ੍ਹਿਐ?"

ਸੁਖਦੇਵ ਤਾਂ ਮੇਰੇ ਪਸੰਦੀਦਾ ਇਨਕਲਾਬ-ਪਸੰਦਾਂ ਵਿਚੋਂ ਸੀ, ਉਹਦੀ ਜਥੇਬੰਦਕ ਸਮਰੱਥਾ ਕਾਇਲ ਕਰਨ ਵਾਲੀ ਸੀ। ਬੱਸ ਗੱਲਾਂ ਸ਼ੁਰੂ ਹੋ ਗਈਆਂ। ਪਤਾ ਹੀ ਨਾ ਲੱਗਿਆ, ਅੱਧਾ ਘੰਟਾ ਲੰਘ ਵੀ ਗਿਆ ਹੈ, ਤੇ ਫਿਰ ਡੈਸਕ ਤੋਂ ਫੋਨ ਵੀ ਆ ਗਿਆ: 'ਭਾਈ ਬੰਦਾ ਭੇਜੋ ਸਾਡਾ, ਅਸੀਂ ਅਖ਼ਬਾਰ ਵੀ ਕੱਢਣੀ ਐ ਅੱਜ'।

ਦਲਬੀਰ ਸਿੰਘ ਦੇ ਸ਼ਬਦ ਵੀ ਅਮੋਲਕ ਦੇ ਮਗਰਲੇ ਸ਼ਬਦਾਂ ਵਰਗੇ ਹੀ ਸਨ: ਜਿਹੜੀਆਂ ਆਪਾਂ ਗੱਲਾਂ ਕੀਤੀਆਂ ਨੇ ਨਾ ਸੁਖਦੇਵ ਬਾਰੇ, ਬੱਸ ਚਹੁੰ ਦਿਨਾਂ ਵਿਚ ਲਿਖ ਕੇ ਦੇ ਦੇ।

ਉਹ ਵਰ੍ਹਾ ਸੁਖਦੇਵ ਦਾ ਜਨਮ ਸ਼ਤਾਬਦੀ ਵਰ੍ਹਾ ਸੀ (ਤੇ ਭਗਤ ਸਿੰਘ ਦਾ ਵੀ)। ਦਲਬੀਰ ਸਿੰਘ ਦਾ ਆਖਣਾ ਸੀ, ਭਗਤ ਸਿੰਘ ਬਾਰੇ ਤਾਂ ਬਥੇਰਿਆਂ ਨੇ ਲਿਖ ਕੇ ਭੇਜ ਦੇਣਾ, ਆਪਾਂ ਸੁਖਦੇਵ ਬਾਰੇ ਵੀ ਛਾਪਾਂਗੇ। ... ਤੇ ਸੁਖਦੇਵ ਦੇ ਜਨਮ ਦਿਨ (15 ਮਈ) ਮੌਕੇ ਮੇਰਾ ਲੇਖ 'ਚਮੇਲੀ ਦਾ ਫੁੱਲ: ਸੁਖਦੇਵ' ਮੈਗਜ਼ੀਨ ਦਾ ਮੁੱਖ ਲੇਖ ਬਣ ਗਿਆ ਸੀ।

...ਤੇ ਸਲਮਾਨ ਤਾਸੀਰ ਵਾਲੀ ਲਿਖਤ ਅਮੋਲਕ ਦੀਆਂ ਸੂਖ਼ਮ ਛੋਹਾਂ, ਕੁਝ ਕੁ ਵਾਕਾਂ ਦੇ ਵਾਧੇ ਅਤੇ ਕੁਝ ਕੁ ਵਾਕਾਂ ਤੇ ਸ਼ਬਦਾਂ ਦੇ ਅੱਗੇ-ਪਿੱਛੇ ਹੋਣ ਤੋਂ ਬਾਅਦ 'ਪੰਜਾਬ ਟਾਈਮਜ਼' ਦੀ ਸੰਪਾਦਕੀ ਬਣ ਗਈ ਸੀ।

ਅਮੋਲਕ ਨੂੰ ਖ਼ਬਰ ਸੀ ਕਿ ਕਿਹੜਾ ਕੰਮ ਕਿਸ ਤੋਂ ਕਰਵਾਉਣਾ ਹੈ! ਇਹੀ ਪਹੁੰਚ ਉਹਦੀ ਪੱਤਰਕਾਰੀ ਦੀ ਤਾਕਤ ਸੀ। ਉਹਨੇ ਅਮਰੀਕਾ, ਕੈਨੇਡਾ, ਹਿੰਦੋਸਤਾਨ ਤੇ ਹੋਰ ਥਾਈਂ ਵੱਸਦੇ ਅਣਗਿਣਤ ਲਿਖਾਰੀਆਂ ਅਤੇ ਪੰਜਾਬੀ ਪਿਆਰਿਆਂ ਨੂੰ ਇਉਂ ਆਪਣੇ ਨਾਲ ਜੋੜਿਆ ਹੋਇਆ ਸੀ। ਇਉਂ ਉਹ ਹਰ ਹਫ਼ਤੇ 'ਪੰਜਾਬ ਟਾਇਮੀਜ਼' ਦੀ ਛਾਟਵੀਂ, ਵੱਖਰੀ ਪੜ੍ਹਨ-ਸਮੱਗਰੀ ਨਾਲ ਆਪਣੀ ਬਿਮਾਰੀ ਨੂੰ ਵੰਗਾਰਦਾ। ਇਸੇ ਕਰਕੇ ਉਹਦੇ ਪਰਚੇ ਬਾਰੇ ਅਕਸਰ ਇਹ ਟਿੱਪਣੀਆਂ ਸੁਣਨ ਨੂੰ ਮਿਲਦੀਆਂ ਕਿ ਪਰਚਾ ਕਈ ਮਾਮਲਿਆਂ ਵਿਚ ਪੰਜਾਬ ਦੀਆਂ ਸਰਕਰਦਾ, ਮੁੱਖ ਧਾਰਾ ਵਾਲੀਆਂ ਅਖ਼ਬਾਰਾਂ ਤੋਂ ਵੀ ਦੋ ਰੱਤੀਆਂ ਉਤਾਂਹ ਜਾਂਦਾ ਹੈ।

ਇਹੀ ਉਹ ਕਮਾਈ ਸੀ ਜਿਹਦੇ ਕਰਕੇ ਅਮੋਲਕ ਪੰਜਾਬੀ ਪੱਤਰਕਾਰੀ ਦਾ ਅਮੋਲਕ ਹੀਰਾ ਸੀ।

ਇਸੇ ਕਰਕੇ ਪ੍ਰੋਫੈਸਰ ਜੋਗਿੰਦਰ ਸਿੰਘ ਰਮਦੇਵ ਵਰਗਾ ਬੰਦਾ ਜਿਸ ਨੇ ਭਲੇ ਵੇਲਿਆਂ ਵਿਚ ਫਰਾਂਸੀਸੀ ਲਿਖਾਰੀ ਗੁਸਤਾਵ ਫਲਾਵੇਅਰ ਦੇ ਨਾਵਲ 'ਮਦਾਮ ਬੋਵਾਰੀ' ਦਾ ਤਰਜਮਾ ਕੀਤਾ ਸੀ ਤੇ ਲਾਇਬ੍ਰੇਰੀ ਸਾਇੰਸ ਦੇ ਖੇਤਰ ਦੀ ਇਕ ਹਸਤੀ ਸੀ, ਅਮੋਲਕ ਨੂੰ ਆਪਣਾ ਰੋਲ ਮਾਡਲ ਮੰਨਦਾ ਸੀ। ਅਤਿਅੰਤ ਔਕੜਾਂ ਦੇ ਬਾਵਜੂਦ ਉਹ ਮੈਦਾਨ ਵਿਚ ਡਟਿਆ ਖੜ੍ਹਾ ਸੀ। ਅਮੋਲਕ ਦੇ ਜਨਮ ਦਿਨ ਉਤੇ ਉਹ ਹਰ ਸਾਲ ਆਪਣੇ ਮਿੱਤਰ-ਪਿਆਰਿਆਂ ਨੂੰ ਨਾਲ ਲੈ ਕੇ ਅਮੋਲਕ ਦੇ ਘਰੇ ਆਣ ਵੜਦਾ। ਖੂਬ ਮਹਿਫਲ ਮਘਦੀ। ਵਿਚਾਰਾਂ ਹੁੰਦੀਆਂ। ਮੰਜੇ ਉਤੇ ਪਏ ਅਮੋਲਕ ਲਈ ਇਸ ਤੋਂ ਵੱਡੀ ਸ਼ਾਬਾਸ਼ ਹੋਰ ਕੀ ਹੋ ਸਕਦੀ ਸੀ!

---

*(ਬਾਕੀ ਸਫਾ 19 ਉਤੇ)*

# ਯਾਦਾਂ ਨਾਲ ਜੁੜੀਆਂ ਯਾਦਾਂ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਜ਼ਿੰਦਗੀ ਯਾਦਾਂ ਦੀ ਪਟਾਰੀ ਹੈ। ਇਹ ਪਟਾਰੀ ਤਰ੍ਹਾਂ ਤਰ੍ਹਾਂ ਦੀਆਂ ਯਾਦਾਂ ਨਾਲ ਭਰੀ ਪਈ ਹੈ। ਇਸ ਪਟਾਰੀ ਦਾ ਆਕਾਰ ਇੰਨਾ ਵੱਡਾ ਤੇ ਲਚਕਦਾਰ ਹੈ ਕਿ ਇਹ ਸਭ ਕੁਝ ਆਪਣੇ 'ਚ ਸਮੋਈ ਹੀ ਤੁਰੀ ਜਾਂਦੀ ਹੈ। ਅਸੀਂ ਛੇ ਭੈਣ-ਭਰਾ ਸਾਂ, ਹੁਣ ਅੱਧ ਰਹਿ ਗਿਆ ਹੈ। ਸਭ ਤੋਂ ਛੋਟਾ ਮੈਂ ਹਾਂ। ਮੇਰੀ ਮਾਂ ਮੈਨੂੰ ਪੇਟ ਘਰੋੜੀ ਦਾ ਪੁੱਤ ਕਹਿੰਦੀ ਹੁੰਦੀ ਸੀ। ਜਿਵੇਂ ਹਰ ਇੱਕ ਨੂੰ ਆਪਣੀਆਂ ਮਾਂਵਾਂ ਪਿਆਰੀਆਂ ਹੁੰਦੀਆਂ, ਉਹ ਮੈਨੂੰ ਵੀ ਇਵੇਂ ਹੀ ਸੀ। ਸਾਰੇ ਭੈਣਾਂ-ਭਰਾਵਾਂ ਤੋਂ ਵੱਧ ਮੈਨੂੰ ਆਪਣੀ ਮਾਂ ਦੀ ਠੰਡੀ-ਮਿੱਠੀ ਛਾਂ ਮਾਣਨ ਦਾ ਮੌਕਾ ਮਿਲਿਆ। ਸਤਾਈ ਸਾਲ ਜਨਮ ਤੋਂ ਲੈ ਕੇ ਪੰਜਾਬ 'ਚ ਮੈਂ ਉਸ ਕੋਲ ਰਿਹਾ ਤੇ ਬਾਰਾਂ ਸਾਲ ਕੈਨੇਡਾ ਉਹ ਮੇਰੇ ਕੋਲ ਰਹੇ ਤੇ ਆਖਰੀ ਸਾਹ ਵੀ ਮੇਰੇ ਕੋਲ ਹੀ ਲਏ। ਆਏ-ਗਏ ਕੋਲ ਮੇਰੀ ਮਾਂ ਮੇਰੀਆਂ ਸਿਫਤਾਂ ਦੇ ਪੁਲ ਬੰਨ ਦਿਆ ਕਰਦੀ ਸੀ, ਵਾਰ ਵਾਰ ਉਹੀ ਗੱਲਾਂ ਸੁਣ ਸੁਣ ਮੈਨੂੰ ਹੋਰ ਤਰ੍ਹਾਂ ਲੱਗਣ ਲਗਦਾ। ਉਹ ਜਿਸ ਨੂੰ ਵੀ ਮਿਲਦੇ, ਆਪਣਾ ਹੀ ਸਮਝ ਦੂਸਰੇ ਨੂੰ ਵੀ ਇਉਂ ਲੱਗਣ ਲਾ ਦਿੰਦੇ ਕਿ ਇਹ ਤਾਂ ਉਨ੍ਹਾਂ ਦੀ ਵੀ ਮਾਂ ਹੀ ਹੈ।

ਆਲੇ-ਦੁਆਲੇ ਭਾਈਚਾਰੇ 'ਚ ਉਨ੍ਹਾਂ ਦਾ ਬੜਾ ਪਿਆਰ ਸਤਿਕਾਰ ਤੇ ਖਾਸ ਥਾਂ ਸੀ। ਕਦੇ ਵੀ ਕਿਸੇ ਆਏ-ਗਏ ਕੋਲ ਮੇਰੀ ਸਿਫਤ ਤੇ ਵਡੱਤਣ ਕਰਨੋਂ ਖੁੰਝਦੇ ਨਾ, ਤਾਂ ਮੈਨੂੰ ਉਹ ਸਿਫਤ ਮੁਫਤ 'ਚ ਮਿਲਦੀ ਹੋਣ ਕਰਕੇ, ਉਸ ਦੇ ਅਸਲੀ ਮੁੱਲ ਤੋਂ ਮੈਂ ਅਣਜਾਣ ਹੁੰਦਾ ਤੇ ਕਈ ਵਾਰੀ ਕਹਿ ਦਿੰਦਾ, 'ਬੀਜੀ ਤੁਸੀਂ ਹਰ ਇੱਕ ਕੋਲ ਮੇਰੀ ਬਹੁਤੀ ਵਡਿਆਈ ਨਾ ਕਰੀ ਜਾਇਆ ਕਰੋ।' ਤਾਂ ਅੱਗੋਂ ਕਹਿਣਾ, 'ਪੁੱਤ ਇਹ ਮੇਰੇ ਬਿਨਾ ਕਿਸੇ ਨੇ ਕਰਨੀ ਨਹੀਂ।' ਮੈਂ ਅੱਗੋਂ ਕਹਿਣਾ, 'ਬੀਜੀ ਮੈਨੂੰ ਇਹ ਵੀ ਪਤਾ, ਪਰ ਬਹੁਤੀ ਵਾਰੀ ਇਹ ਵਾਰ ਵਾਰ ਸੁਣੀ ਜਾਣਾ ਮੈਨੂੰ ਚੰਗਾ ਨਹੀਂ ਲਗਦਾ।' ਅੱਗੋਂ ਉਨ੍ਹਾਂ ਚੁੱਪ ਕਰ ਜਾਣਾ। ਇਸ ਜਹਾਨ ਨੂੰ ਛੱਡਿਆਂ ਉਨ੍ਹਾਂ ਨੂੰ ਤੇਈ ਸਾਲ ਹੋ ਗਏ ਹਨ। ਅੱਜ ਮੇਰੇ ਕੰਨੀਂ, ਉਨ੍ਹਾਂ ਦੇ ਜਾਣ ਦੇ ਬਾਅਦ ਸਿਫਤ ਸੁਣਨੀ ਤਾਂ ਇੱਕ ਪਾਸੇ, ਕੋਈ ਬੰਦਾ ਸਾਧਾਰਨ ਉਤਸ਼ਾਹਿਤ ਕਰਨ ਵਾਲੀ ਗੱਲ ਕਰਨ ਵਾਲਾ ਵੀ ਨਹੀਂ ਦਿਸਦਾ, ਤਾਂ ਮਾਂ ਦੀਆਂ ਪੁਰਾਣੀਆਂ ਕੀਤੀਆਂ ਸਿਫਤਾਂ ਤੇ ਸਹੀ ਨਿਰਣੇ ਦੀਆਂ ਕੀਤੀਆਂ ਗੱਲਾਂ ਦੀਆਂ ਯਾਦਾਂ ਦੀ ਪਟਾਰੀ ਖੋਲ੍ਹ, ਉਨ੍ਹਾਂ ਨੂੰ ਯਾਦ ਕਰ ਕੁਝ ਮਨ ਨੂੰ ਧਰਵਾਸ ਦੇ, ਹੌਲਾ ਕਰਨ ਦਾ ਯਤਨ ਕਰਦਾਂ।

ਕਈ ਸਾਲਾਂ ਦੀ ਗੱਲ ਹੈ, ਅਖਬਾਰ 'ਚ ਇੱਕ ਲੇਖ ਪੜ੍ਹਿਆ; ਚੰਗਾ ਲੱਗਾ, ਲੱਗਿਆ ਕਿ ਇਹ ਲੇਖਕ ਮੇਰੇ ਮਨ ਦੀ ਗੱਲ ਕਹਿ ਗਿਆ। ਲੇਖ ਦੇ ਥੱਲੇ ਲਿਖਿਆ ਉਸ ਦਾ ਫੋਨ ਨੰਬਰ ਦੇਖ ਉਸ ਨਾਲ ਸੰਪਰਕ ਕੀਤਾ ਤੇ ਦੱਸਿਆ ਕਿ ਮੈਂ ਤੁਹਾਡਾ ਲੇਖ ਪੜ੍ਹਿਆ ਤਾਂ ਅੱਗੋਂ ਪੈਂਦੀ ਸੱਟੇ ਹੀ ਉਹ ਕਹਿੰਦਾ, 'ਕਿਵੇਂ ਲੱਗਿਆ?' ਮੈਂ ਕਿਹਾ, ਉਸੇ ਬਾਰੇ ਗੱਲ ਕਰਨੀ ਹੈ, ਤਾਂ ਮੂਹਰਿਓਂ ਝੱਟ ਪਟ ਬੋਲਿਆ, 'ਕਿਤੇ ਮੇਰੀ ਛਿੱਲ ਤਾਂ ਨਹੀਂ ਲਾਹੁਣੀ ਸ਼ੁਰੂ ਕਰ ਦਿਓਗੇ।' ਮੈਂ ਹੱਸਿਆ ਤੇ ਨਾਲੇ ਕਿਹਾ, 'ਨਹੀਂ ਨਹੀਂ, ਲੇਖ ਮੈਨੂੰ ਚੰਗਾ ਲੱਗਿਆ।' ਕੀ ਕੀ ਚੰਗਾ ਸੀ ਤੇ ਕੀ ਨਹੀਂ, ਉਸ ਬਾਰੇ ਗੱਲਾਂ ਕਰਦਿਆਂ ਪਤਾ ਹੀ ਨਾ ਲੱਗਿਆ ਕਿ ਪੰਜਾਹ ਮਿੰਟ ਲੰਘ ਗਏ। ਮੈਨੂੰ ਲੱਗਿਆ ਕਿ ਜਿਵੇਂ ਉਹ ਲੇਖਕ ਮੇਰੀਆਂ ਗੱਲਾਂ ਸੁਣਨ ਲਈ ਹੀ ਤਿਆਰ ਬੈਠਾ ਹੋਵੇ, ਜਿਸ ਨੂੰ ਪੰਜਾਹ ਮਿੰਟ ਕੋਈ ਅਕੇਵਾਂ ਨਹੀਂ ਆਇਆ ਤੇ ਨਾ ਹੀ ਮੈਂ ਕੋਈ ਓਪਰਾਪਨ ਮਹਿਸੂਸ ਕੀਤਾ। ਜਦੋਂ ਫੋਨ ਦੀ ਗੱਲਬਾਤ ਦਾ ਅੰਤ ਕਰਨ ਲੱਗੇ ਤਾਂ ਕਹਿੰਦਾ, 'ਲਗਦੈ ਤੁਸੀਂ ਜਰੂਰ ਕੁਝ ਲਿਖਦੇ ਹੋਵੋਗੇ!' ਮੈਂ ਉਸ ਨੂੰ ਚੰਗੀ ਤਰ੍ਹਾਂ ਨਾ ਨਾਂਹ ਅਤੇ ਨਾ ਹੀ ਹਾਂ ਕਿਹਾ, ਇੰਨਾ ਕਹਿ ਕੇ ਗੱਲ ਮੁਕਾ ਦਿੱਤੀ ਕਿ ਜਦੋਂ ਕੁਝ ਲਿਖਿਆ ਤਾਂ ਜਰੂਰ ਭੇਜਾਂਗਾ। ਉਸ ਲਿਖਤ ਭੇਜਣ ਲਈ ਈਮੇਲ ਦੇ ਦਿੱਤਾ ਤੇ ਦੱਸ ਦਿੱਤਾ ਕਿ ਉਹ ਫਲਾਣੇ ਅਖਬਾਰ ਦਾ ਸਹਾਇਕ ਸੰਪਾਦਕ ਹੈ। ਉਸ ਦਾ ਲੇਖ ਪੜ੍ਹਿਆ ਹੋਣ ਕਰਕੇ ਮੈਨੂੰ ਕੋਈ ਸ਼ੰਕਾ ਜਾਂ ਹੈਰਾਨੀ ਨਾ ਹੋਈ ਕਿ ਉਹ ਸਹਾਇਕ ਸੰਪਾਦਕ ਨਹੀਂ ਹੋਏਗਾ!

ਉਨ੍ਹਾਂ ਦਿਨਾਂ 'ਚ ਭਾਰਤ ਪਾਕਿਸਤਾਨ ਦੀ ਸਰਹੱਦ ਤੇ ਲਗਾਤਾਰ ਵਧਦੇ ਤਣਾਓ ਨੂੰ ਦੇਖਦਿਆਂ ਮੈਂ ਇੱਕ ਲੇਖ ਲਿਖਿਆ 'ਹਿੰਦ ਖਿੱਤੇ 'ਚ ਜੰਗ ਦੇ ਬੱਦਲ', ਉਸ ਨੂੰ ਭੇਜਿਆ ਤੇ ਉਸ ਦੇ ਅਖਬਾਰ 'ਚ ਛਪ ਗਿਆ। ਛਪਿਆ ਵੀ ਸੰਪਾਦਕੀ ਪੰਨੇ ਦੇ ਨਾਲ 'ਮੁੱਖ ਲੇਖ' ਵਾਲੇ ਸਫੇ 'ਤੇ। 'ਪੰਜਾਬ ਟਾਈਮਜ਼' ਬਾਰੇ ਮੇਰਾ ਇੱਕ ਅਮਰੀਕਾ ਰਹਿੰਦਾ ਦੋਸਤ ਆਮ ਜ਼ਿਕਰ ਕਰਿਆ ਕਰਦਾ ਸੀ ਕਿ ਸ਼ਿਕਾਗੋ ਤੋਂ ਇੱਕ ਪੰਜਾਬੀ ਹਫਤਾਵਾਰੀ ਪਰਚਾ ਨਿਕਲਦਾ ਹੈ, ਉਸ 'ਚ ਬਹੁਤ ਵਧੀਆ ਪੜ੍ਹਨ ਯੋਗ ਸਮੱਗਰੀ ਹੁੰਦੀ ਹੈ ਤੇ ਸਾਰੇ ਅਮਰੀਕਾ 'ਚ ਬੜਾ ਮਕਬੂਲ ਹੈ: ਸੋ ਉਸ ਦੇ ਪਹਿਲੇ ਕੀਤੇ ਜ਼ਿਕਰ ਕਰਕੇ ਮੈਂ 'ਪੰਜਾਬ ਟਾਈਮਜ਼' ਦੀ ਈਮੇਲ ਲੱਭ ਉਸ ਨੂੰ ਵੀ ਉਹ ਲੇਖ ਭੇਜ ਦਿੱਤਾ, ਪਰ ਮੈਨੂੰ ਕੋਈ ਬਹੁਤੀ ਉਤਸੁਕਤਾ ਜਾਂ ਆਸ ਨਹੀਂ ਸੀ ਕਿ ਉੱਥੇ ਇਹ ਲੇਖ ਛਪੇਗਾ।

ਲੇਖ ਭੇਜਣ ਤੋਂ ਦੋ ਕੁ ਹਫਤਿਆਂ ਬਾਅਦ ਮੇਰੇ ਉਸੇ ਦੋਸਤ ਦਾ ਫੋਨ ਆਇਆ ਕਿ ਉਸ ਮੇਰਾ ਲੇਖ 'ਪੰਜਾਬ ਟਾਈਮਜ਼' ਵਿਚ ਪੜ੍ਹਿਆ ਹੈ ਤੇ ਅੱਗੇ ਦੱਸਿਆ ਕਿ ਉਸ ਨੂੰ ਚੰਗਾ ਲੱਗਿਆ। ਉਸ ਮੈਨੂੰ ਹੋਰ ਲਿਖਦੇ ਰਹਿਣ ਲਈ ਵੀ ਉਤਸ਼ਾਹਿਤ/ਪ੍ਰੇਰਿਤ ਕੀਤਾ। ਇੱਥੇ ਮੈਂ ਇਹ ਦੱਸ ਦਿਆਂ ਕਿ ਅੱਜ ਤੋਂ ਕੋਈ ਪੰਤਾਲੀ ਕੁ ਸਾਲ ਪਹਿਲਾਂ ਵੈਨਕੂਵਰ ਦੇ ਕੁਝ ਲਿਖਾਰੀਆਂ ਨੇ ਮਿਲ ਕੇ ਇੱਕ ਸਾਹਿਤ ਸਭਾ ਬਣਾਈ ਸੀ, ਜਿਸ ਦਾ ਨਾਂ 'ਪੰਜਾਬੀ ਲਿਟਰੇਰੀ ਐਸੋਸ਼ੀਏਸ਼ਨ ਵੈਨਕੂਵਰ ਬੀ. ਸੀ., ਕੈਨੇਡਾ' ਸੀ। ਅੱਸੀਵਿਆਂ ਦੇ ਸ਼ੁਰੂ ਵਿਚ ਇਕ ਟਰਮ ਮੈਂ ਉਸ ਲਿਖਾਰੀ ਸਭਾ ਦਾ ਜਨਰਲ ਸੈਕਟਰੀ ਸਾਂ ਤੇ ਉਹ ਦੋਸਤ ਸਭਾ ਦਾ ਪ੍ਰਧਾਨ ਸੀ। ਸਾਡੇ ਵਿਚਾਰਾਂ/ਖਿਆਲਾਂ ਦਾ ਸੁਮੇਲ ਹੋਣ ਕਰਕੇ ਉਸ ਨਾਲ ਮੇਰੀ ਨੇੜਤਾ ਜਿਉਂ ਦੀ ਤਿਉਂ ਨਿਭ ਰਹੀ ਹੈ; ਭਾਵੇ ਉਹ ਹੁਣ ਅਮਰੀਕਾ 'ਚ ਰਹਿੰਦਾ ਹੈ, ਪਰ ਸਾਡਾ ਸੰਪਰਕ ਲਗਾਤਾਰ ਬਣਿਆ ਹੋਇਆ ਹੈ। ਮੇਰੇ ਆਪਣੇ ਬਣੇ ਲਿਖਣ ਦੇ ਵੇਗ ਅਤੇ ਉਸ ਦੇ ਦਿੱਤੇ ਉਤਸ਼ਾਹ ਦੇ ਮੱਦੇਨਜ਼ਰ ਮੈਂ ਇੱਕ-ਲਖਤ ਹੀ ਦੋ ਲੇਖ ਝਰੀਟ ਮਾਰੇ ਤੇ 'ਪੰਜਾਬ ਟਾਈਮਜ਼' ਨੂੰ ਈਮੇਲ ਕਰ ਦਿੱਤੇ। ਮੈਂ ਹਾਲੇ ਇਸ ਉਤਸ਼ਾਹ ਦੇ ਲੋਰ 'ਚ ਹੀ ਸਾਂ ਕਿ ਇਹ ਲਿਖਤਾਂ ਛਪਣਗੀਆਂ ਤਾਂ ਅਗਲੇ ਦਿਨ ਹੀ ਅਮੋਲਕ ਸਿੰਘ ਦਾ ਈਮੇਲ ਕੀਤਾ ਸੁਨੇਹਾ ਆ ਗਿਆ, 'ਸਹੋਤਾ ਸਾਹਿਬ, ਅਸੀਂ ਇਹ ਲੇਖ ਛਾਪ ਨਹੀਂ ਸਕਾਂਗੇ।' ਇਹ ਸੁਨੇਹਾ ਪੜ੍ਹ ਡਾਢੀ ਹੈਰਾਨੀ ਤੇ ਅਚੰਭਾ ਹੋਇਆ, ਤੇ ਇੰਜ ਮੇਰਾ ਆਪਣਾ ਬਣਿਆ ਵੇਗ ਤੇ ਉਸ ਦੋਸਤ ਦਾ ਦਿੱਤਾ ਉਤਸ਼ਾਹ ਇੱਕ ਵਾਰੀ ਤਾਂ ਖਿੱਲਰ-ਪੁਲਰ ਗਿਆ ਲੱਗਿਆ।



'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਸਵਰਗੀ ਅਮੋਲਕ ਸਿੰਘ ਜੰਮੂ

ਚਾਰ ਮਹੀਨਿਆਂ ਬਾਅਦ ਅਮੋਲਕ ਸਿੰਘ ਦਾ ਇੱਕ ਹੋਰ ਈਮੇਲ ਸੁਨੇਹਾ ਆਉਂਦਾ ਹੈ ਕਿ ਉਹ ਸਤਾਰਵੀਂ 'ਪੰਜਾਬ ਟਾਈਮਜ਼ ਨਾਈਟ' ਮਨਾ ਰਹੇ ਹਨ ਤੇ ਮੈਂ ਵੀ ਪਹੁੰਚਾਂ। ਇਸ ਸਮੇਂ ਡੌਨਲਡ ਟਰੰਪ ਅਮਰੀਕਾ ਦੀ ਪ੍ਰਧਾਨਗੀ ਦੀ ਚੋਣ ਜਿੱਤ ਚੁਕਾ ਸੀ ਤੇ ਅਮਰੀਕਾ ਵਿਚ ਮਾਹੌਲ ਬਹੁਤ ਜ਼ਹਿਰੀਲਾ ਹੋ ਰਿਹਾ ਸੀ; ਉਸ ਦੇ ਜਿੱਤ ਜਾਣ ਮਗਰੋਂ ਮੈਂ ਰੋਸ ਵਜੋਂ ਹੀ ਆਪਣੇ ਮਨ ਨਾਲ ਅਹਿਦ ਕਰ ਲਿਆ ਸੀ ਕਿ ਜਿੰਨਾ ਚਿਰ ਉਹ ਪ੍ਰਧਾਨਗੀ ਤੇ ਰਹੇਗਾ ਉਤਨਾ ਚਿਰ ਮੈਂ ਅਮਰੀਕਾ ਪੈਰ ਨਹੀਂ ਪਾਉਣਾ: ਜਦ ਕਿ ਹੁਣ ਤੱਕ ਆਮ ਰੁਝਾਨ ਰਿਹਾ ਸੀ ਕਿ ਕੈਨੇਡਾ 'ਚ, ਅਮਰੀਕਾ ਦੇ ਬਾਰਡਰ ਦੇ ਨਜ਼ਦੀਕ ਰਹਿਣ ਕਰਕੇ ਖਰੀਦੋ-ਫਰੋਖਤ ਕਰਨ ਅਤੇ ਹੋਰ ਸਾਕ ਸਬੰਧੀਆਂ ਨੂੰ ਮਿਲਣ ਖਾਤਰ ਮਹੀਨੇ 'ਚ ਦੋ ਵਾਰੀ ਵੀ ਅਮਰੀਕਾ ਜਾ ਆਈਦਾ ਸੀ।

ਮੈਂ ਮੋੜਵੀਂ ਈਮੇਲ 'ਚ ਲਿਖਿਆ ਕਿ ਅਮੋਲਕ ਸਿੰਘ ਜੀ ਇਹ ਮੇਰੇ ਮਨ ਦਾ ਅਹਿਦ ਹੈ ਕਿ ਜਿੰਨਾ ਚਿਰ ਡੌਨਲਡ ਟਰੰਪ ਅਮਰੀਕਾ ਦਾ ਪ੍ਰਧਾਨ ਰਹੇਗਾ, ਉਨਾ ਚਿਰ ਮੈਂ ਅਮਰੀਕਾ ਨਹੀਂ ਵੜਨਾ; ਹਾਂ ਇੱਕ ਗੱਲ ਜਰੂਰ ਹੈ ਕਿ ਉਸ ਦੀ ਅਗਲੇ ਚਾਰ ਸਾਲ ਦੀ ਟਰਮ 'ਚ ਮੈਂ ਆਪ ਨੂੰ ਇੱਕ ਅੱਧ ਲੇਖ ਕਿਸੇ ਵਿਸ਼ੇ 'ਤੇ ਜਰੂਰ ਪਹੁੰਚਦਾ ਕਰੂੰਗਾ, ਇਹ ਮੇਰਾ ਵਾਅਦਾ ਰਿਹਾ। ਮੈਨੂੰ ਖਿਮਾ ਕਰਨਾ ਕਿ ਮੈਂ ਸਤਾਰਵੀਂ 'ਪੰਜਾਬ ਟਾਈਮਜ਼ ਨਾਈਟ' 'ਚ ਸ਼ਿਰਕਤ ਨਹੀਂ ਕਰ ਸਕਦਾ, ਸੱਦਾ ਪੱਤਰ ਅਤੇ ਯਾਦ ਕਰਨ ਲਈ ਆਪ ਦਾ ਬਹੁਤ ਧੰਨਵਾਦ।

ਛੇਤੀਂ ਹੀ ਮੈਂ ਇੱਕ ਲੇਖ ਲਿਖ ਭੇਜਿਆ, ਉਹ ਛਪ ਗਿਆ ਤਾਂ ਦੋ ਤਿੰਨ ਫੋਨ ਮੈਨੂੰ ਅਮਰੀਕਾ ਤੋਂ ਆਏ, ਜਿਸ ਦੀ ਮੈਨੂੰ ਖੁਸ਼ੀ ਹੋਈ। ਉਸ ਤੋਂ ਬਾਅਦ ਮੈਂ ਕਿਸੇ ਨਾ ਕਿਸੇ ਵਿਸ਼ੇ 'ਤੇ ਲਿਖਦਾ ਰਿਹਾ ਤੇ ਲਿਖਤਾਂ ਛਪੀ ਗਈਆਂ, ਮੇਰਾ ਲਿਖਣ ਦਾ ਇਸ ਤਰ੍ਹਾਂ ਇੱਕ ਵੇਗ ਬਣਿਆ ਰਿਹਾ। ਲੇਖ ਪੜ੍ਹਨ ਬਾਅਦ ਜਦੋਂ ਪਾਠਕਾਂ ਦੇ ਅਮਰੀਕਾ ਦੀਆਂ ਦੂਰ-ਦੁਰਾਡੀਆਂ ਸਟੇਟਾਂ ਤੋਂ ਫੋਨ ਆਉਣੇ ਤਾਂ ਮਨ ਹੋਰ ਉਤਸ਼ਾਹਿਤ ਹੋਣਾ ਤੇ ਇੰਜ ਮੈਨੂੰ ਪਾਠਕ ਵੀ ਚੰਗੇ ਲੱਗਣੇ ਅਤੇ 'ਪੰਜਾਬ ਟਾਈਮਜ਼' ਵੀ। ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ। ਇਸ ਵੇਲੇ ਤੱਕ ਮੈਨੂੰ ਅਮੋਲਕ ਸਿੰਘ ਦੀ ਵਿਗੜੀ ਸਿਹਤ ਦਾ ਕੋਈ ਇਲਮ ਨਹੀਂ ਸੀ, ਕਿਉਂਕਿ ਅਸੀਂ ਕਦੇ ਫੋਨ 'ਤੇ ਗੱਲ ਕੀਤੀ ਹੀ ਨਹੀਂ ਸੀ! ਹਾਂ ਹਰੇਕ ਸਾਲ 'ਪੰਜਾਬ ਟਾਈਮਜ਼ ਨਾਈਟ' 'ਚ ਸ਼ਾਮਲ ਹੋਣ ਲਈ ਈਮੇਲ 'ਤੇ ਸੁਨੇਹਾ ਜਰੂਰ ਆਉਂਦਾ ਤੇ ਮੈਂ ਬੜੇ ਅਦਬ ਨਾਲ ਈਮੇਲ ਰਾਹੀਂ ਹੀ ਸੁਨੇਹਾ ਅਪੜਾ ਦਿੰਦਾ ਕਿ ਸੱਦਾ ਪੱਤਰ ਲਈ ਬਹੁਤ ਧਨਵਾਦ, ਖਿਮਾ ਕਰਨਾ ਮੈਂ ਆ ਨਹੀਂ ਸਕਾਂਗਾ।

23 ਫਰਵਰੀ 2020 ਨੂੰ ਬਹੁਤ ਪਿਆਰਾ ਈਮੇਲ ਸੁਨੇਹਾ ਆਉਂਦਾ ਹੈ, 'ਸਹੋਤਾ ਸਾਹਿਬ, ਤੁਹਾਡੇ ਮਨਪਸੰਦ ਅਖਬਾਰ ਪੰਜਾਬ ਟਾਈਮਜ਼ ਨੂੰ ਛਪਦਿਆਂ 20 ਸਾਲ ਹੋ ਗਏ ਹਨ। ਇਸ ਦੇ ਪ੍ਰਕਾਸ਼ਨ ਦੀ 20ਵੀਂ ਵਰ੍ਹੇਗੰਢ ਪੰਜਾਬ ਟਾਈਮਜ਼ ਨਾਈਟ 9 ਮਈ ਨੂੰ ਮਨਾਈ ਜਾ ਰਹੀ ਹੈ। ਅਜਿਹੇ ਮੌਕੇ ਆਪ ਜੀ ਜਿਹੇ ਸ਼ੁਭਚਿੰਤਕਾਂ ਦੀ ਹਾਜ਼ਰੀ ਨਾਲ ਹੀ ਸ਼ੋਭਦੇ ਹਨ। ਉਮੀਦ ਹੈ, ਸਾਡੇ ਸੱਦੇ ਨੂੰ ਹੁੰਗਾਰਾ ਭਰਦਿਆਂ ਜਰੂਰ ਦਰਸ਼ਨ ਦਿਓਗੇ। ਤੁਹਾਡੇ ਨਾਲ ਫੋਨ ਰਾਹੀਂ ਗੱਲ ਕਰਨਾ ਚਾਹੁੰਦਾ ਸਾਂ, ਪਰ ਮੈਂ ਚਾਹ ਕੇ ਵੀ ਨਹੀਂ ਕਰ ਸਕਦਾ। ਜੇ ਕੋਸ਼ਿਸ਼ ਕਰਾਂ ਵੀ, ਤਾਂ ਦੂਜੇ ਦੇ ਸਮਝ ਨਹੀਂ ਆਉਂਦੀ। ਉਮੀਦ ਹੈ, ਤੁਸੀਂ ਮੇਰੀ ਮੁਸ਼ਕਿਲ ਨੂੰ ਸਮਝੋਗੇ। ਸਤਿਕਾਰ ਸਹਿਤ -ਅਮੋਲਕ ਸਿੰਘ'

ਇਹ ਈਮੇਲ ਪੜ੍ਹ ਕੇ ਮੇਰਾ ਮਨ ਜਜ਼ਬਾਤੀ

(ਬਾਕੀ ਸਫਾ 19 ਉਤੇ)


# ਕਰਮਯੋਗੀ ਅਮੋਲਕ ਸਿੰਘ ਜੰਮੂ

ਅਮਰਦੀਪ ਸਿੰਘ ਅਮਰ
amarbardeke@gmail.com

ਮੈਂ ਜਿਨ੍ਹਾਂ ਦਿਨਾਂ ਵਿਚ ਅਮਰੀਕਾ ਦੀ ਧਰਤੀ ਉਤੇ ਪੱਕੇ ਤੌਰ 'ਤੇ ਵਸਣ ਦਾ ਮਨ ਬਣਾ ਲਿਆ, ਉਨ੍ਹਾਂ ਦਿਨਾਂ ਵਿਚ ਮੈਨੂੰ ਆਪਣੀ ਸਾਹਿਤਕ ਭੁੱਖ ਤ੍ਰਿਪਤ ਕਰਨ ਲਈ ਕਿਸੇ ਅਖ਼ਬਾਰ ਦੀ ਲੋੜ ਮਹਿਸੂਸ ਹੋਈ। ਪੰਜਾਬ ਵਿਚ ਰਹਿੰਦੇ ਸਮੇਂ ਮੈਂ 'ਪੰਜਾਬੀ ਟ੍ਰਿਬਿਊਨ' ਦਾ ਪਾਠਕ ਸਾਂ, ਸੋ ਇਹ ਭੁਸ ਮੈਨੂੰ ਇਥੇ ਵੀ ਪੰਜਾਬੀ ਅਖ਼ਬਾਰਾਂ ਵੱਲ ਖਿੱਚਦਾ ਸੀ। ਉਸ ਸਮੇਂ ਭਾਵੇਂ ਕਈ ਹੋਰ ਪੰਜਾਬੀ ਅਖ਼ਬਾਰ ਅਮਰੀਕਾ ਵਿਚ ਵੱਖ ਵੱਖ ਥਾਵਾਂ ਤੋਂ ਪ੍ਰਕਾਸ਼ਿਤ ਹੁੰਦੇ ਸਨ ਪਰ ਮੇਰੀ ਖੋਜ ਅਤੇ ਦ੍ਰਿਸ਼ਟੀ 'ਪੰਜਾਬ ਟਾਈਮਜ਼' 'ਤੇ ਆ ਕੇ ਖਲੋ ਗਈ। ਉਨ੍ਹੀਂ ਦਿਨੀਂ ਸੋਸ਼ਲ ਮੀਡੀਆ ਦੀ ਵਬਾ ਅਜੇ ਪੂਰੀ ਤਰ੍ਹਾਂ ਫੈਲੀ ਨਹੀਂ ਸੀ; ਸੋ, ਆਮ ਜਾਣਕਾਰੀ ਅਤੇ ਪੜ੍ਹਨ ਲਿਖਣ ਦਾ ਭੁਸ ਪੂਰਾ ਕਰਨ ਦਾ ਸਾਧਨ ਅਖ਼ਬਾਰ ਹੀ ਹੁੰਦੇ ਸਨ।

ਇਉਂ ਪੰਜਾਬ ਤੋਂ ਇਥੇ ਆਉਣ ਕਰਕੇ ਮੇਰੀ ਪੜ੍ਹਨ ਲਿਖਣ ਦੀ ਦੁਨੀਆ ਅੰਦਰ ਜੋ ਖ਼ਲਾਅ ਪੈਦਾ ਹੋਇਆ ਸੀ, ਉਹ 'ਪੰਜਾਬ ਟਾਈਮਜ਼' ਨੇ ਪੂਰ ਦਿੱਤਾ। ਬਾਕੀ ਪੰਜਾਬੀ ਅਖ਼ਬਾਰਾਂ ਜੋ ਉਸ ਸਮੇਂ ਪ੍ਰਕਾਸ਼ਤ ਹੁੰਦੀਆਂ ਸਨ, ਉਹ ਕਿਸੇ ਨਾ ਕਿਸੇ ਸਿਆਸੀ, ਅਰਧ ਸਿਆਸੀ ਜਾਂ ਧਾਰਮਿਕ ਵਿਚਾਰਧਾਰਾ ਦਾ ਪੱਖ ਪੂਰਦੀਆਂ ਮਹਿਸੂਸ ਹੁੰਦੀਆਂ ਸਨ ਅਤੇ ਉਨ੍ਹਾਂ ਵਿਚ ਸਾਹਿਤਕਤਾ ਦੀ ਘਾਟ ਵੀ ਸਪੱਸ਼ਟ ਤੌਰ 'ਤੇ ਦੇਖਣ ਵਿਚ ਆਉਂਦੀ ਸੀ। 'ਪੰਜਾਬ ਟਾਈਮਜ਼' ਵਿਚ ਮੈਨੂੰ ਇਹ ਨੁਕਸ ਦੇਖਣ ਨੂੰ ਨਾ ਮਿਲੇ। 'ਪੰਜਾਬ ਟਾਈਮਜ਼' ਦੀ ਕਾਲਮ ਘਾੜਤ, ਖ਼ਬਰ ਅਤੇ ਲੇਖ ਚੋਣ ਵਿਚੋਂ ਵੀ ਮੈਨੂੰ 'ਪੰਜਾਬੀ ਟ੍ਰਿਬਿਊਨ' ਦਾ ਝਉਲਾ ਪੈਂਦਾ। ਬਾਅਦ ਵਿਚ ਜਾ ਕੇ ਜਦ ਇਹ ਪਤਾ ਲੱਗਾ ਕਿ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਪਹਿਲਾਂ 'ਪੰਜਾਬੀ ਟ੍ਰਿਬਿਊਨ' ਵਿਚ ਕਾਰਜਸ਼ੀਲ ਰਹੇ ਹਨ ਤਾਂ 'ਪੰਜਾਬ ਟਾਈਮਜ਼' ਮੇਰੇ ਲਈ ਹੋਰ ਵੀ ਮੋਹ ਦਾ ਪਾਤਰ ਬਣ ਗਿਆ।

ਥੋੜ੍ਹੀ ਬਹੁਤ ਲਿਖਣ ਦੀ ਮੱਸ ਰੱਖਦਾ ਹੋਣ ਕਰਕੇ ਮੈਂ ਛੋਟੀਆਂ ਮੋਟੀਆਂ ਰਚਨਾਵਾਂ 'ਪੰਜਾਬ ਟਾਈਮਜ਼' ਨੂੰ ਭੇਜਣੀਆਂ ਸ਼ੁਰੂ ਕੀਤੀਆਂ ਜੋ ਗਾਹੇ-ਬਗਾਹੇ ਛਪਦੀਆਂ ਵੀ ਰਹੀਆਂ। ਇਸੇ ਦੌਰਾਨ ਬਾਈ ਅਮੋਲਕ ਸਿੰਘ ਜੰਮੂ ਨਾਲ ਫ਼ੋਨ 'ਤੇ ਰਾਬਤਾ ਹੋਇਆ। ਪਹਿਲੇ ਰਾਬਤੇ ਸਮੇਂ ਹੀ ਉਨ੍ਹਾਂ ਬਹੁਤ ਪਿਆਰ ਨਾਲ ਗੱਲਬਾਤ ਕੀਤੀ। ਮੈਂ ਰਚਨਾਵਾਂ ਛਾਪ ਦੇਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਕਿਹਾ, "ਕਿਉਂ ਨਹੀਂ ਛੋਟੇ ਭਾਈ, ਜੇ ਛਾਪਣ ਯੋਗ ਹੋਣਗੀਆਂ ਤਾਂ ਜ਼ਰੂਰ ਛਾਪਾਂਗੇ।" ਬਾਈ ਅਮੋਲਕ ਸਿੰਘ ਦਾ ਮੇਰੇ ਉਤੇ ਸਭ ਤੋਂ ਪਹਿਲਾ ਪ੍ਰਭਾਵ ਇਹੀ ਰਿਹਾ ਕਿ ਉਹ ਆਪਣੀ ਕਾਰਜਸ਼ੈਲੀ ਪ੍ਰਤੀ ਜਿੱਥੇ ਬਹੁਤ ਜ਼ਿੰਮੇਵਾਰ ਸ਼ਖਸ ਸਨ, ਉਥੇ ਸਪਸ਼ਟਵਾਦੀ ਵੀ ਬਹੁਤ ਸਨ।



ਅਮੋਲਕ ਸਿੰਘ ਜੰਮੂ

ਫਿਰ ਜਦ ਮੈਂ ਆਪਣੀ ਕਹਾਣੀ 'ਲਾਣੇਦਾਰ' ਛਪਣ ਲਈ ਭੇਜੀ ਤਾਂ ਉਨ੍ਹਾਂ ਦੀ ਕਾਲ ਆਈ ਤੇ ਪੁੱਛਿਆ, "ਤੇਰੀ ਇਹ ਕਹਾਣੀ ਪਹਿਲੀ ਕਹਾਣੀ ਤਾਂ ਨਹੀਂ ਲੱਗਦੀ!" ਮੈਂ ਉੱਤਰ ਦਿੱਤਾ, "ਜੀ ਬਾਈ ਜੀ, ਮੈਂ ਥੋੜ੍ਹਾ ਬਹੁਤ ਪਹਿਲਾਂ ਵੀ ਲਿਖ ਲੈਂਦਾ ਰਿਹਾ ਹਾਂ।" ਨਾਲ ਹੀ ਉਨ੍ਹਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਧਿਆਨ ਵਿਚ ਰੱਖ ਕੇ ਪੁੱਛਿਆ, "ਤੁਸੀਂ ਸਾਰੀਆਂ ਖ਼ਬਰਾਂ ਤੇ ਕਹਾਣੀਆਂ ਲੇਖ ਵਗੈਰਾ ਆਪ ਪੜ੍ਹ ਕੇ ਛਾਪਦੇ ਹੋ?" ਜਵਾਬ ਸੀ, "ਹਾਂ ਬਿਲਕੁਲ...ਹਰ ਚੀਜ਼ ਨਜ਼ਰਾਂ ਥਾਣੀਂ ਕੱਢਣੀ ਪੈਂਦੀ ਹੈ। ਸੰਪਾਦਨ ਦਾ ਕੰਮ ਬਹੁਤ ਜ਼ਿੰਮੇਵਾਰੀ ਵਾਲਾ ਹੁੰਦਾ। ਸਿਰਫ ਇਸ਼ਤਿਹਾਰ ਛਾਪਣੇ ਤੇ ਤੱਤੀਆਂ ਸੁਰਖੀਆਂ ਛਾਪਣਾ ਹੀ ਅਖਬਾਰ ਕੱਢਣਾ ਨਹੀਂ ਹੁੰਦਾ। ਨਾਲੇ ਅਖਬਾਰ ਤਾਂ ਮੇਰਾ ਇਸ਼ਕ ਹੈ।" ਬਾਈ ਅਮੋਲਕ ਸਿੰਘ ਦੇ ਕਹੇ ਇਹ ਸ਼ਬਦ ਮੇਰੇ ਧੁਰ-ਅੰਦਰ ਧਸ ਗਏ। 'ਲਾਣੇਦਾਰ' ਕਹਾਣੀ 'ਪੰਜਾਬ ਟਾਈਮਜ਼' ਵਿਚ ਛਪੀ, ਪਾਠਕਾਂ ਨੇ ਪੜ੍ਹੀ ਤੇ ਪਸੰਦ ਵੀ ਕੀਤੀ। ਫਿਰ ਉਨ੍ਹਾਂ ਦੀ ਕਾਲ ਆਈ, "ਯਾਰ ਅਮਰ, ਤੂੰ ਤਾਂ 'ਲਾਣੇਦਾਰ' ਲਿਖ ਕੇ ਲਾਣੇਦਾਰ ਬਣ ਗਿਆ।" ਉਨ੍ਹਾਂ ਮੈਨੂੰ ਸ਼ਾਬਾਸ਼ ਦਿੱਤੀ ਅਤੇ ਨਾਲ ਹੀ ਕਿਹਾ, "ਜਦੋਂ ਕਿਤੇ ਸ਼ਿਕਾਗੋ ਆਇਆ ਤਾਂ ਮਿਲ ਕੇ ਜਾਈਂ।"

ਫਿਰ ਸ਼ਿਕਾਗੋ ਵਿਚ ਇਕ ਖੇਡ ਮੇਲੇ ਵਿਚ ਪਹਿਲੀ ਵਾਰ ਉਨ੍ਹਾਂ ਨਾਲ ਮਿਲਾਪ ਹੋਇਆ। ਬਾਈ ਅਮੋਲਕ ਸਿੰਘ ਵ੍ਹੀਲਚੇਅਰ 'ਤੇ ਸਨ। ਮੈਂ ਆਪਣਾ ਤੁਆਰਫ ਕਰਵਾਇਆ ਤਾਂ ਉਹ ਬਹੁਤ ਗਰਮਜੋਸ਼ੀ ਨਾਲ ਮਿਲੇ, ਭਾਵੇਂ ਉਨ੍ਹਾਂ ਦਾ ਸਰੀਰ ਪੂਰਨ ਰੂਪ ਵਿਚ ਸਾਥ ਨਹੀਂ ਦੇ ਰਿਹਾ ਸੀ ਪਰ ਉਨ੍ਹਾਂ ਦੇ ਚਿਹਰੇ 'ਤੇ ਚੜ੍ਹਦੀ ਕਲਾ ਦਾ ਨੂਰ ਛਲਕ ਰਿਹਾ ਸੀ। ਇਹ ਨੂਰ ਮੈਂ ਜਦ ਵੀ ਉਨ੍ਹਾਂ ਨੂੰ ਮਿਲਿਆ, ਉਨ੍ਹਾਂ ਦੇ ਚਿਹਰੇ 'ਤੇ ਦੇਖਿਆ। ਉਨ੍ਹਾਂ ਨੂੰ ਮਿਲਣ ਵਾਲਾ ਹਰ ਸ਼ਖਸ ਉਨ੍ਹਾਂ ਕੋਲੋਂ ਮਣਾਂਮੂੰਹੀਂ ਮੁਹੱਬਤ, ਜ਼ਿੰਦਗੀ ਜਿਊਣ ਲਈ ਸਿਰੜ ਅਤੇ ਚੜ੍ਹਦੀ ਕਲਾ ਦਾ ਅਹਿਸਾਸ ਲੈ ਕੇ ਮੁੜਦਾ। ਮੇਰਾ ਉਨ੍ਹਾਂ ਨਾਲ 2008 ਤੋਂ ਸ਼ੁਰੂ ਹੋਏ ਮੇਲ-ਮਿਲਾਪ ਦਾ ਸਿਲਸਲਾ ਉਨ੍ਹਾਂ ਦੇ ਅੰਤਿਮ ਸਾਹਾਂ ਤੱਕ ਜਾਰੀ ਰਿਹਾ। ਜਦ ਕਦੇ ਵੀ ਮੈਂ ਸ਼ਿਕਾਗੋ ਜਾਂਦਾ ਤਾਂ ਉਨ੍ਹਾਂ ਨੂੰ ਜ਼ਰੂਰ ਮਿਲਦਾ। ਬਿਮਾਰੀ ਦੀ ਸ਼ਿੱਦਤ ਵਾਲੇ ਦਿਨਾਂ ਵਿਚ ਵੀ ਕਦੇ ਉਨ੍ਹਾਂ ਦੇ ਮੂੰਹੋਂ ਨਿਰਾਸ਼ਾਵਾਦੀ ਸ਼ਬਦ ਨਹੀਂ ਸੁਣੇ ਸਨ। ਆਖਦੇ ਸਨ, "ਅਮਰ ਸਿੰਹਾਂ, ਸਰੀਰ ਦਾ ਕੀ ਐ? ਸਾਰਿਆਂ ਦਾ ਇਕ ਨਾ ਇਕ ਦਿਨ ਛੁੱਟਣਾ ਹੀ ਹੈ ਪਰ ਬੰਦੇ ਦਾ ਕੰਮ ਤੇ ਉਹਦਾ ਸਿਰੜ ਹੀ ਨਾਲ ਨਿਭਦੈ। ਮੇਰੀ ਤਾਂ ਬੱਸ ਇਕ ਹੀ ਖਾਹਿਸ਼ ਹੈ ਕਿ ਮਾਂ ਬੋਲੀ ਦੀ ਸੇਵਾ ਕਰਦਿਆਂ ਆਖਰੀ ਸੁਆਸ ਲਵਾਂ।"

ਅਮੋਲਕ ਸਿੰਘ ਹੱਡ-ਮਾਸ ਦਾ ਬਣਿਆ ਆਮ ਸ਼ਖਸ ਨਹੀਂ ਸੀ ਸਗੋਂ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦਾ ਸੂਰਮਗਤੀ ਨਾਲ ਸਾਹਮਣਾ ਕਰਨ ਵਾਲਾ ਯੋਧਾ ਸੀ ਜੋ ਅੰਤਿਮ ਸਾਹਾਂ ਤੱਕ ਸਿਰਫ ਲੜਿਆ ਹੀ ਨਹੀਂ ਸਗੋਂ ਕਈ ਹੋਰਾਂ ਲਈ ਮਿਸਾਲ ਪੈਦਾ ਕਰ ਗਿਆ ਕਿ ਜਿਨ੍ਹਾਂ ਲੋਕਾਂ ਅੰਦਰ ਕੁਝ ਕਰ ਗੁਜ਼ਰਨ ਦਾ ਜਜ਼ਬਾ ਹੋਵੇ, ਮੁਸ਼ਕਿਲਾਂ ਦੀ ਅੱਗ ਵੀ ਉਨ੍ਹਾਂ ਦਾ ਹੌਸਲਾ ਪਸਤ ਨਹੀਂ ਕਰ ਸਕਦੀ ਸਗੋਂ ਉਹ ਮੁਸ਼ਕਿਲ ਦਰ ਮੁਸ਼ਕਿਲ ਔਕੜਾਂ ਦਾ ਸਾਹਮਣਾ ਕਰਦੇ ਹੋਏ ਖਰਾ ਸੋਨਾ ਬਣ ਕੇ ਨਿੱਖਰਦੇ ਹਨ। ਇਕਬਾਲ ਦੀਆਂ ਇਹ ਸਤਰਾਂ ਬਾਈ ਅਮੋਲਕ ਸਿੰਘ 'ਤੇ ਪੂਰਨ ਰੂਪ ਵਿਚ ਢੁਕਦੀਆਂ ਹਨ:

ਨਿਸ਼ਾਨ-ਏ-ਮਰਦ-ਏ-ਮੋਮਿਨ ਬਾ ਤੂ ਗੋਯਮ
ਚੂੰ ਮਰਗ ਆਯਦ, ਤਬੱਸੁਮ ਬਰ ਲਬ-ਏ-ਓਸਤ॥

ਅਰਥਾਤ, ਤੁਸੀਂ ਮੈਨੂੰ ਧਰਮੀ ਆਦਮੀ ਦੀ ਨਿਸ਼ਾਨੀ ਪੁੱਛਦੇ ਹੋ? ਉਹ ਐਸਾ ਸ਼ਖਸ ਹੈ, ਮੌਤ ਆਉਣ 'ਤੇ ਜਿਸ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਹੁੰਦੀ ਹੈ।

# ਲਖਨਊ ਸ਼ਹਿਰ ਦੀ ਕਹਾਣੀ

ਕਲਾ ਪਰਿਕਰਮਾ

ਲਖਨਊ 1950ਵਿਆਂ ਵਿਚ ਹਿੰਦੀ ਫਿਲਮਸਾਜ਼ਾਂ ਦਾ ਪਸੰਦੀਦਾ ਸ਼ਹਿਰ ਰਿਹਾ ਹੈ। ਇਸ ਦੇ ਹੁਸਨ ਅਤੇ ਮਿਜ਼ਾਜ ਦਾ ਗੁਣਗਾਨ ਕਰਨ ਵਾਲੇ ਪੰਜ ਗੀਤ ਮੇਰੇ ਚੇਤੇ ਵਿਚ ਹਨ। ਇਨ੍ਹਾਂ ਵਿਚੋਂ ਦੋ 'ਯਿਹ ਲਖਨਊ ਕੀ ਸਰਜ਼ਮੀਂ' (ਚੌਦਹਵੀਂ ਕਾ ਚਾਂਦ, 1960) ਅਤੇ 'ਐ ਸ਼ਹਿਰ-ਇ-ਲਖਨਊ ਤੁਝੇ ਮੇਰਾ ਸਲਾਮ ਹੈ' (ਪਾਲਕੀ, 1967) ਹੁਣ ਵੀ ਰੇਡੀਓ 'ਤੇ ਸੁਣਨ ਨੂੰ ਮਿਲ ਜਾਂਦੇ ਹਨ। ਦੋਵਾਂ ਵਿਚ ਤਿੰਨ ਤੱਤ ਸਾਂਝੇ ਸਨ। ਦੋਵੇਂ ਸ਼ਕੀਲ ਬਦਾਯੂੰਨੀ ਦੇ ਲਿਖੇ ਹੋਏ ਅਤੇ ਮੁਹੰਮਦ ਰਫੀ ਦੇ ਗਾਏ ਹੋਏ। ਦੋਵਾਂ ਫਿਲਮਾਂ ਦੀ ਨਾਇਕਾ ਵੀ ਵਹੀਦਾ ਰਹਿਮਾਨ ਸੀ ਜਿਸ ਦੀ ਸ਼ਖਸੀਅਤ ਦੀ ਕਸ਼ਿਸ਼ ਅੱਜ ਵੀ ਬਰਕਰਾਰ ਹੈ, 83 ਵਰ੍ਹਿਆਂ ਦੀ ਹੋਣ ਦੇ ਬਾਵਜੂਦ। ਗੰਗਾ-ਜਮੁਨੀ ਤਹਿਜ਼ੀਬ ਦਾ ਧੁਰਾ ਸੀ ਲਖਨਊ। ਇਸ ਦੀ ਅਜ਼ਮਤ ਹੁਣ ਪਹਿਲਾਂ ਵਰਗੀ ਨਹੀਂ ਰਹੀ। ਚੰਦ ਨੁਮਾਇਆ, ਇਮਾਰਤਾਂ ਨੂੰ ਛੱਡ ਕੇ ਬਾਕੀ ਦੀ ਇਮਾਰਤੀ ਸ਼ੌਕਤ ਹੁਣ ਖੰਡਰਾਂ ਦਾ ਰੂਪ ਧਾਰਨ ਕਰ ਰਹੀ ਹੈ। ਇਹੋ ਹਸ਼ਰ ਤਹਿਜ਼ੀਬ, ਪਾਕ-ਪਕਵਾਨ ਕਲਾ ਤੇ ਭਾਈਚਾਰਕ ਸਾਂਝ ਦਾ ਹੋਇਆ ਹੈ। ਸੌੜੀ ਸਿਆਸਤ ਨੇ ਇਸ ਦਾ



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਇਮਾਰਤੀ ਮੁਹਾਂਦਰਾ ਤਾਂ ਵਿਗਾੜਿਆ ਹੀ ਹੈ, ਇਸ ਦੀ ਰੂਹ ਨੂੰ ਵੀ ਬੇਦਖਲ ਕਰ ਦਿੱਤਾ ਹੈ।

ਇਹੋ ਕਥਾ-ਵਿਅਥਾ ਬਿਆਨ ਕਰਦੀ ਹੈ ਮਿਹਰੂ ਜਾਫਰ ਦੀ ਕਿਤਾਬ 'ਏ ਸ਼ੈਡੋ ਆਫ ਦਿ ਪਾਸਟ: ਏ ਸ਼ੌਰਟ ਬਾਇਗ੍ਰੈਫੀ ਆਫ ਲਖਨਊ'। ਕਿਤਾਬ ਪਤਲੀ ਜਿਹੀ ਹੈ ਪਰ ਲਖਨਊ ਦੀ ਸਮੁੱਚੀ ਰਾਮ ਕਹਾਣੀ ਅਤੇ ਮੌਜੂਦਾ ਦੁਰਦਸ਼ਾ ਦੇ ਸਾਰੇ ਦ੍ਰਿਸ਼ ਅੱਖਾਂ ਸਾਹਮਣੇ ਚਿੱਤਰਦੀ ਚਲੀ ਜਾਂਦੀ ਹੈ। ਉਤਰ ਪ੍ਰਦੇਸ਼ ਦੇ ਕੁਝ ਹੋਰ ਅਹਿਮ ਸ਼ਹਿਰਾਂ, ਜਿਵੇਂ ਬਨਾਰਸ, ਅਲਾਹਾਬਾਦ, ਆਗਰਾ, ਮਥੁਰਾ, ਕਨੌਜ ਆਦਿ ਦੇ ਮੁਕਾਬਲੇ ਲਖਨਊ ਬਹੁਤਾ ਪੁਰਾਣਾ ਸ਼ਹਿਰ ਨਹੀਂ ਪਰ ਅਠਾਰਵੀਂ ਸਦੀ ਦੇ ਦੂਜੇ ਅੱਧ ਅਤੇ 19ਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਇਸ ਦੀ ਚਮਕ-ਦਮਕ ਤੇ ਅਜ਼ਮਤ ਦਿੱਲੀ-ਆਗਰਾ ਤੋਂ ਕਿਤੇ ਵੱਧ ਸੀ। ਕਿਤਾਬ ਅਨੁਸਾਰ ਮੌਜੂਦਾ ਲਖਨਊ, ਭਗਵਾਨ ਰਾਮ ਦੇ ਛੋਟੇ ਭਰਾਤਾ ਲਕਸ਼ਮਨ ਵੱਲੋਂ ਵਸਾਈ ਨਗਰੀ ਲਕਸ਼ਮਨਪੁਰੀ ਵਾਲੇ ਇਲਾਕੇ 'ਚ ਸਥਿਤ ਹੈ। ਲਕਸ਼ਮਨਪੁਰੀ ਨੂੰ ਆਮ ਲੋਕ ਲਖਨਪੁਰੀ ਕਿਹਾ ਕਰਦੇ ਸਨ। ਫਿਰ ਇਹ ਨਾਮ ਵਿਗੜਦਾ ਹੋਇਆ ਲਖਨਵਟੀ ਅਤੇ 14ਵੀਂ ਸਦੀ ਵਿਚ ਲਖਨਊ ਵਿਚ ਬਦਲ ਗਿਆ। ਅਯੁੱਧਿਆ ਤੋਂ ਬਹੁਤਾ ਦੂਰ ਨਾ ਹੋਣ ਕਰਕੇ ਲਖਨਊ ਬਾਰੇ ਇਹ ਦੰਦ-ਕਥਾ ਬਹੁਤੀ ਮਨੋਕਲਪਿਤ ਨਹੀਂ ਜਾਪਦੀ। ਸਰਕਾਰੀ ਗਜ਼ਟਾਂ ਮੁਤਾਬਿਕ 1350 ਵਿਚ ਦਿੱਲੀ ਸਲਤਨਤ ਦਾ ਅਵਧ ਇਲਾਕੇ 'ਤੇ ਕਬਜ਼ਾ ਹੋਇਆ। ਸੁਲਤਾਨ ਮੁਹੰਮਦ ਤੁਗਲਕ ਨੇ ਅਵਧ ਨੂੰ ਸੂਬੇ ਦਾ ਦਰਜਾ ਦਿੱਤਾ ਅਤੇ ਲਖਨਵਟੀ ਉਰਫ ਲਖਨਊ ਨੂੰ ਸੂਬਾਈ ਰਾਜਧਾਨੀ ਬਣਾਇਆ। ਸੁਲਤਾਨਸ਼ਾਹੀ ਕਮਜ਼ੋਰ ਪੈਣ ਮਗਰੋਂ ਅਗਲੀ ਸਦੀ ਦੌਰਾਨ ਅਵਧ ਆਜ਼ਾਦ ਰਿਆਸਤ ਬਣ ਗਿਆ। 16ਵੀਂ ਸਦੀ ਵਿਚ ਇਸ ਉਪਰ ਦਿੱਲੀ ਦਾ ਕਬਜ਼ਾ ਦੂਜੇ ਮੁਗਲ ਬਾਦਸ਼ਾਹ ਹਮਾਯੂੰ ਨੇ ਸੰਭਵ ਬਣਾਇਆ। ਇਸ ਮਗਰੋਂ ਅਵਧ ਦੇ ਹੁਕਮਰਾਨ 1856 ਤਕ ਦਿੱਲੀ ਦੀ ਬਾਦਸ਼ਾਹਤ ਅੱਗੇ (ਰਸਮੀ ਤੌਰ 'ਤੇ) ਸਿਰ ਨਿਵਾਉਂਦੇ ਰਹੇ। ਇਹ ਸਹੀ ਹੈ ਕਿ 1719 ਤੋਂ ਉਹ ਖੁਦਮੁਖਤਾਰ ਹੋ ਗਏ ਅਤੇ ਅਵਧ ਸੂਬੇ ਦੀ ਥਾਂ ਰਿਆਸਤ ਬਣ ਗਿਆ ਪਰ ਉਨ੍ਹਾਂ ਨੇ ਆਪਣੇ ਲਈ ਸੁਲਤਾਨ ਜਾਂ ਰਾਜਾ ਵਰਗੇ ਰੁਤਬੇ ਨਹੀਂ ਵਰਤੇ; ਉਨ੍ਹਾਂ ਦਾ ਰੁਤਬਾ ਨਵਾਬ ਵਾਲਾ ਹੀ ਰਿਹਾ।



ਕਿਤਾਬ ਦਾ ਮੁਖੜਾ


ਲੇਖਕ ਮਿਹਰੂ ਜਾਫਰ

ਦਿੱਲੀ ਦੀ ਪਕੜ ਕਮਜ਼ੋਰ ਪੈਣ 'ਤੇ 18ਵੀਂ ਸਦੀ ਦੇ ਮੁੱਢ ਵਿਚ ਲਖਨਊ ਦੇ ਸੂਬੇਦਾਰ ਆਪਣਾ ਸਦਰ-ਮੁਕਾਮ ਫੈਜ਼ਾਬਾਦ ਲੈ ਗਏ ਪਰ 1775 ਵਿਚ ਨਵਾਬ ਆਸਫ-ਉਦ-ਦੌਲਾ ਨੇ ਲਖਨਊ ਪਰਤਣਾ ਵਾਜਬ ਸਮਝਿਆ। ਬੜਾ ਸੁਲਝਿਆ ਬੰਦਾ ਸੀ ਇਹ ਨਵਾਬ। ਉਸ ਨੇ ਲਖਨਊ ਨੂੰ ਦਿੱਲੀ ਨਾਲੋਂ ਵੱਧ ਅਜ਼ੀਮ ਸ਼ਹਿਰ ਬਣਾਉਣ ਦਾ ਮਨਸੂਬਾ ਬਣਾਇਆ। ਲਖਨਊ ਦੀਆਂ 90 ਫੀਸਦੀ ਸ਼ਾਹੀ ਇਮਾਰਤਾਂ ਉਸ ਦੇ ਰਾਜ-ਕਾਲ ਦੌਰਾਨ ਹੋਂਦ ਵਿਚ ਆਈਆਂ। ਇਨ੍ਹਾਂ ਵਿਚ ਦੌਲਤਖਾਨਾ, ਬੜਾ ਇਮਾਮਬਾੜਾ, ਆਸਿਫੀ ਮਸਜਿਦ, ਸ਼ਾਹੀ ਤਾਲਾਬ ਤੇ ਹਮਾਮ ਅਤੇ ਰੂਮੀ ਦਰਵਾਜ਼ਾ ਉਚੇਚੇ ਤੌਰ 'ਤੇ ਵਰਣਨਯੋਗ ਹਨ। ਸ਼ਹਿਰ ਨੂੰ ਹਰਿਆਲੀ ਦਾ ਕਵਚ ਪਵਾਉਣ ਲਈ ਹਰ ਤਰ੍ਹਾਂ ਦੇ ਪੌਦੇ ਬੀਜੇ ਗਏ ਅਤੇ ਦਰਜਨਾਂ ਬਾਗ-ਬਗੀਚੇ ਬਣਾਏ ਗਏ। ਹਿੰਦੂ ਜ਼ਿਮੀਂਦਾਰਾਂ-ਜਗੀਰਦਾਰਾਂ ਨੂੰ ਜਗੀਰਾਂ ਦਾ ਪਾਸਾਰ ਕਰਨ ਦੇ ਮੌਕੇ ਦਿੱਤੇ ਗਏ। ਇਹ ਨੀਤੀ ਪੁੱਠੀ ਵੀ ਪਈ। ਆਸਫ-ਉਦ-ਦੌਲਾ ਦੀ ਮੌਤ ਮਗਰੋਂ ਅਵਧ ਵਿਚ ਮੱਚੀ ਆਪਾਧਾਪੀ ਦੌਰਾਨ ਕਈ ਹਿੰਦੂ ਜਗੀਰਦਾਰਾਂ ਨੇ ਖੁਦ ਨੂੰ ਰਿਆਸਤੀ ਰਾਜੇ ਮੰਨਣਾ ਸ਼ੁਰੂ ਕਰ ਦਿੱਤਾ। ਬਨਾਰਸ ਰਿਆਸਤ ਇਸੇ ਢੰਗ ਨਾਲ ਵਜੂਦ ਵਿਚ ਆਈ। ਇਹ ਮੁਸਲਿਮ ਸਰਦਾਰੀ ਵਾਲੇ ਇਲਾਕੇ ਵਿਚ ਸਭ ਤੋਂ ਵੱਡੀ ਹਿੰਦੂ ਰਿਆਸਤ ਬਣ ਕੇ ਉਭਰੀ।

ਮਿਹਰੂ ਜਾਫਰ ਦੀ ਲਿਖੀ ਕਹਾਣੀ ਅਵਧੀ ਤਹਿਜ਼ੀਬ ਵਿਚ ਸਰਬ-ਧਰਮ ਸਮਭਾਵ ਭਾਰੂ ਹੋਣ ਦਾ ਜ਼ਿਕਰ ਵਾਰ-ਵਾਰ ਕਰਦੀ ਹੈ। ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵੱਲੋਂ ਨਵਾਬ ਵਾਜਿਦ ਅਲੀ ਸ਼ਾਹ ਨੂੰ ਗੱਦੀਓਂ ਲਾਹ ਕੇ ਕਲਕੱਤਾ ਭੇਜੇ ਜਾਣ ਅਤੇ ਰਿਆਸਤ ਨੂੰ ਬ੍ਰਿਟਿਸ਼ ਸਾਮਰਾਜ ਦਾ ਹਿੱਸਾ ਬਣਾਏ ਜਾਣ ਦਾ ਵਿਰੋਧ ਕਰਨ ਵਾਲਿਆਂ ਵਿਚ ਸਾਰੇ ਧਰਮਾਂ ਦੇ ਲੋਕ ਸ਼ਾਮਲ ਸਨ। ਇਸੇ ਲਈ 1857 ਵਿਚ ਜਦੋਂ ਬਲਵਾ ਭੜਕਿਆ ਤਾਂ ਲੋਕਾਂ ਨੇ 18 ਗੋਰਿਆਂ ਦੀਆਂ ਜਾਨਾਂ ਲੈਣ ਮਗਰੋਂ ਬੇਗਮ ਹਜ਼ਰਤ ਮਹੱਲ ਨੂੰ ਤਾਜਦਾਰ ਬਣਾਉਣਾ ਵਾਜਬ ਸਮਝਿਆ। ਕਿਤਾਬ ਲਖਨਵੀ ਲੋਕਾਂ ਅੰਦਰਲੇ ਸ਼ਿਸ਼ਟਾਚਾਰ, ਮਹਿਮਾਨਨਿਵਾਜ਼ੀ, ਅਦਬੀ ਪ੍ਰੇਮ ਅਤੇ ਪਾਕ-ਪਕਵਾਨੀ 'ਚ ਮੁਹਾਰਤ ਬਾਰੇ ਦਰਜਨਾਂ ਕਿੱਸੇ ਪੇਸ਼ ਕਰਦੀ ਹੈ। ਭਾਰਤੀ ਨ੍ਰਿਤ ਕਲਾਵਾਂ ਅਤੇ ਸ਼ਾਸਤਰੀ ਸੰਗੀਤ ਦੇ ਵਿਕਾਸ ਵਿਚ ਵੀ ਲਖਨਊ ਨੇ ਅਹਿਮ ਯੋਗਦਾਨ ਪਾਇਆ। 1857 ਦੇ ਆਜ਼ਾਦੀ ਸੰਗਰਾਮ ਨੂੰ ਦਬਾਉਣ ਲਈ ਦਿੱਲੀ ਤੇ ਮੇਰਠ ਤੋਂ ਬਾਅਦ ਸਭ ਤੋਂ ਵੱਧ ਸਖਤੀ ਲਖਨਊ ਵਿਚ ਹੋਈ। ਇੱਥੇ 37 ਬੰਦੀ ਸੰਗਰਾਮੀਆਂ ਨੂੰ ਗੋਲ ਦਰਵਾਜ਼ੇ ਨੇੜੇ ਆਮ ਲੋਕਾਂ ਦੀਆਂ ਨਜ਼ਰਾਂ ਸਾਹਮਣੇ ਗੋਲੀਆਂ ਮਾਰੀਆਂ ਗਈਆਂ ਅਤੇ ਲਾਸ਼ਾਂ ਨੂੰ ਕਈ ਦਿਨਾਂ ਤਕ ਰੁਲਣ ਦਿੱਤਾ ਗਿਆ ਪਰ ਅਜਿਹੀ ਸਖਤੀ ਵੀ ਆਜ਼ਾਦੀ ਦੀ ਚਾਹਤ ਮਿਟਾ ਨਾ ਸਕੀ। 1921 ਵਿਚ ਲਖਨਊ ਕਾਂਗਰਸ ਸੈਸ਼ਨ ਦੌਰਾਨ ਉਘੇ ਸ਼ਾਇਰ ਹਸਰਤ ਮੋਹਾਨੀ ਨੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਪਹਿਲੀ ਵਾਰ ਲਾਇਆ ਜੋ ਇਸ ਤੋਂ ਬਾਅਦ ਆਜ਼ਾਦੀ ਸੰਗਰਾਮ ਦੀ ਪ੍ਰਚੰਡਤਾ ਦਾ ਪ੍ਰਤੀਕ ਬਣ ਗਿਆ। ਕਾਕੋਰੀ ਕਾਂਡ ਵੀ ਇਸੇ ਇਲਾਕੇ ਵਿਚ ਵਾਪਰਿਆ; ਰਾਮਪ੍ਰਸਾਦ ਬਿਸਮਿਲ ਤੇ ਅਸ਼ਫਾਕ ਉਲਾ ਖਾਨ ਸਮੇਤ ਸਾਰੇ ਸ਼ਹੀਦ ਇਸੇ ਇਲਾਕੇ ਨਾਲ ਸਬੰਧਤ ਸਨ। ਅਦਬ ਦੇ ਖੇਤਰ ਵਿਚ ਮੋਹਸਿਨ ਕਾਕੋਰਵੀ, ਮਜ਼ਾਜ ਲਖਨਵੀ, ਖੁਮਾਰ ਬਾਰਾਬੰਕਵੀ ਤੇ ਜੋਸ਼ ਮਲੀਹਾਬਾਦੀ ਵਰਗੇ ਨਾਮਵਰ ਸ਼ਾਇਰ ਲਖਨਊ ਦੇ ਅਦਬੀ ਮਾਹੌਲ ਦੀ ਪੈਦਾਇਸ਼ ਸਨ। ਹਿੰਦੋਸਤਾਨੀ ਸ਼ਾਸਤਰੀ ਸੰਗੀਤ ਨੂੰ ਅਕਾਦਮਿਕ ਲੀਹਾਂ 'ਤੇ ਢਾਲਣ ਦਾ ਸੁਪਨਾ ਸੰਜੋਣ ਵਾਲੇ ਮਹਾਰਾਸ਼ਟਰੀਅਨ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਨੂੰ ਮੌਰਿਸ ਕਾਲਜ ਦੀ ਸਥਾਪਨਾ ਲਈ ਜ਼ਮੀਨ ਤੇ ਮਾਇਕ ਇਮਦਾਦ 1926 'ਚ ਲਖਨਊ ਵਿਚੋਂ ਹੀ ਮਿਲੀ। ਇਹ ਸੰਸਥਾ ਹੁਣ ਭਾਤਖੰਡੇ ਮਿਊਜ਼ਿਕ ਇੰਸਟੀਟਿਊਟ ਵਜੋਂ ਜਾਣੀ ਜਾਂਦੀ ਹੈ। ਬੜੇ ਨਾਮਵਰ ਗਾਇਕ-ਸੰਗੀਤਕਾਰ ਪੈਦਾ ਕੀਤੇ ਹਨ ਇਸ ਨੇ। ਇਨ੍ਹਾਂ ਵਿਚ ਤਲਤ ਮਹਿਮੂਦ, ਸੰਗੀਤਕਾਰ ਰੌਸ਼ਨ, ਸੰਗੀਤਕਾਰ ਸਤੀਸ਼ ਭਾਟੀਆ, ਗਾਇਕਾ ਦਿਲਰਾਜ ਕੌਰ ਅਤੇ ਭਾਰਤੀ ਸਿਨਮਾ ਦੀ ਪਹਿਲੀ ਮਹਿਲਾ ਸੰਗੀਤਕਾਰ ਸਰਸਵਤੀ ਦੇਵੀ (ਅਸਲ ਨਾਮ ਖੁਰਸ਼ੀਦ ਮਿਨੋਸ਼ੇਰ ਹੋਮਜੀ) ਸ਼ਾਮਲ ਹਨ। ਸੰਗੀਤਕਾਰ ਮਦਨ ਮੋਹਨ ਨੇ ਵੀ ਅੱਠ ਮਹੀਨੇ ਇਸ ਸੰਸਥਾ ਵਿਚ ਬਿਤਾਏ।

ਆਲ ਇੰਡੀਆ ਰੇਡੀਓ ਦੇ ਲਖਨਊ ਕੇਂਦਰ ਨੇ 1940ਵਿਆਂ-50ਵਿਆਂ ਦੌਰਾਨ ਕਈ ਸਿਰਮੌਰ ਸੰਗੀਤਕਾਰਾਂ ਨੂੰ ਆਪਣੇ ਫਨ ਦੀ ਨੁਮਾਇਸ਼ ਦੇ ਮੌਕੇ ਵੀ ਮੁਹੱਈਆ ਕੀਤੇ ਅਤੇ ਰੋਜ਼ੀ-ਰੋਟੀ ਵੀ। ਇਨ੍ਹਾਂ ਵਿਚ ਪੰਡਿਤ ਰਵੀਸ਼ੰਕਰ (ਸਿਤਾਰ), ਅਲੀ ਅਕਬਰ ਖਾਨ (ਸਰੋਦ), ਉਸਤਾਦ ਅੱਲਾ ਰੱਖਾ (ਤਬਲਾਨਵਾਜ਼), ਉਸਤਾਦ ਅਹਿਮਦ ਜਾਨ ਥਿਰਕਵਾ (ਤਬਲਾਨਵਾਜ਼) ਦੇ ਨਾਮ ਵਰਣਨਯੋਗ ਹਨ। ਮੁਨਸ਼ੀ ਨਵਲ ਕਿਸ਼ੋਰ ਨੇ 1858 'ਚ ਉਤਰੀ ਭਾਰਤ ਦਾ ਪਹਿਲਾ ਛਾਪਾਖਾਨਾ ਲਖਨਊ ਵਿਚ ਸਥਾਪਿਤ ਕੀਤਾ। 1859 ਵਿਚ ਉਨ੍ਹਾਂ ਨੇ ਇਸੇ ਛਾਪੇਖਾਨੇ ਵਿਚ ਉਰਦੂ ਦਾ ਪਰਚਾ 'ਅਵਧ ਅਖਬਾਰ' ਛਾਪਣਾ ਸ਼ੁਰੂ ਕੀਤਾ। ਇਹ ਰੋਜ਼ਾਨਾ ਅਖਬਾਰ ਸੀ। ਇਸੇ ਅਖਬਾਰ ਵਿਚ ਉਨ੍ਹਾਂ ਨੇ ਰਤਨ ਨਾਥ ਸ਼ਰਸ਼ਾਰ ਦੀ ਕਿਤਾਬ 'ਫਸਾਨਾ-ਇ-ਆਜ਼ਾਦ' ਕਿਸ਼ਤਵਾਰ ਰੂਪ ਵਿਚ ਛਾਪੀ।

ਇਹ ਕਿਤਾਬ ਲਖਨਊ ਦੇ ਅਤੀਤ ਨੂੰ ਬੜੀ ਨਿੱਘ, ਸ਼ਿੱਦਤ ਤੇ ਸੰਜੀਦਗੀ ਨਾਲ ਪੇਸ਼ ਕਰਦੀ ਹੈ। ਨਾਲ ਹੀ ਦੁਆ ਕਰਦੀ ਹੈ ਲਖਨਊ ਦੀ ਰੂਹ ਨੂੰ ਯੋਗੀਆਂ ਤੇ ਭ੍ਰਿਸ਼ਟ ਉਪਭੋਗੀਆਂ ਦੀਆਂ ਬਦਰੂਹਾਂ ਤੋਂ ਬਚਾਉਣ ਦੀ। ਲਖਨਵੀ ਤਹਿਜ਼ੀਬ ਦੀ ਅਜ਼ਮ-ਬਹਾਲੀ ਵਾਸਤੇ ਇਸ ਦੁਆ ਨੂੰ ਫਲ ਪੈਣਾ ਚਾਹੀਦਾ ਹੈ।

## ਪੰਜਾਬੀ ਵਿਚ ਲਖਨਊ ਦੀ ਦਾਸਤਾਂ

ਨੈਸ਼ਨਲ ਬੁੱਕ ਟਰਸਟ, ਦਿੱਲੀ ਨੇ 1971 ਦੇ ਸਾਲ ਪੰਜਾਬੀ ਵਿਚ ਅਬਦੁਲ ਹਲੀਮ 'ਸ਼ਰਰ' ਲਿਖਤ 372 ਪੰਨਿਆਂ ਦੀ ਕਿਤਾਬ 'ਕਲ੍ਹ ਦਾ ਲਖਨਊ' ਛਾਪੀ ਸੀ। ਲਖਨਊ ਉਪਰ ਇਸ ਵਰਗੀ ਕਿਤਾਬ ਅਜੇ ਤਕ ਲਿਖੀ ਨਹੀਂ ਗਈ। ਇਸ ਦਾ ਨਾਂ ਮੂਲ ਉਰਦੂ ਵਿਚ 'ਗੁਜ਼ਸ਼ਤਾ ਲਖਨਊ'। ਗੁਜ਼ਸ਼ਤਾ ਮਾਇਨੇ ਬੀਤਿਆ ਕੱਲ੍ਹ। ਇਹ ਭਾਰਤ ਦੀਆਂ ਸਾਰੀਆਂ ਜ਼ਬਾਨਾਂ ਵਿਚ ਛਪੀ ਸੀ। ਵਿਚੋਂ ਦੀ ਖਤਮ ਹੋ ਗਈ ਸੀ, ਹੁਣ ਮੁੜ ਛਾਪ ਦਿੱਤੀ ਗਈ ਹੈ। ਲਖਨਊ ਬਾਰੇ ਇਹ ਜਾਣਕਾਰੀ ਭਰਪੂਰ ਕਿਤਾਬ ਹੈ। *-ਡਾ. ਹਰਪਾਲ ਸਿੰਘ ਪੰਨੂ*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਜੁਲਾਈ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-491



*ਬੀਬੀਆਂ ਦੀ ਆਵਾਜ਼ ਕਿੱਦਾਂ ਗੂੰਜਦੀ ਹੈ ਦੇਖ ਲਓ।*
*ਗਰਦਿਸ਼ਾਂ ਨੂੰ ਕਿਸ ਤਰ੍ਹਾਂ ਇਹ ਪੂੰਝਦੀ ਹੈ ਦੇਖ ਲਓ।*

## ਕੈਪਸ਼ਨ ਮੁਕਾਬਲਾ-489



ਬਿਜੜੇ ਤੋਂ ਸਿੱਖ ਲਿਆ ਸੀ ਟੋਕਰਾ ਬਣਾਉਣਾ,
ਤੂਤਾਂ ਦੀਆਂ ਛਿਟੀਆਂ ਨੂੰ ਚਿਣ ਕਿੰਜ ਲਾਉਣਾ।
ਬਹਿ ਕੇ ਵਿਚ ਟੋਕਰੇ ਬਾਰ ਨਵੇਂ ਲਾਈ ਜਾਂਦਾ,
ਦਸਤਕਾਰੀ ਹੁਨਰ ਦਾ ਨਮੂਨਾ ਦਿਖਾਈ ਜਾਂਦਾ।
*-ਸੇਵਾ ਸਿੰਘ ਨੂਰਪੁਰੀ*

---

ਲੋੜ ਕਾਢ ਦੀ ਮਾਂ ਹੈ ਹੁੰਦੀ
ਨਵੀਆਂ ਚੀਜ਼ਾਂ ਨੂੰ ਜਨਮ ਦਿੰਦੀ ਆਈ।
ਹੁਨਰੀ ਬਾਬੇ ਨੇ ਧੁਰ ਜ਼ਿੰਦਗੀ
ਟੋਕਰੇ-ਟੋਕਰੀਆਂ ਦੇ ਲੇਖੇ ਲਾਈ।
ਡਿਜੀਟਲ ਯੁਗ ਨਵਾਂ ਹੈ ਆਇਆ
ਕਾਢਾਂ 'ਤੇ ਪੂੰਜੀਵਾਦੀ ਗਲਬਾ ਛਾਇਆ।
ਸੁੱਖ ਸਹੂਲਤਾਂ ਵਾਧੂ ਹੋ ਗਈਆਂ
ਪਰ ਹੁਨਰੀ ਲੋਕਾਂ ਦੀ ਗਰੀਬੀ ਦਾ
ਥਹੁ ਕਿਸੇ ਨਾ ਪਾਇਆ।
*-ਅਮਰਜੀਤ ਸਿੰਘ ਤੂਰ*

---

ਉਮਰ-ਦਰਾਜ਼ ਮਜਬੂਰੀਆਂ ਸਾਡੀਆਂ
ਬਣ ਗਏ ਖੁਸ਼ੀਆਂ ਖੇੜੇ,
ਕੁਦਰਤ ਬਖਸ਼ੀ ਰੁੱਤ ਬਸੰਤੀ
ਮਹਿਕਣ ਚਾਰ ਚੁਫੇਰੇ।
ਧਰਤੀ ਮਾਤਾ ਬਖਸ਼ੇ ਸੋਮੇ
ਮੁੱਲ ਜੌਹਰੀਆਂ ਪਾਏ,
ਸ਼ਹਿਤੂਤ ਦੀਆਂ ਲੰਮੀਆਂ ਛਮਕਾਂ
ਵੰਨ-ਸੁਵੰਨੇ ਆਕਾਰ ਬਣਾਏ।
*-ਮਾਸਟਰ ਪ੍ਰੀਤਮ ਸਿੰਘ ਲੰਮੇ*

---

ਪਸ਼ੂਆਂ ਨੂੰ ਪੱਠੇ ਸੀ ਪਾਉਣ ਲਈ ਟੋਕਰਾ,
ਗੋਹਾ ਕੂੜਾ ਕਰਨ ਲਈ ਚਾਹੀਦਾ ਸੀ ਟੋਕਰਾ,
ਬੇਲਣੇ ਦਾ ਤਾਜਾ ਗੁੜ ਪਾਉਣ ਲਈ ਟੋਕਰਾ।
ਰੋਟੀਆਂ ਖੂਹ ਤੇ ਲੈਜਾਣ ਲਈ ਵੀ ਟੋਕਰੀ,
ਛੋਟੀਆਂ ਮੋਟੀਆਂ ਚੀਜ਼ਾਂ ਢੋਣ ਲਈ ਵੀ ਟੋਕਰੀ,
ਖੇਤੋਂ ਸਾਗ ਸਬਜੀਆਂ ਲਿਆਉਣ ਲਈ ਟੋਕਰੀ।

ਤੂਤ ਦੀਆਂ ਛਿਟੀਆਂ ਦੀ ਪਈ ਭਰੀ ਦੇਖ ਕੇ,
'ਰਾਮ ਜੀ' ਦਾ ਜੀਅ ਕਰੇ ਬਣਾਉਣ ਲਈ ਟੋਕਰਾ।
ਸਾਰੀ ਉਮਰ ਰਿਹਾ ਉਹੋ ਕਿੱਤਾ ਇਹੀ ਕਰਦਾ,
ਟੋਕਰੇ 'ਚ ਬੈਠਾ 'ਰਾਮ ਜੀ' ਬਣਾਏ ਟੋਕਰਾ।
*-ਕਲਵੰਤ ਸਿੰਘ ਸਹੋਤਾ*

---

ਤੂਤ ਦੀਆਂ ਛਟੀਆਂ ਨੂੰ ਦੋ-ਫਾੜ ਕਰਕੇ
ਬਣਦੇ ਸੀ ਟੋਕਰੇ, ਟੋਕਰੀਆਂ ਤੇ ਛਾਬੇ।
ਬਣ ਗਈਆਂ ਇਹ ਵਿਰਸੇ ਦੀਆਂ ਆਈਟਮਾਂ,
ਲਗਦੈ ਜਿਵੇਂ ਸਭ ਕੁਝ ਨਾਲ ਲੈ ਗਏ ਬਾਬੇ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ*

---

ਕਲਾ ਵੀ ਕਮਾਲ ਤੇ ਕਿੱਤਾ ਵੀ ਕਮਾਲ ਦਾ।
ਛਿਟੀ ਵੀ ਕਮਾਲ ਤੇ ਦਿਮਾਗ ਵੀ ਕਮਾਲ ਦਾ।
ਬਈਏ ਤੋਂ ਸਿੱਖਿਆ ਹੁਨਰ, ਫਿਰੇ ਕਦਰ ਭਾਲਦਾ।
*-ਜਗਮੀਤ ਸਿੰਘ ਪੰਧੇਰ*

---

ਪਿਤਾ ਪੁਰਖੀ ਧੰਦਾ ਕਰਦਿਆਂ
ਉਮਰ ਸਾਰੀ ਗਈ ਵਿਹਾਅ।
ਔਖੇ, ਸੌਖੇ ਟੱਬਰ ਪਾਲਿਆ,
ਬੁੱਢੇ ਵਾਰੇ ਵੀ ਨਹੀਂ ਟਿਕਾਅ।
ਹੁਨਰ, ਵਿਰਸਾ ਸਭ ਰੁਲ ਗਏ,
ਮਸ਼ੀਨੀ ਯੁੱਗ ਗਿਆ ਸਭ ਖਾ।
*-ਦਵਿੰਦਰ ਕੌਰ*

---

ਹੁਨਰ ਲਈ ਇਸ਼ਕ ਪੈਦਾ ਕਰਨਾ ਪੈਂਦਾ
ਜ਼ਿੰਦਗੀ ਨਿਰਬਾਹ ਲਈ ਕੀ ਨ੍ਹੀਂ ਕਰਨਾ ਪੈਂਦਾ
ਜਣਾ-ਖਣਾ ਨਹੀਂ ਟੋਕਰੇ ਬਣਾ ਸਕਦਾ।
ਕੱਟ ਟਾਹਣੀ ਤੂਤ ਦੀ ਘੁਮਾ-ਪਰੋ ਪਰੋ
ਇਕ ਛਿਟੀ ਥੱਲੇ ਇਕ ਉਤੇ
ਮਰੋੜ ਮਰੋੜ ਉਸੇ ਜਗ੍ਹਾ ਲੈ ਆਉਣਾ।
ਬਣਿਆ ਟੋਕਰਾ ਹੀ ਸੋਹਣਾ ਲੱਗਦਾ
ਹੱਥ ਦੇਖੋ ਉਸ ਇਨਸਾਨ ਦੇ
ਕਿੱਕਰ ਦੀ ਛਿੱਲ ਵਾਂਗ ਖੁਰਦਰੇ ਹੋ ਜਾਂਦੇ।
*-ਦਰਸ਼ਨਪਾਲ ਦੋਸਾਂਝ*

## ਕੈਪਸ਼ਨ ਮੁਕਾਬਲਾ-487

ਇਕ ਸੀ ਅਲਬੇਲਾ ਸਾਈਂ
ਰੱਜ ਕੇ ਕੀਤੀ ਕਮਾਈ।
ਨਹੀਂ ਸੀ ਬੈਠਿਆ ਵਿਹਲਾ
ਕੱਲ੍ਹ ਤੱਕ ਸੀ ਮੌਜ ਮੇਲਾ
ਵਕਤ ਦੀ ਮਾਰ ਕੌਣ ਜਾਣੇ
ਮੰਜੇ ਜੋਗਾ ਰਹਿ ਗਿਆ 'ਕੱਲਾ।
*-ਬੱਲਾ ਲੁਬਾਣਾ*

# ਕੇਂਦਰ ਦੀ ਹੈਂਕੜ ਭੰਨਣ ਲਈ ਕਿਸਾਨ ਮੋਰਚੇ ਨੂੰ ਮਜ਼ਬੂਤ ਕਰਨ ਦਾ ਸੱਦਾ



**ਚੰਡੀਗੜ੍ਹ:** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕੇਂਦਰ ਸਰਕਾਰ ਦੀ ਹੈਂਕੜ ਭੰਨਣ ਲਈ ਸੂਬੇ ਵਿਚ 9 ਮਹੀਨਿਆਂ ਤੋਂ ਅਤੇ ਦਿੱਲੀ ਵਿਚ 7 ਮਹੀਨਿਆਂ ਤੋਂ ਚੱਲ ਰਹੇ ਮੋਰਚੇ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਖੇਤੀ ਕੰਮਾਂ ਤੋਂ ਵਿਹਲੇ ਹੋਣ ਵਾਲੇ ਕਿਸਾਨ ਕਾਫਲਿਆਂ ਦੇ ਰੂਪ ਵਿਚ ਪੰਜਾਬ ਤੋਂ ਦਿੱਲੀ ਵੱਲ ਕੂਚ ਕਰਨ।

ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਵੱਲੋਂ ਜਾਰੀ ਧਰਨੇ ਕੇਂਦਰ ਸਰਕਾਰ ਖਿਲਾਫ ਆਵਾਜ਼ ਬੁਲੰਦ ਕਰ ਰਹੇ ਹਨ। ਟੌਲ-ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ 'ਚ ਕਿਸਾਨ ਆਗੂਆਂ ਨੇ ਖੇਤੀਬਾੜੀ ਢਾਂਚਾਗਤ ਵਿਕਾਸ ਫੰਡ ਨੂੰ ਨਵਾਂ ਮਜ਼ਾਕ ਕਰਾਰ ਦਿੱਤਾ। ਕਿਸਾਨ ਆਗੂਆਂ ਨੇ ਕਿਹਾ ਕਿ ਅਸਲ ਵਿਚ ਖੇਤੀਬਾੜੀ ਢਾਂਚਾਗਤ ਫੰਡ 'ਚ ਕੁਝ ਸੋਧਾਂ ਜੋੜੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਖੇਤੀ ਸੈਕਟਰ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨਾ ਹੈ।

ਮੰਡੀ ਪ੍ਰਬੰਧ ਦੀ ਮਜ਼ਬੂਤੀ ਦਾ ਪ੍ਰਚਾਰ ਤਾਂ ਲੋਕਾਂ ਨੂੰ ਗੁਮਰਾਹ ਕਰਨ ਮਾਤਰ ਹੈ। ਬੁਲਾਰਿਆਂ ਨੇ ਮੋਦੀ ਸਰਕਾਰ ਵੱਲੋਂ ਏ.ਪੀ.ਐਮ.ਸੀ. ਮੰਡੀਆਂ ਨੂੰ ਇਕ ਲੱਖ ਕਰੋੜ ਰੁਪਏ ਦੇਣ ਦੇ ਦਾਅਵਿਆਂ ਨੂੰ ਡਰਾਮਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਕੰਮ ਲਈ ਤਾਂ ਮੋਦੀ ਸਰਕਾਰ ਨੇ ਇਕ ਰੁਪਿਆ ਵੀ ਨਹੀਂ ਰੱਖਿਆ। ਉਨ੍ਹਾਂ ਕਿਹਾ ਕਿ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਨੂੰ 'ਸਰਕਾਰ ਗੱਲਬਾਤ ਲਈ ਤਿਆਰ' ਵਾਲਾ ਪੁਰਾਣਾ ਰਾਗ ਤਿਆਗ ਕੇ ਖੇਤੀ ਕਾਨੂੰਨ ਰੱਦ ਕਰਨੇ ਚਾਹੀਦੇ ਹਨ। ਕਿਸਾਨ ਆਗੂਆਂ ਨੇ ਘਰੇਲੂ ਬਿਜਲੀ ਦੇ ਵਧ ਰਹੇ ਕੱਟਾਂ ਲਈ ਕੈਪਟਨ ਸਰਕਾਰ ਦੇ ਦੁਰਪ੍ਰਬੰਧ ਨੂੰ ਜ਼ਿੰਮੇਵਾਰ ਠਹਿਰਾਇਆ।

ਆਗੂਆਂ ਨੇ ਕਿਹਾ ਕਿ ਸਾਡੀ ਲੜਾਈ ਬਹੁਤ ਤਾਕਤਵਰ ਧਿਰ ਦੇ ਖਿਲਾਫ ਹੈ। ਉਨ੍ਹਾਂ ਆਖਿਆ ਕਿ ਇਖਲਾਕ ਤੇ ਏਕੇ ਨਾਲ ਇਨ੍ਹਾਂ ਕਾਲੀਆਂ ਤਾਕਤਾਂ ਨੂੰ ਹਰਾ ਕੇ ਰਹਿਣਗੇ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਕਿਸਾਨਾਂ ਦੇ ਕਾਫਲਿਆਂ ਦਾ ਲਗਾਤਾਰ ਸਿੰਘੂ ਅਤੇ ਟਿਕਰੀ ਦੇ ਮੋਰਚਿਆਂ 'ਤੇ ਜਾਣਾ ਜਾਰੀ ਹੈ।

## 'ਕਿਸਾਨਾਂ ਦਾ ਚੋਣਾਂ ਲੜਨ ਦਾ ਕੋਈ ਇਰਾਦਾ ਨਹੀਂ'

**ਲੁਧਿਆਣਾ:** ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਕਿਹਾ ਕਿ ਕਿਸਾਨਾਂ ਦਾ ਹਾਲੇ ਪੰਜਾਬ ਵਿਚ ਚੋਣਾਂ ਲੜਨ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਚੋਣਾਂ ਸਬੰਧੀ ਸੰਯੁਕਤ ਕਿਸਾਨ ਮੋਰਚੇ ਦਾ ਹਰ ਫੈਸਲਾ ਮੰਨਿਆ ਜਾਵੇਗਾ। ਹਰਮੀਤ ਸਿੰਘ ਕਾਦੀਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ 32 ਕਿਸਾਨ ਜਥੇਬੰਦੀਆਂ ਨੇ ਹਾਲੇ ਪੰਜਾਬ ਚੋਣਾਂ ਲੜਨ ਦੀ ਗੱਲ ਨਹੀਂ ਆਖੀ ਹੈ। ਉਨ੍ਹਾਂ ਕਿਹਾ ਕਿ ਜਿਸ ਵੀ ਕਿਸਾਨ ਆਗੂ ਨੇ ਮਿਸ਼ਨ ਯੂਪੀ ਛੱਡ ਕੇ ਪੰਜਾਬ ਵਿਚ ਚੋਣਾਂ ਲੜਨ ਦੀ ਗੱਲ ਆਖੀ ਹੈ, ਉਹ ਉਸ ਦਾ ਨਿੱਜੀ ਫੈਸਲਾ ਹੋ ਸਕਦਾ ਹੈ ਅਤੇ ਸੰਯੁਕਤ ਕਿਸਾਨ ਮੋਰਚੇ ਦਾ ਇਸ ਨਾਲ ਕੋਈ ਸਬੰਧ ਨਹੀਂ। ਕਾਦੀਆਂ ਨੇ ਕਿਹਾ ਕਿ ਫਿਲਹਾਲ ਕਿਸਾਨਾਂ ਦਾ ਸਾਰਾ ਧਿਆਨ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾ ਕੇ ਫਸਲਾਂ ਤੇ ਹੋਂਦ ਦੀ ਰਾਖੀ ਕਰਨਾ ਹੈ, ਚੋਣਾਂ ਤਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ।

# ਕਿਸਾਨ ਅੰਦੋਲਨ ਦੀ ਜਿੱਤ ਤੱਕ ਪੂੰਜੀਪਤੀਆਂ ਦਾ ਬਾਈਕਾਟ ਜਾਰੀ ਰੱਖਣ ਦਾ ਸੱਦਾ

**ਚੰਡੀਗੜ੍ਹ:** ਕਿਸਾਨ ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪੂੰਜੀਪਤੀਆਂ ਦੀਆਂ ਵਸਤੂਆਂ ਦਾ ਬਾਈਕਾਟ ਜਾਰੀ ਰੱਖਿਆ ਜਾਵੇ ਤਾਂ ਜੋ ਅੰਦੋਲਨ ਦੀਆਂ ਮੰਗਾਂ ਦੀ ਜਿੱਤ ਪ੍ਰਾਪਤੀ ਜਲਦੀ ਹੋ ਸਕੇ। ਪੰਜਾਬ ਦੇ ਸਮੂਹ ਵਰਗਾਂ ਵੱਲੋਂ ਕਿਸਾਨ ਜਥੇਬੰਦੀਆਂ ਦੇ ਮਹਿੰਗਾਈ ਵਿਰੁੱਧ ਅੰਦੋਲਨ 'ਚ ਕੀਤੀ ਸ਼ਮੂਲੀਅਤ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਚੱਲ ਰਹੇ ਸੰਘਰਸ਼ੀ ਅਖਾੜਿਆਂ 'ਚ ਨਵਾਂ ਜੋਸ਼ ਭਰਿਆ ਹੈ। ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਜਪਾ ਆਗੂਆਂ ਘਰਾਂ ਮੂਹਰੇ, ਟੌਲ ਪਲਾਜ਼ਿਆਂ ਉਪਰ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਇਲੋ ਦੇ ਬਾਹਰ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਚੱਲ ਰਹੇ ਹਨ।

ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿਸਾਨਾਂ ਦੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ 'ਚ ਸਮੂਹ ਵਰਗਾਂ ਦੀ ਭਰਵੀਂ ਸ਼ਮੂਲੀਅਤ ਸਾਬਤ ਕਰਦੀ ਹੈ ਕਿ ਭਾਜਪਾ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਬੁਲਾਰਿਆਂ ਨੇ ਕਿਹਾ ਕਿ ਭਾਜਪਾ ਦੇ ਅੰਤ ਦਾ ਕਾਰਨ ਕਿਸਾਨ ਅੰਦੋਲਨ ਬਣੇਗਾ ਤੇ ਭਵਿੱਖ ਵਿਚ ਮੋਦੀ ਸਰਕਾਰ ਵੱਲੋਂ ਲਏ ਜਾਣ ਵਾਲੇ ਲੋਕ ਵਿਰੋਧੀ ਫੈਸਲਿਆਂ ਖਿਲਾਫ਼ ਮੁਲਕ ਭਰ ਦੇ ਲੋਕਾਂ ਦੀ ਲਾਮਬੰਦੀ ਕੀਤੀ ਜਾਵੇਗੀ। ਬੁਲਾਰਿਆਂ ਨੇ ਭਾਜਪਾ ਨੇਤਾਵਾਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਕਾਲੇ ਕਾਨੂੰਨ ਵਾਪਸ ਨਾ ਲਏ ਤਾਂ ਕਿਸਾਨਾਂ ਵੱਲੋਂ ਸ਼ਾਂਤਮਈ ਤਰੀਕੇ ਨਾਲ ਵਿਰੋਧ ਪ੍ਰਦਰਸ਼ਨ ਜਾਰੀ ਰਹੇਗਾ।

ਕਿਸਾਨ ਬੁਲਾਰਿਆਂ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਦੇ ਹੱਕ ਵਿਚ ਨਿੱਤਰਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅੰਬਾਨੀ ਤੇ ਅਡਾਨੀ ਘਰਾਣਿਆਂ ਨਾਲ ਹੇਜ ਜੱਗ ਜ਼ਾਹਿਰ ਹੋ ਗਿਆ ਹੈ। ਕਿਸਾਨ ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਾਰਪੋਰੇਟ ਘਰਾਣਿਆਂ ਦੀਆਂ ਵਸਤੂਆਂ ਦਾ ਬਾਈਕਾਟ ਜਾਰੀ ਰੱਖੋ ਤਾਂ ਜੋ ਅੰਦੋਲਨ ਦੀਆਂ ਮੰਗਾਂ ਦੀ ਜਿੱਤ ਪ੍ਰਾਪਤੀ ਜਲਦੀ ਹੋ ਸਕੇ। ਸੰਯੁਕਤ ਕਿਸਾਨ ਮੋਰਚਾ ਨੇ ਮੰਗ ਕੀਤੀ ਹੈ ਕਿ ਤਿੰਨ ਖੇਤੀ ਕਾਨੂੰਨ ਤੁਰਤ ਰੱਦ ਕੀਤੇ ਜਾਣ।

ਸਾਰੀਆਂ ਜਿਣਸਾਂ ਲਈ ਘੱਟੋ-ਘੱਟ ਲਾਹੇਵੰਦ ਭਾਅ ਦੀ ਗਰੰਟੀ ਦਿੰਦਾ ਨਵਾਂ ਕਾਨੂੰਨ ਲਿਆਂਦਾ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਹਰ ਸੱਦੇ ਨੂੰ ਲਾਮਿਸਾਲ ਹੁੰਗਾਰਾ ਮਿਲ ਰਿਹਾ ਹੈ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਮਾਂ ਬੀਤਣ ਨਾਲ ਕਿਸਾਨ ਅੰਦੋਲਨ ਹੋਰ ਵਧੇਰੇ ਮਜ਼ਬੂਤ, ਸਥਿਰ, ਵਿਆਪਕ ਤੇ ਡੂੰਘਾ ਹੁੰਦਾ ਜਾ ਰਿਹਾ ਹੈ।

## ਭਾਜਪਾ ਆਗੂਆਂ ਦੇ ਘਿਰਾਓ ਸਬੰਧੀ ਪਿੰਡਾਂ 'ਚ ਲਾਮਬੰਦੀ ਦਾ ਫੈਸਲਾ

**ਬਰਨਾਲਾ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਸੂਬਾ ਪੱਧਰੀ ਮੀਟਿੰਗ ਤਰਕਸ਼ੀਲ ਭਵਨ ਵਿਚ ਹੋਈ, ਜਿਸ ਵਿਚ ਜਥੇਬੰਦੀ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਅਹੁਦੇਦਾਰ ਸ਼ਾਮਲ ਹੋਏ।

ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਪੰਜਾਬ ਦੀਆਂ ਸੱਤ ਮਜ਼ਦੂਰ ਯੂਨੀਅਨਾਂ ਵੱਲੋਂ 9 ਤੋਂ 11 ਅਗਸਤ ਨੂੰ ਪਟਿਆਲਾ ਵਿਚ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨਾਂ ਵਿਚ ਕਿਸਾਨ ਜਥੇਬੰਦੀ ਵੱਲੋਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਇਸੇ ਤਰ੍ਹਾਂ 27 ਤੋਂ 28 ਜੁਲਾਈ ਨੂੰ ਭਾਜਪਾ ਆਗੂਆਂ ਦੇ ਘਿਰਾਓ ਕਰ ਕੇ ਚਿਤਾਵਨੀ ਪੱਤਰ ਦਿੱਤੇ ਜਾਣਗੇ। ਕਿਸਾਨਾਂ ਦੇ ਜਥੇ 22 ਜੁਲਾਈ ਤੋਂ ਸੰਸਦ ਵੱਲ ਰਵਾਨਾ ਹੋਣਗੇ ਅਤੇ ਗ੍ਰਿਫਤਾਰੀਆਂ ਦੇਣ ਤੋਂ ਪਿੱਛੇ ਨਹੀਂ ਹਟਣਗੇ।

# ਮੋਦੀ ਸਰਕਾਰ ਨੂੰ ਜੁਮਲੇਬਾਜ਼ੀ ਦੀ ਥਾਂ ਕਿਸਾਨਾਂ ਦੀ ਗੱਲ ਮੰਨਣ ਦੀ ਸਲਾਹ

**ਨਵੀਂ ਦਿੱਲੀ:** ਕੇਂਦਰ ਸਰਕਾਰ ਖਿਲਾਫ ਵਰ੍ਹਦਿਆਂ ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਕਿਸਾਨਾਂ ਨੂੰ ਹੋਰ ਕਰਜ਼ਿਆਂ ਦੀ ਨਹੀਂ ਸਗੋਂ ਉਨ੍ਹਾਂ 'ਤੇ ਚੜ੍ਹੇ ਕਰਜ਼ਿਆਂ ਤੋਂ ਮੁਕਤੀ ਦੀ ਲੋੜ ਹੈ। ਮੋਰਚੇ ਨੇ ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਵੱਲੋਂ ਖੇਤੀਬਾੜੀ ਢਾਂਚਾਗਤ ਫੰਡ ਬਾਰੇ ਦਿੱਤੇ ਗਏ ਬਿਆਨ ਨੂੰ ਇਕ ਹੋਰ ਨਵਾਂ 'ਜੁਮਲਾ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਆਪਣੇ ਜੁਮਲਿਆਂ ਲਈ ਬਦਨਾਮ ਹੈ। ਉਹ ਝੂਠੇ ਦਾਅਵਿਆਂ ਤੇ ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ, ਇਹ ਜੁਮਲੇ ਦਿਨ ਭਰ ਸੁਰਖੀਆਂ ਦਾ ਸ਼ਿੰਗਾਰ ਬਣ ਕੇ ਜਨਤਾ ਨੂੰ ਗੁੰਮਰਾਹ ਕਰਦੇ ਹਨ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕਿਸਾਨ ਵਿਰੋਧੀ ਕਾਨੂੰਨਾਂ ਦੁਆਲੇ 'ਜੁਮਲੇ' ਘੁਮਾਉਣੇ ਬੰਦ ਕਰੇ ਅਤੇ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਕੇ ਸਾਰੀਆਂ ਫਸਲਾਂ ਦੀ ਐਮ.ਐਸ.ਪੀ. 'ਤੇ ਖਰੀਦ ਹੋਵੇ। ਸੰਯੁਕਤ ਕਿਸਾਨ ਮੋਰਚੇ ਨੇ ਕਾਰਪੋਰੇਟ ਘਰਾਣਿਆਂ ਦੀ ਮਾਲਕੀ ਵਾਲੇ ਮੀਡੀਆ ਸਮੇਤ ਸਮੁੱਚੇ ਮੀਡੀਆ ਨੂੰ ਅਪੀਲ ਕੀਤੀ ਕਿ ਉਹ ਝੂਠੇ ਬਿਰਤਾਂਤ ਓਹਲੇ ਛੁਪੇ ਤੱਥਾਂ ਦੀ ਸਹੀ ਰਿਪੋਰਟ ਦੇਣ ਦਾ ਆਪਣਾ ਫਰਜ਼ ਨਿਭਾਵੇ। ਮੋਰਚੇ ਵੱਲੋਂ ਕਿਹਾ ਗਿਆ ਕਿ ਨਵੇਂ ਬਣੇ ਕੇਂਦਰੀ ਮੰਤਰੀ ਮੰਡਲ ਦੀ ਬੈਠਕ ਵਿਚ 'ਖੇਤੀਬਾੜੀ ਢਾਂਚਾਗਤ ਫੰਡ' ਨਾਲ ਸਬੰਧਤ ਕੇਂਦਰੀ ਸੈਕਟਰ ਦੀਆਂ ਸਕੀਮਾਂ ਬਾਰੇ ਦਿਸ਼ਾ-ਨਿਰਦੇਸ਼ਾਂ ਵਿਚ ਕੁਝ ਸੋਧਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਯੋਜਨਾ ਦੇ ਕੁਝ ਦਿਸ਼ਾ-ਨਿਰਦੇਸ਼ਾਂ ਵਿਚ ਤਬਦੀਲੀਆਂ ਕਰਦਿਆਂ ਇਹ ਨਿਗੂਣਾ ਫੈਸਲਾ ਕੀਤਾ ਗਿਆ ਹੈ ਅਤੇ ਮੀਡੀਆ ਅੱਗੇ ਇਵੇਂ ਪਰੋਸਿਆ ਗਿਆ ਜਿਵੇਂ ਕਿ ਹੁਣ ਏ.ਪੀ.ਐਮ.ਸੀ. ਮੰਡੀਆਂ ਖੇਤੀਬਾੜੀ ਢਾਂਚਾਗਤ ਫੰਡ ਤਹਿਤ ਇਕ ਲੱਖ ਕਰੋੜ ਰੁਪਏ ਦੀ ਸਹੂਲਤ ਵਰਤ ਸਕਣਗੀਆਂ। ਮੋਰਚੇ ਮੁਤਾਬਕ ਇਕ ਲੱਖ ਕਰੋੜ ਦੇ ਖੇਤੀਬਾੜੀ ਢਾਂਚਾਗਤ ਫੰਡ ਦਾ ਜ਼ਿਕਰ ਕਰਨਾ ਗੁੰਮਰਾਹਕੁੰਨ ਹੈ ਕਿਉਂਕਿ ਸਰਕਾਰ ਵਲੋਂ ਤਾਂ ਇਕ ਹਜ਼ਾਰ ਕਰੋੜ ਰੁਪਏ ਦੀ ਵੀ ਕੋਈ ਅਲਾਟਮੈਂਟ ਨਹੀਂ ਹੋਈ ਹੈ। ਇਸ ਨੇ ਖੇਤੀ ਨੀਤੀ ਵਿਚ ਸਿਰਫ ਇਕ ਨਵੀਂ ਮੱਦ ਪਾਈ ਹੈ ਜਿਸ ਤਹਿਤ ਬੈਂਕਾਂ ਤੋਂ ਕਰਜ਼ੇ ਲਏ ਜਾ ਸਕਦੇ ਹਨ। ਅਸਲ ਫੰਡਿੰਗ ਨਿਯਮਤ ਵਪਾਰਕ ਬੈਂਕਾਂ 'ਤੇ ਨਿਰਭਰ ਕਰਦੀ ਹੈ ਅਤੇ ਹਰ ਕੋਈ ਬੈਂਕਿੰਗ ਖੇਤਰ ਦੇ ਭਾਰਤ ਦੇ ਮਾੜੇ ਪ੍ਰਬੰਧਨ ਅਤੇ ਵੱਡੇ ਪੂੰਜੀਪਤੀਆਂ ਨਾਲ ਮਿਲੀਭੁਗਤ ਦੀ ਕਹਾਣੀ ਤੋਂ ਚੰਗੀ ਤਰ੍ਹਾਂ ਜਾਣਦਾ ਹੈ। ਫੰਡ ਵਿਚ ਸਰਕਾਰ ਦੀ ਭੂਮਿਕਾ 3% 'ਤੇ ਵਿਆਜ ਪ੍ਰਦਾਨ ਕਰਨ ਅਤੇ ਕੁਝ ਕਰੈਡਿਟ ਗਾਰੰਟੀ ਕਵਰ ਪ੍ਰਦਾਨ ਕਰਨ ਤੱਕ ਸੀਮਤ ਹੈ। ਸਾਲ 2020-21 ਦੇ ਸੋਧੇ ਹੋਏ ਬਜਟ ਵਿਚ ਖੇਤੀਬਾੜੀ ਢਾਂਚਾਗਤ ਫੰਡ ਲਈ ਸਿਰਫ 208 ਕਰੋੜ ਰੁਪਏ ਤੇ 2021-22 ਦੇ ਬਜਟ 'ਚ 900 ਕਰੋੜ ਰੁਪਏ ਅਲਾਟ ਕੀਤੇ ਗਏ ਸਨ।

ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਕਰਜ਼ਿਆਂ ਦੇ ਮਾਮਲੇ ਵਿਚ ਵੀ ਇਸ ਸਾਲ ਮਾਰਚ ਤੱਕ ਖੇਤੀਬਾੜੀ ਢਾਂਚਾਗਤ ਫੰਡ ਵਿਚੋਂ ਖੇਤੀ ਲਈ ਸਿਰਫ 3241 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਸਨ ਜਦੋਂਕਿ ਖੇਤੀਬਾੜੀ ਢਾਂਚਾਗਤ ਫੰਡ ਨੂੰ ਕੋਵਿਡ-19 ਤੋਂ ਬਚਾਅ ਲਈ ਪੈਕੇਜ ਵਜੋਂ ਐਲਾਨਿਆ ਗਿਆ ਸੀ ਜਿਵੇਂ ਕਿ ਇਹ ਖੇਤੀਬਾੜੀ ਵਿਚ ਤੁਰਤ ਇਕ ਲੱਖ ਕਰੋੜ ਰੁਪਏ ਦੇ ਸਕਦੀ ਹੈ। ਇਹ ਇਸ ਲਈ ਕੀਤਾ ਗਿਆ ਹੈ ਤਾਂ ਜੋ ਮੋਦੀ ਸਰਕਾਰ ਨੂੰ 20 ਲੱਖ ਕਰੋੜ ਰੁਪਏ ਦਾ ਆਤਮ ਨਿਰਭਰ ਭਾਰਤ ਪੈਕੇਜ ਦੇਣ ਦੇ ਝੂਠੇ ਐਲਾਨ ਨੂੰ ਲਾਗੂ ਕਰਨ ਤੋਂ ਭੱਜਣ ਦੀ ਇਜਾਜ਼ਤ ਮਿਲ ਜਾਵੇ। ਕੇਂਦਰ ਸਰਕਾਰ ਨੇ ਦਿਖਾ ਦਿੱਤਾ ਹੈ ਕਿ ਇਹ ਅਡਾਨੀਆਂ, ਵਾਲਮਾਰਟ ਅਤੇ ਰਿਲਾਇੰਸ ਵਰਗਿਆਂ ਨੂੰ ਨਿੱਜੀ ਮੰਡੀਆਂ, ਸਟੋਰੇਜ ਤੇ ਪ੍ਰੋਸੈਸਿੰਗ ਸਹੂਲਤਾਂ ਖੜ੍ਹੀਆਂ ਕਰਨ ਲਈ ਸਹੂਲਤਾਂ ਦੇਣ ਵਾਸਤੇ ਤਿਆਰ ਹੈ।

# ਅਮੋਲਕ... ਪੱਤਰਕਾਰੀ ਜਿਹਦੇ ਹੱਡੀਂ ਰਚ ਗਈ ਸੀ

*(ਸਫਾ 16 ਦੀ ਬਾਕੀ)*

ਅਮੋਲਕ ਨੂੰ ਮਿਲਣ ਵਾਲੇ ਲੋਕ ਉਹਦੇ ਹਠ ਬਾਰੇ ਵਾਰ-ਵਾਰ ਬਾਤਾਂ ਪਾਉਂਦੇ ਹਨ। ਇਹ ਹਠ ਸਹਿਜ ਦੇ ਸੇਕ ਨਾਲ ਬਣਿਆ ਸੀ ਜਿਸ ਦੀ ਉਮਦਾ ਮਿਸਾਲ ਉਹਦਾ ਲੇਖ 'ਕਮਲਿਆਂ ਦਾ ਟੱਬਰ' ਹੈ। ਸੱਚਮੁੱਚ ਦੰਗ ਕਰਨ ਵਾਲੀ ਲਿਖਤ ਹੈ। ਪੰਜਾਬੀ ਦਾ ਮਿਸਾਲੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਜਿਵੇਂ ਕਹਾਣੀ ਦੇ ਅੰਤ 'ਤੇ ਕੁਝ ਕੁ ਸਤਰਾਂ ਜਾਂ ਆਖਰੀ ਪੈਰੇ ਵਿਚ ਸੂਖਮ ਛੋਹਾਂ ਨਾਲ ਕਹਾਣੀ ਦੇ ਅਸਰ ਨੂੰ ਦੂਣ-ਸਵਾਇਆ ਕਰਦਾ ਹੈ, ਇਹ ਲੇਖ ਇਸੇ ਰੰਗ ਵਾਲਾ ਹੈ। ਇਹ ਲੇਖ ਇਕ ਵਾਰ ਪੜ੍ਹ ਕੇ ਫਿਰ ਭੁੱਲਣਾ ਨਾ-ਮੁਮਕਿਨ ਹੈ। ਲੇਖ ਮੁੱਕਦਾ ਹੈ ਤਾਂ ਅੰਦਰੋਂ ਕਿਤੋਂ ਚੀਸ ਉੱਠਦੀ ਹੈ।

ਅਮੋਲਕ ਦੇ ਸਦਾ ਲਈ ਤੁਰ ਜਾਣ ਮੌਕੇ ਵੀ ਚੀਸ ਉੱਠੀ ਸੀ ਪਰ ਸਭ ਦੀ ਤਸੱਲੀ ਸੀ ਕਿ ਉਹ ਔਖੇ ਦਿਨਾਂ ਦੌਰਾਨ ਵੀ ਜੂਝਦਾ ਰਿਹਾ ਅਤੇ ਅਖ਼ੀਰ ਤੱਕ ਆਪਣੇ ਲਾਏ ਬੂਟੇ (ਪੰਜਾਬ ਟਾਈਮਜ਼) ਨੂੰ ਸਿੰਜਦਾ ਰਿਹਾ। ਇਸ ਤੋਂ ਵੀ ਵੱਡੀ ਤਸੱਲੀ ਇਹ ਹੈ ਕਿ ਉਹਦੀ ਸਾਥਣ ਜਸਪ੍ਰੀਤ ਕੌਰ ਨੇ ਪਰਚੇ ਦੀ ਕਮਾਨ ਹੁਣ ਬਾਖੂਬੀ ਸੰਭਾਲ ਲਈ ਹੈ। ਅਮੋਲਕ ਜਿਵੇਂ 'ਪੰਜਾਬ ਟਾਈਮਜ਼' ਲਈ ਮੈਟਰ ਤਿਆਰ ਕਰਦਿਆਂ ਜੂਝਦਾ ਸੀ, ਜਸਪ੍ਰੀਤ ਕੌਰ ਓਨੀ ਹੀ ਸ਼ਿੱਦਤ ਨਾਲ 'ਪੰਜਾਬ ਟਾਈਮਜ਼' ਦੇ ਪ੍ਰਬੰਧਾਂ ਲਈ ਜੂਝਦੀ ਸੀ। ਉਂਜ ਵੀ, 'ਪੰਜਾਬ ਟਾਈਮਜ਼' ਦੇ ਮੌਲਣ-ਫੈਲਣ ਲਈ ਅਮੋਲਕ ਸਿੰਘ ਨੇ ਬਥੇਰੀ ਜ਼ਮੀਨ ਤਿਆਰ ਕੀਤੀ ਹੋਈ ਹੈ।

# ਯਾਦਾਂ ਨਾਲ ਜੁੜੀਆਂ ਯਾਦਾਂ

*(ਸਫਾ 17 ਦੀ ਬਾਕੀ)*

ਹੋ ਗਿਆ। ਲੇਖਕ ਜਜ਼ਬਾਤੀ ਹੁੰਦਾ ਹੈ, ਇਸੇ ਕਰਕੇ ਲਿਖਦਾ ਹੈ। ਲਿਖਦਾ ਹੋਰ ਭਾਵੁਕ ਹੁੰਦਾ ਹੈ ਤੇ ਅੰਦਰੋਂ ਹੋਰ ਲਿਖਣ ਦਾ ਫੁਹਾਰਾ ਫੁਟ ਪੈਂਦਾ ਹੈ। ਉਸ ਫੁਹਾਰੇ ਦੀ ਨੁਹਾਰ ਦਾ ਅੱਗੇ ਇੱਕ ਸਟਰੀਮ ਬਣਦਾ ਹੈ, ਅੱਗੇ ਹੋਰ ਸਟਰੀਮ ਮਿਲ ਇੱਕ ਨਾਲਾ ਬਣਦਾ ਹੈ, ਤੇ ਕਈ ਨਾਲੇ ਇਕੱਠੇ ਹੋ ਛੋਟਾ ਦਰਿਆ, ਤੇ ਕਈ ਛੋਟੇ ਦਰਿਆ ਰਲ ਵੱਡਾ ਦਰਿਆ ਅੱਗੇ ਤੁਰਦਾ ਸਮੁੰਦਰ 'ਚ ਸਮੋ ਜਾਂਦਾ ਹੈ। ਇਉਂ ਖਿਆਲਾਂ ਦਾ ਇੱਕ ਸਿਲਸਿਲਾ ਪੁੰਗਰ ਪੈਂਦਾ ਹੈ। ਇਸ ਖਿਆਲਾਂ ਦੇ ਪੁੰਗਰੇ ਸਿਲਸਿਲੇ 'ਚੋਂ ਹੀ ਉਪਜਿਆ ਮੇਰਾ ਇਹ ਜੁਆਬ ਸੀ।

'27 ਫਰਵਰੀ 2020-ਬਹੁਤ ਪਿਆਰੇ ਵੀਰ ਅਮੋਲਕ ਸਿੰਘ ਜੀ, ਸਤਿ ਸ੍ਰੀ ਅਕਾਲ। ਤੁਸੀਂ ਬੜੀ ਪਿਆਰੀ ਈਮੇਲ ਭੇਜ, ਮੈਨੂੰ ਵੀਹਵੀਂ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਮਲ ਹੋਣ ਲਈ ਨਿਮੰਤਰਣ ਦਿੱਤਾ ਹੈ, ਮੈਂ ਇਸ ਲਈ ਆਪ ਦਾ ਬਹੁਤ ਧੰਨਵਾਦੀ ਹਾਂ। ਆਪ ਦਾ ਸੁਨੇਹਾ ਪੜ੍ਹ ਮੇਰਾ ਮਨ ਭਾਵੁਕ ਹੋ ਗਿਆ। ਭਾਵੇਂ ਅੱਜ ਤੱਕ ਆਪਾਂ ਨਾ ਤਾਂ ਮਿਲੇ ਹਾਂ ਅਤੇ ਨਾ ਹੀ ਕਦੇ ਫੋਨ 'ਤੇ ਗੱਲ-ਬਾਤ ਹੋ ਸਕੀ ਹੈ, ਪਰ ਇਸ ਸਭ ਕੁਝ ਦੇ ਬਾਵਜੂਦ, ਲੱਗਦੈ ਆਪਾਂ ਇੱਕ-ਦੂਜੇ ਨੂੰ ਧੁਰ ਅੰਦਰੋਂ ਜਾਣਨ ਲੱਗ ਗਏ ਹਾਂ। ਮੇਰੀਆਂ ਲਿਖਤਾਂ ਆਪ ਪਿਛਲੇ ਚਾਰ ਪੰਜ ਸਾਲਾਂ ਤੋਂ ਛਾਪਦੇ ਆ ਰਹੇ ਹੋ। ਆਪ ਦਾ ਬਹੁਤ ਬਹੁਤ ਧੰਨਵਾਦ।

ਮੇਰਾ ਮਨਪਸੰਦ 'ਪੰਜਾਬ ਟਾਈਮਜ਼' ਅਮਰੀਕਾ ਵਿਚ ਦੂਰ ਦੂਰ ਤੱਕ ਪੜ੍ਹਿਆ ਜਾਂਦਾ ਹੈ, ਇਸ ਦਾ ਮੈਨੂੰ ਇਸ ਕਰਕੇ ਪਤਾ ਹੈ ਕਿ ਮੇਰੇ ਲੇਖ ਪੜ੍ਹ ਕੇ ਜਦੋਂ ਪਾਠਕ ਟੈਕਸਸ, ਵਰਜੀਨੀਆ, ਨਿਊ ਯਾਰਕ, ਕੈਲੀਫੋਰਨੀਆ ਅਤੇ ਜਾਰਜੀਆ ਆਦਿ ਤੋਂ ਦੂਰੋਂ ਦੂਰੋਂ ਮੈਨੂੰ ਫੋਨ ਕਰਦੇ ਹਨ ਤਾਂ ਇਹ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੁੰਦੀ ਹੈ। ਉਪਰੰਤ ਮੇਰਾ ਮਨ ਹੋਰ ਲਿਖਣ ਲਈ ਪ੍ਰੇਰਿਤ ਹੁੰਦਾ ਹੈ, ਮੈਂ ਹੋਰ ਲਿਖਦਾ ਹਾਂ ਤੇ 'ਪੰਜਾਬ ਟਾਈਮਜ਼' ਅਗਲਾ ਲੇਖ ਛਾਪ ਦਿੰਦਾ ਹੈ; ਤੇ ਇਹ ਇੱਕ ਲੜੀ ਬਣ ਜਾਂਦੀ ਹੈ। ਆਪ ਜੀ ਦੇ ਪੇਪਰ ਰਾਹੀਂ ਪਾਠਕਾਂ ਦਾ ਇੱਕ ਦਾਇਰਾ ਬਣ ਗਿਆ ਹੈ, ਉਨ੍ਹਾਂ ਨਾਲ ਲਗਾਤਾਰ ਬਣਿਆ ਸੰਪਰਕ ਮੈਨੂੰ ਅਨੰਦ ਦਿੰਦਾ ਹੈ। ਇਹ ਮੇਰੀ ਰੂਹ ਦੀ ਖੁਰਾਕ ਹੈ। ਇਸ ਲਈ ਮੈਂ ਆਪ ਜੀ ਦਾ ਤੇ ਰੱਬ ਵਰਗੇ ਆਪਣੇ ਲਗਾਤਾਰ ਸੰਪਰਕ ਕਰਦੇ ਆ ਰਹੇ ਪਾਠਕਾਂ ਦਾ ਬਹੁਤ ਰਿਣੀ ਹਾਂ।

ਆਪ ਦੀ ਈਮੇਲ ਤੋਂ ਹੀ, ਫੋਨ 'ਤੇ ਗੱਲ ਨਾ ਕਰਨ ਸਕਣ ਦੀ ਆਪ ਦੀ ਮਜਬੂਰੀ ਦਾ ਪਤਾ ਲੱਗਾ, ਦੁੱਖ ਹੋਇਆ। ਆਪ ਦੀ ਵਿਗੜੀ ਸਿਹਤ ਬਾਰੇ ਮੈਨੂੰ ਸਾਲ ਕੁ ਤੋਂ ਹੀ ਪਤਾ ਲੱਗਾ ਹੈ। ਆਪ ਦੀ ਸਿਹਤਯਾਬੀ ਲਈ ਪ੍ਰਾਰਥਨਾ ਕਰਦਾ ਹਾਂ। ਮੈਂ ਪੂਰੀ ਕੋਸ਼ਿਸ਼ ਕਰਾਂਗਾ ਕਿ 9 ਮਈ 2020 ਨੂੰ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਮਲ ਹੋ ਸਕਾਂ! ਖੈਰ ਕਿਸੇ ਵਜ੍ਹਾ ਕਾਰਨ ਜੇ ਮੈਂ ਨਾ ਆ ਸਕਾਂ ਤਾਂ ਮੈਨੂੰ ਖਿਮਾ ਜਰੂਰ ਕਰ ਦੇਣਾ। ਸੰਪਰਕ ਰੱਖਾਂਗੇ। ਆਪ ਦਾ ਸ਼ੁਭਚਿੰਤਕ -ਕਲਵੰਤ ਸਿੰਘ ਸਹੋਤਾ।'

ਮੈਂ ਇਹ ਸੁਨੇਹਾ ਪਹੁੰਚਦਾ ਕਰਕੇ ਆਪਣੇ ਆਪ ਨੂੰ ਸੁਰਖਰੂ ਹੋਇਆ ਮਹਿਸੂਸ ਕੀਤਾ ਅਤੇ ਕੋਈ ਆਸ ਨਹੀਂ ਸੀ ਰੱਖਦਾ ਕਿ ਇਸ ਦਾ ਕੋਈ ਜੁਆਬ ਆਏਗਾ, ਪਰ ਅਗਲੇ ਦਿਨ ਹੀ ਜਦ ਮੈਂ ਅਪਣੀ ਈਮੇਲ ਖੋਲ੍ਹੀ, ਤਾਂ ਉਹ ਇਉਂ ਸੀ, 'ਸਹੋਤਾ ਸਾਹਿਬ, ਪਿਆਰ ਭਰੇ ਸ਼ਬਦਾਂ ਲਈ ਬਹੁਤ ਸ਼ੁਕਰੀਆ। ਤੁਹਾਡੀਆਂ ਲਿਖਤਾਂ ਵਧੀਆ ਹੁੰਦੀਆਂ ਹਨ, ਸੋ ਛਪ ਜਾਂਦੀਆਂ ਹਨ। ਤੁਹਾਡੇ ਨਾਲ ਕੋਈ ਲਿਹਾਜਦਾਰੀ ਵਾਲੀ ਗੱਲ ਨਹੀਂ, ਤੁਸੀਂ ਵਧੀਆ ਲਿਖਦੇ ਹੋ, ਪਾਠਕ ਪੜ੍ਹਦੇ ਹਨ ਅਤੇ ਪੰਜਾਬ ਟਾਈਮਜ਼ ਦਾ ਦਾਇਰਾ ਵੀ ਵਧਦਾ ਹੈ। ਲਿਖਤਾਂ ਭੇਜਦੇ ਰਿਹਾ ਕਰੋ। ਪ੍ਰੋਗਰਾਮ 'ਤੇ ਪਹੁੰਚ ਸਕੋ ਤਾਂ ਬਹੁਤ ਚੰਗਾ ਲੱਗੇਗਾ। ਤੁਹਾਡੇ ਨਾਲ ਗੱਲ ਕਰਨ ਨੂੰ ਬਹੁਤ ਜੀਅ ਕਰਦਾ ਹੈ, ਪਰ ਸਿਹਤ ਦੀ ਮਜਬੂਰੀ ਕਾਰਨ ਕਰ ਨਹੀਂ ਸਕਦਾ। ਜੇ ਕਰਨ ਦੀ ਕੋਸ਼ਿਸ਼ ਕਰਾਂ ਤਾਂ ਤੁਹਾਨੂੰ ਸਮਝ ਨਹੀਂ ਆਉਣੀ। ਸਤਿਕਾਰ ਸਹਿਤ, ਅਮੋਲਕ ਸਿੰਘ ਜੰਮੂ।'

ਇਹ ਸੁਨੇਹਾ ਪੜ੍ਹ ਮੇਰਾ ਮਨ ਉਦਾਸੀ ਦੇ ਆਲਮ ਵਿਚ ਆ ਗਿਆ ਤੇ ਮੈਂ ਆਪਣਾ ਲੈਪਟੌਪ ਬੰਦ ਕਰ ਦਿੱਤਾ ਤੇ ਕਿੰਨਾ ਹੀ ਚਿਰ ਠੋਡੀ 'ਤੇ ਹੱਥ ਧਰ ਸੋਚੀ ਗਿਆ ਕਿ ਗੱਲਾਂ ਤਾਂ ਮੈਂ ਵੀ ਕਰਨੀਆਂ ਚਾਹੁੰਦਾ ਸਾਂ, ਪਰ ਇਹ ਸੋਚ ਕੇ ਸੰਕੋਚ ਕਰਦਾ ਰਿਹਾ ਕਿ ਅਖਬਾਰਾਂ ਦੇ ਸੰਪਾਦਕ ਬਹੁਤ ਰੁਝੇਵੇਂ 'ਚ ਵਿਚਰਦੇ ਹਨ, ਕਾਹਤੋਂ ਬੇਲੋੜਾ ਉਨ੍ਹਾਂ ਦਾ ਕੀਮਤੀ ਸਮਾਂ ਬਰਬਾਦ ਕਰਨਾ ਹੈ!

ਅਮੋਲਕ ਸਿੰਘ ਦੇ ਸਦੀਵੀ ਵਿਛੋੜੇ ਦੀ 'ਪੰਜਾਬ ਟਾਈਮਜ਼' ਦੇ ਮੁੱਖ ਪੰਨੇ 'ਤੇ ਦੁਖਦਾਈ ਖਬਰ ਪੜ੍ਹ ਡਾਢਾ ਖੇਦ ਹੋਇਆ ਤੇ ਇੱਕ ਝਟਕਾ ਵੀ ਲੱਗਾ। ਇੱਕ ਐਸਾ ਅੰਦਰੂਨੀ ਪਿਆਰ ਬਣ ਗਿਆ ਕਿ ਕਦੇ ਵੀ ਉਨ੍ਹਾਂ ਨਾਲ ਫੋਨ 'ਤੇ ਗੱਲ ਨਾ ਹੋਣ ਦੇ ਬਾਵਜੂਦ ਇਹ ਖਿੱਚ ਹੌਲੀ ਹੌਲੀ ਖਾਸ ਥਾਂ ਬਣਾਉਂਦੀ ਚਲੀ ਗਈ; ਜਿਸ ਦੀ ਯਾਦ ਮੇਰੀ ਜ਼ਿੰਦਗੀ ਦੀਆਂ ਹੋਰ ਯਾਦਾਂ ਦੀ ਮਾਲਾ ਵਿਚ ਇੱਕ ਹੋਰ ਅਮੋਲਕ ਮਣਕਾ ਬਣ ਕੇ ਪਰੋਈ ਗਈ।

# ਕਿੰਨੀ ਬਦਲ ਗਈ ਔਲਾਦ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਸੀ, "ਪਿਘਲਣਾ, ਰੁੱਖੇਪਣ ਤੋਂ ਨਰਮਾਈ ਨੂੰ ਜਾਣ ਦਾ ਮਾਰਗ ਹੈ, ਕਿਉਂਕਿ ਮਨ ਤੋਂ ਪਿਘਲ ਕੇ ਕਿਸੇ ਮਨੁੱਖ ਵਿਚੋਂ ਮਾਨਵਤਾ ਪਨਪਦੀ। ਪਿਘਲਣ ਨਾਲ ਹੀ ਜ਼ਿੰਦਗੀ ਦੀ ਸੁੱਚਮਤਾ ਨਜ਼ਰ ਆਉਂਦੀ। ਪਿਘਲਣ ਨਾਲ ਹੀ ਹੱਠ ਤੋਂ ਹਲੀਮੀ, ਹਾਉਕੇ ਤੋਂ ਹਾਸਾ, ਹੰਝੂ ਤੋਂ ਹੁਲਾਸ, ਹੈਂਕੜ ਤੋਂ ਹੇਕ, ਹਾਕ ਤੋਂ ਹੁੰਗਾਰਾ, ਹੰਕਾਰ ਤੋਂ ਹਮਦਰਦੀ ਅਤੇ ਹੋਛੇਪਣ ਤੋਂ ਹਰਜ਼ਾਈ ਤੀਕ ਦਾ ਸਫਰਨਾਮਾ ਲਿਖਿਆ ਜਾ ਸਕਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਉਨ੍ਹਾਂ ਮਾਪਿਆਂ ਦਾ ਦਰਦ ਬਿਆਨ ਕੀਤਾ ਹੈ, ਜੋ ਆਪਣੀ ਔਲਾਦ ਦੇ ਬੇਗਾਨਗੀ ਭਰੇ ਰਵੱਈਏ ਕਾਰਨ ਇਕੱਲ ਹੰਢਾਉਣ ਤੇ ਦੁੱਖ ਭੋਗਣ ਲਈ ਮਜਬੂਰ ਹਨ। ਉਹ ਕਹਿੰਦੇ ਹਨ, "ਬੱਚਿਆਂ ਦੀ ਕੇਹੀ ਸੋਚ ਬਣ ਗਈ ਏ ਕਿ ਉਹ ਅੰਬਰਾਂ ਨੂੰ ਟਾਕੀਆਂ ਲਾਉਣ ਨੂੰ ਫਿਰਦੇ। ਕਦੇ ਪਿਆਰ ਲਈ ਚੰਨ ਦਾ ਟਿੱਕਾ ਬਣਾਉਂਦੇ। ਕਦੇ ਮੰਗਲ ਗ੍ਰਹਿ ਦੀਆਂ ਗੱਲਾਂ ਕਰਦੇ, ਪਰ ਕਦੇ ਅਲਾਣੀ ਮੰਜੇ 'ਤੇ ਬੈਠੇ ਮਾਂ-ਬਾਪ ਦੇ ਚਰਨਾਂ ਨੂੰ ਨਤਮਸਤਕ ਨਹੀਂ ਹੁੰਦੇ।...ਅੱਜ ਕੱਲ੍ਹ ਮਾਪਿਆਂ ਤੇ ਬੱਚਿਆਂ ਦੇ ਘਰ ਦਾ ਪਤਾ ਤਾਂ ਭਾਵੇਂ ਇਕ ਹੋਵੇ, ਪਰ ਉਨ੍ਹਾਂ ਨੂੰ ਇਕ ਦੂਜੇ ਦਾ ਪਤਾ ਹੀ ਨਹੀਂ ਹੁੰਦਾ।" ਡਾ. ਭੰਡਾਲ ਦੀ ਨਸੀਹਤ ਹੈ, "ਬਦਲਣਾ ਚਾਹੀਦਾ, ਪਰ ਇੰਨਾ ਵੀ ਨਾ ਬਦਲੋ ਕਿ ਆਪਣੇ ਪੈਰਾਂ ਹੇਠਲੀ ਜਮੀਨ ਦਾ ਵੀ ਖਿਆਲ ਨਾ ਰਹੇ। ਆਪਣੀ ਧਰਾਤਲ ਗਵਾਉਣ ਵਾਲੇ ਸਿਰਫ ਹਵਾ ਵਿਚ ਹੀ ਲਟਕਦੇ। ਨਾ ਉਨ੍ਹਾਂ ਲਈ ਧਰਤੀ ਠਾਹਰ ਬਣਦੀ ਅਤੇ ਨਾ ਹੀ ਅੰਬਰ ਉਨ੍ਹਾਂ ਦੀਆਂ ਅਰਜੋਈਆਂ ਦਾ ਹੁੰਗਾਰਾ ਭਰਦਾ।" ਖੈਰ! ਅਜਿਹੇ ਜਿਊੜੇ ਵੀ ਹਨ, ਜੋ ਮਾਪਿਆਂ ਦਾ ਪੂਰਾ ਮਾਣ-ਤਾਣ ਕਰਦੇ ਹਨ ਅਤੇ ਉਨ੍ਹਾਂ ਦੀ ਹੱਥੀਂ ਸੇਵਾ ਕਰਨ ਨੂੰ ਆਪਣਾ ਫਰਜ਼ ਸਮਝਦੇ ਹਨ।*

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

ਸਮਾਂ, ਤਬਦੀਲੀ ਦਾ ਸੂਚਕ। ਸਮੇਂ ਨਾਲ ਨਾ ਬਦਲਣ ਵਾਲਿਆਂ ਨੂੰ ਸਮਾਂ ਬਦਲਣ ਲਈ ਮਜਬੂਰ ਕਰਦਾ। ਨਾ ਬਦਲਣ ਦੀ ਜ਼ਿੱਦ ਕਰਨ ਵਾਲੇ ਰੁਲ ਜਾਂਦੇ ਵਕਤ ਦੀਆਂ ਪੈੜਾਂ 'ਚ। ਇਸ ਲਈ ਬਦਲਣਾ ਬਹੁਤ ਜਰੂਰੀ।

ਪਰ ਬਦਲਣ ਲਈ ਬਿਹਤਰੀ ਜਰੂਰੀ। ਕੁਝ ਚੰਗੇਰੇ ਭਵਿੱਖ, ਨਵੀਂ ਵਿਰਾਸਤ ਦੀ ਸਿਰਜਣਾ, ਨਵੀਆਂ ਪਹਿਲਕਦਮੀਆਂ, ਨਵੀਆਂ ਪ੍ਰੇਰਨਾਵਾਂ, ਨਰੋਈਆਂ ਪੈੜਾਂ, ਨਵੇਂ ਸਰੋਕਾਰਾਂ ਦੀ ਪ੍ਰਾਪਤੀ ਅਤੇ ਸੁੱਚੀ ਸੰਵੇਦਨਾ ਭਰੀ ਸਰਘੀ ਨੂੰ ਨਤਮਸਤਕ ਹੋਣ ਲਈ।

ਬਦਲਣਾ ਤਾਂ ਹੀ ਜਰੂਰੀ ਹੁੰਦਾ, ਜਿਸ ਵਿਚ ਮਾਨਵੀ ਕਦਰਾਂ-ਕੀਮਤਾਂ 'ਤੇ ਪਹਿਰੇਦਾਰੀ ਮਜਬੂਤ ਹੋਵੇ, ਪਰਿਵਾਰਕ ਮਰਿਆਦਾਵਾਂ ਨੂੰ ਪਕਿਆਈ ਮਿਲੇ। ਸਮਾਜਿਕ ਸਬੰਧਾਂ ਵਿਚ ਪਾਕੀਜ਼ਗੀ ਹੋਵੇ। ਨਵੇਂ ਸਬੰਧਾਂ ਵਿਚ ਪਰਪੱਕਤਾ, ਮੁਹੱਬਤ, ਸਾਦਗੀ, ਸਦੀਵਤਾ, ਸਪੱਸ਼ਟਤਾ ਅਤੇ ਸੁਹਜ ਭਰਿਆ ਰਹੇ; ਸੂਖਮਭਾਵੀ ਮਹਿਕ ਦਾ ਵਣਜ ਹੁੰਦਾ ਰਹੇ।

ਬਦਲਣਾ ਇਸ ਲਈ ਅਹਿਮ, ਕਿਉਂਕਿ ਇਸ ਨੇ ਹੀ ਭਵਿੱਖ ਨੂੰ ਨਿਸ਼ਚਿਤ ਤੇ ਨਿਰਧਾਰਤ ਕਰਨਾ। ਇਸ ਨੇ ਨਵੀਆਂ ਕਿਰਨਾਂ ਨੂੰ ਖੁਸ਼ਆਮਦੀਦ ਕਹਿਣਾ ਜਾਂ ਹਨੇਰਿਆਂ ਨੂੰ ਦਾਅਵਤ ਦੇਣੀ ਹੁੰਦੀ।

ਮਨੁੱਖ ਤਾਂ ਬਹੁਤ ਬਦਲ ਗਿਆ ਅਤੇ ਬਦਲ ਗਈਆਂ ਨੇ ਇਸ ਦੀਆਂ ਰੁਚੀਆਂ, ਰਵਾਇਤਾਂ, ਰਮਜ਼ਾਂ, ਰਹਿਤਲਾਂ, ਰਵਾਨਗੀ ਤੇ ਰਸਨਾ। ਕਈ ਵਾਰ ਇੰਜ ਜਾਪਦਾ ਕਿ ਬਦਲਣਾ ਬਹੁਤ ਪੀੜਤ ਤੇ ਦੁੱਖਦ ਕਰਦਾ। ਇਹ ਪਰਿਵਾਰਕ ਖੁਸ਼ੀ, ਪਵਿੱਤਰਤਾ ਅਤੇ ਰਿਸ਼ਤਈ ਮਹਿਮਾ ਨੂੰ ਗਲੀਜ਼ ਕਰਨ ਵੱਲ ਰੁਚਿਤ।

ਕਦੇ ਪਰਿਵਾਰ ਵਿਚ ਹੋਈਆਂ ਤਬਦੀਲੀਆਂ ਅਤੇ ਇਨ੍ਹਾਂ ਦੇ ਭਵਿੱਖਮੁਖੀ ਅਸਰਾਂ ਨੂੰ ਕਿਆਸਣਾ। ਇਸ ਨਾਲ ਆਉਣ ਵਾਲੇ ਸਮਿਆਂ ਨੂੰ ਕਿਹੜੇ ਅਰਥ ਮਿਲਣਗੇ? ਸਮੇਂ ਦੀਆਂ ਮੁਹਾਰਾਂ ਕਿਸ ਪਾਸੇ ਮੁੜਨਗੀਆਂ? ਚਿੰਤਾ ਤੇ ਚੇਤਨਾ ਦਾ ਵਿਸ਼ਾ। ਫਿਕਰ ਤੇ ਫਰੋਲਣ ਦੀ ਲੋੜ ਅਤੇ ਇਸ ਨੂੰ ਸਾਰਥਿਕਤਾ ਵੰਨੀਂ ਸੇਧਤ ਕਰਨ ਦੀ ਅਤਿਅੰਤ ਲੋੜ।

ਇਨ੍ਹਾਂ ਤਬਦੀਲੀਆਂ ਵਿਚ ਸਭ ਤੋਂ ਭਿਆਨਕ ਹੈ ਮਾਪਿਆਂ ਤੇ ਬੱਚਿਆਂ ਦਰਮਿਆਨ ਪੈਦਾ ਹੋ ਰਹੀ ਬੇਅਦਬੀ, ਬੇਇਤਬਾਰੀ, ਬੇਲਿਹਾਜੀ, ਬੇਸ਼ਰਮੀ, ਬੇਲਾਗਤਾ, ਬੇਗਾਨਗੀ, ਬੇਗੈਰਤਾ, ਬਦਮਿਜ਼ਾਜ਼ੀ, ਬਦਤਮੀਜ਼ੀ ਅਤੇ ਬਦਦਿਆਨਤਾ।

ਬਾਪ ਫੜਦਾ ਹੈ ਬੱਚੇ ਦੀ ਉਂਗਲ, ਪੈਰ ਪੁੱਟਣ ਤੇ ਤੁਰਨਾ ਸਿਖਾਉਣ ਲਈ ਅਤੇ ਬੱਚੇ ਦੀ ਪਹਿਲੀ ਪੁਲਾਂਘ ਵਿਚੋਂ ਖੁਸ਼ੀ ਦੀ ਚੀਖ ਮਾਰਦਾ; ਪਰ ਜਦ ਬੁੱਢੇ ਬਾਪ ਦੀ ਡੰਗੋਰੀ ਬਣਨ ਦੀ ਵਾਰੀ ਆਉਂਦੀ ਤਾਂ ਬੱਚਿਆਂ ਨੂੰ ਕਚਿਆਣ ਆਉਂਦੀ। ਬਚਪਨੇ ਤੋਂ ਜਵਾਨੀ ਵਿਚ ਪਹੁੰਚਣ ਦੌਰਾਨ ਬਾਪ ਦੇ ਦਿੱਤੇ ਹੌਂਸਲੇ, ਹਿੰਮਤ ਅਤੇ ਹੱਲਾਸ਼ੇਰੀ ਦੇ ਸ਼ੁਕਰੀਏ ਤੋਂ ਨੌਜਵਾਨ ਪੀਹੜੀ ਮੁਨਕਰ। ਇਸ ਕੁਕਰਮ ਤੋਂ ਬਚਣ ਲਈ ਜਰੂਰੀ ਹੈ ਕਿ ਬੱਚਾ ਮਾਪਿਆਂ ਦਾ ਸਹਾਰਾ ਬਣ ਕੇ, ਡਿਗਦੇ-ਢਹਿੰਦੇ ਕਦਮਾਂ ਨੂੰ ਸਹਾਰਾ ਦੇਵੇ।

ਕਦੇ ਬਾਪ ਨੇ ਕੰਨ੍ਹੇੜੀ 'ਤੇ ਚੜ੍ਹਾ ਮੇਲਾ ਵੀ ਦਿਖਾਇਆ ਸੀ, ਤੱਤੀ ਭੁੱਬਲ ਤੋਂ ਬਚਾਉਣ ਲਈ ਲਾਡਲੇ ਨੂੰ ਮੋਢਿਆਂ 'ਤੇ ਚੁੱਕਿਆ ਜਾਂ ਨਾਲਾ ਪਾਰ ਕਰਵਾਉਣ ਲਈ ਬਾਪ ਹੀ ਬੇੜੀ ਤੇ ਮਲਾਹ ਬਣਿਆ ਸੀ; ਪਰ ਬਾਪ ਦੀ ਅਰਥੀ ਨੂੰ ਮੋਢਾ ਦੇਣ ਤੋਂ ਆਨਾ-ਕਾਨੀ ਕਰਨ ਵਾਲਿਆਂ ਤੋਂ ਕੀ ਆਸ ਰੱਖੀ ਜਾ ਸਕਦੀ? ਸਿਵਿਆਂ ਦੇ ਰੁੱਖ ਕੋਲੋਂ ਬਾਪ ਦਾ ਦੁੱਖ ਸੁਣਨ ਲਈ ਉਹ ਕਿਵੇਂ ਆਉਣਗੇ?

ਮਾਪੇ ਹੀ ਹੁੰਦੇ ਜੋ ਆਪਣੇ ਹਿੱਸੇ ਦੀ ਜ਼ਿੰਦਗੀ ਬੱਚਿਆਂ ਦੇ ਲੇਖੇ ਲਾ, ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੇ, ਪਰ ਇਹ ਬੱਚਿਆਂ ਦਾ ਕੇਹਾ ਰਵਈਆ, ਜੋ ਮਾਪਿਆਂ ਲਈ ਨਰਕ-ਕੁੰਭੀ ਜ਼ਿੰਦਗੀ ਦਾ ਸੱਦਾ-ਪੱਤਰ ਹੁੰਦਾ।

ਆਪਣੇ ਖੀਸੇ ਵਿਚਲੇ ਆਖਰੀ ਮਚਕੋੜੇ ਹੋਏ ਨੋਟ ਵੀ ਬੱਚੇ ਦੀ ਤਲੀ 'ਤੇ ਰੱਖਣ ਵਾਲਾ ਬਾਪ ਕੇਹੀ ਤ੍ਰਾਸਦੀ ਦਾ ਸ਼ਿਕਾਰ ਹੋ ਰਿਹਾ ਕਿ ਬੱਚੇ ਉਸ ਦੀ ਜੇਬ ਵਿਚ ਨੋਟ ਪਾਉਣ ਦੀ ਥਾਂ ਉਸ ਦੇ ਸਿਰਹਾਣੇ ਹੇਠ ਛੁਪਾ ਕੇ ਰੱਖੀ ਹੋਈ ਭਾਨ ਨੂੰ ਚੋਰੀ ਕਰਨ ਲੱਗਿਆਂ ਸ਼ਰਮਸਾਰ ਨਹੀਂ ਹੁੰਦੇ।

ਬੱਚੇ ਦੇ ਪੂਰਨਿਆਂ ਵਿਚੋਂ ਆਪਣੀ ਅਨਪੜ੍ਹਤਾ ਦਾ ਉਲਾਹਮਾ ਲਾਉਣ ਦੀ ਸੋਚਣ ਵਾਲੇ ਬਾਪ ਦੀ ਕੇਹੀ ਹਾਲਤ ਹੋ ਗਈ ਹੈ ਕਿ ਉਸ ਦੇ ਆਪਣੇ, ਪੜ੍ਹੇ-ਲਿਖੇ ਹੋਣ ਕਰਕੇ, ਬਾਪ ਦਾ ਜਾਅਲੀ ਅੰਗੂਠਾ ਲਾ, ਬਾਪ ਨੂੰ ਹੀ ਉਸ ਦੀ ਜਾਇਦਾਦ ਵਿਚੋਂ ਬੇਦਖਲ ਕਰ ਦਿੰਦਾ ਤੇ ਨੀਚਤਾ ਜੱਗ ਜਾਹਰ ਕਰ ਜਾਂਦਾ। ਅੰਗੂਠਾ ਛਾਪ ਬਾਪ, ਵਿਸ਼ਵਾਸ ਤੇ ਯਕੀਨ ਦਾ ਮੁਜੱਸਮਾ ਅਤੇ ਅਜਿਹੇ ਪੜ੍ਹੇ-ਲਿਖੇ ਬੱਚੇ, ਹੇਰਾ-ਫੇਰੀ ਤੇ ਧੋਖਾਧੜੀ ਦਾ ਬਦਇਖਲਾਕਨਾਮਾ।

ਬੱਚਿਆਂ ਨੂੰ ਨਵੇਂ ਨਕੋਰ ਕੱਪੜਿਆਂ ਵਿਚ ਦੇਖ ਕੇ ਮਾਣ ਮਹਿਸੂਸ ਕਰਨ ਵਾਲੇ ਬਾਪ ਦੀ ਨਮੋਸ਼ੀ ਵੀ ਉਸ ਨੂੰ ਚਿੜਾਉਂਦੀ, ਜਦ ਪੁੱਤ ਆਪਣੇ ਪੁਰਾਣੇ ਕੱਪੜੇ, ਬਾਪ ਦੇ ਪਹਿਨਣ ਲਈ ਉਸ ਅੱਗੇ ਸੁੱਟਦਾ।

ਨਿੱਕੇ ਜਿਹੇ ਘਰ 'ਚ ਬੱਚਿਆਂ ਨੂੰ ਅਮੀਰਾਨਾ ਠਾਠ ਵਿਚ ਰਹਿਣ ਦਾ ਅਹਿਸਾਸ ਕਰਵਾਉਣ ਵਾਲੇ ਮਾਪਿਆਂ ਲਈ, ਪੁੱਤਰ ਦੇ ਆਲੀਸ਼ਾਨ ਬੰਗਲੇ ਵਿਚ ਸਾਰਿਆਂ ਲਈ ਕਮਰੇ ਹੋਣਗੇ। ਇਕ ਕਮਰਾ ਉਹ ਵੀ ਹੋਵੇਗਾ, ਜਿਥੇ ਆਪਣੇ ਬੌਸ ਦੀ ਚਾਪਲੂਸੀ ਕਰਨੀ ਹੋਵੇ ਅਤੇ ਇਕ ਉਹ, ਜਿਥੇ ਆਪਣੀ ਚਾਪਲੂਸੀ ਕਰਵਾਉਣੀ ਹੋਵੇ; ਪਰ ਮਾਪਿਆਂ ਲਈ ਕੋਈ ਕਮਰਾ ਹੀ ਨਹੀਂ ਹੁੰਦਾ।

ਕਈ ਵਾਰ ਤਾਂ ਬਾਹਰਲੇ ਕਮਰੇ ਵਿਚ ਪਿਆ ਬਾਪ ਜਦ ਘਰ ਦੇ ਕਮਰੇ ਵਿਚੋਂ ਠਹਾਕੇ ਸੁਣਦਾ ਤਾਂ ਸੋਚਦਾ ਕਿ ਕੀ ਇਹ ਠਹਾਕੇ ਮੇਰੀ ਲਾਚਾਰੀ 'ਤੇ ਹਨ ਜਾਂ ਮੇਰੇ ਹਉਕੇ ਹੀ ਇਨ੍ਹਾਂ ਠਹਾਕਿਆਂ ਵਿਚੋਂ ਪੈਦਾ ਹੋਏ? ਬਾਪ ਦੀ ਬੇਵਸੀ ਨੂੰ, ਕਮਰਾ ਵੀ ਸਮਾਉਣ ਤੋਂ ਆਕੀ; ਪਰ ਉਸ ਦੀ ਦਰਦ-ਕਹਾਣੀ ਦਾ ਬੰਦ ਕਮਰਾ ਹੀ ਹੁੰਦਾ ਸਾਕੀ।

ਬੱਚੇ ਨੂੰ ਸਾਈਕਲ ਸਿਖਾਉਣ ਅਤੇ ਉਸ ਲਈ ਨਵਾਂ ਸਾਈਕਲ ਲਿਆ ਕੇ ਦੇਣ ਵਾਲਾ ਬਾਪ ਮਸੋਸਿਆ ਜਾਂਦਾ, ਜਦ ਕੋਲ ਦੀ ਲੰਘਦੀ ਪੁੱਤ ਦੀ ਕਾਰ, ਸਾਈਕਲ 'ਤੇ ਜਾਂਦੇ ਬਾਪ ਦੇ ਮੂੰਹ 'ਤੇ ਘੱਟਾ ਧੂੜਦੀ। ਕਈ ਵਾਰ ਤਾਂ ਉਹ ਸਾਈਕਲ ਤੋਂ ਡਿੱਗ ਵੀ ਪੈਂਦਾ।



ਮਰਲਿਆਂ ਤੇ ਕਨਾਲਾਂ ਵਿਚ ਖਰੀਦ ਕੇ, ਜ਼ਮੀਨ ਦਾ ਵੱਡਾ ਟੱਕ ਬਣਾਉਣ ਵਾਲੇ ਬਾਪ ਦੀ ਜਿੰਦ ਦਾ ਰੁੱਗ ਭਰਿਆ ਜਾਂਦਾ, ਜਦ ਉਸ ਦੀ ਔਲਾਦ ਉਸ ਦੇ ਸਾਹਮਣੇ ਹੀ ਸਾਰੀ ਜ਼ਮੀਨ ਨੂੰ ਵੇਚ-ਵੱਟ, ਬਾਪ ਦੇ ਸੁਪਨਿਆਂ ਨੂੰ ਸਵਾਹ ਬਣਾ ਦਿੰਦੀ। ਬਾਪ ਦੇ ਜਿਉਂਦੇ ਜੀਅ ਜਦ ਉਸ ਦੀ ਜ਼ਮੀਨ ਨੂੰ ਹਥਿਆਉਣ ਅਤੇ ਮਲਕੀਅਤ ਨੂੰ ਹੜੱਪਣ ਲਈ ਬੱਚੇ ਕੋਹਝੀਆਂ ਕਰਤੂਤਾਂ ਕਰਦੇ ਤਾਂ ਪਿੰਡ ਵਿਚ ਸਿਰ ਨੀਵਾਂ ਕਰਕੇ ਜਿਊਣ ਨਾਲੋਂ, ਬਾਪ ਕਿਸੇ ਨਹਿਰ ਦੇ ਪਾਣੀ ਨੂੰ ਗੰਧਲਾ ਕਰ, ਨਮੋਸ਼ੀ ਤੋਂ ਨਿਜ਼ਾਤ ਪਾ ਲੈਂਦਾ।

ਬੱਚਿਆਂ ਦੀ ਪਰਵਰਿਸ਼ ਵਿਚ ਕੋਈ ਕਸਰ ਨਾ ਰਹਿਣ ਦੇਣ ਅਤੇ ਉਨ੍ਹਾਂ ਦੇ ਜੀਵਨ ਨੂੰ ਸਹੂਲਤਾਂ ਨਾਲ ਸੰਪਨ ਕਰਨ ਵਾਲੇ ਮਾਪਿਆਂ ਦੀ ਕੇਹੀ ਤਕਦੀਰ ਕਿ ਉਨ੍ਹਾਂ ਦਾ ਜਾਇਆ, ਉਨ੍ਹਾਂ ਨੂੰ ਕਿਸੇ ਬਿਰਧ-ਆਸ਼ਰਮ ਵਿਚ ਛੱਡ, ਕਦੇ ਉਸ ਦੀ ਸਾਰ ਲੈਣ ਨਹੀਂ ਬਹੁੜਦਾ।

ਇਹ ਕੇਹੀ ਤਬਦੀਲੀ ਕਿ ਆਪਣੇ ਬੱਚਿਆਂ ਨੂੰ ਆਪਣੇ ਜਾਣਕਾਰਾਂ ਸਾਹਮਣੇ ਹੁੱਬ ਕੇ ਪੇਸ਼ ਕਰਨ ਵਾਲਾ ਬਾਪ, ਸਿਰਫ ਹੰਝੂਆਂ ਵਿਚ ਖੁਦ ਨੂੰ ਖੋਰਨ ਜੋਗਾ ਰਹਿ ਜਾਂਦਾ, ਜਦ ਉਸ ਦਾ ਪੁੱਤ ਉਸ ਨੂੰ ਕਹਿੰਦਾ ਕਿ ਬੁੱਢਿਆ! ਤੂੰ ਕਮਰੇ 'ਚੋਂ ਬਾਹਰ ਨਹੀਂ ਆਉਣਾ। ਮੇਰਾ ਵੱਡਾ ਅਫਸਰ ਘਰ ਆ ਰਿਹਾ ਏ। ਕੀ ਬਾਪ ਦਾ ਮੁਖੜਾ ਹੀ ਇੰਨਾ ਨਹਿਸ਼ ਹੋ ਗਿਆ ਕਿ ਉਸ ਦੇ ਸਾਹਮਣੇ ਆਉਣ 'ਤੇ ਆਫਤ ਆ ਜਾਵੇਗੀ? ਇਹ ਕੇਹਾ ਪੁੱਤਰ ਏ?

ਬੱਚਿਆਂ ਦਾ ਮਾਣ ਕਰਨ ਵਾਲੇ ਬਾਪ ਲਈ ਇਸ ਤੋਂ ਵੱਡਾ ਅਪਮਾਨ ਕੀ ਹੋ ਸਕਦਾ ਕਿ ਉਸ ਦੇ ਬੱਚੇ ਹੀ ਦੇਖ ਕੇ ਅਣਢਿੱਠ ਕਰਨ ਲੱਗ ਪੈਣ ਅਤੇ ਪਛਾਣਦਿਆਂ ਵੀ ਬੇਪਛਾਣ ਹੋਣ ਦਾ ਢੋਂਗ ਰਚਣ ਵਿਚ ਫਖਰ ਮਹਿਸੂਸ ਕਰਨ।

ਮਾਪਿਆਂ ਦੀ ਲਾਚਾਰਗੀ ਅਤੇ ਤ੍ਰਾਸਦੀ ਨੂੰ ਕਿਵੇਂ ਬਿਆਨ ਕਰੋਗੇ, ਜਦ ਬਿਮਾਰ ਬਾਪ ਦੀ ਤਾਮੀਰਦਾਰੀ ਤੋਂ ਪਾਸਾ ਵੱਟ ਲਿਆ ਜਾਵੇ। ਉਸ ਦੀਆਂ ਜਰੂਰਤਾਂ ਨੂੰ ਨਕਾਰਿਆ ਜਾਵੇ ਅਤੇ ਬਜੁਰਗੀ ਦਾ ਮਖੌਲ ਉਡਾਇਆ ਜਾਵੇ।

ਬਾਪ ਦੀ ਚੀਸ ਨੂੰ ਬੋਲ ਵੀ ਨਹੀਂ ਮਿਲਦਾ, ਜਦ ਉਹ ਆਪਣੇ ਪੁੱਤ ਨੂੰ ਮਿਲਣ ਲਈ ਲੋਚਦਾ, ਉਸ ਦੇ ਤਰਲੇ ਕਰਦਾ। ਛੇਤੀ ਮਿਲਣ ਲਈ ਬਹੁੜੀਆਂ ਕਰਦਾ। ਬਾਪ ਦੇ ਤਰਲਿਆਂ ਦਾ ਹੁੰਗਾਰਾ ਭਰਨ ਤੋਂ ਹੀ ਪੁੱਤ ਬੇਧਿਆਨ ਹੋ ਜਾਵੇ। ਬਾਪ ਦੀਆਂ ਆਂਦਰਾਂ ਮਿਲਣ ਨੂੰ ਤੜਫਦੀਆਂ, ਸਦੀਵੀ ਅਲਵਿਦਾ ਕਹਿ ਜਾਣ ਅਤੇ ਫਿਰ ਉਹੀ ਪੁੱਤ ਬਾਪ ਦੀ ਵਸੀਹਤ ਨੂੰ ਫਰੋਲਣ ਆ ਜਾਵੇ। ਬਾਪ ਦੀ ਆਤਮਾ ਵਿਚੋਂ ਨਿਕਲੀ ਭੁੱਬ ਨੂੰ ਕਿਹੜੀ ਪੌਣ ਜਜ਼ਬ ਕਰ ਸਕਦੀ?

ਬਾਪ ਲਈ ਸਾਰੇ ਬੱਚੇ ਬਰਾਬਰ। ਸਾਰਿਆਂ ਨਾਲ ਆਪਣੀਆਂ ਰੀਝਾਂ ਤੇ ਸੁਪਨਿਆਂ ਨੂੰ ਸਾਂਝਾ ਕਰਦਾ। ਉਨ੍ਹਾਂ ਲਈ ਦੁਆਵਾਂ ਅਤੇ ਅਰਦਾਸਾਂ ਕਰਦਾ, ਪਰ ਬਾਪ ਦੇ ਅੱਖਾਂ ਮੀਟਣ 'ਤੇ ਇਕ ਬੇਗੈਰਤ ਪੁੱਤ ਆਪਣੇ ਨਾਮ ਦੀ ਜਾਅਲੀ ਵਸੀਹਤ ਬਣਾ ਕੇ ਸਭ ਕੁਝ ਹੜੱਪ ਲਵੇ ਤਾਂ ਇਸ ਪੁੱਤ ਨੂੰ ਕਿਹੜੀ ਤਸ਼ਬੀਹ ਦਿਓਗੇ? ਇਸ ਬੇਈਮਾਨੀ ਕਾਰਨ ਬਾਪ ਦੇ ਬਿੰਬ, ਬੰਦਿਆਈ ਅਤੇ ਬਜੁਰਗੀ ਨੂੰ ਜਲੀਲ ਕਰਨ ਵਾਲੇ ਪੁੱਤ ਨੂੰ ਪੁੱਤ ਹੀ ਕਹਿਣਾ ਕਿੰਨਾ ਕੁ ਵਾਜਬ ਏ?

ਬੱਚਿਆਂ ਦੀਆਂ ਹਰ ਜਰੂਰਤਾਂ ਪੂਰੀਆਂ ਕਰਨ ਅਤੇ ਉਨ੍ਹਾਂ ਨੂੰ ਨਸੀਹਤਾਂ ਦੇਣ ਵਾਲੇ ਮਾਪੇ ਜਦ ਆਪਣੀਆਂ ਲੋੜਾਂ ਬੱਚਿਆਂ ਨੂੰ ਦੱਸਣ ਅਤੇ ਉਨ੍ਹਾਂ ਦੀਆਂ ਨਸੀਹਤਾਂ ਦੇਣ ਤੋਂ ਤ੍ਰਭਕਣ ਲੱਗ ਪੈਂਦੇ ਤਾਂ ਉਹ ਸਿਰਫ ਮੌਤ ਮੰਗਣ ਜੋਗੇ ਹੀ ਰਹਿ ਜਾਂਦੇ।

ਮਾਪਿਆਂ ਕੋਲ ਕੁਝ ਪਲ ਬਹਿਣ ਦੀ ਆਦਤ ਪਾ ਲਈਏ ਤਾਂ ਬੱਚੇ ਕਦੇ ਵੀ ਵੱਡੇ ਨਹੀਂ ਹੁੰਦੇ ਅਤੇ ਮਾਪੇ ਕਦੇ ਵੀ ਬੁੱਢੇ ਨਹੀਂ ਹੁੰਦੇ।

ਸਾਰੀ ਉਮਰ, ਜਾਇਦਾਦ, ਸੁੱਖ-ਸਾਧਨ, ਸੁਵਿਧਾਵਾਂ ਅਤੇ ਸੁਪਨਿਆਂ ਨੂੰ ਬੱਚਿਆਂ ਤੋਂ ਵਾਰਨ ਵਾਲੇ ਬਾਪ ਦੀ ਮਾਨਸਿਕਤਾ ਕਿੰਨੀ ਦਰਦਵੰਤੀ ਹੁੰਦੀ ਹੋਵੇਗੀ, ਜਦ ਬੱਚਿਆਂ ਲਈ ਬਾਪ ਸਿਰਫ ਜਾਇਦਾਦ ਨੂੰ ਪ੍ਰਾਪਤ ਕਰਨ ਦਾ ਜ਼ਰੀਆ। ਮਨਫੀ ਹੋ ਜਾਂਦੀਆਂ ਬਾਪ ਦੀਆਂ ਸਰੀਰਕ, ਮਾਨਸਿਕ, ਭਾਵਆਤਮਿਕ ਤੇ ਆਰਥਿਕ ਲੋੜਾਂ ਦੀ ਪੂਰਤੀ। ਬੇਗਾਨਿਆਂ ਹਾਰ ਸਿਰ ਦੀ ਛੱਤ ਭਾਲਦਾ ਅਤੇ ਦੋ ਡੰਗ ਦੇ ਟੁੱਕ ਲਈ ਤਰਲੇ ਕਰਦਾ ਬਾਪ ਸੋਚਦਾ ਤਾਂ ਜਰੂਰ ਹੋਵੇਗਾ ਕਿ ਕਾਸ਼! ਉਸ ਦੇ ਔਲਾਦ ਹੀ ਨਾ ਹੁੰਦੀ ਤਾਂ ਸਬਰ ਜਿਹਾ ਕਰ ਲੈਂਦਾ।

ਬੱਚਿਆਂ ਦੀਆਂ ਪ੍ਰਾਪਤੀਆਂ 'ਚੋਂ ਤੁਰਲੇ ਨੂੰ ਉਚਾ ਕਰਨ ਦਾ ਖਿਆਲ ਪੈਦਾ ਕਰਨ ਵਾਲਾ ਬਾਪ ਬਹੁਤ ਨਿਰਾਸ਼ ਤੇ ਹਤਾਸ਼ ਹੋ ਜਾਂਦਾ, ਜਦ ਬੱਚਿਆਂ ਕਾਰਨ ਉਸ ਦੀ ਪੱਗ ਚੌਰਾਹੇ ਵਿਚ ਰੁਲਦੀ। ਕਦੇ ਕਦਾਈਂ ਤਾਂ ਕਿਸੇ ਦੇ ਪੈਰਾਂ ਵਿਚ ਪੱਗ ਧਰਨ ਦੀ ਨੌਬਤ ਵੀ ਆ ਜਾਂਦੀ। ਸਿਰ ਉਚਾ ਕਰਕੇ ਜਿਊਣ ਨਾਲੋਂ ਸਿਰ ਨੀਵਾਂ ਕਰਕੇ ਮੌਤ ਦੀ ਉਡੀਕ ਕਰਨਾ, ਬਾਪ ਲਈ ਕਿੰਨਾ ਔਖਾ? ਇਸ ਸਫਰ ਵਿਚ ਸਾਹ ਵੀ ਸਾਥ ਦੇਣ ਤੋਂ ਮੁਨਕਰ ਹੋ ਜਾਂਦੇ।

ਬੱਚਿਆਂ ਖਾਤਰ ਆਪਣਿਆਂ ਦੀ ਬੇਰੁਹਮਤੀ ਅਤੇ ਬੇਇਜ਼ਤੀ ਸਹਿਣ ਵਾਲਾ ਬਾਪ ਕਿਵੇਂ ਜਿਊਣ ਦਾ ਹੀਆ ਕਰੇ, ਜਦ ਉਸ ਦੀ ਔਲਾਦ ਹੀ ਉਸ ਦਾ ਮੂੰਹ ਕਬਰ ਵੱਲ ਕਰੇ ਅਤੇ ਉਚੀ ਉਚੀ ਮਰਸੀਆ ਪੜ੍ਹੇ।

ਬੱਚਿਆਂ ਦੀ ਬਿਹਤਰੀ ਅਤੇ ਬਹਿਸ਼ਤੀ ਕਾਮਨਾ ਕਰਨ ਵਾਲਾ ਬਾਪ ਸਾਰੀ ਉਮਰ ਸਖਤ ਮਿਹਨਤ ਕਰਦਾ, ਪਸੀਨਾ ਵਹਾਉਂਦਾ ਅਤੇ ਸੋਚਾਂ ਦੀ ਜ਼ਮੀਨ ਵਿਚ ਸੁੰਦਰ ਸੁਪਨਿਆਂ ਦੀ ਖੇਤੀ ਕਰਦਾ। ਜਦ ਇਹ ਸੁਪਨੇ ਹੀ ਉਸ ਲਈ ਸੋਗ, ਸੰਤਾਪ ਤੇ ਸਾੜਸਤੀ ਦਾ ਸਬੱਬ ਬਣ ਜਾਂਦੇ ਤਾਂ ਬਾਪ ਟੁੱਟ ਜਾਂਦਾ। ਉਸ ਦੀ ਤਿੜਕਣ ਵਿਚ ਹੀ ਉਸ ਦੀ ਹਿੱਕ ਵਿਚੋਂ ਹਾਵਿਆਂ ਦੀ ਨੈਂ ਫੁੱਟਦੀ।

ਛੋਟੇ ਹੁੰਦਿਆਂ ਬੱਚੇ ਮਾਂ-ਬਾਪ ਕੋਲ ਰਹਿੰਦੇ। ਬਾਪ ਕਦੇ ਨਹੀਂ ਕਹਿੰਦਾ ਕਿ ਬੱਚੇ ਮੇਰੇ ਕੋਲ ਰਹਿੰਦੇ ਨੇ, ਪਰ ਜਦ ਮਾਪੇ ਬੁੱਢੇ ਹੋ ਜਾਂਦੇ ਤਾਂ ਅਸੀਂ ਸਮਾਜ ਸਾਹਵੇਂ ਰੋਅਬ ਪਾਉਣ ਲਈ ਕਹਿੰਦੇ ਕਿ ਮਾਪੇ ਸਾਡੇ ਕੋਲ ਰਹਿੰਦੇ। ਇਹ ਕੇਹੀ ਬੌਣੀ ਮਾਨਸਿਕਤਾ ਹੈ ਅਜੋਕੇ ਬੱਚਿਆਂ ਦੀ। ਮਾਪੇ, ਬੱਚਿਆਂ ਕੋਲ ਨਹੀਂ ਰਹਿਣਗੇ ਤਾਂ ਉਹ ਕਿੱਥੇ ਜਾਣ? ਕਦੇ ਇਹ ਕਹਿਣਾ ਵੀ ਸਿੱਖ ਲਓ ਕਿ ਅੱਜ ਕੱਲ੍ਹ ਮੈਂ ਆਪਣੇ ਮਾਪਿਆਂ ਕੋਲ ਰਹਿੰਦਾ ਹਾਂ।

ਮਾਂ-ਬਾਪ ਨੇ ਕਿੰਨੀ ਮੁਸ਼ੱਕਤ ਤੇ ਭੁੱਖੇ ਰਹਿ ਕੇ ਬੱਚਿਆਂ ਨੂੰ ਹੋਣਹਾਰ ਬਣਾਇਆ ਹੁੰਦਾ, ਪਰ ਬੱਚੇ ਵੱਡੇ ਹੋ ਕੇ ਕਈ ਵਾਰ ਇੰਨੇ ਲਾਇਕ ਹੋ ਜਾਂਦੇ ਕਿ ਉਹ ਆਪਣੇ ਮਾਪਿਆਂ ਨੂੰ ਜਾਹਲ, ਅਨਪੜ੍ਹ, ਨਾਲਾਇਕ ਤੇ ਗੰਵਾਰ ਸਮਝਣ ਲੱਗ ਪੈਂਦੇ।

ਬੱਚੇ ਛੋਟੇ ਹੁੰਦੇ ਤਾਂ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਸਾਰਾ ਪਤਾ ਹੁੰਦਾ। ਉਨ੍ਹਾਂ ਦੀ ਫਿਕਰ ਹੁੰਦੀ, ਪਰ ਅੱਜ ਕੱਲ੍ਹ ਭਾਵੇਂ ਮਾਪਿਆਂ ਤੇ ਬੱਚਿਆਂ ਦੇ ਘਰ ਦਾ ਪਤਾ ਤਾਂ ਭਾਵੇਂ ਇਕ ਹੋਵੇ, ਪਰ ਉਨ੍ਹਾਂ ਨੂੰ ਇਕ ਦੂਜੇ ਦਾ ਪਤਾ ਹੀ ਨਹੀਂ ਹੁੰਦਾ।

ਇਹ ਕੇਹੀ ਬੇਕਦਰੀ ਤੇ ਬੇਕਿਰਕੀ ਕਿ ਬੱਚੇ ਛੋਟੇ ਹੁੰਦੇ ਤਾਂ ਉਹ ਮਾਪਿਆਂ ਕੋਲੋਂ ਬਾਹਰ ਜਾਣ ਲਈ ਆਗਿਆ ਮੰਗਦੇ। ਫਿਰ ਉਨ੍ਹਾਂ ਨੂੰ ਪੁੱਛ ਕੇ ਬਾਹਰ ਜਾਂਦੇ ਅਤੇ ਬਾਅਦ ਵਿਚ ਮਾਪਿਆਂ ਨੂੰ ਪੁੱਛਣ ਤੋਂ ਬਗੈਰ ਹੀ ਬਹਾਰ ਚਲੇ ਜਾਣ ਲੱਗ ਪੈਂਦੇ। ਪਰ ਕੇਹਾ ਵਕਤ ਆ ਜਾਂਦਾ ਕਿ ਬਜੁਰਗ ਮਾਪੇ ਬੱਚਿਆਂ ਦੀ ਮਰਜ਼ੀ ਤੋਂ ਬਗੈਰ ਬਾਹਰ ਹੀ ਨਹੀਂ ਜਾ ਸਕਦੇ।

ਛੋਟੇ ਹੁੰਦਿਆਂ ਬੱਚਾ ਖੰਘਦਾ ਸੀ। ਬੁਖਾਰ ਹੁੰਦਾ ਸੀ, ਪਾਸਾ ਵੱਟਦਾ ਸੀ ਜਾਂ ਨੀਂਦ ਵਿਚ ਵੀ ਚੀਖਦਾ ਤਾਂ ਮਾਪਿਆਂ ਦੀ ਨੀਂਦ ਉਚਾਟ ਹੋ ਜਾਂਦੀ ਅਤੇ ਸਾਰੀ ਰਾਤ ਅੱਖਾਂ ਵਿਚ ਲੰਘਦੀ। ਗਿੱਲੇ ਪੋਤੜਿਆਂ ਨੂੰ ਬਦਲਣ ਵਿਚ ਹੀ ਮਾਂ ਰਾਤ ਬਿਤਾ ਦਿੰਦੀ, ਪਰ ਹੁਣ ਮਾਪੇ ਸਾਰੀ ਰਾਤ ਵੀ ਖੰਘਦੇ ਰਹਿਣ ਤਾਂ ਨਾਲ ਦੇ ਕਮਰੇ 'ਚੋਂ ਜਾਂ ਤਾਂ ਹਾਸੇ ਸੁਣਾਈ ਦਿੰਦੇ, ਡੂੰਘੀ ਚੁੱਪ ਹੁੰਦੀ ਜਾਂ ਘੁਰਾੜੇ ਸੁਣਾਈ ਦਿੰਦੇ।

ਮਾਪੇ ਜਿਹੜੀਆਂ ਦੀਵਾਰਾਂ ਨਾਲ ਘਰ ਦੀ ਤਾਮੀਰਦਾਰੀ ਕਰਦੇ, ਬੱਚੇ ਵੱਡੇ ਹੋ ਕੇ ਇਨ੍ਹਾਂ ਦੀਵਾਰਾਂ ਨਾਲ ਹੀ ਘਰ ਵਿਚ ਨਿੱਕੀਆਂ ਨਿੱਕੀਆਂ ਵਲਗਣਾਂ ਉਸਾਰ ਲੈਂਦੇ, ਜਿਨ੍ਹਾਂ ਵਿਚ ਸਾਹਾਂ ਦਾ ਵੀ ਦਮ ਘੁੱਟਦਾ। ਆਖਰ ਨੂੰ ਇਨ੍ਹਾਂ ਦੀਵਾਰਾਂ ਵਿਚ ਵੀ ਦਰਾੜਾਂ ਪੈਦਾ ਹੋ ਜਾਂਦੀਆਂ, ਜਿਨ੍ਹਾਂ ਦਰਾੜਾਂ ਨੂੰ ਭਰ ਕੇ ਮਾਪਿਆਂ ਨੇ ਕਦੇ ਘਰ ਲਈ ਦੀਵਾਰਾਂ ਉਸਾਰੀਆਂ ਹੁੰਦੀਆਂ।

ਬੱਚਿਆਂ ਦੀ ਕੇਹੀ ਸੋਚ ਬਣ ਗਈ ਏ ਕਿ ਉਹ ਅੰਬਰਾਂ ਨੂੰ ਟਾਕੀਆਂ ਲਾਉਣ ਨੂੰ ਫਿਰਦੇ। ਕਦੇ ਪਿਆਰ ਲਈ ਚੰਨ ਦਾ ਟਿੱਕਾ ਬਣਾਉਂਦੇ। ਕਦੇ ਮੰਗਲ ਗ੍ਰਹਿ ਦੀਆਂ ਗੱਲਾਂ ਕਰਦੇ, ਪਰ ਕਦੇ ਅਲਾਣੀ ਮੰਜੇ 'ਤੇ ਬੈਠੇ ਮਾਂ-ਬਾਪ ਦੇ ਚਰਨਾਂ ਨੂੰ ਨਤਮਸਤਕ ਨਹੀਂ ਹੁੰਦੇ।

ਮਾਪਿਆਂ ਨੂੰ ਬੱਚੇ ਬਹੁਤ ਪਿਆਰੇ ਅਤੇ ਬੱਚਿਆਂ ਨੂੰ ਆਪਣੇ ਬੱਚੇ ਹੋਰ ਜ਼ਿਆਦਾ ਚੰਗੇ ਲੱਗਦੇ, ਪਰ ਯਾਦ ਰੱਖਣਾ! ਆਖਰ ਨੂੰ ਇਨ੍ਹਾਂ ਬੱਚਿਆਂ ਨੇ ਵੀ ਉਹੀ ਕੁਝ ਤੁਹਾਡੇ ਨਾਲ ਕਰਨਾ, ਜੋ ਤੁਸੀਂ ਆਪਣੇ ਮਾਪਿਆਂ ਨਾਲ ਕਰ ਰਹੇ ਹੋ। ਇਸ ਲਈ ਜਰੂਰੀ ਹੈ ਕਿ ਆਪਣੇ ਮਾਪਿਆਂ ਨਾਲ ਅਜਿਹਾ ਕੁਝ ਹੀ ਕਰੋ, ਜੋ ਤੁਸੀਂ ਆਪਣੇ ਬੱਚਿਆਂ ਤੋਂ ਆਸ ਰੱਖਦੇ ਹੋ।

ਬਦਲਣਾ ਚਾਹੀਦਾ, ਪਰ ਇੰਨਾ ਵੀ ਨਾ ਬਦਲੋ ਕਿ ਆਪਣੇ ਪੈਰਾਂ ਹੇਠਲੀ ਜਮੀਨ ਦਾ ਵੀ ਖਿਆਲ ਨਾ ਰਹੇ। ਆਪਣੀ ਧਰਾਤਲ ਗਵਾਉਣ ਵਾਲੇ ਸਿਰਫ ਹਵਾ ਵਿਚ ਹੀ ਲਟਕਦੇ। ਨਾ ਉਨ੍ਹਾਂ ਲਈ ਧਰਤੀ ਠਾਹਰ ਬਣਦੀ ਅਤੇ ਨਾ ਹੀ ਅੰਬਰ ਉਨ੍ਹਾਂ ਦੀਆਂ ਅਰਜੋਈਆਂ ਦਾ ਹੁੰਗਾਰਾ ਭਰਦਾ।

ਮਾਪਿਆਂ ਨੂੰ ਸਤਿਕਾਰਦੇ ਰਹੋ। ਉਨ੍ਹਾਂ ਦੀ ਯਾਦ ਨੂੰ ਚੇਤਿਆਂ ਵਿਚ ਚਿਰੰਜੀਵ ਰੱਖੋ। ਮਾਪਿਆਂ ਦੀਆਂ ਦੁਆਵਾਂ ਤੋਂ ਵੱਡੀ ਦੁਆ ਕੋਈ ਨਹੀਂ ਅਤੇ ਇਸ ਤੋਂ ਮਹਿਰੂਮ ਹੋਣ ਦਾ ਕਦੇ ਗੁਨਾਹ ਨਾ ਕਰਨਾ।

# ਖੰਨਾ ਟੁੱਕ ਦਾੜ: ਬਲੀ

ਉਹਦਾ ਨਾਂ ਤਾਂ ਵਲੀ ਸੀ, ਪਰ ਅਸੀਂ ਉਹਨੂੰ ਆਪਣੇ ਅਣਜਾਣਪੁਣੇ ਕਾਰਨ ਬਲੀ ਕਹਿੰਦੇ। ਜੇ ਸਾਨੂੰ ਪਤਾ ਵੀ ਹੁੰਦਾ ਕਿ ਉਹ ਬਲੀ ਨਹੀਂ, ਵਲੀ ਹੈ, ਤਾਂ ਵੀ ਅਸੀਂ ਦੁਆਬੀਆਂ ਨੇ ਉਹਨੂੰ ਬਲੀ ਹੀ ਕਹਿਣਾ ਸੀ। ਜਦਕਿ ਬਲੀ ਬਲਵਾਨ ਨੂੰ ਕਹਿੰਦੇ ਹਨ ਤੇ ਵਲੀ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਹਦਾ ਅਰਥ ਹੈ, ਰੱਬ ਦਾ ਖਾਸ ਦੋਸਤ। ਇਸਲਾਮ ਵਿਚ ਵਲੀ ਦਾ ਰੁਤਬਾ ਜੇ ਪੈਗ਼ੰਬਰ ਦੇ ਬਰਾਬਰ ਨਹੀਂ ਤਾਂ ਨੇੜੇ-ਤੇੜੇ ਜ਼ਰੂਰ ਹੈ। ਵਲੀ ਦੀ ਵਡਿਆਈ ਮਿਰਜ਼ਾ ਗ਼ਾਲਿਬ ਦੇ ਸ਼ਿਅਰ ਤੋਂ ਵੀ ਪਤਾ ਲੱਗਦੀ ਹੈ:

ਯੇ ਮਿਸਾਈਲ-ਏ-ਤਸੱਵੁਫ ਯੇ ਤਿਰਾ ਬਯਾਂ ਗ਼ਾਲਿਬ,
ਤੁਝੇ ਹਮ ਵਲੀ ਸਮਝਤੇ ਜੁ ਨਾ ਬਾਦਾ-ਖ਼ਵਾਰ ਹੋਤਾ।'

ਵਲੀ ਦੀ ਅਜ਼ਮਤ ਦਾ ਹਿਸਾਬ ਲਾਉ ਕਿ ਗ਼ਾਲਿਬ ਜੇ ਸ਼ਰਾਬ ਨਾ ਪੀਂਦੇ ਹੁੰਦੇ ਤਾਂ ਉਹ ਹਰਗਿਜ਼ ਵਲੀ ਹੋਣੇ ਸਨ।



**ਅਵਤਾਰ ਸਿੰਘ**
**ਫ਼ੋਨ:** 91-94175-18384
**ਈਮੇਲ:** avtar61@gmial.com

ਗੱਲ 1965-66 ਦੀ ਹੋਵੇਗੀ। ਮੈਂ ਉਦੋਂ ਮਸਾਂ ਚਾਰ-ਪੰਜ ਸਾਲ ਦਾ ਹੋਵਾਂਗਾ ਕਿ ਅਸੀਂ ਆਪਣੇ ਘਰ ਦੇ ਸਾਰੇ ਜੀ ਰੋਟੀ ਖਾ ਰਹੇ ਹੁੰਦੇ ਕਿ ਬਲੀ ਘਰ ਦੇ ਮੁੱਖ 'ਤੇ ਆ ਕੇ ਖੜ੍ਹ ਜਾਂਦਾ। ਉਹ ਆਪਣੀ ਜਾਣੇ ਪਤਾ ਨਹੀਂ ਕੀ ਬੋਲਦਾ, ਪਰ ਸਾਨੂੰ ਉਹਦੇ ਟੁੱਟੇ-ਭੱਜੇ ਤੇ ਅਬੁੱਝ ਵਾਕ ਵਿਚੋਂ ਸਿਰਫ ਤਿੰਨ ਲਫਜ਼ ਸੁਣਦੇ-ਖੰਨਾ, ਟੁੱਕ ਅਤੇ ਦਾੜ। ਉਹ ਲੱਲੇ ਨੂੰ ੜਾੜੇ ਵਾਂਗ ਬੋਲਦਾ ਤੇ ਅਸੀਂ ਸਮਝ ਜਾਂਦੇ ਕਿ ਉਹ ਰੋਟੀ ਨਾਲ ਦਾਲ ਵੀ ਮੰਗਦਾ ਹੈ। ਉਹਨੇ ਕਮੀਜ਼ ਪਾਈ ਹੋਣੀ, ਤੇੜ ਕੱਛਾ ਤੇ ਪੈਰੋਂ ਨੰਗਾ ਹੋਣਾ। ਉਹਦੇ ਚੀਥੜੇ ਮੈਲ ਨਾਲ ਏਨੇ ਆਕੜੇ ਹੁੰਦੇ, ਜਿਵੇਂ ਮਾਂਡੀ ਦਿੱਤੀ ਹੋਵੇ। ਉਹਦੇ ਵਾਲ ਇਸ ਤਰ੍ਹਾਂ ਲਗਦੇ, ਜਿਵੇਂ ਝੋਨੇ ਦੀਆਂ ਮੁੰਜਰਾਂ ਹੋਣ। ਉਹਦੇ ਦੰਦ ਦੇਖੇ ਨਾ ਜਾਂਦੇ ਤੇ ਉਹਨੂੰ ਦੇਖ ਕੇ ਇਸ ਤਰ੍ਹਾਂ ਲੱਗਦਾ, ਜਿਵੇਂ ਉਹਨੂੰ ਜੰਮਣ ਵੇਲੇ ਵੀ ਨੁਹਾਇਆ ਨਾ ਹੋਵੇ। ਉਹ ਰੋਜ਼ ਆਉਂਦਾ ਤੇ 'ਖੰਨਾ ਟੁੱਕ ਦਾੜ' ਮੰਗਦਾ। ਅਸੀਂ ਉਹਨੂੰ ਰੋਜ਼ ਦੇਖਦੇ, ਜਿਸ ਕਰਕੇ ਸਾਡੇ ਮਨ ਵਿਚ ਉਹਨੂੰ ਜਾਣਨ ਦੀ ਕੋਈ ਉਤਸੁਕਤਾ ਨਹੀਂ ਸੀ। ਏਨਾ ਜ਼ਰੂਰ ਸੀ ਕਿ ਉਹ ਸਾਨੂੰ ਅਜੀਬ ਲੱਗਦਾ ਤੇ ਉਹਨੂੰ ਦੇਖ ਕੇ ਏਨੀ ਅਲਕਤ ਆਉਂਦੀ ਕਿ ਸਾਨੂੰ ਆਪਣੀ ਰੋਟੀ ਜੂਠੀ ਹੋ ਗਈ ਲਗਦੀ।

ਉਦੋਂ ਪੰਜਾਬ ਦੀ ਵੰਡ ਹੋਈ ਨੂੰ ਮਸਾਂ ਸਤਾਰਾਂ-ਅਠਾਰਾਂ ਸਾਲ ਹੋਏ ਸਨ। ਹਰ ਇਲਾਕੇ ਦੇ ਲੋਕਾਂ ਨੇ ਸੰਤਾਲੀ ਦੀ ਇਸ ਵੰਡ ਨੂੰ ਆਪੋ-ਆਪਣੇ ਹਿਸਾਬ ਨਾਲ ਲਫਜ਼ ਦੇ ਦਿੱਤੇ ਸਨ। ਸਾਡੇ ਪਿੰਡਾਂ ਵਾਲੇ ਉਨ੍ਹਾਂ ਦਿਨਾਂ ਨੂੰ ਰੌਲੇ ਕਹਿੰਦੇ ਤੇ ਸਾਡੇ ਘਰ ਰੋਜ਼ ਰਾਤ ਨੂੰ ਸੌਣ ਲੱਗਿਆਂ ਬੀਬੀ ਭਾਈਏ ਦੀਆਂ ਗੱਲਾਂ ਵਿਚ ਰੌਲਿਆਂ ਦੀ ਗੱਲ ਜ਼ਰੂਰ ਛਿੜਦੀ। ਮੇਰੇ ਬੀਬੀ ਭਾਈਏ ਲਈ ਬੇਸ਼ੱਕ ਉਹ ਹਾਲੇ ਕੱਲ੍ਹ ਦੀ ਗੱਲ ਸੀ, ਪਰ ਅਸੀਂ ਉਹ ਗੱਲਾਂ ਇਵੇਂ ਸੁਣਦੇ, ਜਿਵੇਂ ਕੋਈ ਪਿਛਲੇ ਜਨਮ ਦੀ ਗੱਲ ਹੋਵੇ।

ਗੱਲਾਂ ਸੁਣਦਿਆਂ ਸਾਨੂੰ ਕੋਠੜੀਆਂ ਵਿਚ ਪਏ ਬਰਛੇ ਦਾ ਚੇਤਾ ਆਉਂਦਾ ਤੇ ਗਭਲੇ ਅੰਦਰ ਦੀ ਛੱਤ ਉਪਰ ਪਈਆਂ ਛੋਟੀਆਂ ਇੱਟਾਂ ਦਾ ਖਿਆਲ ਆਉਂਦਾ, ਜਿਨ੍ਹਾਂ ਨਾਲ ਅਸੀਂ ਰੇਲ-ਗੱਡੀ ਖੇਡਦੇ। ਸਾਰੀਆਂ ਇੱਟਾਂ ਨੇੜੇ-ਨੇੜੇ ਲਾਈਨ ਵਿਚ ਖੜ੍ਹੀਆਂ ਕਰ ਲੈਣੀਆਂ ਤੇ ਫਿਰ ਸਿਰੇ ਵਾਲੀ ਇੱਟ ਨੂੰ ਹੌਲੀ ਦੇਣੇ ਡੇਗ ਦੇਣਾ। ਇੱਟਾਂ ਨੇ ਇਕ ਇਕ ਕਰਕੇ ਲਗਾਤਾਰ ਡਿਗਣਾ, ਜਿਵੇਂ ਰੇਲ ਗੱਡੀ ਚੱਲਦੀ ਹੋਵੇ। ਛਕ ਛਕ ਅਸੀਂ ਮੂੰਹ ਨਾਲ ਕਰੀ ਜਾਣੀ ਤੇ ਬੜਾ ਅਨੰਦ ਆਉਣਾ।

ਰਾਤ ਨੂੰ ਗੱਲਾਂ ਸੁਣਦੇ-ਸੁਣਦੇ ਸਾਨੂੰ ਨੀਂਦ ਆ ਜਾਂਦੀ ਤੇ ਸਾਡੇ ਸੁਪਨਿਆਂ ਵਿਚ ਬਰਛੇ ਆਉਂਦੇ, ਕਦੇ ਨਿੱਕੀਆਂ ਇੱਟਾਂ ਤੇ ਕਦੇ ਚੱਲਦੀਆਂ ਰੇਲਾਂ ਦੀ ਛੱਕ-ਛੱਕ ਸੁਣਾਈ ਦਿੰਦੀ। ਇਨ੍ਹਾਂ ਸੁਪਨਈ ਰੇਲਾਂ ਵਿਚ ਸਾਨੂੰ ਤੰਦਰੁਸਤ ਲੋਕਾਂ ਦੀ ਬਜਾਏ ਵੱਢੇ-ਟੁੱਕੇ ਤੇ ਲਹੂ ਲੁਹਾਨ ਲੋਕ ਹੀ ਨਜ਼ਰ ਆਉਂਦੇ; ਚੀਕ ਪੁਕਾਰ ਤੇ ਹਾਲ-ਪਾਹਰਿਆ ਵਾਧੂ ਸੁਣਾਈ ਦਿੰਦੀ।

ਬੀਬੀ ਨੂੰ ਪੁੱਛਣਾ ਕਿ ਗਭਲੇ ਅੰਦਰ ਦੀ ਛੱਤ ਉਤੇ ਇੱਟਾਂ ਕਿਉਂ ਰੱਖੀਆਂ। ਬੀਬੀ ਦੱਸਦੀ, 'ਪੁੱਤ, ਰੌਲਿਆਂ ਵੇਲੇ ਚੜ੍ਹਾਈਆਂ ਸਨ।' ਪੁੱਛਣਾ ਕਿ ਸਾਨੂੰ ਕਾਹਦਾ ਡਰ ਸੀ ਤਾਂ ਉਹ ਦੱਸਦੀ, 'ਪੁੱਤ, ਸਾਡੇ ਲੋਕ ਮੁਸਲਮਾਨਾਂ ਨੂੰ ਮਾਰਦੇ-ਵੱਢਦੇ ਸੀ ਤਾਂ ਡਰ ਸੀ ਕਿਤੇ ਉਹ ਸਾਡੇ 'ਤੇ ਹਮਲਾ ਨਾ ਕਰ ਦੇਣ।' ਅਸੀਂ ਅਗਲਾ ਸਵਾਲ ਕਰਨਾ ਕਿ 'ਇੱਟਾਂ ਨਾਲ ਕੀ ਹੋਣਾ ਸੀ' ਤਾਂ ਉਹ ਦੱਸਦੀ, 'ਪੁੱਤ, ਇੱਟਾਂ ਅਸੀਂ ਆਪਣੇ ਲਈ ਕੋਠੇ ਚੜ੍ਹਾਈਆਂ ਸਨ ਕਿ ਬੰਦੇ ਹੇਠਾਂ ਲੜਨਗੇ ਤੇ ਅਸੀਂ ਤੀਵੀਆਂ ਮਾਨੀਆਂ ਕੋਠੇ ਚੜ੍ਹ ਕੇ ਇੱਟਾਂ ਨਾਲ ਆਪਣੀ ਰਾਖੀ ਕਰਾਂਗੀਆਂ।'

ਇਹ ਗੱਲਾਂ ਸੁਣ ਕੇ ਸਾਡੇ ਬਾਲ ਮਨ ਖੌਫਜ਼ਦਾ ਹੋ ਜਾਂਦੇ, ਸਾਡੇ ਦਿਲਾਂ ਵਿਚ ਦੰਗੇ ਫਸਾਦ ਤੇ ਰੌਲਿਆਂ ਦੇ ਦ੍ਰਿਸ਼ ਘੁੰਮਣ ਲੱਗ ਜਾਂਦੇ ਤੇ ਕੰਨਾਂ ਵਿਚ ਹਾਹਾਕਾਰ ਗੂੰਜਣ ਲੱਗ ਜਾਂਦੀ। ਸਾਡੇ ਸਾਹਮਣੇ ਸੁਣੀ ਹੋਈ ਅਰਦਾਸ ਵਿਚਲੀਆਂ ਰੰਬੀਆਂ, ਆਰੇ, ਦੇਗਾਂ, ਸੂਲੀਆਂ ਤੇ ਬਰਛੇ ਉਲਰਦੇ, ਸਵਾ-ਸਵਾ ਮਣ ਦੇ ਪੀਸਣੇ ਤੇ ਚੱਕੀਆਂ ਆਉਂਦੀਆਂ, ਚਰਖੜੀਆਂ ਤੇ ਲਹੂ-ਲੁਹਾਣ ਖੋਪੜੀਆਂ ਦੇ ਦ੍ਰਿਸ਼ ਸਾਕਾਰ ਹੁੰਦੇ ਤੇ ਅਸੀਂ ਸੋਚਦੇ ਕਿ ਮੁਸਲਮਾਨ ਕਿੰਨੇ ਖੌਫਨਾਕ ਹੁੰਦੇ ਹੋਣਗੇ।

ਬੀਬੀ ਭਾਈਏ ਕੋਲੋਂ ਅਸੀਂ ਤਰ੍ਹਾਂ-ਤਰ੍ਹਾਂ ਦੇ ਸਵਾਲ ਪੁੱਛਣੇ। ਕਦੇ ਉਨ੍ਹਾਂ ਖਿਝ ਜਾਣਾ ਤੇ ਕਦੇ ਲੰਮੀਆਂ ਕਹਾਣੀਆਂ ਛੇੜ ਲੈਣੀਆਂ ਕਿ ਕਿਵੇਂ ਸਾਡੇ ਲੋਕਾਂ ਨੇ ਧਰਮ-ਕਰਮ ਦੀਆਂ ਸਭ ਗੱਲਾਂ ਵਿਸਾਰ ਕੇ ਵਸਦੇ-ਰਸਦੇ ਮੁਸਲਮਾਨਾਂ ਦੇ ਘਰਾਂ ਦੇ ਘਰ ਉਜਾੜ ਦਿੱਤੇ। ਕਿਵੇਂ ਅਬਲਾ ਔਰਤਾਂ ਦੀਆਂ ਇੱਜ਼ਤਾਂ ਲੁੱਟੀਆਂ ਤੇ ਕੁਆਰੀਆਂ ਕੁੜੀਆਂ ਖਿੱਦੋ ਦੀ ਤਰ੍ਹਾਂ ਉਧੇੜ ਦਿੱਤੀਆਂ। ਕਿਵੇਂ ਕਾਂਵਾਂ, ਕੁੱਤਿਆਂ, ਬਿੱਲਿਆਂ ਤੇ ਬੰਦਿਆਂ ਵਿਚ ਕੋਈ ਫਰਕ ਨਾ ਰਿਹਾ।

ਅੱਜ ਉਹ ਲਹੂ ਦੇ ਅੱਥਰੂਆਂ ਦੀਆਂ ਦਰਦਨਾਕ ਕਹਾਣੀਆਂ ਚੇਤਿਆਂ ਵਿਚ ਉੱਸਲਵੱਟੇ ਲੈਂਦੀਆਂ ਹਨ ਤੇ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਦੀਆਂ ਹਨ, ਜਿਨ੍ਹਾਂ ਦੇ ਸਾਹਮਣੇ ਮਿੱਟੀ ਦੇ ਬਾਵੇ ਜਿਹਾ, ਸਾਡਾ ਧਰਮ ਤੇ ਦੀਨ ਇਮਾਨ, ਡੁੰਨਵੱਟਾ ਹੋਇਆ ਮੁਤਰ-ਮੁਤਰ ਝਾਕ ਰਿਹਾ ਹੈ। ਉਹ ਕਿਹੋ ਜਿਹੇ ਦਿਨ ਸਨ ਤੇ ਕਿਹੋ ਜਿਹਾ ਵਕਤ ਸੀ, ਜਦ ਸਾਡੇ ਦਿਲਾਂ ਨੂੰ ਨਫਰਤ ਦੇ ਕੋਬਰੇ ਨੇ ਡੱਸ ਲਿਆ ਸੀ ਕਿ ਅਸੀਂ ਖੁਦ ਨੂੰ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੇ ਪੁਜਾਰੀ ਦੱਸਣ ਵਾਲੇ ਲੋਕ ਲਹੂ ਦੇ ਏਨੇ ਪਿਆਸੇ ਹੋ ਗਏ ਕਿ ਸਾਡੇ ਕਹਿਰ ਦੀਆਂ ਕਹਾਣੀਆਂ ਮੁੱਕਣ ਵਿਚ ਨਹੀਂ ਆਉਂਦੀਆਂ।

ਬਲੀ ਕਿਸੇ ਮੁਸਲਮਾਨ ਟੱਬਰ ਦਾ ਸਿਧਰਾ ਮੁੰਡਾ ਸੀ ਤੇ ਘਰੇ ਘੱਟ-ਵੱਧ ਹੀ ਰਹਿੰਦਾ। ਸਾਰਾ ਦਿਨ ਬਾਹਰ ਤੁਰਦਾ ਫਿਰਦਾ ਰਹਿੰਦਾ। ਜਿਸ ਦਿਨ ਉਹਦੇ ਘਰਦਿਆਂ ਨੂੰ ਅਚਾਨਕ ਜਾਣਾ ਪਿਆ ਸੀ ਤਾਂ ਬਲੀ ਘਰ ਨਹੀਂ ਸੀ ਤੇ ਨਾ ਹੀ ਉਹਦਾ ਕੋਈ ਅਤਾ-ਪਤਾ ਸੀ ਕਿ ਉਹ ਕਿੱਥੇ ਹੋਵੇਗਾ। ਉਹਦੇ ਘਰਦਿਆਂ ਨੇ ਉਹਨੂੰ ਇੱਥੇ ਹੀ ਛੱਡ ਜਾਣ 'ਚ ਸਿਆਣਪ ਸਮਝੀ। ਉਹਨੂੰ ਨਾਲ ਲੈ ਜਾਣਾ ਓਦਾਂ ਵੀ ਖਤਰੇ ਤੋਂ ਖਾਲੀ ਨਹੀਂ ਸੀ। ਕਰਮਾਂ ਦਾ ਮਾਰਿਆ ਬਲੀ ਵਿਚਾਰਾ ਇੱਥੇ ਰਹਿ ਗਿਆ। ਉਹ ਸਾਰਾ ਦਿਨ ਲੋਕਾਂ ਦੇ ਦਰਾਂ 'ਤੇ ਭਟਕਦਾ, 'ਖੰਨਾ ਟੁੱਕ ਦਾੜ' ਮਿਲ ਜਾਣੀ ਤੇ ਰਾਤ ਨੂੰ ਨਾਲ ਦੇ ਪਿੰਡ ਦੀ ਉਜੜੀ ਮਸੀਤ ਵਿਚ ਸੌਂ ਜਾਂਦਾ। ਇਸ ਤੋਂ ਬਿਨਾ ਉਹਦੇ ਸੌਣ ਲਈ ਕੋਈ ਥਾਂ ਨਹੀਂ ਸੀ।

ਬੀਬੀ ਦੱਸਦੀ ਕਿ ਖੁਸ਼ੀਆ ਮੁਸਲਮਾਨ ਮੇਰੇ ਭਾਈਏ ਦਾ ਬੜਾ ਨੇਕ ਮਿੱਤਰ ਸੀ, ਜਿਹਦੀ ਰੀਸੇ ਭਾਈਆ ਜੀ ਹਮੇਸ਼ਾ ਸਲਵਾਰ ਕਮੀਜ਼ ਪਹਿਨਦੇ ਤੇ ਲੜ ਛੱਡਵੀਂ ਪੱਗ ਬੰਨ੍ਹਦੇ। ਹਰ ਵਕਤ ਦੋਹਵੇਂ ਇਕੱਠੇ ਰਹਿੰਦੇ ਤੇ ਛਿੰਝਾਂ ਮੇਲੇ ਦੇਖਦੇ; ਕਦੇ ਕਦੇ ਪ੍ਰਾਹੁਣਚਾਰੀ ਵੀ ਇਕੱਠੇ ਜਾਂਦੇ। ਮੇਰੀ ਬੀਬੀ ਸੂਫ ਦੇ ਘੱਗਰੇ ਪਾਉਂਦੀ। ਸਿੱਖਾਂ ਤੇ ਮੁਸਲਮਾਨਾਂ ਵਿਚ ਏਨਾ ਇਤਫਾਕ ਸੀ ਕਿ ਵੇਲੇ-ਕੁਵੇਲੇ ਇਕ ਦੂਜੇ ਦੇ ਘਰਾਂ ਵਿਚੋਂ ਦਾਲ-ਸਬਜ਼ੀ ਜਾਂ ਦੁੱਧ ਲੱਸੀ ਵੀ ਲੈ ਆਉਂਦੇ। ਬੀਬੀ ਦੱਸਦੀ ਕਿ ਸੰਤਾਲੀ ਦੇ ਨੇੜੇ ਜਾ ਕੇ ਪਤਾ ਨਹੀਂ ਕੀ ਹੋਇਆ ਕਿ ਚਿਰਾਂ ਦੀ ਸਾਂਝ ਵਿਚ ਜਿਵੇਂ ਜ਼ਹਿਰ ਘੁਲ ਗਈ ਹੋਵੇ। ਘਰਾਂ ਵਿਚ ਮੁਸਲਮਾਨਾਂ ਪ੍ਰਤੀ ਨਫਰਤ ਦੀਆਂ ਗੱਲਾਂ ਹੋਣ ਲੱਗ ਪਈਆਂ, ਜਿਨ੍ਹਾਂ ਨੂੰ ਸੁਣ ਕੇ ਸਿੱਖ ਬੱਚੇ ਆਪਣੇ ਮੁਸਲਮਾਨ ਦੋਸਤਾਂ ਦੇ ਮੂੰਹ ਚਿੜਾਉਣ ਲੱਗ ਪਏ। ਇਕੱਲੀ ਨਫਰਤ ਨਾਲ ਗੱਲ ਨਾ ਬਣਦੀ ਤਾਂ ਅਸ਼ਲੀਲਤਾ ਦੇ ਤੜਕੇ ਲਗਦੇ। ਸਿਆਣਿਆਂ ਦੀ ਬਜਾਏ ਬੱਚਿਆਂ ਨੂੰ ਆਪਣੇ ਦੀਨ ਮਜ਼੍ਹਬ ਦਾ ਏਨਾ ਦੁੱਖ ਲੱਗਦਾ ਕਿ ਇਕ-ਦੂਜੇ ਦਾ ਸਿਰ ਪਾੜਨ ਤੱਕ ਜਾਂਦੇ। ਵੱਡੇ ਦੱਬ ਘੁੱਟ ਜਾਂਦੇ ਤੇ ਦਿਲ ਵਿਚ ਕਿਸੇ ਮੌਕੇ ਦੀ ਉਮੀਦ ਅਤੇ ਉਡੀਕ ਵਿਚ ਵਿਉਂਤਾਂ ਬਣਾਉਂਦੇ। ਜਿਵੇਂ ਜਿਵੇਂ ਸੰਤਾਲੀ ਨੇੜੇ ਆ ਰਹੀ ਸੀ, ਉਵੇਂ ਉਵੇਂ ਦਿਲਾਂ ਵਿਚ ਗ਼ੁਬਾਰ ਵੱਧਦਾ ਜਾਂਦਾ ਤੇ ਬੁਰੇ ਅਸਾਰ ਨਜ਼ਰ ਆਉਂਦੇ।

ਬੀਬੀ ਦੱਸਦੀ ਕਿ ਉਧਰ ਆਜ਼ਾਦੀ ਦਾ ਐਲਾਨ ਹੋਇਆ ਤੇ ਇੱਧਰ ਸੰਤ ਬਖਲੌਰ ਸਿੰਘ ਨੇ ਆਪਣੇ ਸੇਵਕ ਇਕੱਠੇ ਕੀਤੇ ਤੇ ਮੁਸਲਮਾਨਾਂ ਦੇ ਵੱਡੇ ਪਿੰਡ ਮੀਰ ਪੁਰ ਨੂੰ ਅੱਗ ਲਾ ਦਿੱਤੀ। ਕਿਸੇ ਨੂੰ ਘਰੋਂ ਨਿਕਲਣ ਦਾ ਵਕਤ ਵੀ ਨਾ ਦਿੱਤਾ। ਕੁਝ ਮਾਰ ਦਿੱਤੇ ਤੇ ਕੁਝ ਸਾੜ ਦਿੱਤੇ। ਬਾਕੀ ਦੇ ਮੁਸਲਮਾਨ ਇਸ ਅਫਰਾ-ਤਫਰੀ ਤੇ ਚੀਕ-ਚਿਹਾੜੇ ਵਿਚ ਪਿੰਡ ਛੱਡ ਕੇ ਦੌੜ ਗਏ। ਉਨ੍ਹਾਂ ਦੀਆਂ ਕਈ ਸੁਨੱਖੀਆਂ ਬਹੂ-ਬੇਟੀਆਂ ਸੰਤ ਨੇ ਆਪਣੇ ਕਬਜ਼ੇ ਵਿਚ ਲੈ ਲਈਆਂ ਤੇ ਖੇਹ ਖਰਾਬ ਕਰਕੇ, ਆਪਣੇ ਮੂਰੇ ਅਤੇ ਬਦਸ਼ੂਰੇ ਚੇਲਿਆਂ ਨੂੰ ਸੌਂਪ ਦਿੱਤੀਆਂ। ਬੀਬੀ ਦੱਸਦੀ ਕਿ ਸੜਦੇ ਹੋਏ ਮੀਰ ਪੁਰ ਪਿੰਡ ਦੇ ਧੂੰਏਂ ਦੇ ਅੰਬਾਰ ਸਾਡੇ ਪਿੰਡੋਂ ਨਜ਼ਰ ਆਉਂਦੇ ਤੇ ਲੋਕ ਕੋਠਿਆਂ 'ਤੇ ਚੜ੍ਹ ਚੜ੍ਹ ਨਜ਼ਾਰੇ ਦੇਖਦੇ।


ਦੇਖਦੇ ਹੀ ਦੇਖਦੇ ਪਿੰਡ ਪਿੰਡ ਜਥੇ ਬਣਨ ਲੱਗੇ। ਸ਼ਹਿਰੋਂ ਜਾ ਜਾ ਬਰਛੇ ਖਰੀਦੇ ਜਾਣ ਲੱਗੇ, ਘਰ ਪਏ ਟਕੂਏ, ਗੰਡਾਸੇ ਤੇ ਕਿਰਪਾਨਾਂ ਤਿੱਖੀਆਂ ਹੋਣ ਲੱਗੀਆਂ। ਅੱਖਾਂ ਵਿਚੋਂ ਹਵਸ ਡੁੱਲ੍ਹ ਡੁੱਲ੍ਹ ਪੈਣ ਲੱਗੀ, ਨੱਕ ਵਿਚੋਂ ਨੂੰਹੇਂ ਡਿਗਦੇ, ਮੱਥੇ 'ਤੇ ਕਿਆਮਤ ਲਿਸ਼ਕਦੀ ਤੇ ਕੰਨਾਂ ਵਿਚ ਚੰਡੀ ਗੂੰਜਦੀ। ਅੱਲ੍ਹਾ ਤੇ ਵਾਹਿਗੁਰੂ ਮੁਕਾਬਲੇ 'ਚ ਆ ਗਏ, ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਤੇ ਬਿਸਮਿਲਾ ਸਕੋਰ ਗਿਣਦੀ।

ਮੇਰੇ ਪਿੰਡ ਦੇ ਮੁਸਲਮਾਨ ਵੀ ਸਮਾਨ ਸਮੇਟਣ ਲੱਗੇ ਤੇ ਧਾਹਾਂ ਮਾਰ ਮਾਰ ਘਰ ਛੱਡਣ ਲੱਗੇ। ਕਿਸੇ ਨੇ ਉਨ੍ਹਾਂ ਨੂੰ ਰੁਕਣ ਲਈ ਨਾ ਕਿਹਾ ਤੇ ਨਾ ਕਿਸੇ ਨੇ ਮੱਦਦ ਦਾ ਭਰੋਸਾ ਦਿੱਤਾ। ਬੀਬੀ ਦੱਸਦੀ ਕਿ ਸਾਡੇ ਭਾਈਏ ਦੇ ਮਿੱਤਰ ਖੁਸ਼ੀਏ ਦੇ ਟੱਬਰ ਨੇ ਅਖੀਰ ਵਿਚ ਪਿੰਡ ਛੱਡਿਆ ਤੇ ਉਹ ਭੁੱਬਾਂ ਮਾਰ ਮਾਰ ਰੋ ਰਿਹਾ ਸੀ ਤੇ ਕਹਿ ਰਿਹਾ ਸੀ, 'ਉਇ ਯਾਰੋ, ਮੈਂ ਵੀ ਜਾਵਾਂ!' ਭਾਈਆ ਜੀ ਸਾਹਮਣੇ ਖੜ੍ਹੇ ਸਨ ਤੇ ਸੰਤ ਬਖਲੌਰ ਸਿੰਘ ਦੇ ਡਰੋਂ, ਆਪਣੇ ਬਚਪਨ ਦੇ ਮਿੱਤਰ ਨੂੰ ਝੂਠੇ-ਸੱਚੇ ਵੀ ਰੁਕਣ ਲਈ ਨਾ ਕਹਿ ਸਕੇ।

ਸਾਡੇ ਪਿੰਡਾਂ ਦੇ ਸਾਰੇ ਮੁਸਲਮਾਨ ਬੇਟ ਦੇ ਪਿੰਡ ਮੰਢਾਲੇ ਕੋਲ ਇਕੱਠੇ ਹੋ ਰਹੇ ਸਨ, ਜਿੱਥੋਂ ਉਨ੍ਹਾਂ ਨੇ ਵੱਡੇ ਕਾਫਲੇ ਦੇ ਰੂਪ ਵਿਚ ਸਤਲੁਜ ਦਰਿਆ ਦੇ ਕੰਢੇ ਕੰਢੇ ਪਾਕਿਸਤਾਨ ਵੱਲ ਰਵਾਨਾ ਹੋਣਾ ਸੀ। ਬੀਬੀ ਦੱਸਦੀ ਕਿ ਮੇਰੇ ਭਾਈਆ ਜੀ ਤਿੰਨ ਦਿਨ ਲਗਾਤਾਰ ਰਾਤ ਬਰਾਤੇ, ਲੁਕ ਛਿਪ ਕੇ ਆਪਣੇ ਖੁਸ਼ੀਏ ਮਿੱਤਰ ਦੇ ਟੱਬਰ ਲਈ ਰੋਟੀ ਲੈ ਕੇ ਮੰਢਾਲੇ ਜਾਂਦੇ ਰਹੇ। ਫਿਰ ਕਿਸੇ ਨੇ ਜਗਤਾਰੇ ਨੂੰ ਦੱਸ ਦਿਤਾ ਤੇ ਉਹਨੇ ਆ ਕੇ ਮੇਰੇ ਭਾਈਏ ਨੂੰ ਡਾਂਟ ਪਾਈ ਤੇ ਰੋਟੀ ਲਿਜਾਣੋ ਰੋਕ ਦਿੱਤਾ। ਅਖੇ 'ਇਹ ਕੌਮ ਭਲੇ ਦੇ ਲਾਇਕ ਨਹੀਂ, ਇਨ੍ਹਾਂ ਨੇ ਤੈਨੂੰ ਹੀ ਮਾਰ ਦੇਣਾ।'

ਜਗਤਾਰਾ ਜਥੇ ਸਮੇਤ ਪਿੰਡੋਂ ਨਿਕਲਦਾ ਤੇ ਰੀਝ ਨਾਲ ਮੁਸਲਮਾਨਾਂ ਦੇ ਘਰ ਲੁੱਟਦਾ ਤੇ ਵੱਢਦਾ ਟੁੱਕਦਾ। ਬੀਬੀ ਦੱਸਦੀ ਕਿ ਉਹ ਮੇਰੇ ਬਾਬੇ ਕੋਲ ਆਇਆ ਕਿ ਉਹ ਮੇਰੇ ਭਾਈਏ ਨੂੰ ਵੀ ਲੁੱਟ ਮਾਰ ਕਰਨ ਲਈ ਭੇਜੇ; ਪਰ ਮੇਰੇ ਬਾਬੇ ਨੇ ਭਾਈਏ ਨੂੰ ਜਾਣ ਨਾ ਦਿੱਤਾ। ਜਗਤਾਰੇ ਨੇ ਮੇਰੇ ਬਾਬੇ ਨੂੰ ਨਾਲ ਜਾਣ ਲਈ ਮਨਾ ਲਿਆ। ਬੀਬੀ ਦੱਸਦੀ ਕਿ ਮੇਰਾ ਬਾਬਾ ਨਾਲ ਤਾਂ ਚਲਿਆ ਜਾਂਦਾ, ਪਰ ਉਹ ਲੁੱਟ ਤੱਕ ਹੀ ਸੀਮਤ ਰਹਿੰਦਾ ਤੇ ਲੁੱਟ ਵਿਚੋਂ ਉਹਦੇ ਹਿੱਸੇ ਇਕ ਸੱਜਰ ਮੱਝ ਆਈ। ਮੇਰਾ ਬਾਬਾ ਕਿਤੋਂ ਕਲਾ ਵਾਲੀ ਚੱਕੀ ਚੁੱਕ ਲਿਆਇਆ ਤੇ ਕਿਤੋਂ ਕਾਲੇ ਸ਼ਾਹ ਪੱਥਰ ਦਾ ਭਾਰਾ ਕੂੰਡਾ ਲੈ ਆਇਆ। ਇਕ ਦੁੱਧ ਚਿੱਟੇ ਸੰਗਮਰਮਰ ਦਾ ਗਲਾਸ ਲਿਆਇਆ, ਜਿਹਦੇ ਵਿਚ ਅਸੀਂ ਘਰ ਦੀ ਸਭ ਤੋਂ ਪਵਿੱਤਰ ਚੀਜ਼ ਧੂਫ ਰੱਖਦੇ।

ਮੇਰਾ ਬਾਬਾ ਘਰ ਆ ਕੇ ਜਗਤਾਰੇ ਦੇ ਕਹਿਰ ਦੀਆਂ ਕਹਾਣੀਆਂ ਸੁਣਾਉਂਦਾ। ਕਿਵੇਂ ਕਿਸੇ ਘਰ ਵਿਚ ਪਏ ਸੰਦੂਕ ਦੇ ਪਿਛਲੇ ਪਾਸੇ ਕੋਈ ਮੁਸਲਮਾਨ ਇਸ ਉਮੀਦ ਨਾਲ ਲੁਕਿਆ ਹੋਇਆ ਸੀ ਕਿ ਚਾਰ ਦਿਨ ਦੇ ਰੌਲੇ-ਰੱਪੇ ਬਾਅਦ ਸ਼ਾਂਤੀ ਪਰਤ ਆਵੇਗੀ ਤੇ ਜਨ ਜੀਵਨ ਆਮ ਹੋ ਜਾਵੇਗਾ; ਪਰ ਉਹਦੀ ਰਤਾ ਕੁ ਜਿੰਨੀ ਹਿਲ-ਜੁਲ ਦੀ ਜਗਤਾਰੇ ਨੂੰ ਭਿਣਕ ਪੈ ਗਈ ਤਾਂ ਉਹਨੇ ਰੋਂਦੇ ਕੁਰਲਾਉਂਦੇ ਮੁਸਲਮਾਨ ਦੇ ਢਿੱਡ ਵਿਚ ਬਰਛੇ ਮਾਰ ਮਾਰ ਕੇ ਮਾਰ ਦਿੱਤਾ। ਬੀਬੀ ਦੱਸਦੀ ਕਿ ਉਸ ਦਿਨ ਦੇ ਬਾਅਦ ਮੇਰੇ ਬਾਬੇ ਨੇ ਉਹਦੇ ਨਾਲ ਜਾਣਾ ਛੱਡ ਦਿੱਤਾ।



*ਬਿਖੜੇ ਪੈਂਡੇ: ਬਟਵਾਰੇ ਦੌਰਾਨ ਆਪਣੇ ਵਸਦੇ-ਰਸਦੇ ਘਰ ਛੱਡ ਕੇ ਦੂਜੀ ਥਾਂ ਵੱਸਣ ਲਈ ਤੁਰੇ ਲੋਕ*

ਲੋਕ ਦੱਸਦੇ ਕਿ ਫਲਾਹੀਆਂ ਦੀ ਝਿੜੀ ਵਿਚ ਜਗਤਾਰੇ ਨੇ ਮੁਸਲਮਾਨਾਂ ਦੀਆਂ ਦੋ ਜੁਆਨ ਕੁੜੀਆਂ ਦੇਖ ਲਈਆਂ। ਉਹਦੇ ਨਾਲ, ਨਾਲ ਦੇ ਪਿੰਡ ਦਾ ਜਮਾਂਦਰੂ ਜਾਹਲ ਅਤੇ ਮੁਸ਼ਟੰਡ ਬੁੜ੍ਹਾ ਪਾਰੜਾ ਵੀ ਸੀ। ਜਗਤਾਰੇ ਨੇ ਇਕ ਕੁੜੀ ਨੂੰ ਪਾਰੜੇ ਨਾਲ ਜਾਣ ਲਈ ਕਿਹਾ ਤਾਂ ਉਹਨੇ ਨਾਂਹ ਕਰ ਦਿੱਤੀ। ਕਹਿੰਦੇ ਹਨ, ਕੁੜੀ ਦੀ ਨਾਂਹ ਸੁਣ ਕੇ, ਜਗਤਾਰਾ ਗੁੱਸੇ ਵਿਚ ਲਾਲ ਪੀਲਾ ਹੋ ਗਿਆ, ਉਹਦੀਆਂ ਅੱਖਾਂ ਵਿਚ ਲਹੂ ਉਤਰ ਆਇਆ ਤੇ ਉਹਨੇ ਦੋਹਾਂ ਕੁੜੀਆਂ ਦਾ ਥਹੇਂ ਕਤਲ ਕਰ ਦਿੱਤਾ। ਕੁਆਰੀਆਂ ਕੁੜੀਆਂ ਦੀਆਂ ਮੁਰਦਾ ਦੇਹਾਂ ਨੂੰ ਕੋਈ ਡਰਦਾ ਹੱਥ ਨਹੀਂ ਸੀ ਲਾਉਂਦਾ ਤੇ ਉਹ ਲਾਸ਼ਾਂ ਕਾਂਵਾਂ, ਕੁੱਤਿਆਂ ਤੇ ਗਿਰਝਾਂ ਦੇ ਕੰਮ ਆਈਆਂ।

ਮੈਂ ਤੇ ਮੇਰਾ ਮਿੱਤਰ ਅਕਸਰ, ਘਰੋਂ ਸੁਣੀਆਂ ਮੁਸਲਮਾਨਾਂ ਦੀਆਂ ਗੱਲਾਂ, ਆਪਸ ਵਿਚ ਸਾਂਝੀਆਂ ਕਰਦੇ ਤੇ ਕੋਈ ਵੀ ਓਪਰਾ ਬੰਦਾ ਦੇਖ ਕੇ ਡਰ ਜਾਂਦੇ, ਜਿਵੇਂ ਉਹ ਕੋਈ ਮੁਸਲਮਾਨ ਹੋਵੇ। ਬੇਸ਼ੱਕ ਅਸੀਂ ਇਹ ਗੱਲਾਂ ਸੁਣ-ਸੁਣ ਵੱਡੇ ਹੋਏ, ਪਰ ਜਦ ਕਦੇ ਵੀ ਉਹ ਗੱਲਾਂ ਮੁੜ ਯਾਦ ਕਰਦੇ ਤਾਂ ਕਈ ਗੱਲਾਂ ਸੱਚੀਆਂ ਲੱਗਦੀਆਂ ਤੇ ਕਈਆਂ 'ਤੇ ਯਕੀਨ ਨਾ ਆਉਣਾ ਕਿ ਸਾਡੇ ਲੋਕ ਏਨੇ ਜ਼ਾਲਿਮ ਤਾਂ ਨਹੀਂ ਹੋ ਸਕਦੇ! ਖਾਸ ਕਰ ਜਗਤਾਰਾ ਤਾਂ ਪਿੰਡ ਦੇ ਸਿੰਘ ਸਭਾ ਗੁਰਦੁਆਰੇ ਦਾ ਖਜਾਨਚੀ ਸੀ ਤੇ ਹਰ ਸੰਗਰਾਂਦ ਨੂੰ ਗੁਰਦੁਆਰੇ ਪ੍ਰਸ਼ਾਦ ਵੀ ਉਹੀ ਵਰਤਾਉਂਦਾ ਸੀ। ਉਹਨੂੰ ਦੇਖ ਕੇ ਕੋਈ ਨਹੀਂ ਸੀ ਕਹਿ ਸਕਦਾ ਕਿ ਪ੍ਰਸ਼ਾਦ ਵਰਤਾਉਣ ਵਾਲੇ ਹੱਥ ਕਾਤਲ ਵੀ ਹੋ ਸਕਦੇ ਹਨ।

ਜਦ ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਐਮ.ਫਿਲ ਕਰ ਰਿਹਾ ਸਾਂ ਤਾਂ ਮੇਰੇ ਇਕ ਦੋਸਤ ਨੇ ਪੰਜਾਬ ਦੀ ਵੰਡ 'ਤੇ ਲਿਖੇ ਨਾਵਲਾਂ 'ਤੇ ਐਮ.ਫਿਲ ਕਰਨੀ ਸ਼ੁਰੂ ਕੀਤੀ। ਉਹਨੇ ਮੈਨੂੰ ਨਾਨਕ ਸਿੰਘ ਦਾ ਨਾਵਲ 'ਅੱਗ ਦੀ ਖੇਡ' ਪੜ੍ਹਨ ਲਈ ਕਿਹਾ। ਉਹ ਨਾਵਲ ਪੜ੍ਹਦਿਆਂ ਮੇਰੇ ਮਨ ਵਿਚ ਬੀਬੀ ਤੋਂ ਸੁਣੀਆਂ ਗੱਲਾਂ ਸਾਕਾਰ ਹੋਣੀਆਂ ਸ਼ੁਰੂ ਹੋ ਗਈਆਂ ਤੇ ਉਨ੍ਹਾਂ ਗੱਲਾਂ 'ਤੇ ਵੀ ਯਕੀਨ ਬੱਝ ਗਿਆ, ਜਿਹੜੀਆਂ ਗੱਲਾਂ ਮਨੋਕਲਪਤ ਲੱਗਣ ਲੱਗ ਪਈਆਂ ਸਨ।

ਮੈਂ ਆਪਣੇ ਭਾਈਏ ਨੂੰ ਕਦੇ ਉਚੀ ਉਚੀ ਹੱਸਦੇ ਨਹੀਂ ਸੀ ਸੁਣਿਆ। ਬੀਬੀ ਦੱਸਦੀ, "ਤੁਹਾਡੇ ਭਾਈਏ ਨੂੰ ਆਪਣੇ ਖੁਸ਼ੀਏ ਮਿੱਤਰ ਦਾ ਹੇਰਵਾ ਵੱਢ ਵੱਢ ਖਾਂਦਾ ਰਹਿੰਦਾ, ਜਦ ਉਹ ਕਹਿੰਦਾ ਸੀ, 'ਉਇ ਯਾਰੋ, ਮੈਂ ਵੀ ਜਾਵਾਂ!' ਤਾਂ ਉਹ ਝੂਠਾ-ਸੱਚਾ ਵੀ ਉਹਨੂੰ ਧਰਵਾਸ ਨਹੀਂ ਸਨ ਦੇ ਸਕੇ।" ਮੈਨੂੰ ਆਪਣੇ ਭਾਈਏ ਦੀ ਇਸ ਗੱਲ 'ਤੇ ਤਰਸ ਵੀ ਆਉਂਦਾ ਤੇ ਖਿਝ ਵੀ। ਬੇਸ਼ੱਕ ਉਨ੍ਹਾਂ ਦਾ ਹੁਕਮ ਸੀ ਕਿ ਜਦ ਵੀ ਬਲੀ ਆਵੇ ਤਾਂ ਉਹਨੂੰ ਕੁਝ ਨਾ ਕੁਝ ਖਾਣ ਨੂੰ ਜ਼ਰੂਰ ਦੇਣਾ ਹੈ ਤਾਂ ਵੀ ਖੁਸ਼ੀਏ ਵਾਲੀ ਗੱਲ ਤਾਂ ਉਥੇ ਦੀ ਉਥੇ ਖੜ੍ਹੀ ਹੈ ਨਾ। ਸੰਤ ਬਖਲੌਰ ਸਿੰਘ ਨੇ ਵੀ ਕੋਈ ਖਾ ਥੋੜੀ ਜਾਣਾ ਸੀ। ਮੇਰਾ ਭਾਈਆ ਕਿਸੇ ਦੀ ਮਿੰਨਤ ਤਰਲਾ ਕਰਕੇ ਆਪਣੇ ਦੋਸਤ ਖੁਸ਼ੀਏ ਨੂੰ ਇੱਥੇ ਰੱਖ ਲੈਂਦਾ ਤਾਂ ਏਨਾ ਦੁਖੀ ਨਾ ਹੁੰਦਾ। ਹੁਣ ਪਛਤਾਉਣ ਦਾ ਕੀ ਫਾਇਦਾ! ਹੁਣ ਤਾਂ ਸਾਰਾ ਪੰਜਾਬ ਭਗੀਰਥ ਦੀ ਤਰ੍ਹਾਂ ਸੱਤ ਧੂਣੀਆਂ ਬਾਲ ਕੇ ਸੱਤ ਹਜ਼ਾਰ ਸਾਲ ਵੀ ਤਪ ਕਰੀ ਜਾਵੇ, ਤਾਂ ਵੀ ਮੁਕੰਮਲ ਪਸ਼ਚਾਤਾਪ ਨਹੀਂ ਹੋ ਸਕਦਾ।

ਹੁਣ ਹਰ ਸਾਲ ਜਦ ਪੰਦਰਾਂ ਅਗਸਤ ਨੇੜੇ ਆਉਂਦੀ ਹੈ ਤਾਂ ਮੈਨੂੰ ਆਜ਼ਾਦੀ ਦਾ ਜਸ਼ਨ, ਬਰਬਾਦੀ ਦਾ ਕਫਨ ਮਹਿਸੂਸ ਹੁੰਦਾ ਹੈ ਤੇ ਉਸ ਦਿਨ ਮੈਨੂੰ ਮੇਰੇ ਭਾਈਏ ਦਾ ਦੋਸਤ ਖੁਸ਼ੀਆ ਤੇ ਬਲੀ ਚੇਤੇ ਆਉਂਦੇ ਹਨ, ਜਿਨ੍ਹਾਂ ਦੀ ਗੱਲ ਲਿਖਣੀ ਜਾਂ ਕਹਿਣੀ ਮੇਰੇ ਲਈ ਹਾਰਾਕੀਰੀ ਤੋਂ ਘੱਟ ਨਹੀਂ। ਇਹ ਲਿਖਦੇ ਲਿਖਦੇ ਮੇਰੇ ਅੰਦਰੋਂ ਕਈ ਵਾਰੀ ਭੁੱਬਾਂ ਵਰਗਾ ਰੋਣਾ ਫੁੱਟਿਆ ਤੇ ਮੈਨੂੰ ਸੁਰਜੀਤ ਪਾਤਰ ਦਾ ਸ਼ਿਅਰ ਯਾਦ ਆਇਆ:

ਹਰ ਵਾਰੀ ਆਪਣੇ ਹੀ ਅੱਥਰੂ
ਅੱਖੀਆਂ ਵਿਚ ਨਹੀਂ ਆਉਂਦੇ,
ਕਦੀ ਕਦੀ ਸਾਡੇ ਪਿਤਰ ਵੀ
ਰੋਂਦੇ ਸਾਡੀਆਂ ਅੱਖਾਂ ਥਾਣੀਂ।

ਬਹੁਤ ਸਾਰੇ ਲੋਕ ਆਪੋ ਆਪਣੇ ਜ਼ੁਲਮ ਨੂੰ ਇਸ ਕਰਕੇ ਜਾਇਜ਼ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਦੇ ਹਮਸਾਇਆਂ ਨਾਲ ਵੀ ਦੂਸਰੇ ਪਾਸੇ ਅਤਿਆਚਾਰ ਹੋਏ ਸਨ। ਇਹ ਹਕੀਕਤ ਹੈ ਕਿ ਸੰਤਾਲੀ ਦੀ ਕਤਲੋਗਾਰਤ ਵਿਚ ਅਸੀਂ ਸਾਰੇ ਆਪੋ-ਆਪਣੇ ਧਰਮ ਕਰਮ ਨੂੰ ਭੁੱਲ ਬੈਠੇ ਸਾਂ। ਜਿਨ੍ਹਾਂ ਲੋਕਾਂ ਨੂੰ ਉਨ੍ਹਾਂ ਨੇ ਮਾਰਿਆ, ਉਨ੍ਹਾਂ ਲੋਕਾਂ ਨੇ ਉਨ੍ਹਾਂ ਦਾ ਕੁਝ ਨਹੀਂ ਸੀ ਵਿਗਾੜਿਆ। ਜਿਨ੍ਹਾਂ ਲੋਕਾਂ ਨੂੰ ਅਸੀਂ ਮਾਰਿਆ, ਉਨ੍ਹਾਂ ਲੋਕਾਂ ਨੇ ਸਾਡਾ ਕੁਝ ਨਹੀਂ ਸੀ ਵਿਗਾੜਿਆ। ਅਸੀਂ ਵੀ ਬੇਦੋਸ਼ੇ ਮਾਰੇ ਤੇ ਉਨ੍ਹਾਂ ਨੇ ਵੀ ਬੇਦੋਸ਼ੇ ਮਾਰੇ। ਅਸੀਂ ਵੀ ਦੋਸ਼ੀ ਹਾਂ, ਉਹ ਵੀ ਦੋਸ਼ੀ ਹਨ। ਦੋਸ਼ ਬਦਲੇ ਦੋਸ਼ ਮਾਫ ਨਹੀਂ ਹੋ ਜਾਂਦਾ।

ਅਸੀਂ ਆਪਣੇ ਕੀਤੇ ਦੀ ਸਜ਼ਾ ਪਾਉਣੀ ਹੈ, ਉਨ੍ਹਾਂ ਆਪਣੇ ਕੀਤੇ ਦੀ। ਅਸੀਂ ਆਪਣੇ ਕੀਤੇ ਦਾ ਪਸ਼ਚਾਤਾਪ ਕਰੀਏ, ਉਹ ਆਪਣੇ ਦਾ ਕਰਨ। ਇਵੇਂ ਹੀ ਸਾਡੀ ਗਤੀ ਸੰਭਵ ਹੈ।

ਉਹ ਕਰਨ ਜਾ ਨਾ ਕਰਨ, ਅਸੀਂ ਵੱਡੇ ਬਣੀਏ ਤੇ ਆਪਣੇ ਕੀਤੇ ਨੂੰ ਕਬੂਲਦੇ ਹੋਏ ਬਖਸ਼ੇ ਜਾਣ ਲਈ ਅਰਦਾਸ ਕਰੀਏ। ਨਹੀਂ ਤਾਂ ਸਾਡੇ ਦੋਸ਼ ਸਾਨੂੰ ਚੈਨ ਨਹੀਂ ਲੈਣ ਦੇਣਗੇ। ਕੀ ਹੁੰਦਾ ਜੇ ਅਸੀਂ 'ਸੇਵਾ ਸੰਭਾਲ ਦੇ ਦਾਨ' ਦੇ ਨਾਲ ਆਪਣੇ ਕੀਤੇ ਪਾਪਾਂ ਦੀ ਭੁੱਲ ਵੀ ਬਖਸ਼ਾ ਲੈਂਦੇ: ...ਪਾਪ ਤਿਨ੍ਹ ਭੀਤਰਿ ਕੰਪਹਿ॥

ਬੇਸ਼ੱਕ ਮੈਂ ਮੁਸਲਮਾਨਾਂ ਦੀ ਉਸ ਮੱਝ ਦਾ ਦੁੱਧ ਨਹੀਂ ਪੀਤਾ, ਪਰ ਮੈਂ ਉਸ ਚੱਕੀ ਵਿਚ ਪੀਸੀ ਸੂਜੀ ਦਾ ਪ੍ਰਸ਼ਾਦ ਛਕਿਆ ਹੈ। ਉਸ ਕੂੰਡੇ ਵਿਚ ਰਗੜੇ ਮਸਾਲੇ ਤੇ ਕੁੱਟੀ ਹੋਈ ਚਟਣੀ ਦਾ ਸੁਆਦ ਚੱਖਿਆ ਹੈ। ਹੋਰ ਤਾਂ ਹੋਰ ਸਾਲਾਂ ਬੱਧੀ ਉਸ ਸੰਗਮਰਮਰ ਦੇ ਦੁੱਧ ਚਿੱਟੇ ਗਲਾਸ ਵਿਚ ਰੱਖਿਆ ਧੂਫ ਧੁਖਾਇਆ ਹੈ। ਮੇਰੇ ਅੰਦਰ ਕਦੀ ਕਦੀ ਮੇਰੇ ਭਾਈਏ ਦਾ ਮਿੱਤਰ ਖੁਸ਼ੀਆ ਬੋਲਦਾ ਹੈ, ਜੋ ਆਪਣਾ ਸਮਾਨ ਸਮੇਟੀ ਘਰ ਦੇ ਬਾਹਰ ਖੜ੍ਹਾ ਧਾਹਾਂ ਮਾਰ ਮਾਰ ਪੁਕਾਰ ਰਿਹਾ ਹੈ, 'ਉਇ ਯਾਰੋ, ਮੈਂ ਵੀ ਜਾਵਾਂ।'

ਹੁਣ ਤਾਂ ਗੱਲ ਇਸ ਤੋਂ ਵੀ ਅੱਗੇ ਲੰਘ ਗਈ। ਕਦੇ ਕਦੇ ਮੈਨੂੰ ਇਵੇਂ ਲੱਗਦਾ, ਜਿਵੇਂ ਮੈਂ ਹੀ ਬਲੀ ਹੋਵਾਂ ਤੇ ਮੈਨੂੰ ਮੇਰੇ ਬੀਬੀ ਭਾਈਆ ਤੇ ਭੈਣ-ਭਾਈ ਪਾਗਲ ਜਾਣ ਕੇ ਇੱਧਰ ਛੱਡ ਗਏ ਹੋਣ। ਜਿਵੇਂ ਮੈਨੂੰ ਸਾਂਭਣ ਵਾਲਾ ਇਸ ਦੇਸ਼ ਵਿਚ ਮੇਰਾ ਕੋਈ ਨਾ ਹੋਵੇ ਤੇ ਮੈਂ ਹੁਣ ਲੋਕਾਂ ਦੇ ਮੁੱਖ 'ਤੇ ਖੜ੍ਹਾ ਕਹਿ ਰਿਹਾ ਹੋਵਾਂ, 'ਖੰਨਾ ਟੁੱਕ ਦਾੜ।'

# ਹਾਕੀ ਤੋਂ ਕੰਪਿਊਟਰ ਤਕ ਕਿਰਪਾਲ ਸਿੰਘ ਪੰਨੂੰ

ਪੰਜਾਬੀ ਖੇਡ ਸਾਹਿਤ 50



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕਿਰਪਾਲ ਸਿੰਘ ਪੰਨੂੰ ਦਾ ਜੀਵਨ ਸਫਰ ਹਾਕੀ ਤੋਂ ਕੰਪਿਊਟਰ ਤੱਕ ਦਾ ਹੈ। ਉਹ ਹਾਕੀ ਦਾ ਵੈਟਰਨ ਖਿਡਾਰੀ ਹੋਣ ਨਾਲ ਪੰਜਾਬੀ ਕੰਪਿਊਟਰ ਦਾ ਵੀ ਧਨੰਤਰ ਹੈ। 1956-66 ਦੌਰਾਨ ਉਹ ਓਲੰਪੀਅਨ ਬਲਬੀਰ ਸਿੰਘ, ਊਧਮ ਸਿੰਘ, ਗੁਰਦੇਵ ਸਿੰਘ ਤੇ ਪ੍ਰਿਥੀਪਾਲ ਸਿੰਘ ਹੋਰਾਂ ਨਾਲ ਪੁਲਿਸ ਵਿਚ ਹਾਕੀ ਖੇਡਿਆ। 1990 ਤੋਂ ਉਹ ਕੰਪਿਊਟਰ ਦਾ ਪੰਜਾਬੀਕਰਨ ਕਰ ਰਿਹੈ, ਪਰ ਉਸ ਦੀ ਕੰਪਿਊਟਰੀ ਪ੍ਰਤਿਭਾ ਤੇ ਘਾਲਣਾ ਨੂੰ ਪੰਜਾਬੀ ਸੰਸਥਾਵਾਂ ਵੱਲੋਂ ਗੌਲਿਆ ਨਹੀਂ ਗਿਆ। ਐਨ ਉਵੇਂ, ਜਿਵੇਂ ਵਣਜਾਰਾ ਬੇਦੀ ਪੰਜਾਬੀ ਲੋਕ ਧਾਰਾ ਦੇ ਪਹਾੜ ਨਾਲ ਮੱਥਾ ਮਾਰਦਾ ਰਿਹਾ, ਪਰ ਕਿਸੇ ਪੰਜਾਬੀ ਸੰਸਥਾ ਨੇ ਉਸ ਵੱਲ ਧਿਆਨ ਨਾ ਦਿੱਤਾ। ਉਹਦੇ ਕੂਚ ਕਰ ਜਾਣ ਬਾਅਦ ਉਹਦਾ ਕੀਤਾ ਕੰਮ ਵੇਖ ਕੇ ਖੋਜੀ ਵਿਦਵਾਨ ਦੰਗ ਹਨ। ਜੇ ਖੋਜ ਸੰਸਥਾਵਾਂ ਉਸ ਨੂੰ ਜਿਊਂਦੇ ਜੀਅ ਸਹਿਯੋਗ ਦਿੰਦੀਆਂ ਤਾਂ ਲੋਕ ਧਾਰਾ ਦੇ ਉਸ ਫਰਿਹਾਦ ਤੋਂ ਕਿਤੇ ਵੱਧ ਕੰਮ ਕਰਵਾ ਲੈਂਦੀਆਂ।

ਪੰਨੂੰ ਨੇ ਕੈਨੇਡਾ ਵਿਚ ਕੰਪਿਊਟਰ ਦੇ ਪੰਜਾਬੀਕਰਨ ਦਾ ਲੰਗਰ ਲਾ ਰੱਖਿਆ ਹੈ। ਉਸ ਨੂੰ ਕੰਪਿਊਟਰ ਦਾ ਭਾਈ ਘਨੱਈਆ ਕਿਹਾ ਜਾਂਦਾ ਹੈ। ਰਿਟਾਇਰ ਹੋਣ ਵੇਲੇ ਉਹ ਬਾਰਡਰ ਸਿਕਿਉਰਿਟੀ ਫੋਰਸ ਦਾ ਕਮਾਂਡੈਂਟ ਸੀ। ਹੱਥ 'ਚ ਕਾਰਬਾਈਨ ਤੇ ਮੋਢਿਆਂ 'ਤੇ ਸਟਾਰ ਸਨ। ਉਹ ਖਿੱਦੋ ਖੂੰਡੀ ਤੋਂ ਹਾਕੀ, ਹਾਕੀ ਤੋਂ ਕਾਰਬਾਈਨ ਤੇ ਕਾਰਬਾਈਨ ਤੋਂ ਕੰਪਿਊਟਰ ਵੱਲ ਆਇਆ। ਉਸ ਨੇ ਖੇਡਾਂ ਖਿਡਾਰੀਆਂ ਤੇ ਕੰਪਿਊਟਰ ਬਾਰੇ ਕਲਮ ਵਾਹੀ ਤੇ ਖੇਡ ਸਾਹਿਤ ਵਿਚ ਯੋਗਦਾਨ ਪਾਇਆ। ਉਸ ਦੀਆਂ ਲਿਖਤਾਂ ਅਖਬਾਰਾਂ ਵਿਚ ਛਪਦੀਆਂ ਰਹੀਆਂ ਅਤੇ ਪੁਸਤਕ ਵੀ ਛਪਵਾਈ, 'ਆਓ ਕੰਪਿਊਟਰ ਸਿੱਖੀਏ।'

ਉਸ ਦਾ ਜਨਮ 25 ਮਾਰਚ 1936 ਨੂੰ ਰਾੜਾ ਸਾਹਿਬ ਨੇੜੇ ਪਿੰਡ ਕਟਾਹਰੀ ਵਿਚ ਪਿਤਾ ਪ੍ਰੇਮ ਸਿੰਘ ਤੇ ਮਾਤਾ ਰਤਨ ਕੌਰ ਦੇ ਘਰ ਹੋਇਆ। ਉਹ ਪੜ੍ਹਾਈ 'ਚ ਹੁਸ਼ਿਆਰ ਸੀ ਤੇ ਹਾਕੀ ਦਾ ਤਕੜਾ ਖਿਡਾਰੀ ਸੀ। ਗਿਆਨੀ ਕਰ ਕੇ ਬੀ. ਏ. ਕਰਨ ਨਾਲ ਗੁਰਮੁਖੀ, ਸ਼ਾਹਮੁਖੀ ਤੇ ਰੋਮਨ ਲਿਪੀਆਂ ਦਾ ਪੂਰਾ ਜਾਣੂੰ ਹੋ ਗਿਆ ਸੀ, ਜੋ ਕੰਪਿਊਟਰ ਦੇ ਪੰਜਾਬੀਕਰਨ ਵਿਚ ਕੰਮ ਆਈਆਂ। ਬੀ. ਐੱਸ. ਐੱਫ. ਵਿਚੋਂ ਅਗਾਊਂ ਰਿਟਾਇਰਮੈਂਟ ਲੈ ਕੇ 1988 ਵਿਚ ਉਹ ਕੈਨੇਡਾ ਪੁੱਜਾ ਸੀ। ਉਹਦੇ ਬੱਚਿਆਂ ਨੇ ਕੰਪਿਊਟਰ ਦੀ ਉੱਚ ਸਿੱਖਿਆ ਪ੍ਰਾਪਤ ਕੀਤੀ ਹੋਈ ਸੀ, ਜਿਸ ਕਰਕੇ ਘਰ ਵਿਚ ਕੰਪਿਊਟਰ ਪਏ ਸਨ। ਘਰੋਂ ਹੀ ਉਸ ਨੂੰ ਕੰਪਿਊਟਰ ਸਿੱਖਣ ਦੀ ਜਾਗ ਲੱਗੀ। ਫਿਰ ਉਸ ਨੇ ਆਪਣੀ ਸਾਰੀ ਵਿਹਲ ਤੇ ਪ੍ਰਤਿਭਾ ਕੰਪਿਊਟਰ ਦੀ ਕਾਰੀਗਰੀ ਕਰਨ ਵਿਚ ਝੋਕ ਦਿੱਤੀ, ਜਿਸ ਦੇ ਸਿੱਟੇ ਸਾਹਮਣੇ ਹਨ। ਕਿਸੇ ਦਾ ਕੰਪਿਊਟਰ ਬਿਮਾਰ ਹੋ ਜਾਵੇ ਤਾਂ ਉਹ ਵੈਦ ਰੋਗੀਆਂ ਦਾ ਬਣ ਕੇ ਬਹੁੜਦਾ। ਕਿਸੇ ਨੇ ਕੰਪਿਊਟਰ ਦੀ ਜਾਚ ਸਿੱਖਣੀ ਹੋਵੇ ਤਾਂ ਉਹ ਹਰ ਵੇਲੇ ਹਾਜ਼ਰ ਹੁੰਦਾ। ਉਸ ਤੋਂ ਕੰਪਿਊਟਰ ਸਿੱਖੇ ਸ਼ਾਗਿਰਦਾਂ ਦੀ ਗਿਣਤੀ ਵੀਹਾਂ 'ਚ ਨਹੀਂ, ਸੈਂਕੜਿਆਂ ਵਿਚ ਹੈ, ਜਿਨ੍ਹਾਂ 'ਚ ਮੈਂ ਵੀ ਹਾਂ।

2011 ਵਿਚ ਮੈਂ ਪੰਨੂੰ ਬਾਰੇ ਪੁਸਤਕ ਸੰਪਾਦਿਤ ਕੀਤੀ ਸੀ, ਜਿਸ ਦਾ ਨਾਂ ਪਹਿਲਾਂ 'ਕੰਪਿਊਟਰ ਦਾ ਧੰਨਾ ਜੱਟ' ਸੋਚਿਆ, ਫਿਰ 'ਕੰਪਿਊਟਰ ਦਾ ਧਨੰਤਰ' ਰੱਖਿਆ। ਉਸ ਵਿਚ ਪੰਜਾਹ ਕੁ ਲੇਖਕਾਂ ਨੇ ਆਪਣੀਆਂ ਲਿਖਤਾਂ ਨਾਲ ਯੋਗਦਾਨ ਪਾਇਆ, ਜਿਨ੍ਹਾਂ ਦਾ ਮੁੱਢ ਵਰਿਆਮ ਸਿੰਘ ਸੰਧੂ ਨੇ ਨਾਟਕੀ ਢੰਗ ਨਾਲ ਬੱਧਾ:

### ਦਰਿਆ ਦਿਲ ਪੰਨੂੰ

ਸਾਲ 1978, ਮੈਂ ਆਪਣੇ ਪਿੰਡ ਸੁਰ ਸਿੰਘ ਦੇ ਹਾਈ ਸਕੂਲ ਵਿਚ ਆਪਣੀ ਜਮਾਤ ਦਾ ਪੀਰਡ ਲਾ ਕੇ ਦਫਤਰ ਵਿਚ ਬੈਠਾ ਹੀ ਸਾਂ ਕਿ ਸਕੂਲ ਦੇ ਗੇਟ ਅੱਗੇ ਇੱਕ ਜੀਪ ਰੁਕੀ। ਉਸ ਵਿਚੋਂ ਖਾਕੀ ਵਰਦੀ ਵਾਲਾ ਅਫਸਰ, ਅੱਗੇ ਨੂੰ ਥੋੜ੍ਹੇ ਕੁ ਮੋਢੇ ਝੁਕਾ ਕੇ ਤੁਰਦਾ ਹੋਇਆ ਇੰਜ ਲੱਗਾ, ਜਿਵੇਂ ਮੋਢਿਆਂ 'ਤੇ ਲਿਸ਼ਕਦੇ ਸਟਾਰ ਵਿਖਾਉਣ ਲਈ ਉਚੇਚ ਕਰ ਰਿਹਾ ਹੋਵੇ। ਉਹਦੇ ਪਿੱਛੇ ਪਿੱਛੇ ਉਹਦਾ ਸਹਾਇਕ। ਉਹ ਦਫਤਰ ਵਿਚ ਆ ਵੜੇ।

ਮੈਂ ਸੋਚਿਆ, 'ਲੈ ਪੈ ਗਿਆ ਫੇਰ ਕੋਈ ਹੋਰ ਸਿਆਪਾ!'

ਅਫਸਰ ਨੇ ਪੁੱਛਦੀਆਂ ਨਜ਼ਰਾਂ ਨਾਲ ਸਾਹਮਣੀ ਕੁਰਸੀ 'ਤੇ ਬੈਠੇ ਮੁੱਖ ਅਧਿਆਪਕ ਨੂੰ ਪੁੱਛਿਆ, 'ਵਰਿਆਮ ਸਿੰਘ ਸੰਧੂ?'

ਮੁੱਖ ਅਧਿਆਪਕ ਨੂੰ ਮੇਰੇ ਵਾਲਾ ਫੁਰਨਾ ਹੀ ਫੁਰਿਆ ਹੋਣਾ ਏਂ। ਮੁਸਕਰਾ ਕੇ ਬੜੇ ਅਦਬ ਨਾਲ ਕਹਿੰਦਾ, 'ਸਾਹਿਬ ਬਹਾਦਰ! ਤੁਸੀਂ ਬੈਠੋ ਤਾਂ ਸਹੀ ਕੁਰਸੀ ਲੈ ਕੇ। ਸੰਧੂ ਸਾਬ੍ਹ ਏਥੇ ਈ ਨੇ। ਆਹ ਵੇਖੋ। ਲਿਆ ਬਈ ਬੁੱਢਾ ਸਿਆਂ! ਪਾਣੀ ਦਾ ਗਿਲਾਸ ਸਰਦਾਰ ਸਾਬ੍ਹ ਲਈ।'

ਪਰ 'ਸਾਹਿਬ ਬਹਾਦਰ' ਕੁਰਸੀ 'ਤੇ ਨਹੀਂ ਬੈਠਾ। ਮੇਰੀ ਕੁਰਸੀ ਵੱਲ ਵਧਿਆ। ਬੜੇ ਤਪਾਕ ਨਾਲ ਮੇਰੇ ਨਾਲ ਹੱਥ ਮਿਲਾਇਆ। ਉਸ ਦੇ ਮਿਲਣ ਵਿਚਲੀ ਗਰਮਜੋਸ਼ੀ ਨੇ ਮੇਰਾ ਸਾਹ ਸੌਖਾ ਜਿਹਾ ਕਰ ਦਿੱਤਾ। ਮੈਂ ਹੈਰਾਨ ਵੀ ਹੋਇਆ। ਪੁਲਿਸ ਵਿਚ 'ਏਡਾ ਮੇਰਾ ਕਿਹੜਾ ਦਰਦੀ!'

ਹੁਣ ਤੁਸੀਂ ਅੰਦਰੇ ਅੰਦਰ ਹੱਸਦੇ ਹੋਵੋਗੇ ਕਿ ਏਡਾ ਨਾਟਕੀ ਦ੍ਰਿਸ਼ ਸਿਰਜਣ ਦੀ ਭਲਾ ਕੀ ਲੋੜ ਸੀ! ਸਾਰੇ ਜਾਣਦੇ ਨੇ ਉਹ 'ਸਾਹਿਬ ਬਹਾਦਰ' ਆਪਣਾ ਕਿਰਪਾਲ ਸਿੰਘ ਪੰਨੂੰ ਹੀ ਸੀ।

ਮੈਂ ਕਦੋਂ ਮੁੱਕਰਦਾਂ। ਹੈ ਤਾਂ ਕਿਰਪਾਲ ਸਿੰਘ ਪੰਨੂੰ ਹੀ ਸੀ, ਪਰ ਇੱਕ ਵਾਰ ਤਾਂ ਜਨਾਬ ਨੇ ਮੇਰਾ ਤ੍ਰਾਹ ਹੀ ਕੱਢ ਦਿੱਤਾ ਸੀ। ਅੱਜ ਤੱਕ ਪੁਲਿਸ ਮੈਨੂੰ 'ਲੈਣ' ਈ ਆਉਂਦੀ ਰਹੀ ਸੀ, 'ਮਿਲਣ' ਕਦੀ ਨਹੀਂ ਸੀ ਆਈ ਤੇ ਉਹ ਵੀ ਏਨੇ ਮੁਹੱਬਤੀ ਤੇ ਮਿਲਾਪੜੇ ਅੰਦਾਜ਼ ਵਿਚ! ਉਨ੍ਹੀਂ ਦਿਨੀਂ ਸਰਕਾਰ ਦਾ ਕੁਝ ਵਧੇਰੇ ਹੀ 'ਚਹੇਤਾ' ਹੋਣ ਕਰਕੇ ਪੁਲਿਸ ਦੇ 'ਆਉਣ' ਤੇ ਮੈਨੂੰ 'ਲੈ ਜਾਣ' ਦਾ ਮਾਣ ਅਕਸਰ ਹੀ ਮਿਲਦਾ ਰਹਿੰਦਾ ਸੀ। ਹੁਣ ਵੀ ਮੈਂ ਉਨ੍ਹਾਂ ਨੂੰ ਵੇਖ ਕੇ ਇਹੋ ਹੀ ਲੱਖਣ ਲਾਇਆ ਸੀ ਕਿ 'ਲਾਲ ਪਗੜੀਆਂ ਵਾਲੇ ਆਲੋਚਕ' ਮੇਰੇ 'ਕੀਤੇ ਕੰਮਾਂ ਤੇ ਲਿਖਤਾਂ ਦੀ ਦਾਦ ਦੇਣ ਮੁੜ ਤੋਂ ਆਣ ਧਮਕੇ ਹਨ।'


ਕੁਰਸੀ ਉੱਤੇ ਬੈਠ ਕੇ ਪੰਨੂੰ ਮੇਰਾ ਵੱਜ ਬਣਾ ਰਿਹਾ ਸੀ। ਪਿਛਲੇ ਦਿਨੀਂ ਉਹ ਅੰਮ੍ਰਿਤਸਰ ਦੇ ਬੱਸ ਅੱਡੇ 'ਤੇ ਕਿਤਾਬਾਂ ਰਿਸਾਲੇ ਵੇਖ ਰਿਹਾ ਸੀ ਤੇ ਕੁਝ ਵਿਸ਼ੇਸ਼ ਸਾਹਿਤਕਾਰਾਂ ਦੀਆਂ ਨਵੀਆਂ ਛਪੀਆਂ ਕਿਤਾਬਾਂ ਬਾਰੇ ਪੁੱਛ ਰਿਹਾ ਸੀ ਕਿ ਸਟਾਲ 'ਤੇ ਖਲੋਤੇ ਮੇਰੇ ਕਿਸੇ ਜਾਣੂ ਪਾਠਕ ਨੇ ਪੁੱਛਿਆ, 'ਤੁਸੀਂ ਸਾਡੇ ਇਲਾਕੇ ਦੇ ਲੇਖਕ ਵਰਿਆਮ ਸਿੰਘ ਸੰਧੂ ਨੂੰ ਪੜ੍ਹਿਆ ਏ?' ਤੇ ਫਿਰ ਮੇਰੀਆਂ ਗੱਲਾਂ ਚੱਲ ਪਈਆਂ। ਪੰਨੂੰ ਨੇ ਉਸ ਤੋਂ ਮੇਰੇ ਪਿੰਡ ਤੇ ਥਾਂ-ਟਿਕਾਣੇ ਬਾਰੇ ਪੁੱਛਿਆ। ਮੈਂ ਤਾਂ ਉਸ ਦੀ ਪਹੁੰਚ ਵਿਚ ਹੀ ਸਾਂ। ਪੰਨੂੰ ਉਦੋਂ ਮੇਰੇ ਪਿੰਡ ਤੋਂ ਸਵਾ-ਡੇਢ ਮੀਲ ਦੀ ਵਿੱਥ 'ਤੇ ਬਣੀ ਬੀ. ਐੱਸ. ਐਫ. ਦੀ ਛਾਉਣੀ ਵਿਖੇ ਤਾਇਨਾਤ ਸੀ। ਅਗਲੇ ਦਿਨ ਛਾਉਣੀਓਂ ਨਿਕਲਦਿਆਂ ਉਸ ਨੇ ਡਰਾਈਵਰ ਨੂੰ ਜੀਪ ਮੇਰੇ ਪਿੰਡ ਵੱਲ ਮੋੜਨ ਲਈ ਕਿਹਾ ਤੇ ਹੁਣ ਅਸੀਂ ਆਹਮੋ-ਸਾਹਮਣੇ ਸਾਂ।

ਉਥੋਂ ਉੱਠ ਕੇ ਅਸੀਂ ਘਰ ਚਲੇ ਗਏ। ਜਲ-ਪਾਣੀ ਪੀਤਾ, ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਜਾਣ ਲੱਗਾ ਉਹ ਮੇਰੇ ਰੋਕਦਿਆਂ ਰੋਕਦਿਆਂ ਤੇ ਕਹਿੰਦਿਆਂ ਕਹਿੰਦਿਆਂ ਕਿ 'ਇਹ ਮੇਰੇ ਕੰਮ ਦੀ ਚੀਜ਼ ਨਹੀਂ' ਉਹ ਉਚੇਚੇ ਤੌਰ 'ਤੇ ਮੇਰੇ ਲਈ ਲਿਆਂਦੀ ਰੰਮ ਦੀ ਬੋਤਲ ਰੱਖ ਗਿਆ ਤੇ ਮੇਰੇ ਕੋਲੋਂ ਕੁਝ ਕਿਤਾਬਾਂ ਦੇ ਨਾਲ ਨਾਲ ਮੇਰਾ ਦਿਲ ਵੀ ਆਪਣੇ ਨਾਲ ਲੈ ਗਿਆ। ਨਾ ਉਸ ਨੇ ਮੁੜ ਕੇ ਮੇਰੀਆਂ ਕਿਤਾਬਾਂ ਮੋੜੀਆਂ ਤੇ ਨਾ ਦਿਲ ਹੀ। ਉਸ ਦੇ ਮਿਲਣ ਆਉਣ ਨਾਲ ਮੇਰੀ ਚੰਗੀ ਭੱਲ ਬਣੀ। ਸਕੂਲ ਦੇ ਮਾਸਟਰ ਤੇ ਪਿੰਡ ਦੇ ਲੋਕ ਸਮਝਣ ਲੱਗੇ ਕਿ 'ਮੈਂ ਵੀ ਕੁਝ ਹਾਂ' ਜਿਹਨੂੰ ਏਡੇ ਏਡੇ ਅਫਸਰ 'ਸਲਾਮ' ਕਰਨ ਆਉਂਦੇ ਨੇ!

ਪਰ ਸਾਡੀਆਂ ਮਿਲਣੀਆਂ ਦਾ ਨਿੱਕਾ ਜਿਹਾ ਸਿਲਸਿਲਾ ਚੱਲ ਕੇ ਛੇਤੀ ਹੀ ਬੰਦ ਹੋ ਗਿਆ। ਫਿਰ ਲੰਮਾ ਅਰਸਾ ਉਸ ਵੱਲੋਂ ਕੋਈ ਸੁਖ-ਸੁਨੇਹਾ ਨਾ ਪੁੱਜਾ। ਇੱਕ ਦਿਨ ਇੱਕ ਬੰਦਾ ਆਇਆ। ਕਹਿਣ ਲੱਗਾ, 'ਪੰਨੂੰ ਸਾਹਿਬ ਦੀ ਬਦਲੀ ਜੰਮੂ-ਕਸ਼ਮੀਰ ਵੱਲ ਹੋ ਗਈ ਏ ਤੇ ਉਨ੍ਹਾਂ ਤੁਹਾਡੇ ਲਈ ਕੁਝ ਸਮਾਨ ਭੇਜਿਆ ਏ।'

ਇਹ ਜੂਸ ਦੀਆਂ ਬੋਤਲਾਂ ਸਨ ਤੇ ਨਾਲ ਅਖਰੋਟਾਂ ਦੀ ਪੋਟਲੀ। ਪੰਨੂੰ ਦੂਰ ਜਾ ਕੇ ਵੀ ਮੇਰੇ ਨੇੜੇ ਸੀ। ਪਹਿਲਾਂ 'ਰੰਮ' ਦੇ ਰੂਪ ਵਿਚ ਤੇ ਫਿਰ 'ਜੂਸ' ਦੇ ਰੂਪ ਵਿਚ...।

---




*ਕਿਰਪਾਲ ਸਿੰਘ ਪੰਨੂੰ ਦੇ ਅਭਿਨੰਦਨ ਗ੍ਰੰਥ ਦੀ ਫੋਟੋ*

ਨਵਤੇਜ ਭਾਰਤੀ ਨੇ ਲਿਖਿਆ: ਮੈਂ ਕਿਰਪਾਲ ਸਿੰਘ ਪੰਨੂੰ ਨੂੰ ਜਿੰਨਾ ਕੁ ਜਾਣਦਾ ਹਾਂ, ਉਹ ਉਸ ਤੋਂ ਵੱਡਾ ਹੈ...ਜਿੰਨਾ ਕੁ ਜਾਣਦਾ ਹਾਂ, ਬਥੇਰਾ ਹੈ। ਕਿਰਪਾਲ ਵੀ ਆਪਣੇ ਆਪ ਨੂੰ ਜਣਾਉਂਦਾ ਨਹੀਂ।

---

ਕੰਪਿਊਟਰ ਦੇ ਮਾਹਿਰ ਡਾ. ਕੁਲਬੀਰ ਸਿੰਘ ਨੇ ਲਿਖਿਆ: ਸਾਲ 1999 ਵਿਚ ਉਹ ਪਹਿਲਾ ਵਿਅਕਤੀ ਸੀ, ਜਿਸ ਨੇ ਸਫਲਤਾ ਨਾਲ ਗੁਰਮੁਖੀ ਤੋਂ ਸ਼ਾਹਮੁਖੀ ਅਤੇ ਸ਼ਾਹਮੁਖੀ ਤੋਂ ਗੁਰਮੁਖੀ ਦਾ ਪਰਿਵਰਤਨ ਤਿਆਰ ਕੀਤਾ। ਮੇਰੇ ਕਹਿਣ ਉੱਤੇ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਨੂੰ ਗੁਰਮੁਖੀ ਤੋਂ ਸ਼ਾਹਮੁਖੀ ਵਿਚ ਕਨਵਰਟ ਕੀਤਾ, ਜਿਸ ਨੂੰ ਸ੍ਰੀਗਰੰਥ ਡਾਟ ਆਰਗ ਉੱਤੇ ਦੇਖਿਆ ਜਾ ਸਕਦਾ ਹੈ।

---

ਡਾ. ਨਿਰਮਲ ਸਿੰਘ ਲਾਂਬੜਾ ਨੇ ਲਿਖਿਆ: ਪੰਨੂੰ ਨੇ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਆਸਟ੍ਰੇਲੀਆ ਆਦਿ ਮੁਲਕਾਂ ਵਿਚ ਵਸਦੇ ਹਮਵਤਨੀਆਂ ਨੂੰ ਤਾਂ ਪੰਜਾਬ ਨਾਲ ਜੋੜਨ ਦੀ ਕਾਮਯਾਬੀ ਹਾਸਲ ਕਰ ਲਈ, ਪਰ ਲਾਹੌਰ, ਮੁਲਤਾਨ, ਰਾਵਲਪਿੰਡੀ ਅਜੇ ਵੀ ਸਾਥੋਂ ਹਜ਼ਾਰਾਂ ਕੋਹਾਂ ਦੂਰ ਜਾਪਦੇ ਸਨ। ਉਥੇ ਪੰਜਾਬੀ ਲਿਖਣ ਲਈ 'ਸ਼ਾਹਮੁਖੀ' ਲਿਪੀ ਵਰਤੀ ਜਾਂਦੀ ਹੈ। ਏਸ ਮੁੱਦੇ ਨੂੰ ਗੰਭੀਰਤਾ ਨਾਲ ਹੱਲ ਕਰਨ ਦੇ ਜਿਹੜੇ ਯਤਨ ਪੰਨੂੰ ਹੋਰਾਂ ਕੀਤੇ, ਉਹ ਪੰਜਾਬੀਆਂ ਲਈ ਹੀ ਨਹੀਂ, ਭਾਰਤ-ਪਾਕਿਸਤਾਨ ਦੇ ਆਮ ਲੋਕਾਂ ਲਈ ਵੀ ਬੇਹੱਦ ਲਾਹੇਵੰਦ ਸਾਬਤ ਹੋਏ।

---

ਗੁੱਜਰਾਂਵਾਲੇ ਦੇ ਜ਼ਾਹਿਦ ਇਕਬਾਲ ਨੇ ਫੁਰਮਾਇਆ: ਵਾਰਿਸ ਸ਼ਾਹ ਅੱਲਾ ਜਾਂ ਕਰਮ ਕਰਦਾ, ਹੁਕਮ ਹੁੰਦਾ ਏ ਨੇਕ ਸਤਾਰਿਆਂ ਨੂੰ। ਪੰਨੂੰ ਸਾਹਿਬ ਜਿਥੇ ਕੰਪਿਊਟਰ ਅਤੇ ਗੁਰਮੁਖੀ ਫੌਂਟਾਂ ਦੇ ਐਕਸਪਰਟ ਸਿਆਣੇ ਹਨ, ਉਥੇ ਉਹ ਆਪਣੇ ਇਲਮ, ਗਿਆਨ, ਨਿੱਘੇ ਸੁਭਾਅ, ਦਰਵੇਸ਼ ਬਿਰਤੀ ਕਰਕੇ ਹਰ ਤਰ੍ਹਾਂ ਦੀਆਂ ਧਰਮੀ ਤੇ ਮੁਲਕੀ ਵੰਡਾਂ ਤੇ ਵਲਗਣਾਂ ਤੋਂ ਉਪਰ ਉੱਠ ਕੇ ਆਮ ਲੋਕਾਂ ਨਾਲ ਮੋਹ ਰੱਖਦੇ ਹਨ।

---

### ਮੇਰਾ ਕੰਪਿਊਟਰ ਦੇ ਲੜ ਲੱਗਣਾ

ਪ੍ਰਿੰਸੀਪਲੀ ਤੋਂ ਰਿਟਾਇਰ ਹੋਣ ਪਿੱਛੋਂ ਮੈਨੂੰ ਕੰਪਿਊਟਰ ਦੇ ਲੜ ਲਾਉਣ ਵਾਲਾ ਕਿਰਪਾਲ ਸਿੰਘ ਪੰਨੂੰ ਹੀ ਸੀ। ਹਮੇਸ਼ਾ ਪੈੱਨ ਨਾਲ ਲਿਖਦਾ ਹੋਣ ਕਰਕੇ ਮੈਂ ਸਮਝਦਾ ਸਾਂ ਲਿਖਿਆ ਸਿਰਫ ਪੈੱਨ ਨਾਲ ਹੀ ਜਾ ਸਕਦੈ। 1960ਵਿਆਂ 'ਚ ਜਸਵੰਤ ਸਿੰਘ ਕੰਵਲ ਕੋਲ ਢੁੱਡੀਕੇ ਆਏ ਬਲਰਾਜ ਸਾਹਨੀ ਦਾ ਖੁਦ ਆਪਣਾ ਸਫਰਨਾਮਾ ਸਿੱਧਾ ਟਾਈਪ ਕੀਤਾ ਸੁਣ ਕੇ ਮੈਂ ਹੈਰਾਨ ਹੋਇਆ ਸਾਂ ਕਿ ਲੇਖਕ ਆਪਣੀ ਰਚਨਾ ਸਿੱਧੀ ਹੀ ਟਾਈਪ ਕਿਵੇਂ ਕਰ ਲੈਂਦੇ ਨੇ? ਮੈਂ ਇਸ ਭੁਲੇਖੇ ਦਾ ਸ਼ਿਕਾਰ ਸਾਂ ਕਿ ਰਚਨਾ ਕਲਮ ਨਾਲ ਹੀ ਕਾਗਜ਼ 'ਤੇ ਲਿਖੀ ਜਾ ਸਕਦੀ ਹੈ।

ਪਰ ਪੰਨੂੰ ਦੇ ਸੰਪਰਕ ਵਿਚ ਆਉਣ ਪਿੱਛੋਂ ਮੈਂ ਆਪਣੀਆਂ ਚੌਵੀ ਪੱਚੀ ਕਿਤਾਬਾਂ ਖੁਦ ਕੰਪੋਜ਼ ਕੀਤੀਆਂ। ਪਿਛਲੀ ਉਮਰ 'ਚ ਮੈਨੂੰ ਕੰਪਿਊਟਰ ਦਾ ਬੜਾ ਸੁਖ ਹੋ ਗਿਆ ਹੈ ਤੇ ਮੇਰਾ ਰਿਟਾਇਰ ਹੋਣਾ ਸਕਾਰਥੇ ਲੱਗ ਗਿਆ ਹੈ। ਕੰਪਿਊਟਰ ਦੇ ਸਾਥ ਵਿਚ ਲੱਗਦਾ ਹੀ ਨਹੀਂ ਕਿ ਮੈਂ ਬੁੱਢਾ ਹੋ ਰਿਹਾਂ ਜਾਂ ਕੋਈ ਆਹਰ ਨਹੀਂ ਰਿਹਾ। ਇੰਟਰਨੈੱਟ ਰਾਹੀਂ ਮੇਰੇ ਲਈ ਕੁਲ ਦੁਨੀਆਂ ਨੂੰ ਵੇਖਣ ਦੀ ਬਾਰੀ ਖੁੱਲ੍ਹ ਗਈ ਹੈ। ਈਮੇਲ ਸਾਰੀ ਦੁਨੀਆਂ ਦਾ ਸਾਂਝਾ ਡਾਕਖਾਨਾ ਹੈ, ਜਿਥੇ ਦੇਸ਼-ਵਿਦੇਸ਼ ਦੀ ਲਿਖਤ ਪੜ੍ਹਤ ਪਲਾਂ ਵਿਚ ਆਉਂਦੀ ਜਾਂਦੀ ਹੈ। 1999 ਤੋਂ ਪੰਨੂੰ ਨੇ ਨਿਸ਼ਕਾਮ ਸੇਵਾ ਵਜੋਂ ਕੰਪਿਊਟਰ ਸਿਖਾਉਣ ਦਾ ਸਦਾਵਰਤ ਲਾ ਰੱਖਿਆ ਹੈ, ਜਿਸ ਦਾ ਅਨੇਕਾਂ ਲੋੜਵੰਦਾਂ ਨੇ ਲਾਹਾ ਲਿਆ ਹੈ।

ਪੰਨੂੰ ਕੰਪਿਊਟਰ ਦਾ ਐਸਾ ਆਸ਼ਕ ਹੈ, ਜਿਸ ਨੂੰ ਕੰਪਿਊਟਰ ਦੇ ਪਹਾੜ ਦਾ ਫਰਿਹਾਦ ਕਿਹਾ ਜਾ ਸਕਦੈ, ਪਰ ਉਹ ਆਪਣੇ ਤੇਸੇ ਨਾਲ ਹੀ ਪਹਾੜ ਕੱਟਣ ਡਿਹੈ। ਧੰਨ ਹੈ ਉਸ ਦੀ ਲਗਨ ਤੇ ਸਲਾਮ ਹੈ ਉਸ ਦੇ ਸਿਰੜ ਨੂੰ ਕਿ 'ਕੱਲਾ ਹੀ ਰਾਹ ਬਣਾਈ ਜਾ ਰਿਹੈ। ਉਂਜ ਡਰ ਹੈ, ਉਹ ਅਧਵਾਟੇ ਨਾ ਰਹਿ ਜਾਵੇ। ਇਸ ਲਈ ਲੋੜ ਹੈ ਉਸ ਨੂੰ ਸੰਭਾਲਣ ਦੀ ਤੇ ਉਸ ਤੋਂ ਹੋਰ ਵੀ ਯਾਦਗਾਰੀ ਕਾਰਜ ਕਰਵਾਉਣ ਦੀ। ਪੇਸ਼ ਹਨ, ਪੰਨੂੰ ਦੀਆਂ ਖੇਡ ਲਿਖਤਾਂ:

### ਪ੍ਰਿਥੀਪਾਲ ਨਾਲ ਹਾਕੀ ਖੇਡਦਿਆਂ

ਮੈਂ ਸਮਝਦਾ ਹਾਂ ਜੀਵਨ ਵਿਚ ਖੇਡਾਂ ਦਾ ਬੜਾ ਮਹੱਤਵ ਹੈ। ਮੇਰੇ ਜੀਵਨ ਵਿਚ ਖੇਡਾਂ ਖੁਸ਼ਬੂ ਬਣ ਕੇ ਘੁਲੀਆਂ ਹੋਈਆਂ ਹਨ, ਜਿਨ੍ਹਾਂ ਨੂੰ ਯਾਦ ਕਰਦਿਆਂ ਅੱਜ ਵੀ ਰੂਹ ਸੁਗੰਧੀਆਂ ਨਾਲ ਭਰ ਜਾਂਦੀ ਹੈ। ਕਈ ਵਾਰ ਸੋਚਦਾਂ, ਕੁਦਰਤ ਨੇ ਭਾਵੇਂ ਮੈਨੂੰ ਬਹੁਤਾ ਕੁਝ ਨਹੀਂ ਦਿੱਤਾ, ਪਰ ਜੋ ਵੀ ਦਿੱਤਾ, ਆਪਣੇ ਆਪ ਉੱਤੇ ਮਾਣ ਕਰਨ ਲਈ ਓਹੋ ਹੀ ਬਹੁਤ ਹੈ। ਖੇਡਾਂ ਖੇਡਣਾ ਮੇਰੇ ਲਈ ਮਾਣ ਵਾਲੀ ਗੱਲ ਹੈ। ਹੋਰ ਤਾਂ ਹੋਰ ਮੈਨੂੰ ਰੋਜ਼ੀ ਰੋਟੀ ਦੇਣ ਵਾਲੀਆਂ ਵੀ ਖੇਡਾਂ ਹੀ ਸਨ।

ਹੋਇਆ ਇਸ ਤਰ੍ਹਾਂ ਕਿ ਮੈਂ ਐੱਫ. ਐਸ. ਸੀ. ਦੀ ਪੜ੍ਹਾਈ ਤੋਂ ਕਿਨਾਰਾ ਕਰਕੇ ਵਿਹਲਾ ਸਾਂ। ਮੇਰੇ ਨਾਲ ਕਬੱਡੀ ਖੇਡਣ ਵਾਲੇ ਮਹਿੰਦਰ ਸਿੰਘ ਪੰਨੂੰ ਤੇ ਮੇਹਰ ਸਿੰਘ ਪੰਨੂੰ, ਜੋ ਪਹਿਲਾਂ ਹੀ ਪੁਲਿਸ ਵਿਚ ਭਰਤੀ ਸਨ, ਮੈਨੂੰ ਵੀ ਪੁਲਿਸ ਵਿਚ ਭਰਤੀ ਕਰਾਉਣ ਲਈ ਆਪਣੇ ਨਾਲ ਕਿਲਾ ਬਹਾਦਰਗੜ੍ਹ ਲੈ ਗਏ। ਸਾਰੇ ਹੀਲੇ ਵਸੀਲੇ ਹੋਣ 'ਤੇ ਵੀ ਭਰਤੀ ਕਰਨ ਵਾਲਾ ਕਲਰਕ ਪਾਤਸ਼ਾਹ ਮੈਨੂੰ ਭਰਤੀ ਦੇ ਨੇੜੇ ਨਾ ਲੱਗਣ ਦੇਵੇ। ਇਕ ਦਿਨ ਮੈਂ ਹਾਕੀ ਦੀ ਗਰਾਊਂਡ ਵੱਲ ਚਲਾ ਗਿਆ, ਜਿਥੇ ਕਿਲੇ ਦੀ ਹਾਕੀ ਟੀਮ ਪ੍ਰੈਕਟਿਸ ਕਰ ਰਹੀ ਸੀ। ਮੈਂ ਵੀ ਉਨ੍ਹਾਂ ਦੇ ਨਾਲ ਖੇਡਣ ਲੱਗ ਪਿਆ। ਅਗਲੇ ਦਿਨ ਏ. ਐੱਸ. ਆਈ. ਬਲਵੰਤ ਸਿੰਘ ਸੰਸਾਰਪੁਰੀਏ ਨੇ ਭਰਤੀ ਕਲਰਕ ਦੀ ਪੂਛ ਜਾ ਮਰੋੜੀ। ਉਸੇ ਦਿਨ 8 ਅਗਸਤ 1956 ਨੂੰ ਮੈਂ ਆਰਮਡ ਪੁਲਿਸ ਬਟਾਲੀਅਨ ਵਿਚ ਸਿਲੈਕਸ਼ਨ ਗ੍ਰੇਡ ਸਿਪਾਹੀ ਭਰਤੀ ਹੋ ਗਿਆ।

ਜਿਸ ਬਟਾਲੀਅਨ ਵਿਚ ਮੈਂ ਭਰਤੀ ਹੋਇਆ, ਉਸੇ ਵਿਚ ਪ੍ਰਿਥੀਪਾਲ ਸਿੰਘ ਵੀ ਏ. ਐੱਸ. ਆਈ. ਵਜੋਂ ਭਰਤੀ ਸੀ। ਉਸ ਨੂੰ ਪੁਲਿਸ ਵਿਚ ਭਰਤੀ ਕਰਨ ਤੋਂ 'ਕੇਰਾਂ ਨਾਂਹ ਹੋ ਗਈ ਸੀ। ਪੈਪਸੂ ਦਾ ਆਈ. ਜੀ. ਕਹਿੰਦਾ ਸੀ, 'ਐੱਮ. ਐੱਸ. ਸੀ. ਪੜ੍ਹਿਆ ਇਕ ਚੰਗਾ ਪੁਲਿਸ ਅਫਸਰ ਨਹੀਂ ਬਣ ਸਕਦਾ।' ਸਿਰਫ ਹਾਕੀ ਦੇ ਖਿਡਾਰੀ ਵਜੋਂ ਹੀ ਉਸ ਨੂੰ ਪੁਲਿਸ ਵਿਚ ਲਿਆ ਗਿਆ ਸੀ। ਉਸ ਨੇ ਜਿੰਨੇ ਸਾਲ ਪੁਲਿਸ ਦੀ ਨੌਕਰੀ ਕੀਤੀ, ਹਾਕੀ ਹੀ ਖੇਡੀ। ਪੁਲਿਸ ਵਿਚ ਇੱਕੋ ਬਟਾਲੀਅਨ 'ਚ ਹੋਣ ਕਰਕੇ ਮੈਂ ਵੀ ਪ੍ਰਿਥੀਪਾਲ ਨਾਲ ਇਕੋ ਟੀਮ ਵਿਚ ਖੇਡਦਾ ਰਿਹਾ। ਪ੍ਰਿਥੀਪਾਲ ਚੁੱਪ-ਚਾਪ ਰਹਿਣ ਵਾਲਾ ਖਿਡਾਰੀ ਸੀ। ਹੋਰਨਾਂ ਖਿਡਾਰੀਆਂ ਵਾਂਗ ਨਾ ਮੈਂ ਉਸ ਨੂੰ ਕਦੀ ਠੱਠਾ ਮਖੌਲ ਕਰਦਿਆਂ ਦੇਖਿਆ ਅਤੇ ਨਾ ਹੀ ਕਿਸੇ ਦੇ ਠੱਠੇ ਮਖੌਲ ਉੱਤੇ ਖੁੱਲ੍ਹ ਕੇ ਠਹਾਕਾ ਮਾਰਦਿਆਂ ਦੇਖਿਆ। ਉਹ ਮਾਣਮੱਤਾ ਖਿਡਾਰੀ ਸੀ। ਸਾਰੇ ਹਾਕੀ ਖਿਡਾਰੀ ਉਸ ਦੀ ਸਰਦਾਰੀ ਮੰਨਦੇ ਸਨ ਤੇ ਉਸ ਦਾ ਮਾਣ ਵੀ ਕਰਦੇ ਸਨ।

ਖੇਡ ਵਿਚ ਉਹ ਘੱਟ ਹੀ ਡਾਜ ਖਾਂਦਾ ਸੀ। ਆਪਣੀ ਹਾਕੀ ਉਦੋਂ ਹੀ ਡਾਹੁੰਦਾ, ਜਦੋਂ ਵਿਰੋਧੀ ਡਾਜ ਮਾਰਨ ਦਾ ਯਤਨ ਕਰੇ। ਉਹਦੀ ਹਿੱਟ ਤੋਂ ਵਿਰੋਧੀ ਖਿਡਾਰੀ ਕਾਂ ਦੇ ਗੁਲੇਲੇ ਵਾਂਗ ਭੈਅ ਖਾਂਦੇ ਸਨ। 1956-57 ਵਿਚ ਅੰਬਾਲੇ ਏਅਰ ਫੋਰਸ ਨਾਲ ਇਕ ਦੋਸਤਾਨਾ ਮੈਚ ਵਿਚ ਪ੍ਰਿਥੀਪਾਲ ਨੇ ਅਜਿਹਾ ਸ਼ਾਰਟ ਕਾਰਨਰ ਮਾਰਿਆ ਕਿ ਬਾਲ ਵਿਰੋਧੀ ਦੀ ਹਾਕੀ ਤੋਂ ਤਿਲ੍ਹਕ ਕੇ ਦੂਜੇ ਸਾਥੀ ਦੇ ਮੱਥੇ 'ਚ ਲੱਗੀ ਤੇ ਉਹ ਉਥੇ ਹੀ ਢੇਰੀ ਹੋ ਗਿਆ। ਜੰਮੂ ਕਸ਼ਮੀਰ ਵਿਚ ਅਸੀਂ ਆਰਮੀ ਵਿਰੁੱਧ ਖੇਡਦਿਆਂ ਬੜੇ ਫਸਵੇਂ ਮੈਚ ਜਿੱਤੇ। ਵੈਸੇ ਵੀ ਸਾਡੀ ਟੀਮ ਤਕੜੀ ਸੀ, ਪਰ ਪ੍ਰਿਥੀਪਾਲ ਦੇ ਹੁੰਦਿਆਂ ਤਾਂ ਹਾਰਨ ਦਾ ਸਵਾਲ ਹੀ ਪੈਦਾ ਹੀ ਨਹੀਂ ਸੀ ਹੁੰਦਾ।

ਸਾਡੀ ਟੀਮ ਵਿਚ ਹੁਸ਼ਿਆਰਪੁਰੀਆ ਖੁਸ਼ਦੇਵ ਸਿੰਘ ਗੋਲਕੀਪਰ, ਹਰਬੰਸ ਸਿੰਘ ਦਾਖਾ ਤੇ ਪ੍ਰਿਥੀਪਾਲ ਸਿੰਘ ਫੁੱਲ ਬੈਕ, ਪ੍ਰੀਤਮ ਸਿੰਘ ਨਾਭਾ, ਮੇਜਰ ਸਿੰਘ, ਪਰਭਾਤੀ ਰਾਮ, ਦਲੀਪ ਸਿੰਘ ਕਿਲਾ ਰਾਏਪੁਰ, ਬਲਵੰਤ ਸਕੂਟੀ, ਗੁਰਦੇਵ ਸਿੰਘ ਕੁਲਾਰ, ਗੁਰਦੇਵ ਸਿੰਘ ਖੱਬੂ ਆਦਿ ਹੁੰਦੇ ਸਨ। ਪ੍ਰਿਥੀਪਾਲ ਸਦਾ ਜੇਤੂ ਰਹਿਣ ਕਾਰਨ ਉਸ ਵਿਚ ਵਿਰੋਧੀ ਵਿਚਾਰਾਂ ਨਾਲ ਸਮਝੌਤਾ ਕਰਨ ਦੀ ਕੋਈ ਥਾਂ ਨਹੀਂ ਸੀ ਹੁੰਦੀ। ਉਹ ਕਿਸੇ ਦੀ ਧੌਂਸ ਨਹੀਂ ਸੀ ਮੰਨਦਾ। ਉਸ ਦੀ ਆਪਣੇ ਬੌਸ ਆਈ. ਜੀ. ਅਸਵਨੀ ਕੁਮਾਰ ਨਾਲ ਨਾ ਬਣੀ ਤੇ ਉਹਦੇ ਉੱਤੇ ਮਾਣਹਾਨੀ ਦਾ ਕੇਸ ਕਰ ਦਿੱਤਾ। ਫਿਰ ਪੁਲਿਸ ਵਿਚੋਂ ਅਸਤੀਫਾ ਦੇ ਕੇ ਐਗਰੀਕਲਚਰ ਯੂਨੀਵਰਸਿਟੀ ਪੰਜਾਬ ਵਿਚ ਵਿਦਿਆਰਥੀ ਭਲਾਈ ਅਫਸਰ ਲੱਗ ਗਿਆ। ਉਥੇ ਵੀ ਉਸ ਦਾ ਵਿਹਾਰ ਜੇਤੂਆਂ ਵਾਲਾ ਰਿਹਾ। ਵਿਦਿਆਰਥੀਆਂ ਦਾ ਇਕ ਗਰੁੱਪ ਉਹਦੇ ਵਿਰੁੱਧ ਹੋ ਗਿਆ, ਜਿਨ੍ਹਾਂ ਨੇ ਉਸ ਦਾ ਕਤਲ ਕਰ ਦਿੱਤਾ।

ਪ੍ਰਿਥੀਪਾਲ ਸਿੰਘ ਹਾਕੀ ਦਾ ਹੀਰਾ ਖਿਡਾਰੀ ਸੀ। ਉਸ ਨੂੰ ਵਿਸ਼ਵ ਦਾ ਬਿਹਤਰੀਨ ਫੁੱਲ ਬੈਕ ਖਿਡਾਰੀ ਮੰਨਦਿਆਂ 'ਪੈਨਲਟੀ ਕਿੰਗ' ਕਿਹਾ ਜਾਂਦਾ ਸੀ। ਉਹ ਤਿੰਨ ਓਲੰਪਿਕਸ ਖੇਡਿਆ ਤੇ ਤਿੰਨੇ ਵਾਰ ਉਸ ਨੇ ਸਭ ਤੋਂ ਵੱਧ ਗੋਲ ਕੀਤੇ। ਉਸ ਦੀ ਖਤਰਨਾਕ ਹਿੱਟ 'ਤੇ ਕਾਬੂ ਪਾਉਣ ਲਈ ਐੱਫ. ਆਈ. ਐੱਚ. ਨੂੰ ਪੈਨਲਟੀ ਕਾਰਨਰ ਲਾਉਣ ਦੇ ਨਿਯਮ ਬਦਲਣੇ ਪਏ ਸਨ! ਨਿਊਜ਼ੀਲੈਂਡ ਦੇ ਇਕ ਅਖਬਾਰ ਨੇ ਪ੍ਰਿਥੀਪਾਲ ਨੂੰ ਭਾਰਤੀ ਹਾਕੀ ਟੀਮ ਦਾ ਬੰਬ ਲਿਖਿਆ ਸੀ। ਉਸ ਨੇ ਗੋਲਕੀਪਰਾਂ ਨੂੰ ਸਲਾਹ ਦਿੱਤੀ ਸੀ ਕਿ ਉਸ ਦੀ ਖਤਰਨਾਕ ਹਿੱਟ ਮੂਹਰੇ ਖੜ੍ਹ ਕੇ ਜਾਨ ਖਤਰੇ 'ਚ ਪਾਉਣ ਦੀ ਥਾਂ ਬਿਹਤਰ ਹੋਵੇਗਾ ਉਹ ਗੋਲ ਹੀ ਖਾਲੀ ਛੱਡ ਦੇਣ...।

---

### ਹਾਕੀ ਦਾ ਥੰਮ੍ਹ ਗੁਰਵਿੰਦਰ ਸੰਧੂ

ਜਦੋਂ ਕਿਸੇ ਨੌਜੁਆਨ ਖਿਡਾਰੀ ਦੀਆਂ ਪ੍ਰਾਪਤੀਆਂ ਦੀ ਸੁਗੰਧੀ ਚੁਫੇਰੇ ਪਸਰਦੀ ਹੈ ਤਾਂ ਉਸ ਉੱਤੇ ਰਸ਼ਕ ਆਉਂਦੈ। ਜੇ ਹੋਵੇ ਵੀ ਸਰਵਣ ਪੁੱਤਰ ਤਾਂ ਅਨੰਦ ਵਰਨਣੋਂ ਬਾਹਰਾ ਹੋ ਜਾਂਦੈ। ਕੁਝ ਇਸੇ ਤਰ੍ਹਾਂ ਦਾ ਅਕਹਿ ਅਨੰਦ, ਬਰੈਂਪਟਨ ਸਪੋਰਟਸ ਕਲੱਬ ਦੀ ਹਾਕੀ ਟੀਮ ਦੇ ਗੋਲਕੀਪਰ ਗੁਰਵਿੰਦਰ ਸੰਧੂ ਦੀ ਖੇਡ ਵੇਖ ਕੇ ਆਇਆ। ਉਨ੍ਹਾਂ ਦੀ ਟੀਮ ਦੋ ਵਾਰ ਕੈਨੇਡਾ ਦੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਜਿੱਤੀ। ਦੂਜੀ ਵਾਰ ਫਾਈਨਲ ਮੈਚ ਪੈਨਲਟੀ ਸਟਰੋਕਾਂ 'ਤੇ ਚਲਾ ਗਿਆ ਸੀ, ਜੋ ਗੁਰਵਿੰਦਰ ਨੇ ਸਾਰੇ ਸਟਰੋਕ ਰੋਕ ਕੇ ਨੈਸ਼ਨਲ ਕੱਪ ਆਪਣੀ ਟੀਮ ਦੀ ਝੋਲੀ ਵਿਚ ਪਾਇਆ, ਜਿਸ ਦਾ ਉਹ ਕਪਤਾਨ ਸੀ।

ਉਸ ਦੀ ਇਹ ਪ੍ਰਾਪਤੀ ਰਾਤੋ ਰਾਤ ਨਸੀਬ ਨਹੀਂ ਹੋਈ। ਇਸ ਦੇ ਪਿੱਛੇ ਲੰਬੀ ਘਾਲਣਾ, ਇੱਛਾ ਸ਼ਕਤੀ ਤੇ ਕੁਦਰਤ ਵੱਲੋਂ ਵਰੋਸਾਈ ਪ੍ਰਤਿਭਾ ਦਾ ਸੁਮੇਲ ਸੀ। ਉਸ ਦੀ ਬੋਲਬਾਣੀ ਵਿਚ ਮਿਠਾਸ ਹੈ ਤੇ ਸੁਭਾਅ 'ਚ ਸਬਰ ਦਾ ਬੇਮਿਸਾਲ ਠਰ੍ਹੰਮਾ। ਗੁਰਵਿੰਦਰ ਸੰਧੂ ਉਰਫ ਸੋਨੂ ਦਾ ਜਨਮ 2 ਅਪਰੈਲ 1976 ਨੂੰ ਪਿੰਡ ਢੁੱਡੀਕੇ ਵਿਚ ਹੋਇਆ। ਉਸ ਦਾ ਜੱਦੀ ਪਿੰਡ ਚਕਰ ਹੈ, ਪਰ ਉਸ ਦੇ ਮਾਤਾ ਪਿਤਾ ਢੁੱਡੀਕੇ ਪੜ੍ਹਾਉਂਦੇ ਤੇ ਉੱਥੇ ਹੀ ਰਹਿੰਦੇ ਸਨ। ਉਸ ਨੂੰ ਬਚਪਨ ਤੋਂ ਹੀ ਘਰ ਵਿਚ ਖੇਡਾਂ ਦਾ ਵਾਤਾਵਰਨ ਮਿਲਿਆ, ਜੋ ਉਹਦੀ ਰੂਹ ਵਿਚ ਰਚ ਗਿਆ।

ਸੋਨੂੰ ਦਾ ਵੱਡਾ ਵੀਰ ਪ੍ਰੋ. ਜਗਵਿੰਦਰ ਸਿੰਘ ਪਹਿਲਾਂ ਹਾਕੀ ਖੇਡਦਾ ਸੀ, ਫਿਰ ਅਥਲੈਟਿਕਸ

*(ਬਾਕੀ ਅਗਲੇ ਸਫੇ 'ਤੇ)*

# “ਖੇਡ ਮੈਦਾਨਾਂ ’ਚ ਕਦੇ ਜੋਤਾ ਜੋਤਾ ਹੁੰਦੀ ਸੀ...”

**ਖੇਡ ਤੇ ਖਿਡਾਰੀ**

## ਕਬੱਡੀ ਖਿਡਾਰੀ ਜੋਤਾ ਸਭਰਾਵਾਂ

ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395



ਜੁਆਨ ਜੋਤੇ ਨੇ ਸੰਨ 1960-62 ‘ਚ ਕਬੱਡੀ ਖੇਡਣੀ ਸ਼ੁਰੂ ਕੀਤੀ। ਮੱਝਾਂ ਚਾਰਦੇ ਮਗਰ ਭੱਜਦਿਆਂ, ਪਾਣੀ ‘ਚ ਤਰਦਿਆਂ ਹਰ ਵਕਤ ਕਬੱਡੀ ਦਾ ਭੂਤ ਸਵਾਰ ਰਹਿੰਦਾ। ਗੁਆਂਢੀ ਪਿੰਡਾਂ ਦੇ ਮਹਿੰਦਰ ਮੰਮਣਕੇ ਦੇ ਬਾਬਾ ਸਾਧ ਦੀ ਕਬੱਡੀ ਦਾ ਜੋਤਾ ਬੜਾ ਕਾਇਲ ਸੀ। ਸ਼ੁਰੂ ਵਿਚ ਜੋਤੇ ਨੇ ਢੇਰੀ, ਝਾਕਾ, ਪੰਜਾਬ ਸਟਾਇਲ, ‘ਕੱਲੇ ਨੂੰ ‘ਕੱਲਾ ਪੈਣਾ। ਢੇਰੀ (ਚਪੇੜਾਂ ਮਾਰਨ ਵਾਲੀ) ਦੀ ਕਬੱਡੀ ਸਿਰਫ ਪੱਟੀ ਇਲਾਕੇ ਵਿਚ ਚਲਦੀ ਸੀ। ਪੰਜਾਬ ਸਟਾਇਲ ਵਿਚ ਵੀ ਜ਼ਬਰਦਸਤ ਖੇਡਦਾ, ਦੋਵੇਂ ਪਾਸੇ ਚਲਦਾ। ਜੇ ਰੇਡਰ ਤਕੜਾ ਹੋਵੇ ਤਾਂ ਜਾਫੀ ਖੜ੍ਹ ਜਾਂਦਾ, ਅਗਰ ਜਾਫੀ ਤਕੜਾ ਹੋਵੇ ਤਾਂ ਸਾਹ ਪਾਉਣ ਲੱਗਦਾ।

ਬਾਈ ਸਾਲ ਲਗਾਤਾਰ ਕਬੱਡੀ ਖੇਡੀ ਤੇ ਇਲਾਕੇ ‘ਚ ਜੋਤੇ ਨਾਂ ਦੀ ਧੁੰਮ ਮਚਾਈ। ਸੰਨ 1965 ‘ਚ ਉਹਦੇ ਸੱਟ ਲੱਗ ਗਈ ਸੀ। ਉਦੋਂ ਕਪੂਰਥਲਾ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਕਬੱਡੀ ਦੇ ਮੰਨੇ-ਪ੍ਰਮੰਨੇ ਜਿਲੇ ਸਨ। ਲਗਾਤਾਰ 16-17 ਸਾਲ ਬਲਾਕਾਂ ਦੇ ਮੈਚ ਜਿੱਤੇ। ਰਈਏ, ਬਾਬਾ ਬਕਾਲਾ ਬੜੇ ਮੈਚ ਖੇਡੇ। ਉਨ੍ਹਾਂ ਸਮਿਆਂ ‘ਚ ਟਰਾਫੀ ਦੇ ਦਿੱਤੀ ਜਾਂਦੀ, ਨਕਦ ਇਨਾਮ ਦੇਣ ਦਾ ਰਿਵਾਜ਼ ਨਹੀਂ ਸੀ ਹੁੰਦਾ। ਕਦੇ ਕਦਾਈਂ ਦਰਸ਼ਕ ਇਕ-ਇਕ, ਦੋ-ਦੋ ਰੁਪਏ ਮਾਣ ਨਾਲ ਦੇ ਦਿੰਦੇ। ਪੰਚਾਇਤਾਂ ਥੋੜ੍ਹਾ ਬਹੁਤ ਖਰਚਾ-ਪਾਣੀ ਦੇ ਦਿੰਦੀਆਂ, ਜਿਸ ਨਾਲ ਕਿਰਾਇਆ-ਭਾੜਾ ਪੂਰਾ ਹੋ ਜਾਂਦਾ। ਖਿਡਾਰੀਆਂ ਦੇ ਹਿੱਸੇ ਦੋ-ਦੋ ਰੁਪਏ ਆ ਜਾਂਦੇ।

ਪੰਜ ਸਾਲ ਮਾਝੇ ਇਲਾਕੇ ‘ਚ ਖੇਡਿਆ। ਉਹਦੇ ਮੈਚ ਵੇਖਣ ਲਈ ਦੂਰੋਂ-ਦੂਰੋਂ ਲੋਕ ਆਉਂਦੇ। ਤਲਵੰਡੀ ਸਾਬੋ ਵਾਲੇ ਇਕ ਵਾਰ ਖੇਡਣ ਲਈ ਰਾਤੋ-ਰਾਤ ਲੈ ਗਏ। ਸਵੇਰੇ ਉਠਦਿਆਂ ਲੋਕਾਂ ਨੂੰ ਪਤਾ ਲੱਗਾ ਤਾਂ ਸਾਰੇ ਪਾਸੇ ‘ਜੋਤਾ ਆ ਗਿਆ, ਜੋਤਾ ਆ ਗਿਆ’ ਹੋ ਗਈ। ਮੈਚ ਵੇਖਣ ਲਈ ਲੋਕ ਉਤਾਵਲੇ ਹੁੰਦੇ। ਇਕ ਵਾਰ ਫਿਰੋਜ਼ਪੁਰ ਨੂੰ ਜਿੱਤ ਕੇ ਸਿੱਧਾ ਫਾਈਨਲ ਵਿਚ ਜਾ ਪਹੁੰਚੇ। ਪੰਚਾਇਤਾਂ ਖੁਸ਼ ਹੋ ਕੇ ਸੌ-ਪੰਜਾਹ ਦੇ ਦਿੰਦੀਆਂ ਤਾਂ ਮੁਕਦੇ ਨਹੀਂ ਸਨ। ਪੰਜ ਰੁਪਏ ਕਿਲੋ ਘਿਉ ਹੁੰਦਾ ਸੀ। ਲਵੇਰਾ ਘਰੇ ਵਾਧੂ ਸੀ। ਮੁਲ ਦਾ ਘਿਉ ਬੜਾ ਘੱਟ ਲਿਆ।

ਫਿਰੋਜ਼ਪੁਰ, ਅੰਮ੍ਰਿਤਸਰ, ਬਠਿੰਡਾ ਸਭ ਤੋਂ ਵੱਧ ਖੇਡਿਆ। ਰੋਹਤਕ, ਜੀਂਦ, ਹਰਿਆਣੇ ਮੈਚ ਖੇਡੇ। ਲਾਹੌਰੀਏ ਵੀ ਖੇਡਣ ਲੈ ਜਾਂਦੇ। ਤਿੰਨ-ਤਿੰਨ, ਚਾਰ-ਚਾਰ ਦਿਨ ਉਧਰ ਖੇਡਣ ਗਿਆਂ ਦੇ ਲੱਗ ਜਾਂਦੇ। ਰੋਟੀ-ਪਾਣੀ ਦੀ ਬੜੀ ਸੇਵਾ ਕਰਦੇ। ਪਹਿਲਾਂ ਉਹ ਜਾਫੀ ਖੇਡਦਾ ਹੁੰਦਾ ਸੀ, ਫਿਰ ਰੇਡਰ ਬਣ ਗਿਆ। ਉਹਦਾ ਭਾਰ 75-76 ਕਿਲੋਗ੍ਰਾਮ ਦੇ ਲਗਪਗ ਰਿਹੈ। ਸਰੀਰ ਵਿਚ ਵਾਹਵਾ ਜਾਨ ਤੇ ਫੁਰਤੀ ਸੀ। ਬਾਹਾਂ ‘ਚ ਜਾਨ ਪਾਉਣ ਲਈ ਟੋਕੇ ਵਾਲੀ ਮਸ਼ੀਨ ਨਾਲ ਹੱਥੀਂ ਪੱਠੇ ਕੁਤਰਦਾ। ਬਾਹਾਂ ਦਾ ਜੋਰ ਲੱਗ ਜਾਂਦਾ, ਡੰਡ ਮਾਰਨ ਦੀ ਲੋੜ ਨਾ ਰਹਿੰਦੀ। ਥੋੜ੍ਹੇ ਬਹੁਤ ਸ਼ੌਕੀਆ ਕੱਢ ਵੀ ਲੈਂਦਾ। ਦਮ ਪਕਾਉਣ ਲਈ ਵਾਹੇ ਖੇਤਾਂ ‘ਚ ਭੱਜਦਾ ਰਹਿੰਦਾ।

ਉਹਦੀ ਚੰਗੀ ਗੇਮ ਕਰਕੇ ਹਰ ਮਹਿਕਮਾ ਨੌਕਰੀ ਲਈ ਬੁਲਾਵਾ ਭੇਜਦਾ, ਪਰ ਉਹ ਘਰ ਦੀ ਖੇਤੀ ਹੱਥੀਂ ਕਰਨੀ ਪਸੰਦ ਕਰਦਾ ਸੀ। ਜੇ ਉਹ ਨੌਕਰੀ ਕਰਦਾ ਤਾਂ ਇਕੋ ਟੱਕ ਘਰ ਦੀ 14-15 ਕਿੱਲਿਆਂ ਦੀ ਖੇਤੀ ਨਹੀਂ ਸੀ ਕਰ ਸਕਦਾ। ਕਬੱਡੀ ਤੋਂ ਬੜਾ ਕੁਝ ਖੱਟਿਆ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਤਾਪ ਸਿੰਘ ਕੈਰੋਂ ਨੇ ਨਵੀਂ ਪਨੀਰੀ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਕਈ ਨਵੇਂ ਕਾਨੂੰਨ ਲਾਗੂ ਕੀਤੇ ਸਨ। ਹਰ ਹਾਲਤ ਉਹ ਕਬੱਡੀ ਦੀ ਪ੍ਰਫੁਲਤਾ ਚਾਹੁੰਦਾ ਸੀ। ਉਦੋਂ ਪੈਸੇ ਘੱਟ ਦਿੱਤੇ ਜਾਂਦੇ ਸਨ, ਪਰ ਸ਼ੀਲਡਾਂ ਜਰੂਰ ਦਿੱਤੀਆਂ ਜਾਂਦੀਆਂ ਸਨ, ਜੋ ਘਰਾਂ ਦੀਆਂ ਸ਼ਿੰਗਾਰ ਬਣਦੀਆਂ ਸਨ।

ਪੁਰਾਣੇ ਖਿਡਾਰੀਆਂ ‘ਚ ਸਰਬਣ ਸਿੰਘ ਬੱਲ, ਪ੍ਰੀਤਾ, ਰਤਨ ਟਿੱਬਾ, ਮਹਿੰਦਰ ਮੰਮਣਕੇ, ਸੂਬਾ ਖਾਰੇ ਦਾ, ਸੱਤਾ ਰਈਆ, ਜੀਤਾ ਸਿਪਾਹੀ, ਸਵਰਨਾ ਫੱਤਿਆਂ ਦਾ, ਗੱਜਣ ਦੁੱਗਰੀ, ਚੂਸੜੇ ਵਾਲਾ ਬੰਸਾ, ਜਰਨੈਲ, ਦਿਆਲ ਨਾੜੀ, ਨੇਜਾ ਮਨਾਵਾਂ ਤੇ ‘ਗੁੱਟ ਦਾ ਪੀਰ’ ਵਜੋਂ ਜਾਣੇ ਜਾਂਦੇ ਬਾਬਾ ਰਾਹਲ-ਚਾਹਲ ਨਾਲ ਖੇਡਿਆ, ਜਿਸ ਨੇ ਕਹਿੰਦੇ-ਕਹਾਉਂਦੇ ਪਾਕਿਸਤਾਨੀ ਰੇਡਰ ਡੱਕੇ। ਹੋਰ ਵੀ ਅਨੇਕਾਂ ਖਿਡਾਰੀਆਂ ਨਾਲ ਖੇਡਿਆ। ਉਦੋਂ ਸਾਰੇ ਨਾਮਵਰ ਖਿਡਾਰੀ ਹੁੰਦੇ ਸਨ। ਕਈ ਕਈ ਸਾਲ ਨਵਾਂ ਖਿਡਾਰੀ ਉਨ੍ਹਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਕਾਰਨ, ਪੁਰਾਣੇ ਖਿਡਾਰੀ ਮਿਹਨਤ ਬੜੀ ਕਰਦੇ ਸਨ। ਵਿਰੋਧੀ ਖਿਡਾਰੀਆਂ ‘ਚ ਮੁਖਤਿਆਰ ਸਿੰਘ ਗਾਂਧੀ ਤੇ ਦਿਆਲਾ ਨਾੜੀ ਹੁੰਦੇ ਸਨ। ਛੇ-ਸੱਤ ਸਾਲ ਦੇਵੀ ਦਿਆਲ ਨਾਲ ਖੇਡਿਆ ਤੇ ਮਾਣਕ ਢੇਰੀ ਵਾਲੇ ਰਾਵਲ ਨਾਲ ਗੁਰੂ ਕੇ ਜੰਡਿਆਲੇ ਮੈਚ ਲਾਇਆ।



ਜਵਾਨੀ ਵੇਲੇ ਜੋਤਾ ਸਭਰਾਵਾਂ

ਪ੍ਰੀਤੇ ਦੇ ਦੱਸਣ ਅਨੁਸਾਰ ਜੋਤਾ ਤਕੜਾ ਖਿਡਾਰੀ ਸੀ। ਜੱਟ ਸਾਇਕਲ ‘ਤੇ ਸਾਰਾ ਆਲਾ-ਦੁਆਲਾ ਘੁੰਮ ਜਾਂਦਾ ਸੀ। ਕਪੂਰਥਲੇ ਵੀ ਸਾਇਕਲ ‘ਤੇ ਮੈਚ ਖੇਡਣ ਆ ਜਾਂਦਾ ਸੀ। ਸਾਇਕਲ ਚਲਾਉਣ ਤੇ ਟੋਕੇ ਵਾਲੀ ਮਸ਼ੀਨ ਨਾਲ ਹੱਥੀਂ ਪੱਠੇ ਕੁਤਰਨ ਨੂੰ ਸਭ ਤੋਂ ਵਧੀਆ ਐਕਸਰਸਾਈਜ਼ ਮੰਨਦਾ ਸੀ। ਮੈਚ ਖੇਡਣ ਆਉਂਦੇ ਨੇ ਆਪ ਸਾਇਕਲ ਚਲਾਉਣਾ ਤੇ ਜਾਂਦੀ ਵਾਰ ਦੂਜੇ ਸਾਥੀ ਖਿਡਾਰੀ ਨੂੰ ਚਲਾਉਣ ਲਾ ਦੇਣਾ, ਆਪ ਪਿਛੇ ਬਹਿ ਜਾਣਾ।

ਜੋਤਾ ਕਪੂਰਥਲਾ, ਬਠਿੰਡਾ, ਅੰਮ੍ਰਿਤਸਰ, ਹੁਸ਼ਿਆਰਪੁਰ, ਗੁਰਦਾਸਪੁਰ ਜਿਲਿਆਂ ‘ਚ ਅਕਸਰ ਖੇਡਣ ਜਾਂਦਾ ਰਿਹੈ। ਉਹਦਾ ਮੈਚ ਵੇਖਣ ਲਈ ਲੋਕ ਵਹੀਰਾਂ ਘੱਤ ਲੈਂਦੇ। ਉਹ ਕਿਸੇ ਨੂੰ ਤੰਗ ਨਹੀਂ ਸੀ ਕਰਨਾ ਚਾਹੁੰਦਾ-ਖੇਡਣ ਲੈ ਕੇ ਜਾਣ, ਛੱਡ ਕੇ ਜਾਣ। ਉਹ ਖੁਦ ਦੂਰ ਦੂਰ ਸਾਇਕਲ ‘ਤੇ ਚਲੇ ਜਾਂਦਾ। ਹਾਂ, ਜ਼ਿਆਦਾ ਦੂਰ ਹੁੰਦਾ ਤਾਂ ਬੱਸ ਫੜ ਕੇ ਚਲਾ ਜਾਂਦਾ। ਅੱਜ ਕੱਲ੍ਹ ਦੇ ਖਿਡਾਰੀਆਂ ਬਾਰੇ ਸੁਣ ਕੇ ਬੜਾ ਸ਼ਰਮਸਾਰ ਹੁੰਦੈ, ਜਿਹੜੇ ਟੀਕਿਆਂ ਤੇ ਜੜ੍ਹੀ-ਬੂਟੀਆਂ ਦਾ ਸਹਾਰਾ ਲੈ ਕੇ ਖੇਡਦੇ ਨੇ; ਜਦਕਿ ਉਨ੍ਹਾਂ ਦੇ ਵੇਲਿਆਂ ‘ਚ ਘਰ ਦੀਆਂ ਖੁਰਾਕਾਂ ਹੁੰਦੀਆਂ ਸਨ। ਉਹ ਚਾਲੀ-ਚਾਲੀ ਰੇਡਾਂ ‘ਕੱਠੀਆਂ ਪਾ ਜਾਂਦਾ ਸੀ। ਖੇਮਕਰਨ ਇਕ ਵਾਰ ਜਰੂਰ ਡੱਕਿਆ ਗਿਆ ਸੀ, ਸਿਹਤ ਢਿੱਲ੍ਹੀ ਹੋਣ ਕਰਕੇ। ਖੇਡਦੇ ਦੇ ਸਿਰ ‘ਚ ਇਕ ਵਾਰ ਸੱਟ ਵੀ ਲੱਗ ਗਈ ਸੀ। ਸਿਰ ਦੀਆਂ ਨਾੜਾਂ ਘੁਟੀਆਂ ਗਈਆਂ ਸਨ। ਦੇਸੀ ਇਲਾਜ ਕੀਤਾ, ਫਿਰ ਚੜ੍ਹਦੀ ਕਲਾ ‘ਚ ਹੋ ਗਿਆ। ਕਬੱਡੀ ਖੇਡਣ ਤੋਂ ਇਲਾਵ ਘੁਲ ਵੀ ਲੈਂਦਾ ਸੀ। ਘਰਿਆਲੇ ਮੈਚਾਂ ‘ਚ ਤਕੜਾ ਖੇਡਿਆ। ਉਹਦੇ ਖੇਡਣ ਦਾ ਵੱਖਰਾ ਅੰਦਾਜ਼ ਸੀ। 1974 ‘ਚ ਇੰਗਲੈਂਡ ਖੇਡਣ ਗਿਆ। ਇੰਗਲੈਂਡ ਕਬੱਡੀ ਨੂੰ ਹੁਲਾਰਾ ਦੇਣ ਵਾਲੇ ਮਹਿੰਦਰ ਮੋੜ ਦੇ ਸਾਥੀ ਪਿਆਰਾ ਸਿੰਘ ਗੁੰਮਟਾਲਾ ਨੇ ਦੱਸਿਆ ਕਿ ਜੋਤਾ ਵਧੀਆ ਖਿਡਾਰੀ ਸੀ।



ਜੋਤਾ ਸਭਰਾਵਾਂ ਦਾ ਬੇਟਾ ਭੁਪਿੰਦਰ ਸਿੰਘ ਆਰਮੀ ’ਚ ਕਬੱਡੀ ਕੋਚ ਤੇ ਖਿਡਾਰੀ



ਸੱਜੇ ਜੋਤਾ, ਵਿਚਾਲੇ ਪ੍ਰੀਤਾ ਨਡਾਲਾ ਤੇ ਖੱਬੇ ਗੁਰਦਿਆਲ ਸਿੰਘ ਭੌਂਕੜ

1982-83 ‘ਚ ਜੋਤਾ ਖੇਡਣਾ ਛੱਡ ਗਿਆ ਸੀ। ਇਸ ਵੇਲੇ 82-83 ਸਾਲਾਂ ਦਾ ਹੋ ਗਿਆ। ਖੇਡਦੇ ਦੇ ਸੱਟਾਂ ਵੀ ਬਹੁਤ ਲੱਗੀਆਂ। ਜੁਆਨੀ ਦੀਆਂ ਸੱਟਾਂ ਹੁਣ ਬੁਢਾਪੇ ‘ਚ ਰੜਕਦੀਆਂ ਨੇ, ਤੰਗ ਕਰ ਰਹੀਆਂ ਨੇ। ਸ਼ੌਕ ਪੂਰਾ ਕਰਨ ਲਈ ਮੈਚ ਵੇਖਣ ਚਲੇ ਜਾਂਦੈ। ਕਈ ਵਾਰ ਸਾਰਾ ਸਾਰਾ ਦਿਨ ਮੈਚ ਵੇਖਦਾ ਰਹਿੰਦਾ ਹੈ ਤੇ ਕਈ ਵਾਰ ਘੰਟੇ ਕੁ ਬਾਅਦ ਘਰ ਜਾਣ ਲਈ ਕਹਿ ਦਿੰਦਾ ਹੈ। ਉਹ ਜਿਥੇ ਵੀ ਜਾਣਾ ਚਾਹੇ, ਉਹਦੇ ਪੁੱਤ-ਪੋਤੇ ਲੈ ਕੇ ਜਾਂਦੇ ਹਨ। ਸਾਰਾ ਪਰਿਵਾਰ ਉਹਦਾ ਹਰ ਤਰ੍ਹਾਂ ਨਾਲ ਖਿਆਲ ਰੱਖਦੈ।

ਨਵੇਂ ਖਿਡਾਰੀਆਂ ਨੂੰ ਚੰਗਾ ਖਾਣ-ਪੀਣ, ਮਿਹਨਤ ਕਰਨ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਕਹਿ ਰਿਹੈ। ਵੱਡਾ ਭਰਾ ਮੋਹਣ ਸਿੰਘ ਵੀ ਜਾਨ ਪੱਖੋਂ ਤਕੜਾ ਸੀ। ਮਾਂ ਨੇ ਦੋਹਾਂ ਪੁੱਤਾਂ ਨੂੰ ਰੂਹ ਨਾਲ ਪਾਲਿਆ। ਪਿੰਡ ‘ਚੋਂ ਦੋਵੇਂ ਤਕੜੇ ਹੋਣ ਕਰਕੇ ਕਬੱਡੀ ਖੇਡਣ ਲੱਗੇ। ਪਿੰਡ ਦੇ ਹੋਰ ਖਿਡਾਰੀ ਤਿਆਰ ਕਰਕੇ ਪਿੰਡ ਦੀ ਟੀਮ ਬਣਾਈ। ਫਿਰ ਮੋਹਣ ਸਿੰਘ ਘਰ ਦੀ ਖੇਤੀ ਦੁਆਲੇ ਹੋ ਗਿਆ ਤੇ ਜੋਤਾ ਕਬੱਡੀ ‘ਚ ਅੱਗੇ ਤੋਂ ਅੱਗੇ ਵਧਦਾ ਗਿਆ। ਜ਼ਿੰਦਗੀ ‘ਚ ਇਕ ਵਾਰ ਮੁੱਲ ਘਿਉ ਲਿਆ ਸੀ, ਫਿਰ ਤਾਂ ਲੋਕਾਂ ਵਲੋਂ ਮਿਲਦਾ ਰਿਹੈ। ਬੇਟਾ ਭੁਪਿੰਦਰ ਸਿੰਘ ਆਰਮੀ ‘ਚ ਰਹਿ ਚੁਕੈ। ਬਲਿਊ ਸਟਾਰ ਵੇਲੇ ਉਹ ਫੌਜ ਦੀ ਸੇਵਾਵਾਂ ਨਿਭਾਅ ਰਿਹਾ ਸੀ, ਉਹਨੇ ਵੀ ਕਬੱਡੀ ਖੇਡੀ। ਆਰਮੀ ‘ਚ ਫੌਜ ਦੇ ਖਿਡਾਰੀਆਂ ਨੂੰ ਕਬੱਡੀ ਦੀ ਟਰੇਨਿੰਗ ਦਿੰਦਾ ਰਿਹਾ। ਪੰਦਰਾਂ ਸਾਲਾਂ ਬਾਅਦ ਫੌਜ ਵਿਚੋਂ ਰਿਟਾਇਰ ਹੋਇਆ। ਪਿੰਡ ਆ ਕੇ ਵੀ ਕਬੱਡੀ ਖੇਡੀ। ਦੂਜਾ ਬੇਟਾ ਗੁਰਪ੍ਰੀਤ ਸਿੰਘ ਗੋਪੀ ਕਬੱਡੀ ਦਾ ਨਾਮਵਰ ਜਾਫੀ ਰਹਿ ਚੁਕੈ।

2008-09 ‘ਚ ਅਮਰੀਕਾ ਦੀ ਧਰਤੀ ‘ਤੇ ਗੋਪੀ ਨੇ ਆਪਣੇ ਨਾਂ ਦਾ ਡੰਕਾ ਵਜਾਇਆ। ਪੋਤਾ ਗਗਨ ਬਾਬੇ ਦੇ ਰਾਹਾਂ ‘ਤੇ ਚੱਲ ਕੇ ਕਬੱਡੀ ਦਾ ਨਾਮਵਰ ਖਿਡਾਰੀ ਬਣਿਆ। ਚਾਚਾ-ਭਤੀਜਾ ‘ਕੱਠੇ ਮੈਚ ਖੇਡਦੇ ਰਹੇ। ਗਗਨ ਇਸ ਵਕਤ ਪੰਜਾਬ ਪੁਲਿਸ ਵਿਚ ਸੇਵਾ ਨਿਭਾਅ ਰਿਹੈ। ਉਹ ਇੰਗਲੈਂਡ, ਕੈਨੇਡਾ ਅਤੇ ਹੋਰ ਮੁਲਕਾਂ ‘ਚ ਆਪਣੀ ਖੇਡ ਦੇ ਜੌਹਰ ਵਿਖਾ ਰਿਹੈ ਤੇ ਬਾਬੇ ਜੋਤੇ ਵਾਂਗ ਪਿੰਡ ਦਾ ਨਾਂ ਰੁਸ਼ਨਾ ਰਿਹੈ। ਦੁਖ ਇਸ ਗੱਲ ਦਾ ਹੈ ਕਿ ਇਸ ਪਿੰਡ ਦੇ ਖਿਡਾਰੀਆਂ ਨੇ ਵੱਖ ਵੱਖ ਖੇਡਾਂ ‘ਚੋਂ ਏਸ਼ੀਆ ਦੇ ਸੱਤ ਮੈਡਲ ਜਿੱਤੇ ਹਨ, ਪਰ ਖੇਡ ਸਹੂਲਤਾਂ ਤੋਂ ਇਹ ਪਿੰਡ ਬਿਲਕੁਲ ਸੱਖਣੈਂ। ਸਰਕਾਰ ਕੋਈ ਧਿਆਨ ਨਹੀਂ ਦੇ ਰਹੀ।

ਨਵੇਂ ਖਿਡਾਰੀਓ ਹੋਸ਼ ਤੋਂ ਕੰਮ ਲਓ
ਨਸ਼ਾ ਕਰਕੇ ਕਿਸੇ ਕੁਝ ਖੱਟਿਆ ਨਾ।
ਪੁਰਾਣੇ ਖਿਡਾਰੀਆਂ ਬੜੀ ਮਿਹਨਤ ਕੀਤੀ
ਖੇਡ ਮੈਦਾਨਾਂ ਤੋਂ ਕੋਈ
ਕਦੇ ਪਿਛੇ ਹਟਿਆ ਨਾ।
‘ਇਕਬਾਲ ਸਿੰਹਾਂ’ ਘਰ-ਬਾਰ ਤੇ
ਜ਼ਿੰਦਗੀ ਉਹਦੀ ਬਰਬਾਦ ਹੋਈ,
ਨਸ਼ਿਆਂ ਤੋਂ ਪਾਸਾ ਜੀਹਨੇ ਵੱਟਿਆ ਨਾ।



ਅੰਤਰਰਾਸ਼ਟਰੀ ਕਬੱਡੀ ਖਿਡਾਰੀ ਗੁਰਪ੍ਰੀਤ ਸਿੰਘ ਗੋਪੀ



ਅੰਤਰਰਾਸ਼ਟਰੀ ਕਬੱਡੀ ਖਿਡਾਰੀ ਗਗਨ

## ਹਾਕੀ ਤੋਂ ਕੰਪਿਊਟਰ ਤਕ ਕਿਰਪਾਲ ਸਿੰਘ ਪੰਨੂੰ

(ਪਿਛਲੇ ਸਫੇ ਦੀ ਬਾਕੀ)

ਕਰਨ ਲੱਗਾ। ਉਹ ਦੋ ਸਾਲ ਡਕੈਥਲਿਨ ਦਾ ਜੂਨੀਅਰ ਨੈਸ਼ਨਲ ਚੈਂਪੀਅਨ ਰਿਹਾ। ਪੰਜਾਬ ਯੂਨੀਵਰਸਿਟੀ ਵਿਚ ਉਸ ਦਾ ਰਿਕਾਰਡ ਦਸ ਸਾਲ ਨਾ ਟੁੱਟਾ, ਪਰ ਗੋਡੇ ਦੀ ਸੱਟ ਕਾਰਨ ਉਹਦਾ ਖੇਡ ਕੈਰੀਅਰ ਅਧੂਰਾ ਰਹਿ ਗਿਆ। ਉਹ ਜਦੋਂ ਹਾਕੀ ਫੜ ਕੇ ਖੇਡ ਮੈਦਾਨ ਦਾ ਰੁਖ ਕਰਦਾ ਸੀ ਤਾਂ ਛੋਟਾ ਸੋਨੂੰ ਵੀ ਹਾਕੀ ਲੈ ਕੇ ਨਾਲ ਹੀ ਹੋ ਤੁਰਦਾ ਸੀ। ਉਹ ਅਜੇ ਸੱਤਵੀਂ ਕਲਾਸ ‘ਚ ਸੀ ਕਿ ਅਪਣੇ ਸਕੂਲ ਦੀ ਹਾਕੀ ਟੀਮ ਦਾ ਸੈਂਟਰ ਹਾਫ ਚੁਣ ਲਿਆ ਗਿਆ। ਸਕੂਲ ਦੇ ਕੋਚ ਦਰਸ਼ਨ ਸਿੰਘ ਗਿੱਲ ਨੂੰ ਟੀਮ ਲਈ ਇੱਕ ਤਕੜੇ ਗੋਲਕੀਪਰ ਦੀ ਲੋੜ ਅਨੁਭਵ ਹੋਈ। ਉਸ ਨੇ ਹਰ ਖਿਡਾਰੀ ਨੂੰ ਗੋਲਕੀਪਰ ਵਜੋਂ ਪਰਖਿਆ ਤਾਂ ਉਹਦੀ ਅੱਖ ਗੁਰਵਿੰਦਰ ਦੀ ਪ੍ਰਤਿਭਾ ਉੱਤੇ ਜਾ ਟਿਕੀ। ਉਸ ਨੇ ਭਵਿੱਖਵਾਣੀ ਕੀਤੀ ਕਿ ਸੋਨੂੰ ਕਿਸੇ ਦਿਨ ਹਾਕੀ ਦਾ ਨਾਮੀ ਗੋਲਕੀਪਰ ਬਣੇਗਾ।

ਸੋਨੂੰ 9ਵੀਂ ਤੇ 10ਵੀਂ ਕਲਾਸ ਵਿਚ ਢੁੱਡੀਕੇ ਸਕੂਲ ਦੇ ਸਪੋਰਟਸ ਵਿੰਗ ਵਿਚ ਗੋਲਕੀਪਰ ਵਜੋਂ ਖੇਡਦਾ ਰਿਹਾ ਤੇ ਟੀਮ ਦਾ ਕੈਪਟਨ ਬਣਿਆ। ਉਸ ਦੀ ਅਗਲੀ ਪੜ੍ਹਾਈ ਸਪੋਰਟਸ ਸਕੂਲ ਜਲੰਧਰ ਵਿਚ ਹੋਈ। ਸਪੋਰਟਸ ਸਕੂਲ ਜਲੰਧਰ ਦੇ ਕੋਚ ਗੁਰਦੀਪ ਸਿੰਘ ਨੇ ਉਸ ਨੂੰ ਹੋਰ ਪਰਪੱਕ ਕੀਤਾ। ਜਲੰਧਰ ਵਿਚਲੇ ਸਾਲ ਗੁਰਵਿੰਦਰ ਲਈ ਸੰਘਰਸ਼ਮਈ ਸਾਲ ਸਨ। ਉਹਦੇ ਕਦਮ ਆਪਣੇ ਟੀਚੇ ਵੱਲ ਅੱਗੇ ਵਧਦੇ ਗਏ ਅਤੇ ਉਨ੍ਹਾਂ ਦੀ ਟੀਮ ਸਕੂਲਾਂ ਦੀ ਨੈਸ਼ਨਲ ਚੈਂਪੀਅਨ ਬਣ ਗਈ।


ਫਿਰ ਡੀ. ਏ. ਵੀ. ਕਾਲਜ ਜਲੰਧਰ ਨੇ ਗੁਰਵਿੰਦਰ ਨੂੰ ਆਪਣੀ ਸਰਪ੍ਰਸਤੀ ਵਿਚ ਲੈ ਲਿਆ, ਜਿਥੇ ਉਹ ਕੰਬਾਈਂਡ ਯੂਨੀਵਰਸਿਟੀ ਦਾ ਗੋਲਕੀਪਰ ਖੇਡਿਆ। ਇਸੇ ਸਮੇਂ ਪੰਜਾਬ ਐਂਡ ਸਿੰਘ ਬੈਂਕ ਨੇ ਉਸ ਨੂੰ 1500 ਰੁਪਏ ਮਹੀਨੇ ਦਾ ਵਜ਼ੀਫਾ ਲਾ ਦਿੱਤਾ। ਉਹ ਬੈਂਕ ਦੀ 19 ਸਾਲਾ ਜੂਨੀਅਰ ਹਾਕੀ ਟੀਮ ਦਾ ਕੈਪਟਨ ਬਣਿਆ ਅਤੇ ‘ਸੰਜੇ ਗਾਂਧੀ ਮੈਮੋਰੀਅਲ’ ਵਰਗੇ ‘ਏ’ ਗਰੇਡ ਦੇ ਕਈ ਟੂਰਨਾਮੈਂਟ ਉਸ ਦੀ ਟੀਮ ਨੇ ਬੈਂਕ ਦੇ ਖਾਤੇ ਵਿਚ ਜੋੜੇ। ਫਿਰ ਪੰਜਾਬ ਐਂਡ ਸਿੰਧ ਬੈਂਕ ਨੇ 1995 ਵਿਚ ਉਸ ਨੂੰ ਆਪਣੀ ਪੱਕੀ ਜੌਬ ’ਤੇ ਰੱਖ ਲਿਆ। 1995 ਵਿਚ ‘ਜੂਨੀਅਰ ਹਾਕੀ ਟੀਮ ਪੰਜਾਬ’ ਦਾ ਮੈਂਬਰ ਬਣ ਕੇ ਉਹ ਕੈਨੇਡਾ ਟੂਰ ਉੱਤੇ ਆਇਆ। ਇੱਥੇ ਉਨ੍ਹਾਂ ਨੇ ‘ਆਟਵਾ ਕੈਪੀਟਲ ਕੱਪ’ ਅਤੇ ‘ਮਾਂਟਰੀਅਲ ਕੱਪ’ ਦੇ ਮੈਚ ਖੇਡੇ। ਟੋਰਾਂਟੋ ਵਿਚ ਵੀ ਪੰਜਾਬ ਦੀ ਇਸ ਟੀਮ ਨੇ ਇੱਕ ਸ਼ੋਅ ਮੈਚ ਖੇਡਿਆ। ਸਾਰੇ ਮੈਚਾਂ ਵਿਚ ਇਸ ਟੀਮ ਦੀ ਗੋਲਕੀਪਰੀ ਉੱਤਮ ਰਹੀ।

ਅਗਸਤ 1995 ਵਿਚ ਜੂਨੀਅਰ ਨੈਸ਼ਨਲ ਹਾਕੀ ਟੀਮ ਦਾ ਕੋਚਿੰਗ ਕੈਂਪ ਲੱਗਾ, ਜਿਸ ਵਿਚ ਸੋਨੂੰ ਸਮੇਤ ਪੰਜਾਬ ਦੇ 8 ਖਿਡਾਰੀ ਸ਼ਾਮਲ ਸਨ। ਪਾਕਿਸਤਾਨ ਵਿਚ ਜੂਨੀਅਰ ਵਿਸ਼ਵ ਹਾਕੀ ਕੱਪ ਖੇਡਣ ਦੇ ਸਾਰੇ ਪ੍ਰਬੰਧ ਹੋ ਚੁਕੇ ਸਨ ਕਿ ਐਨ ਅਖੀਰਲੇ ਪਲ ਪਾਕਿਸਤਾਨ ਇਹ ਕਹਿ ਕੇ ਪਿੱਛੇ ਹਟ ਗਿਆ ਕਿ ਉਹ ਭਾਰਤੀ ਖਿਡਾਰੀਆਂ ਦੀ ਸੁਰੱਖਿਆ ਦਾ ਰਿਸਕ ਨਹੀਂ ਲੈ ਸਕਦਾ। ਉਸ ਪਿੱਛੋਂ ਫਿਰ 20 ਖਿਡਾਰੀਆਂ ਦਾ ਇੱਕ ਖੇਡ ਕੈਂਪ ਆਸਟ੍ਰੇਲੀਆ ਦੇ ਟੈਸਟ ਮੈਚ ਲਈ ਲੱਗਿਆ। ਉੱਥੇ ਫਿਰ ਖੇਡਾਂ ਦੀ ਕੂਟਨੀਤੀ ਆਪਣੀ ਬਦਨੀਤੀ ਦਿਖਾ ਗਈ ਤੇ ਜੂਨੀਅਰ ਟੀਮ ਦੀ ਥਾਂ ਸੀਨੀਅਰ ਟੀਮ ਘੱਲ ਦਿੱਤੀ ਗਈ। ਫਿਰ ਇੰਡੀਅਨ ਹਾਕੀ ਫੈਡਰੇਸ਼ਨ ਨੇ ਆਪਣੀ ਪੂਰੀ ਤਿਆਰੀ ਵਾਲੀ ਜੂਨੀਅਰ ਟੀਮ ਨੂੰ ਸਿੰਘਾਪੁਰ, ਮਲੇਸ਼ੀਆ ਦੇ ਟੂਰ ਲਈ ਤਿਆਰ ਕੀਤਾ। ਗੁਰਵਿੰਦਰ 1996 ਵਿਚ ਇੰਡੀਅਨ ਏਅਰ ਲਾਈਨਜ਼ ਵੱਲੋਂ ਡੁੱਬਈ ਵਿਚ ਟੂਰਨਾਮੈਂਟ ਖੇਡਿਆ ਤੇ ਫਾਈਨਲ ਵਿਚ ਪਾਕਿਸਤਾਨ ਏਅਰ ਲਾਈਨਜ਼ ਨਾਲ ਤਕੜਾ ਲੋਹਾ ਲਿਆ। ਫਿਰ ਉਹ ਪੱਕੇ ਪਰਵਾਸੀ ਵਜੋਂ ਕੈਨੇਡਾ ਆ ਗਿਆ। ਉਸ ਦਾ ਕਹਿਣਾ ਹੈ ਕਿ ਖੇਡਾਂ ਸਿਹਤ ਨੂੰ ਹਰ ਪੱਖੋਂ ਸੰਤੁਲਤ ਰੱਖਦੀਆਂ ਹਨ ਅਤੇ ਜੀਵਨ ਦੀਆਂ ਚੰਗੀਆਂ ਬੁਰੀਆਂ ਸਥਿਤੀਆਂ ਨਾਲ ਸਿੱਝਣ ਦਾ ਢੰਗ ਤਰੀਕਾ ਸਿਖਾਉਂਦੀਆਂ ਹਨ। ਹਾਲੇ ਵੀ ਉਹ ਹਾਕੀ ਨਾਲ ਜੁੜਿਆ ਹੋਇਆ ਹੈ।



ਹਾਕੀ ਖਿਡਾਰੀ ਗੁਰਵਿੰਦਰ ਸਿੰਘ ਸੰਧੂ

## ਮੇਰੀ ਪਾਕਿਸਤਾਨ ਫੇਰੀ-2



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-909-8204**

# ਲਾਹੌਰ ਤੋਂ ਭਾਅ ਫੀਰੋਜ਼ਦੀਨ ਦੇ ਪਿੰਡ ਤੱਕ

***ਸੰਨ ਸੰਤਾਲੀ ਵਿਚ ਭਾਰਤ ਵੰਡਿਆ ਗਿਆ ਪਰ ਅਸਲ ਵੰਡ ਤਾਂ ਪੰਜਾਬ ਅਤੇ ਬੰਗਾਲ ਦੀ ਹੋਈ ਜਿਥੇ ਦੋ ਕੌਮਾਂ ਟੋਟੇ-ਟੋਟੇ ਹੋ ਗਈਆਂ। ਇਸ ਵੰਡ ਵੇਲੇ ਵਸੋਂ ਦੀ ਅਦਲਾ-ਬਦਲੀ ਦੌਰਾਨ ਪੰਜਾਬ ਲਹੂ-ਲੁਹਾਣ ਹੋ ਗਿਆ। ਬਾਅਦ ਵਿਚ ਦੋਹਾਂ ਮੁਲਕਾਂ ਦੇ ਸਿਆਸਤਦਾਨ ਭਾਵੇਂ ਇਕ-ਦੂਜੇ ਖਿਲਾਫ ਨਫਰਤ ਵਾਲੀ ਸਿਆਸਤ ਕਰਦੇ ਰਹੇ ਪਰ ਦੋਹਾਂ ਪਾਸਿਆਂ ਦੇ ਲੋਕ ਇਕ-ਦੂਜੇ ਨੂੰ ਧਾਹ ਗਲਵੱਕੜੀ ਪਾਉਂਦੇ ਹਨ। 'ਪੰਜਾਬ ਟਾਈਮਜ਼' ਨਾਲ ਚਿਰਾਂ ਤੋਂ ਜੁੜੇ ਰਹੇ ਅਤੇ ਅੱਜਕੱਲ੍ਹ ਅਮਰੀਕਾ ਵੱਸਦੇ ਜਸਵੰਤ ਸਿੰਘ ਸੰਧੂ ਨੇ ਪਾਕਿਸਤਾਨ ਫੇਰੀ ਬਾਰੇ ਲੰਮਾ ਲੇਖ ਸਾਨੂੰ ਲਿਖ ਭੇਜਿਆ ਹੈ। ਇਸ ਦੀ ਦੂਜੀ ਕਿਸ਼ਤ ਹਾਜ਼ਰ ਹੈ।***

ਹੁਣ ਅਸੀਂ ਸ਼ਾਹੀ ਕਿਲ੍ਹਾ ਦੇਖਣ ਜਾਣਾ ਸੀ। ਮਨਦੀਪ ਭੁੱਲਰ ਦੇ ਪਿਤਾ ਜੀ ਮਨਮੋਹਨ ਸਿੰਘ ਭੁੱਲਰ ਦਾ ਟੋਰਾਂਟੋ ਨਿਵਾਸੀ ਕਰੀਬੀ ਦੋਸਤ ਸਈਅਦ ਇਕਬਾਲ ਮੇਊ ਜੋ ਇਮਰਾਨ ਖਾਨ ਦੀ ਪਾਰਟੀ ਪੀ.ਟੀ.ਆਈ. ਵਿਚ ਚੰਗਾ ਅਸਰ ਰਸੂਖ ਰੱਖਦਾ ਹੈ, ਨੇ ਆਪਣੇ ਦੋ ਕਰੀਬੀ ਰਿਸ਼ਤੇਦਾਰਾਂ ਅਤੇ ਕਾਰ ਡਰਾਈਵਰ ਸਮੇਤ ਪਾਕਿਸਤਾਨ ਦੇ ਤਾਰੀਖੀ (ਇਤਿਹਾਸਕ) ਸਥਾਨਾਂ ਅਤੇ ਗੁਰਦੁਆਰਿਆਂ ਦੀ ਯਾਤਰਾ ਵਾਸਤੇ ਪ੍ਰਬੰਧ ਕਰ ਦਿੱਤਾ। ਉਹ ਸਾਨੂੰ ਕਾਰ 'ਤੇ ਸ਼ਾਹੀ ਕਿਲ੍ਹੇ ਲੈ ਗਏ।

ਸ਼ਾਹੀ ਕਿਲ੍ਹਾ ਦੇਖਣ ਲਈ ਟਿਕਟਾਂ ਖਰੀਦੀਆਂ ਅਤੇ ਮੁੱਖ ਗੇਟ ਰਾਹੀਂ ਅੰਦਰ ਦਾਖਲ ਹੋ ਗਏ। 46 ਏਕੜ ਵਿਚ ਫੈਲੇ ਇਸ ਕਿਲ੍ਹੇ ਨੂੰ 1605 ਵਿਚ ਮੁਗਲ ਬਾਦਸ਼ਾਹ ਅਕਬਰ ਨੇ ਬਣਵਾਇਆ ਸੀ। ਬਾਅਦ ਵਿਚ ਆਉਣ ਵਾਲੇ ਮੁਗਲ ਬਾਦਸ਼ਾਹ ਆਪਣੀਆਂ ਲੋੜਾਂ ਮੁਤਾਬਕ ਇਮਾਰਤਾਂ ਵਿਚ ਵਾਧਾ ਕਰਦੇ ਰਹੇ। ਇਸ ਕਿਲ੍ਹੇ ਦੇ ਤੇਰਾਂ ਦਰਵਾਜ਼ੇ ਨੇ। ਇਮਾਰਤਾਂ ਇਸਲਾਮੀ ਇਮਾਰਤਸਾਜ਼ੀ ਦੇ ਵਧੀਆ ਨਮੂਨੇ ਨੇ। ਦੀਵਾਨ-ਏ-ਆਮ, ਦੀਵਾਨ-ਏ-ਖਾਸ, ਸ਼ੀਸ਼ ਮਹਿਲ, ਸ਼ਾਹੀ ਹਮਾਮ ਤੇ ਖਾਬਗਾਹਾਂ ਮੌਜੂਦ ਨੇ। ਸਿੱਖ ਰਾਜ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਕਈ ਇਮਾਰਤਾਂ ਬਣਾਈਆਂ।

ਮੁਗਲਾਂ ਦੇ ਰਾਜ ਵਿਚ ਕਦੇ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਹੁੰਦੇ ਸੀ ਪਰ ਸਿੱਖਾਂ ਕੋਲ ਆਪਣੇ ਇਖਲਾਕ ਦੀ ਤਾਕਤ ਸੀ। ਉਹ ਇਸ ਜ਼ੁਲਮ ਦਾ ਟਾਕਰਾ ਕਰਦੇ ਕਰਦੇ ਲਾਹੌਰ ਦੇ ਤਖਤ 'ਤੇ, ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ, ਸਿਰ 'ਤੇ ਕਲਗੀ ਲਾ ਕੇ ਬੈਠੇ।

ਮਹਾਰਾਜਾ ਰਣਜੀਤ ਸਿੰਘ ਨੇ ਬੇਸ਼ਕ ਮੁਗਲਾਂ ਤੋਂ ਰਾਜ ਖੋਹਿਆ ਸੀ ਪਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਮੁਤਾਬਕ ਸਾਰਿਆਂ (ਹਿੰਦੂ, ਮੁਸਲਿਮ, ਸਿੱਖ, ਈਸਾਈ) ਫਿਰਕਿਆਂ ਨੂੰ ਨਾਲ ਲੈ ਕੇ ਰਾਜ ਕਰਨਾ ਚਾਹੁੰਦੇ ਸਨ। ਉਨ੍ਹਾਂ ਆਪਣੇ ਰਾਜ ਪ੍ਰਬੰਧ ਵਿਚ ਹਰ ਫਿਰਕੇ ਨੂੰ ਨੁਮਾਇੰਦਗੀ ਦਿਤੀ ਅਤੇ ਪਹਿਲੀ ਵਾਰ ਸਹੀ ਰੂਪ ਵਿਚ ਪੰਜਾਬੀਆਂ ਦਾ ਰਾਜ ਕਾਇਮ ਕੀਤਾ। ਉਨ੍ਹਾਂ ਦੇ 40 ਸਾਲ ਦੇ ਰਾਜ ਵਿਚ ਕੋਈ ਫਿਰਕੂ ਫਸਾਦ ਨਹੀਂ ਹੋਇਆ, ਨਾ ਹੀ ਕਿਸੇ ਨੂੰ ਫਾਂਸੀ ਲੱਗੀ। ਉਨ੍ਹਾਂ ਦੀ ਮੌਤ ਤੋਂ 10 ਸਾਲਾਂ ਦੇ ਵਿਚ-ਵਿਚ ਹੀ ਡੋਗਰਿਆਂ ਦੀ ਗਦਾਰੀ ਤੇ ਸਿੱਖ ਸਰਦਾਰਾਂ ਦੀ ਗੱਦੀ ਦੀ ਭੁੱਖ ਨੇ ਪੰਜਾਬੀਆਂ ਦਾ ਇਹ ਰਾਜ ਖਤਮ ਕਰ ਦਿੱਤਾ। ਜੇ ਕਿਤੇ ਇਹ ਰਾਜ ਕਾਇਮ ਰਹਿੰਦਾ ਤਾਂ 47 ਵਿਚ ਪੰਜਾਬੀਆਂ ਨੇ ਜੋ ਬਰਬਾਦੀ ਦੇਖੀ, ਨਾ ਦੇਖਣੀ ਪੈਂਦੀ। ਅੱਜ ਵੀ ਸਾਡੀਆਂ ਸਿਆਸੀ ਪਾਰਟੀਆਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ, ਅੰਗਰੇਜ਼ਾਂ ਦੀ 'ਵੰਡੋ ਤੇ ਰਾਜ ਕਰੋ' ਵਾਲੀ ਨੀਤੀ 'ਤੇ ਚੱਲ ਰਹੀਆਂ ਨੇ। ਇਸੇ ਕਰਕੇ ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ ਨਹੀਂ ਬਣ ਸਕਿਆ।

ਇਸ ਸ਼ਾਹੀ ਕਿਲ੍ਹੇ ਨੱਲ ਸਿੱਖ ਰਾਜ ਵੇਲੇ ਦੀ ਇਕ ਦੁਖਦਾਈ ਘਟਨਾ ਵੀ ਜੁੜੀ ਹੋਈ ਹੈ। ਆਪਣੇ ਬਾਪ ਖੜਕ ਸਿੰਘ ਦੇ ਸਸਕਾਰ ਤੋਂ ਬਾਅਦ ਕੰਵਰ ਨੌਨਿਹਾਲ ਕਿਲ੍ਹੇ ਵੱਲ ਆ ਰਿਹਾ ਸੀ। ਉਸ ਦੇ ਨਾਲ ਧਿਆਨ ਸਿੰਘ ਦਾ ਭਤੀਜਾ ਊਧਮ ਸਿੰਘ ਵੀ ਸੀ। ਰਾਜਾ ਧਿਆਨ ਸਿੰਘ ਨੇ ਕੰਵਰ ਨੂੰ ਖਤਮ ਕਰਨ ਲਈ ਜਿਸ ਦਰਵਾਜ਼ੇ ਤੋਂ ਉਸ ਨੇ ਕਿਲ੍ਹੇ ਵਿਚ ਦਾਖਲ ਹੋਣਾ ਸੀ, ਦੇ ਛੱਜੇ ਦੀਆਂ ਦਾੜ੍ਹਾਂ ਪੁੱਟ ਕੇ ਵਿਚ ਬਰੂਦ ਭਰ ਛੱਡਿਆ ਸੀ। ਜਦ ਕੰਵਰ ਤੇ ਊਧਮ ਸਿੰਘ ਛੱਜੇ ਹੇਠ ਆਏ ਤਾਂ ਕਰਨਲ ਬਿਜੈ ਸਿੰਘ ਦੇ ਆਦਮੀਆਂ ਨੇ ਬਰੂਦ ਨੂੰ ਅੱਗ ਲਾ ਦਿੱਤੀ ਤਾਂ ਧਮਾਕੇ ਨਾਲ ਛੱਜਾ ਥੱਲੇ ਆ ਪਿਆ। ਊਧਮ ਸਿੰਘ ਥਾਏਂ ਮਾਰਿਆ ਗਿਆ। ਕੰਵਰ ਦੇ ਸੱਜੇ ਕੰਨ ਥੱਲੇ ਮਾਮੂਲੀ ਸੱਟ ਲੱਗੀ ਪਰ ਡੋਗਰੇ ਸਿਪਾਹੀ ਉਸ ਨੂੰ ਪਾਲਕੀ ਵਿਚ ਪਾ ਕੇ ਕਿਲ੍ਹੇ ਦੇ ਅੰਦਰ ਲੈ ਗਏ, ਦਰਵਾਜ਼ਾ ਬੰਦ ਕਰ ਦਿੱਤਾ ਅਤੇ ਸਿਰ 'ਤੇ ਪੱਥਰ ਮਾਰ-ਮਾਰ ਕੇ ਮਾਰ ਦਿੱਤਾ। ਉਹ ਛੱਜਾ ਕੰਵਰ 'ਤੇ ਨਹੀਂ ਸੀ ਡਿੱਗਾ ਸਗੋਂ ਸਿੱਖਾਂ ਤੇ ਪੰਜਾਬੀਆਂ ਦੀ ਕਿਸਮਤ 'ਤੇ ਡਿੱਗਾ ਸੀ। ਕੰਵਰ ਨੌਨਿਹਾਲ ਸਿੰਘ ਬੜਾ ਸੂਝਵਾਨ ਤੇ ਸਿਆਣਾ ਬਾਦਸ਼ਾਹ ਸੀ ਜੋ ਡੋਗਰਿਆਂ ਅਤੇ ਅੰਗਰੇਜ਼ਾਂ ਦੀਆ ਚਾਲਾਂ ਨੂੰ ਸਮਝਦਾ ਸੀ। ਇਸੇ ਕਰਕੇ ਡੋਗਰਿਆਂ ਨੇ ਉਸ ਨੂੰ ਆਪਣੇ ਰਸਤੇ ਵਿਚੋਂ ਹਟਾਉਣ ਵਾਸਤੇ ਕਤਲ ਕਰ ਦਿੱਤਾ।

ਇਹ ਦਰਵਾਜ਼ਾ ਹਜ਼ੂਰੀ ਬਾਰਾਂਦਰੀ ਨੂੰ ਸਾਹਮਣਾ ਸਮਾਧ ਦੇ ਨਾਲ ਹੈ। ਇਸ ਦਾ ਨਾਮ ਪਹਿਲਾਂ 'ਬਦਾਮੀ ਬਾਗ਼ ਦਾ ਦਰਵਾਜ਼ਾ' ਸੀ ਅਤੇ ਕੰਵਰ ਦੇ ਜ਼ਖਮੀ ਹੋਣ ਪਿੱਛੋਂ ਇਸ ਦਾ ਨਾਂ ਖੂਨੀ ਦਰਵਾਜ਼ਾ ਪੈ ਗਿਆ।

ਕੁਦਰਤੀ ਉਸ ਦਿਨ ਫੈਸਲਾਬਾਦ (ਪਹਿਲਾਂ ਨਾਂ ਲਾਇਲਪੁਰ) ਤੋਂ ਦਸਵੀਂ-ਬਾਰ੍ਹਵੀਂ ਦੇ ਵਿਦਿਆਰਥੀ ਆਪਣੇ ਉਸਤਾਦਾਂ ਸਮੇਤ ਕਿਲ੍ਹਾ ਦੇਖਣ ਆਏ ਹੋਏ ਸਨ। ਮੇਰੇ ਅਤੇ ਸ. ਮਨਮੋਹਨ ਸਿੰਘ ਨਾਲ ਆਮ ਲੋਕ ਫੋਟੋਆਂ ਖਿਚਵਾ ਰਹੇ ਸਨ। ਫੋਟੋਆਂ ਖਿਚਵਾਉਣ ਵਾਲੇ ਸਾਨੂੰ ਪੰਜ ਕਦਮ ਵੀ ਨਹੀਂ ਸੀ ਚੱਲਣ ਦਿੰਦੇ। ਇਸੇ ਦੌਰਾਨ ਬਾਰ੍ਹਵੀਂ ਜਮਾਤ ਦੀਆਂ ਪੰਜ-ਛੇ ਕੁੜੀਆਂ ਸਾਡੇ ਪਾਸ ਆਈਆਂ ਅਤੇ ਫੋਟੋ ਖਿਚਵਾਉਣ ਲਈ ਕਹਿਣ ਲੱਗੀਆਂ। ਜਦ ਫੋਟੋ ਖਿਚਣ ਲੱਗੇ ਤਾਂ ਇਕ ਲੜਕੀ ਨੇ ਮੈਨੂੰ ਕਿਹਾ, "ਅੰਕਲ ਜੀ! ਮੇਰੇ ਸਿਰ 'ਤੇ ਹੱਥ ਰੱਖੋ।" ਮੈਂ ਉਸ ਦੇ ਸਿਰ 'ਤੇ ਹੱਥ ਰੱਖ ਕੇ ਫੋਟੋ ਖਿਚਵਾਈ। ਮੈਂ ਸੋਚਿਆ, ਨਵੀਂ ਪੀੜ੍ਹੀ ਦੀ ਸਿੱਖ ਸ਼ਕਲਾਂ ਨਾਲ ਫੋਟੋ ਖਿਚਵਾਉਣ ਵਿਚ ਦਿਲਚਸਪੀ ਕਿਉਂ ਹੈ? ਇਸ ਦੀ ਵਜ੍ਹਾ ਮੈਂ ਇਹ ਸਮਝਦਾ ਹਾਂ ਕਿ ਉਸ ਬੱਚੀ ਦੇ ਬਜ਼ੁਰਗਾਂ ਨੇ ਜ਼ਰੂਰ ਪਰਿਵਾਰ ਵਿਚ ਬੈਠ ਕੇ ਵੰਡ ਤੋਂ ਪਹਿਲਾਂ ਦੇ ਸਿੱਖਾਂ ਅਤੇ ਮੁਸਲਮਾਨਾਂ ਦੇ ਆਪਸ ਵਿਚ ਵਧੀਆ ਅਤੇ ਨਿੱਘੇ ਤਅੱਲਕਾਤ ਦੀਆਂ ਗੱਲਾਂ ਜ਼ਰੂਰ ਕੀਤੀਆਂ ਹੋਣਗੀਆਂ। ਇਸੇ ਕਿਲ੍ਹੇ 'ਚੋਂ ਮੁਗਲਾਂ ਵੱਲੋਂ ਖੋਹੇ ਘੋੜੇ ਬਾਬਾ ਬਿਧੀ ਚੰਦ ਭਜਾ ਕੇ ਲੈ ਗਿਆ ਸੀ।

ਸ਼ਾਹੀ ਕਿਲ੍ਹੇ ਦੇ ਬਿਲਕੁਲ ਸਾਹਮਣੇ ਗੁਰਦੁਆਰਾ ਡੇਰਾ ਸਾਹਿਬ ਹੈ। ਗੁਰੂ ਅਰਜਨ ਦੇਵ ਜੀ ਨੇ 1604 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਜਿਸ ਵਿਚ ਸਾਰੇ ਮਜ਼੍ਹਬਾਂ ਦੇ ਸੰਤਾਂ, ਸੂਫੀ ਫਕੀਰਾਂ ਤੇ ਭਗਤਾਂ ਦੀ ਬਾਣੀ ਵੀ ਸ਼ਾਮਲ ਕੀਤੀ। ਸ੍ਰੀ ਦਰਬਾਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਜੀ ਕੋਲੋਂ ਰਖਵਾਈ। ਅਕਬਰ ਬਾਦਸ਼ਾਹ ਦੀਨੇ-ਇਲਾਹੀ ਦੀ ਉਦਾਰਚਿਤ ਤੇ ਖੁੱਲ੍ਹਦਿਲੀ ਨੀਤੀ ਦੀ ਵਜ੍ਹਾ ਨਾਲ ਹਿੰਦੂਆਂ ਲਈ ਬਰਾਬਰ ਪ੍ਰੇਮ-ਪਿਆਰ ਰੱਖਦਾ ਸੀ। ਇਸੇ ਲਈ ਉਹ ਗੁਰੂ ਜੀ ਬੜਾ ਸਤਿਕਾਰ ਕਰਦਾ ਸੀ ਪਰ ਜਹਾਂਗੀਰ ਮੁਤੱਸਬੀ ਸੋਚ ਦਾ ਮਾਲਕ ਸੀ। ਉਹ ਆਪਣੀ ਜੀਵਨੀ 'ਤੁਜ਼ਕ-ਏ-ਜਹਾਂਗੀਰੀ' ਵਿਚ ਗੁਰੂ ਜੀ ਦੀ ਸੋਚ ਨੂੰ ਝੂਠ ਦੀ ਦੁਕਾਨ ਕਹਿੰਦਾ ਹੈ ਤੇ ਉਸ ਨੂੰ ਬੰਦ ਕਰਾਉਣੀ ਚਾਹੁੰਦਾ ਹੈ। ਇਸੇ ਦੌਰਾਨ ਜਦ ਚੰਦੂ ਦੀ ਕੁੜੀ ਦਾ ਰਿਸ਼ਤਾ ਸ੍ਰੀ ਗੁਰੂ ਹਰਗੋਬਿੰਦ ਨੂੰ ਜਾਂਦਾ ਹੈ ਤਾਂ ਉਹ ਆਪਣੀ ਹੈਂਕੜ ਨਾਲ ਕਹਿੰਦਾ ਹੈ, "ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿੱਤੀ।" ਸਵੈ-ਮਾਨੀ ਗੁਰੂ ਜੀ ਨੇ ਇਹ ਰਿਸ਼ਤਾ ਲੈਣ ਤੋਂ ਇਨਕਾਰ ਕਰ ਦਿੱਤਾ। ਚੰਦੂ ਦੀ ਚੁੱਕ 'ਤੇ ਜਹਾਂਗੀਰ ਨੇ ਯਾਸਾ (ਬਿਨਾ ਲਹੂ ਡੁਲ੍ਹਿਆਂ ਮਾਰਨਾ) ਦੇ ਸ਼ਰਈ ਕਾਨੂੰਨ ਅਨੁਸਾਰ ਗੁਰੂ ਜੀ ਨੂੰ ਸਜ਼ਾ ਦੇਣ ਲਈ ਹੁਕਮ ਸੁਣਾ ਦਿੱਤਾ। ਤੱਤੀ ਤਵੀ 'ਤੇ ਬਿਠਾ ਕੇ ਸੀਸ ਵਿਚ ਤੱਤੀ ਰੇਤ ਪਵਾ ਕੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ। ਗੁਰੂ ਜੀ ਸਿੱਖ ਧਰਮ ਵਿਚ ਪਹਿਲੇ ਸ਼ਹੀਦ ਹਨ। ਸ਼ਹੀਦੀ ਸਥਾਨ 'ਤੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਗੁਰਦੁਆਰਾ ਬਣਾ ਦਿੱਤਾ। ਅੱਜਕੱਲ੍ਹ ਇਸ ਦੀ ਵਿਸ਼ਾਲ ਇਮਾਰਤ ਉਸਾਰੀ ਅਧੀਨ ਹੈ।



*ਜਸਵੰਤ ਸਿੰਘ ਸੰਧੂ ਲਹਿੰਦੇ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਨੂੰ ਮਿਲਦੇ ਹੋਏ।*

ਗੁਰਦੁਆਰਾ ਡੇਰਾ ਸਾਹਿਬ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਪਰਿਵਾਰਕ ਵਾਰਸਾਂ ਦੀਆਂ ਸਮਾਧਾਂ ਹਨ ਜਿਥੇ ਇਹ ਪੰਜਾਬੀਆਂ ਦਾ ਹਰਮਨ ਪਿਆਰਾ ਬਾਦਸ਼ਾਹ ਸੁੱਤਾ ਪਿਆ ਹੈ। ਅੱਜ ਦੇ ਵਿਸ਼ਲੇਸ਼ਕਾਂ ਨੇ ਸਾਰੇ ਸੰਸਾਰ ਦੇ ਬਾਦਸ਼ਾਹੋਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਨੂੰ ਪਹਿਲਾ ਸਥਾਨ ਦਿੱਤਾ ਹੈ ਕਿਉਂਕਿ ਉਹ ਸਾਰੇ ਇਨਸਾਨਾਂ ਨੂੰ ਬਰਾਬਰ ਸਮਝਦੇ ਸਨ।

ਕਿਲ੍ਹੇ ਦੇ ਮੁੱਖ ਗੇਟ ਦੇ ਸਾਹਮਣੇ ਬਾਦਸ਼ਾਹੀ ਮਸਜਿਦ ਹੈ। ਮਸਜਿਦ ਦੇ ਗੇਟ ਦੇ ਖੱਬੇ ਪਾਸੇ ਸ਼ਾਇਰ-ਏ-ਮਸ਼ਰਕ ਡਾ. ਮੁਹੰਮਦ ਇਕਬਾਲ ਦੀ ਯਾਦਗਾਰ ਹੈ। ਇਥੇ ਜੁੱਤੀ ਉਤਾਰ ਕੇ ਯਾਦਗਾਰ ਦੇ ਦਰਸ਼ਨ ਕੀਤੇ। ਉਨ੍ਹਾਂ ਦੀ ਮੌਤ ਅਪਰੈਲ 1938 ਵਿਚ ਹੋਈ ਸੀ। ਯਾਦਗਾਰ ਦੇ ਅੰਦਰ ਉਨ੍ਹਾਂ ਦੇ ਖਾਸ ਸ਼ਿਅਰ ਲਿਖੇ ਹੋਏ ਸਨ। ਇਹ ਇਮਾਰਤਸਾਜ਼ੀ ਦਾ ਵਧੀਆ ਨਮੂਨਾ ਹੈ। ਬਾਦਸ਼ਾਹੀ ਮਸਜਿਦ ਸ਼ਹਿਨਸ਼ਾਹ ਔਰਗਜ਼ੇਬ ਆਲਮਗੀਰ ਨੇ 1674 ਵਿਚ ਬਣਵਾਈ ਸੀ ਜੋ ਇਸਲਾਮੀ ਭਵਨ ਨਿਰਮਾਣ ਕਲਾ ਪੱਖੋਂ ਸ਼ਾਨਦਾਰ ਇਮਾਰਤ ਹੈ। ਹਨੇਰਾ ਹੋਣ ਕਰਕੇ ਅਸੀਂ ਮਸਜਿਦ ਦੇ ਵਿਸ਼ਾਲ ਵਿਹੜੇ ਵਿਚੋਂ ਹੀ ਦਰਸ਼ਨ ਕਰਕੇ ਬਾਹਰ ਆ ਗਏ। ਸਾਡੇ ਮੇਜ਼ਬਾਨ ਸਾਨੂੰ ਪੀ.ਸੀ. ਹੋਟਲ ਛੱਡ ਕੇ ਦਿਨੇ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਜਾਣ ਦਾ ਕਹਿ ਕੇ ਚਲੇ ਗਏ।

---

ਅਗਲੇ ਦਿਨ ਅਸੀਂ ਦਰਬਾਰ ਸਾਹਿਬ ਕਰਤਾਰਪੁਰ ਵੱਲ ਚਾਲੇ ਪਾ ਦਿੱਤੇ। ਇਹ ਗੁਰਦੁਆਰਾ 1947 ਤੋਂ ਪਹਿਲਾਂ ਸਿਆਲਕੋਟ ਜ਼ਿਲ੍ਹੇ ਵਿਚ ਹੁੰਦਾ ਸੀ। ਸਿਆਲਕੋਟ ਜ਼ਿਲ੍ਹੇ ਦੀਆਂ ਚਾਰ ਤਹਿਸੀਲਾਂ ਸਨ- ਸਿਆਲਕੋਟ, ਪਸਰੂਰ, ਡਸਕਾ ਤੇ ਨਾਰੋਵਾਲ। ਨਾਰੋਵਾਲ ਜ਼ਿਲ੍ਹਾ ਬਣਨ ਕਰਕੇ ਇਹ ਧਰਮ ਸਥਾਨ ਹੁਣ ਨਾਰੋਵਾਲ ਜ਼ਿਲ੍ਹੇ ਵਿਚ ਪੈਂਦਾ ਹੈ।

ਲਾਹੌਰ ਤੋਂ ਇਹ ਸਥਾਨ 139 ਕਿਲੋਮੀਟਰ ਹੈ। ਤਿੰਨ ਘੰਟੇ ਦੇ ਸਫਰ ਤੋਂ ਬਾਅਦ ਅਸੀਂ ਦਰਬਾਰ ਸਾਹਿਬ ਕਰਤਾਰਪੁਰ ਪਹੁੰਚ ਗਏ। ਸਕਿਉਰਿਟੀ ਚੈਕਿੰਗ ਤੋਂ ਬਾਅਦ ਅਸੀਂ ਗੁਰਦੁਆਰੇ ਵਿਚ ਪਰਵੇਸ਼ ਕੀਤਾ।

ਚਾਰ ਉਦਾਸੀਆਂ ਰਾਹੀਂ ਸਾਰੀ ਦੁਨੀਆ ਨੂੰ ਭਾਈਚਾਰਕ ਸਾਂਝ ਦਾ ਸੰਦੇਸ਼, ਅੰਧਵਿਸ਼ਵਾਸ, ਵਹਿਮਾਂ ਭਰਮਾਂ, ਕਰਾਮਾਤਾਂ ਤੇ ਵਰ ਸਰਾਪ ਦੇ ਚੱਕਰਾਂ ਵਿਚੋਂ ਕੱਢਣ ਦਾ ਪ੍ਰਚਾਰ ਕਰਕੇ ਅੰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀ ਚੰਦ ਕਰੋੜੀਆ ਦੀ ਦਿੱਤੀ ਜ਼ਮੀਨ 'ਤੇ 1521 ਵਿਚ ਕਰਤਾਰਪੁਰ ਵਸਾਇਆ। 18 ਸਾਲ ਹੱਥੀਂ ਖੇਤੀ ਕਰਕੇ 'ਕਿਰਤ ਕਰੋ, ਵੰਡ ਛਕੋ, ਨਾਮ ਜਪੋ' ਦਾ ਸਿਧਾਂਤ ਦਿੱਤਾ। ਜਾਤਾਂ-ਪਾਤਾਂ ਵਿਚ ਵੰਡੀ ਮਨੁੱਖਤਾ ਨੂੰ ਇਕ ਪਰਮਾਤਮਾ ਦੀ ਸੰਤਾਨ ਦੱਸਿਆ। ਸਾਨੂੰ ਰੱਬ ਨੂੰ ਪ੍ਰਾਪਤ ਕਰਨ ਲਈ ਜੰਗਲਾਂ ਵਿਚ ਜਾ ਕੇ ਭਗਤੀ ਕਰਨ ਅਤੇ ਸੰਨਿਆਸ ਲੈਣ ਦੀ ਲੋੜ ਨਹੀਂ ਸਗੋਂ ਗ੍ਰਹਿਸਥ ਜੀਵਨ ਵਿਚ ਕੰਮ ਕਰਕੇ ਦੁਨੀਆਵੀ ਫਰਜ਼ ਨਿਭਾਉਣੇ ਚਾਹੀਦੇ ਨੇ। ਉਨ੍ਹਾਂ ਸਿੱਧਾਂ ਨਾਲ ਤਰਕਸੰਗਤ ਗੋਸ਼ਟੀਆਂ ਨਾਲ ਸਮਝਾਇਆ ਕਿ ਤੁਸੀਂ ਗ੍ਰਹਿਸਥ ਜੀਵਨ ਛੱਡ ਕੇ ਪਹਾੜਾਂ 'ਤੇ ਆ ਡੇਰੇ ਲਾਏ ਨੇ ਪਰ ਜ਼ਿੰਦਗੀ ਦੀ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਗ੍ਰਹਿਸਥੀਆਂ ਕੋਲੋਂ ਮੰਗਣ ਜਾਂਦੇ ਹੋ। ਗੁਰੂ ਨਾਨਕ ਉਸ ਵਕਤ ਦੇ ਦੋ ਮੁੱਖ ਭਾਈਚਾਰਿਆਂ (ਹਿੰਦੂ ਤੇ ਮੁਸਲਮਾਨ) ਵਿਚ ਪਿਆਰੇ ਤੇ ਸਤਿਕਾਰੇ ਜਾਂਦੇ ਸਨ। ਇਸੇ ਕਾਰਨ ਉਨ੍ਹਾਂ ਦੇ ਜੋਤੀ ਜੋਤ ਸਮਾਉਣ 'ਤੇ ਦੋਵਾਂ ਭਾਈਚਾਰਿਆਂ ਵਿਚ ਝਗੜਾ ਹੋਇਆ ਤੇ ਅਖੀਰ ਉਨ੍ਹਾਂ ਦੇ ਸਰੀਰ 'ਤੇ ਪਈ ਚਾਦਰ ਨੂੰ ਅਧੋ ਅੱਧ ਵੰਡ ਕੇ ਹਿੰਦੂਆਂ ਨੇ ਸਮਾਧ ਬਣਾ ਦਿੱਤੀ ਤੇ ਮੁਸਲਮਾਨਾਂ ਨੇ ਕਬਰ।

ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਅਤੇ ਇਮਰਾਨ ਖਾਨ ਤੇ ਨਵਜੋਤ ਸਿੰਘ ਸਿੱਧੂ ਦੀ ਦੋਸਤੀ ਨੇ ਇਹ ਰਸਤਾ 9 ਨਵੰਬਰ 2019 ਨੂੰ ਉਦਘਾਟਨ ਕਰਕੇ ਖੋਲ੍ਹ ਦਿੱਤਾ। ਕਰਤਾਰਪੁਰ ਲਾਂਘਾ ਖੁੱਲ੍ਹਣ ਨਾਲ ਸਿੱਖ ਸ਼ਰਧਾਲੂ ਹੁਣ ਕਾਨੂੰਨੀ ਪ੍ਰਕਿਰਿਆ 'ਚੋਂ ਲੰਘ ਕੇ ਦਰਸ਼ਨ ਕਰ ਸਕਦੇ ਨੇ ਜਿਸ ਲਈ ਮਰਹੂਮ ਕੁਲਦੀਪ ਸਿੰਘ ਵਡਾਲਾ ਜੀ ਨੇ ਅਰਦਾਸਾਂ ਕੀਤੀਆਂ ਸਨ।

ਪਾਕਿਸਤਾਨ ਸਰਕਾਰ ਨੇ ਕਾਫੀ ਪੈਸਾ ਖਰਚ ਕੇ ਗੁਰਦੁਆਰੇ ਦੀ ਪਹਿਲੀ ਇਮਾਰਤ ਦੁਆਲੇ ਵਿਹੜੇ ਵਿਚ ਚਿੱਟਾ ਸੰਗਮਰਮਰ ਲਾ ਕੇ ਬੜਾ ਵਧੀਆ ਬਣਾ ਦਿੱਤਾ ਹੈ। ਲੰਗਰ ਹਾਲ, ਦੀਵਾਨ ਹਾਲ ਤੇ ਹੋਰ ਲੋੜੀਂਦੀਆਂ ਇਮਾਰਤਾਂ ਦੀ ਉਸਾਰੀ ਕੀਤੀ ਗਈ ਹੈ।

ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੀ ਇਸ ਖੂਬਸੂਰਤ ਇਮਾਰਤ ਦੀ ਸੇਵਾ ਸਭ ਤੋਂ ਪਹਿਲਾਂ ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਨੇ 1920-27 ਸਮੇਂ ਦੌਰਾਨ ਕਰਵਾਈ ਗਈ ਸੀ। ਪੰਜਾਬ ਦੀ ਵੰਡ ਵੇਲੇ ਸਿੱਖ ਅਵਾਮ ਦਾ ਉਥੋਂ ਆ ਜਾਣ ਕਰਕੇ ਇਹ ਸਥਾਨ ਬੰਦ ਹੋ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕੋਸ਼ਿਸ਼ਾਂ ਸਦਕਾ ਇਹ ਸੰਨ 2000 ਵਿਚ ਸੰਗਤਾਂ ਦੇ ਦਰਸ਼ਨ ਲਈ ਖੋਲ੍ਹ ਦਿੱਤਾ ਗਿਆ। ਇਥੋਂ ਦੇ ਮੁੱਖ ਗ੍ਰੰਥੀ ਗੋਬਿੰਦ ਸਿੰਘ ਨੇ ਜੋ ਬੜੇ ਮਿਲਾਪੜੇ ਸੱਜਣ ਹਨ।

ਵਾਪਸੀ 'ਤੇ ਜਦ ਅਸੀਂ ਲਾਹੌਰ ਦੀ ਹਦੂਦ ਵਿਚ ਦਾਖਲ ਹੋਏ ਤਾਂ ਸਈਅਦ ਇਕਬਾਲ ਮੇਊ ਜੀ ਦਾ ਫੋਨ ਆ ਗਿਆ ਕਿ ਅੱਜ ਹੋਟਲ ਵਿਚ ਜਾਣ ਤੋਂ ਪਹਿਲਾਂ ਮੈਂ ਤੁਹਾਨੂੰ ਗਵਰਨਰ ਹਾਊਸ ਦਿਖਾਉਣ ਦੇ ਨਾਲ-ਨਾਲ ਲਹਿੰਦੇ ਪੰਜਾਬ ਦੇ ਗਵਰਨਰ ਜਨਾਬ ਮੁਹੰਮਦ ਸਰਵਰ ਜੀ ਨੂੰ ਮਿਲਾਉਣਾ ਚਾਹੁੰਦਾ ਹਾਂ।

---

ਹਨੇਰਾ ਹੋ ਚੁੱਕਾ ਸੀ। ਸਕਿਉਰਟੀ ਚੈਕਿੰਗ ਤੋਂ ਬਾਅਦ ਅਸੀਂ ਗਵਰਨਰ ਹਾਊਸ ਦੇ ਵਿਹੜੇ ਵਿਚ ਦਾਖਲ ਹੋਏ। ਸਈਅਦ ਇਕਬਾਲ ਮੇਊ ਜੀ ਅਤੇ ਸਟਾਫ ਨੇ ਸਾਡਾ ਨਿੱਘਾ ਸਵਾਗਤ ਕੀਤਾ। ਗਵਰਨਰ ਹਾਊਸ 82 ਏਕੜ ਰਕਬੇ ਵਿਚ ਫੈਲਿਆ ਹੋਇਆ ਹੈ। ਆਲੇ-ਦੁਆਲੇ ਦੀ ਹਰਿਆਵਲ ਬੜੀ ਮਨਮੋਹਣੀ ਹੈ। ਇਸ ਦੀਆਂ ਇਮਾਰਤਾਂ, ਮੁਗਲਾਂ, ਅੰਗਰੇਜ਼ਾਂ ਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਦੀਆਂ ਬਣੀਆਂ ਹੋਈਆਂ ਹਨ। ਗਵਰਨਰ ਦੇ ਗੈਸਟ ਹਾਊਸ ਵਿਚ ਅੱਡ-ਅੱਡ ਕਿਸਮ ਦੀਆਂ

**(ਬਾਕੀ ਅਗਲੇ ਸਫੇ 'ਤੇ)**



*ਜਸਵੰਤ ਸਿੰਘ ਸੰਧੂ ਅਤੇ ਮਨਮੋਹਨ ਸਿੰਘ ਭੁੱਲਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਗ੍ਰੰਥੀ ਗੋਬਿੰਦ ਸਿੰਘ (ਵਿਚਕਾਰ) ਨਾਲ।*



*ਖੱਬਿਓਂ: ਮਨਦੀਪ ਭੁੱਲਰ, ਜਸਵੰਤ ਸਿੰਘ ਸੰਧੂ, ਮਨਮੋਹਨ ਸਿੰਘ ਭੁੱਲਰ ਅਤੇ ਸਈਅਦ ਇਕਬਾਲ ਮੇਊ।*

# ਲਾਹੌਰ ਤੋਂ ਭਾਅ ਫੀਰੋਜ਼ਦੀਨ ਦੇ ਪਿੰਡ ਤੱਕ

(ਪਿਛਲੇ ਸਫੇ ਦੀ ਬਾਕੀ)

ਮਠਿਆਈਆਂ ਅਤੇ ਕੌਫੀ ਨਾਲ ਸਾਡੀ ਮਹਿਮਾਨ ਨਿਵਾਜੀ ਕੀਤੀ ਗਈ। ਸਈਅਦ ਇਕਬਾਲ ਮੇਊ ਨੇ ਸਾਨੂੰ ਗਵਰਨਰ ਚੌਧਰੀ ਮੁਹੰਮਦ ਸਰਵਰ ਨਾਲ ਮਿਲਾਇਆ। ਉਹ ਬੜੇ ਨਿਘੇ ਸੁਭਾਅ ਦੇ ਮਾਲਕ ਹਨ। ਉਨ੍ਹਾਂ ਸਾਡੇ ਨਾਲ ਠੇਠ ਪੰਜਾਬੀ ਵਿਚ ਗੱਲਾਂ ਕੀਤੀਆਂ ਤੇ ਆਪਣੇ ਨਾਲ ਫੋਟੋਆਂ ਵੀ ਖਿਚਵਾਈਆਂ।

ਇਥੇ ਅਸੀਂ ਅਜਿਹਾ ਮੇਜ਼ ਦੇਖਿਆ ਜਿਸ ਨੂੰ ਨਾ ਕੋਈ ਕਿੱਲ ਕਾਂਟਾ ਤੇ ਨਾ ਕੋਈ ਜੋੜ ਹੈ। ਇਹ ਆਕਾਰ ਵਿਚ ਕਾਫੀ ਵੱਡਾ ਹੈ ਤੇ ਕਿਸੇ ਵੱਡੀ ਲਕੜੀ ਤਰਾਸ਼-ਤਰਾਸ਼ ਕੇ ਬਣਾਇਆ ਹੋਇਆ ਦੱਸਦੇ ਨੇ। ਲੱਕੜ ਘਾੜੇ ਦੀ ਕਲਾ ਦੀ ਅਜੀਬ ਘਾੜਤ ਹੈ। ਮੇਜ਼ ਦੀਆਂ ਲੱਤਾਂ ਸ਼ੇਰ ਦੇ ਪੰਜਿਆਂ ਵਰਗੀਆਂ ਨੇ, ਇਸ ਲਈ ਇਸ ਮੇਜ਼ ਨੂੰ ਟਾਈਗਰ ਟੇਬਲ ਕਹਿੰਦੇ ਨੇ।

ਅੱਜ ਅਸੀਂ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ ਦੇ ਦਰਸ਼ਨ ਕਰਨ ਅਤੇ ਮੈਂ ਆਪਣੇ ਪਿੰਡ ਦੇ ਫੀਰੋਜ਼ਦੀਨ (ਜੋ ਮੈਨੂੰ ਖਿਡਾਉਂਦਾ ਰਿਹਾ ਸੀ) ਤੇ ਮੁਹੰਮਦ ਇਸਹਾਕ ਉਰਫ ਸਾਕੀ ਨੂੰ ਉਨ੍ਹਾਂ ਦੇ ਸੱਚੇ ਸੌਦੇ ਲਾਗੇ ਪਿੰਡ ਸਰਕਾਰੀ ਖੁਰਦ ਵਿਚ ਮਿਲਣ ਦਾ ਪ੍ਰੋਗਰਾਮ ਬਣਾਇਆ। ਮੈਂ ਅਤੇ ਸਾਕੀ 1947 ਤੋਂ ਪਹਿਲਾਂ ਪਿੰਡ ਘਰਿੰਡੇ ਛੋਟੇ ਹੁੰਦੇ ਘੁਲਦੇ ਹੁੰਦੇ ਸਾਂ।

ਨਨਕਾਣਾ ਸਾਹਿਬ ਲਾਹੌਰ ਤੋਂ ਕਰੀਬ 80 ਕਿਲੋਮੀਟਰ ਹੈ ਜਿਥੇ ਗੁਰੂ ਨਾਨਕ ਦੇਵ ਜੀ 1469 ਵਿਚ ਪੈਦਾ ਹੋਏ। ਇਥੇ ਹੀ ਉਨ੍ਹਾਂ ਬਚਪਨ ਦੀਆਂ ਯਾਦਗਾਰਾਂ, ਗੁਰਦੁਆਰਾ ਬਾਲ ਲੀਲਾ, ਪੱਟੀ ਸਾਹਿਬ, ਮਾਲਜੀ ਸਾਹਿਬ, ਕਿਆਰਾ ਸਾਹਿਬ ਤੇ ਤੰਬੂ ਸਾਹਿਬ ਬਣੇ ਹੋਏ ਹਨ। ਹਿੰਦੂ ਮਤ ਦੀ ਰੀਤ ਅਨੁਸਾਰ ਜਦ ਗੁਰੂ ਨੂੰ ਜਨੇਊ ਪਹਿਨਾਉਣ ਲੱਗੇ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਦੁਨਿਆਵੀ ਧਾਗੇ ਦਾ ਜਨੇਊ ਨਹੀਂ, ਇਖਲਾਕੀ ਜਨੇਊ ਜਿਸ ਵਿਚ ਦਇਆ, ਸੰਤੋਖ, ਜਤ ਸਤ, ਸਵੈ-ਕਾਬੂ ਦੀ ਘੁੰਡੀ ਹੋਵੇ, ਪਹਿਨਾਓ।

ਉਨ੍ਹਾਂ ਦੇਖਿਆ ਕਿ ਮੁਲਕ ਦੇ ਦੋ ਵੱਡੇ ਫਿਰਕੇ ਆਪਸ ਵਿਚ ਲੜ ਰਹੇ ਨੇ। ਨਿਮਾਣੀ ਜਨਤਾ ਨੂੰ ਲੁੱਟ ਰਹੇ ਨੇ। ਬੇਇਨਸਾਫੀ ਕਰ ਰਹੇ ਨੇ। ਕਾਜ਼ੀ-ਪੁਜਾਰੀ ਵੱਢੀਆਂ ਲੈ ਕੇ ਧਰਮ ਦਾ ਅਨਰਥ ਕਰ ਰਹੇ ਨੇ। ਸੱਜਣ ਠੱਗ ਜਿਹੇ ਧਰਮ ਦਾ ਬਾਣਾ ਪਾ ਕੇ ਕਤਲ ਕਰ ਰਹੇ ਨੇ। ਸਮਾਜ ਵਿਚ ਊਚ ਨੀਚ ਦੀਆਂ ਵੰਡੀਆਂ ਪਾ ਰਹੇ ਨੇ। ਇਸਤਰੀ ਜਾਤੀ ਜੋ ਰਾਜਿਆਂ, ਸੂਰਮਿਆਂ ਤੇ ਭਗਤਾਂ ਨੂੰ ਜਨਮ ਦਿੰਦੀ ਹੈ, ਨੂੰ ਵੇਸਵਾ, ਨਰਕ ਦਾ ਦੁਆਰ ਤੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਹੈ। ਜਿਉਂਦੇ ਪਿੱਤਰ ਨਾ ਮਾਨੇ ਕੋਈ ਮੋਇਆ ਸਰਾਧ ਕਰਾਏ। ਭਾਵ, ਜਿਉਂਦੇ ਬੰਦਿਆਂ ਦੀ ਸੇਵਾ ਕਰਨੀ ਚਾਹੀਦੀ ਹੈ। ਜਦ ਬਾਬਰ ਨੇ ਏਮਨਾਬਾਦ 'ਤੇ ਹਮਲਾ ਕੀਤਾ ਤਾਂ ਗੁਰੂ ਜੀ ਨੇ ਰੱਬ ਨੂੰ ਵੀ ਉਲਾਂਭਾ ਦਿੱਤਾ- ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ? ਬਾਬਰ ਦੀ ਫੌਜ ਨੂੰ ਪਾਪ ਦੀ ਜੰਨ ਕਿਹਾ ਅਤੇ ਬਾਬਰ ਨੂੰ ਜਾਬਰ ਕਹਿ ਕੇ ਪੁਕਾਰਿਆ। ਉਨ੍ਹਾਂ ਅਜਿਹੀਆਂ ਧਾਰਮਿਕ, ਸਿਆਸੀ ਅਤੇ ਸਮਾਜਿਕ ਬੁਰਾਈਆਂ ਦੂਰ ਕਰਨ ਦਾ ਮਨ ਬਣਾ ਲਿਆ, ਜਿਵੇਂ ਪ੍ਰਸਿੱਧ ਢਾਡੀ ਪਿਆਰਾ ਸਿੰਘ ਪੰਛੀ ਜੀ ਲਿਖਦੇ ਨੇ:

ਸੜਦੀ ਦੁਨੀਆ ਦੇ ਵਿਚ, ਸਵਰਗ ਕਿਵੇਂ ਬਣ ਸਕਦਾ ਹੈ,
ਸੋਚਾਂ ਸੋਚਦੇ ਸੀ ਵਾਲੀ ਦੋ ਜਹਾਨ ਦੇ।
ਇਨ੍ਹਾਂ ਫਿਕਰਾਂ ਦੇ ਵਿਚ,
ਛੋਟੀ ਉਮਰੇ ਨਾਨਕ ਨੂੰ,
ਚੇਤੇ ਭੁੱਲ ਗਏ ਹੱਸਣ, ਖੇਡਣ,
ਖਾਣ, ਹੰਢਾਣ ਦੇ।

ਇਨ੍ਹਾਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਨਸਾਨੀਅਤ ਨੂੰ ਜ਼ਿੰਦਗੀ ਦਾ ਸਹੀ ਰਸਤਾ ਦਿਖਾਉਣ ਲਈ ਗੁਰੂ ਜੀ ਨੇ ਦੇਸ਼-ਦੇਸ਼ਾਂਤਰਾਂ ਵਿਚ ਚਾਰ ਉਦਾਸੀਆਂ ਕੀਤੀਆਂ।

---

ਮੁੱਖ ਗੇਟ 'ਤੇ ਸਕਿਉਰਿਟੀ ਵਾਲਿਆਂ ਨੇ ਸਾਡੇ ਪਾਸਪੋਰਟ ਆਪਣੇ ਕੋਲ ਰੱਖ ਲਏ ਅਤੇ ਅਸੀਂ ਗੁਰਦੁਆਰੇ ਦੀ ਹਦੂਦ ਵਿਚ ਦਾਖਲ ਹੋਏ। ਚੇਤਰ ਸਿੰਘ ਨਾਮੀ ਗਾਈਡ ਸਾਨੂੰ ਮਿਲ ਗਿਆ। ਉਸ ਨੇ ਦੱਸਿਆ ਕਿ ਪਾਕਿਸਤਾਨ ਵਿਚ ਜਿੰਨੇ ਵੀ ਗੁਰਦੁਆਰੇ ਹਨ, ਉਨ੍ਹਾਂ ਦੇ ਖੱਬੇ ਹੱਥ ਸਰੋਵਰ, ਸਾਹਮਣੇ ਗੁਰਦੁਆਰਾ ਅਤੇ ਸੱਜੇ ਹੱਥ ਲੰਗਰ ਦਾ ਪ੍ਰਬੰਧ ਹੁੰਦਾ ਹੈ। 1947 ਤੋਂ ਪਹਿਲਾਂ ਦੀ ਬਣੀ ਸਰਾਂ ਸੱਜੇ ਹੱਥ ਹੈ ਜੋ ਮੁਗਲ ਇਤਿਹਾਸ ਸਾਂਭੀ ਬੈਠੀ ਹੈ। ਐਨ.ਆਰ.ਆਈ. ਸ਼ਰਧਾਲੂਆਂ ਦੇ ਉਦਮ ਨਾਲ ਹੁਣ ਨਵੀਆਂ ਆਧੁਨਿਕ ਸਰਾਵਾਂ ਬਣ ਗਈਆਂ ਨੇ। ਸਾਫ ਸਫਾਈ ਦਾ ਇੰਤਜ਼ਾਮ ਬਹੁਤ ਵਧੀਆ ਹੈ। ਜਨਮ ਸਥਾਨ ਵਲ ਜਾਂਦਿਆਂ ਗੁਰੂ ਜੀ ਦੇ ਵੇਲੇ ਦਾ ਖੂਹ ਹੈ। ਸਾਹਮਣੇ ਛੋਟਾ ਜਿਹਾ ਕਮਰਾ ਹੈ ਜਿਥੇ ਗੁਰੂ ਜੀ ਦਾ ਜਨਮ ਹੋਇਆ ਸੀ। ਸੰਗਮਰਮਰ ਦੀ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਪ੍ਰਕਾਸ਼ ਹੈ। ਮੱਥਾ ਟੇਕਿਆ।



ਜਸਵੰਤ ਸਿੰਘ ਸੰਧੂ ਆਪਣੇ ਪਿੰਡ ਘਰਿੰਡਾ ਦੇ ਵਸਨੀਕਾਂ ਨਾਲ।

ਇਥੇ ਅੰਦਰ ਉਹ ਅਲਮਾਰੀ ਵੀ ਦੇਖੀ ਜਿਥੇ ਨਨਕਾਣਾ ਸਾਹਿਬ ਸਾਕੇ ਸਮੇਂ ਇਕ ਬਾਲਕ ਦਰਬਾਰਾ ਸਿੰਘ ਲੁਕ ਗਿਆ ਸੀ। ਮਹੰਤ ਨਰਾਇਣ ਦਾਸ ਦੇ ਗੁੰਡਿਆਂ ਨੇ ਉਸ ਨੂੰ ਬਾਹਰ ਕੱਢ ਕੇ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਉਸ ਜੰਡ ਦੇ ਦਰਸ਼ਨ ਕੀਤੇ ਜਿਸ ਨਾਲ ਲਛਮਣ ਸਿੰਘ ਧਾਰੋਵਾਲੀ ਜੀ ਨੂੰ ਬੰਨ੍ਹ ਕੇ ਜਿਉਂਦਾ ਸਾੜ ਦਿੱਤਾ ਗਿਆ ਸੀ, ਜਿਥੇ 20 ਫਰਵਰੀ 1921 ਨੂੰ ਮਹੰਤ ਨਰਾਇਣ ਦਾਸ ਤੋਂ ਗੁਰਦੁਆਰਾ ਆਜ਼ਾਦ ਕਰਾਉਣ ਲਈ ਡੇਢ-ਦੋ ਸੌ ਸਿੰਘਾਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ ਸਨ। 21 ਫਰਵਰੀ 1921 ਨੂੰ ਸ਼ਹੀਦ ਹੋਣ ਵਾਲੇ ਸਿੰਘਾਂ ਦਾ ਜਿਥੇ ਸਮੂਹਕ ਸਸਕਾਰ ਕੀਤਾ ਗਿਆ ਸੀ, ਉਸ ਯਾਦਗਾਰ ਦੇ ਦਰਸ਼ਨ ਕਰਕੇ ਲੰਗਰ ਛਕਿਆ ਤੇ ਗੁਰਦੁਆਰਾ ਸੱਚਾ ਸੌਦਾ (ਚੂਹੜਕਾਣਾ (ਅੱਜ ਕੱਲ੍ਹ ਫਾਰੂਕਾਬਾਦ) ਵੱਲ ਚਾਲੇ ਪਾ ਦਿੱਤੇ।

---

ਮਹਿਤਾ ਕਾਲੂ ਨੇ ਬਾਲਕ ਨਾਨਕ ਨੂੰ 20 ਰੁਪਏ ਦੇ ਕੇ, ਭਾਈ ਬਾਲੇ ਨੂੰ ਨਾਲ ਭੇਜ ਕੇ ਕੋਈ ਸੱਚਾ ਸੌਦਾ ਕਰਨ ਲਈ ਆਖਿਆ। ਚਾਲੀ ਕੁ ਕਿਲੋਮੀਟਰ ਪੰਧ ਤੈਅ ਕਰਕੇ ਗੁਰੂ ਜੀ ਚੂਹੜਕਾਣੇ ਪਹੁੰਚੇ। ਉਥੇ ਉਨ੍ਹਾਂ ਕੁਝ ਭੁੱਖੇ ਸਾਧੂ ਬੈਠੇ ਦੇਖੇ। ਭਾਈ ਬਾਲੇ ਨਾਲ ਸਲਾਹ ਕਰਕੇ ਉਨ੍ਹਾਂ ਨੇ ਰਸਦਾਂ ਮੰਗਵਾ ਕੇ ਲੰਗਰ ਛਕਾਇਆ। ਉਨ੍ਹਾਂ ਭੁੱਖੇ ਆਦਮੀ ਨੂੰ ਰੋਟੀ ਖੁਆਉਣਾ ਸੱਚਾ ਸੌਦਾ ਸਮਝਿਆ। ਚੂਹੜਕਾਣੇ ਤੋਂ ਚਲਾਇਆ 20 ਰੁਪਏ ਦਾ ਲੰਗਰ ਬਿਨਾ ਕਿਸੇ ਭੇਦ-ਭਾਵ ਅੱਜ ਤੱਕ ਚੱਲ ਰਿਹਾ ਹੈ ਅਤੇ ਇਹ ਲੰਗਰ ਮੁੱਕਿਆ ਨਹੀਂ ਹੈ।

ਇਹ ਗੁਰਦੁਆਰਾ ਕਾਫੀ ਉਚੇ ਥਾਂ 'ਤੇ ਮਜ਼ਬੂਤ ਕਿਲ੍ਹੇ ਵਾਂਗ ਬਣਿਆ ਹੋਇਆ ਹੈ। ਪਹਿਲਾਂ ਲੋਕ ਇਥੇ ਡੰਗਰ ਬੰਨ੍ਹਦੇ ਅਤੇ ਪਾਥੀਆਂ ਪੱਥਦੇ ਸਨ ਪਰ ਪਾਕਿਸਤਾਨ ਸਰਕਾਰ ਨੇ ਇਸ ਨੂੰ ਲੋਕਲ ਲੋਕਾਂ ਦੇ ਕਬਜ਼ੇ ਵਿਚੋਂ ਛੁਡਾ ਕੇ ਚਾਰਦਵਾਰੀ ਬਣਾ ਕੇ ਬੜਾ ਸੁੰਦਰ ਗੇਟ ਲਾਇਆ ਹੋਇਆ ਹੈ। ਗੇਟ ਅੰਦਰ ਵੜਦਿਆਂ ਹੀ ਅਮਰੂਦਾਂ ਦੇ ਬੂਟੇ ਅਤੇ ਫੁੱਲਾਂ ਦੇ ਬਗੀਚੇ ਸ਼ਰਧਾਲੂਆਂ ਦੇ ਮਨ ਮੋਹ ਲੈਂਦੇ ਹਨ। ਇਸ਼ਨਾਨ ਵਾਸਤੇ ਛੋਟਾ ਸਰੋਵਰ ਵੀ ਹੈ। ਗੁਰਦੁਆਰਾ ਸੁਧਾਰ ਲਹਿਰ ਤੋਂ ਪਹਿਲਾਂ ਇਸ ਦੇ ਮਹੰਤ ਨਰਾਇਣ ਦਾਸ ਦੇ ਚੇਲੇ ਲਾਲ ਦਾਸ ਨੇ ਕਰਤਾਰ ਸਿੰਘ ਝੱਬਰ ਨੂੰ ਸੂਚਿਤ ਕੀਤਾ ਕਿ ਮੈਨੂੰ ਮਹੰਤ ਨਰਾਇਣ ਦਾਸ ਇਥੋ ਕੱਢ ਰਿਹਾ ਹੈ ਤੇ ਸਾਰਾ ਸਮਾਨ ਆਪਣੇ ਪਿੰਡ ਭੇਜ ਰਿਹਾ ਹੈ। ਕਰਤਾਰ ਸਿੰਘ ਝੱਬਰ ਅਤੇ ਤੇਜਾ ਸਿੰਘ ਚੂਹੜਕਾਣਾ ਨੇ ਤੁਰੰਤ ਕਾਰਵਾਈ ਕਰਕੇ 24 ਦਸੰਬਰ 1920 ਨੂੰ ਗੁਰਦੁਆਰੇ ਤੇ ਕਬਜ਼ਾ ਕਰ ਲਿਆ। ਕਰਤਾਰ ਸਿੰਘ ਝੱਬਰ ਅਜਿਹੇ ਸਿੱਖ ਨੇਤਾ ਸਨ ਜਿਨ੍ਹਾਂ ਨੇ ਅਯਾਸ਼ ਮਹੰਤਾਂ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਵਿਚ ਸਭ ਤੋਂ ਜ਼ਿਆਦਾ ਕੁਰਬਾਨੀ ਕੀਤੀ ਪਰ ਸ਼੍ਰੋਮਣੀ ਕਮੇਟੀ ਵਿਚ ਕੋਈ ਅਹੁਦਾ ਨਹੀਂ ਲਿਆ ਤੇ ਨਾ ਹੀ ਕੋਈ ਤਨਖਾਹ ਗੁਰੂ ਦੀ ਗੋਲਕ ਵਿਚੋਂ ਪ੍ਰਾਪਤ ਕੀਤੀ।



ਜਸਵੰਤ ਸਿੰਘ ਸੰਧੂ ਆਪਣੇ ਬਚਪਨ ਦੇ ਦੋਸਤ ਮੁਹੰਮਦ ਇਸਹਾਕ ਉਰਫ ਸਾਕੀ ਅਤੇ ਬਚਪਨ ਵਿਚ ਖਿਡਾਉਂਦੇ ਰਹੇ ਫੀਰੋਜ਼ਦੀਨ ਨਾਲ।

ਸੱਚੇ ਸੌਦੇ ਗੁਰਦੁਆਰੇ ਤੋਂ ਸਾਕੀ ਦਾ ਪਿੰਡ ਸਿਰਫ ਦਸਾਂ ਮਿੰਟਾਂ ਦਾ ਸੀ। ਉਥੇ ਮੇਰੇ ਪਿੰਡ ਘਰਿੰਡੇ ਦੇ ਸਾਬਕਾ ਵਸਨੀਕਾਂ, ਸਾਕੀ ਅਤੇ ਭਾਅ ਫੀਰੋਜ਼ ਨੇ ਸਾਡਾ ਬੜੀ ਗਰਮਜੋਸ਼ੀ ਨਾਲ ਸਵਾਗਤ ਕੀਤਾ। ਮੈਂ ਅਤੇ ਸਾਕੀ 72 ਸਾਲ ਬਾਅਦ ਜੱਫੀ ਪਾ ਕੇ ਮਿਲੇ। ਦੋਹਾਂ ਦੀਆਂ ਅੱਖਾਂ ਵਿਚੋਂ ਆਪ ਮੁਹਾਰੇ ਹੰਝੂ ਵਹਿ ਤੁਰੇ। ਘਰ ਜਾ ਕੇ ਚਾਹ-ਪਾਣੀ ਪੀਤਾ ਤੇ 47 ਤੋਂ ਪਹਿਲਾਂ ਦੀਆਂ ਗੱਲਾਂ ਕਰਕੇ ਅਸੀਂ ਦੋਵੇਂ ਆਪਣੇ ਬਚਪਨ ਦੀਆਂ ਯਾਦਾਂ ਵਿਚ ਗਵਾਚ ਗਏ। ਸਾਕੀ ਵੱਲੋਂ ਚਾਹ ਪਾਣੀ ਪੀ ਕੇ ਅਸੀਂ ਭਾਅ ਫੀਰੋਜ਼ ਨੂੰ ਮਿਲਣ ਗਏ। ਹੁਣ ਉਸ ਦੀ ਉਮਰ ਲੱਗਭੱਗ ਸੌ ਸਾਲ ਸੀ ਪਰ ਉਸ ਦੀ ਯਾਦ ਸ਼ਕਤੀ ਅਜੇ ਵੀ ਕਮਾਲ ਦੀ ਸੀ। ਉਸ ਨੇ ਮੇਰੇ ਮਾਮਿਆਂ ਦੇ ਨਾਂ ਵੀ ਦੱਸੇ। ਮੈਨੂੰ ਯਾਦ ਹੈ, ਇਕ ਵਾਰ ਮੇਰੇ ਮਾਮੇ ਨੇ ਹਲਾਂ ਦੀ ਮੰਗ (ਆਬਤ) ਪਾਈ। ਮੇਰੇ ਪਿਤਾ ਜੀ ਅਤੇ ਭਾਅ ਫੀਰੋਜ਼ ਹਲ ਲੈ ਕੇ ਇਕ ਮੀਲ ਦੀ ਦੂਰੀ 'ਤੇ ਮੇਰੇ ਨਾਨਕੇ ਪਿੰਡ ਲਾਹੌਰੀ ਮਲ ਗਏ। ਉਸ ਵੇਲੇ ਮੁਸਲਮਾਨ ਅਤੇ ਸਿੱਖ ਇਕ ਦੂਜੇ ਦੇ ਘਰ ਦਾ ਖਾਣਾ ਨਹੀਂ ਸੀ ਖਾਂਦੇ। ਮੇਰੇ ਨਾਨੀ ਜੀ ਉਸ ਵਕਤ ਦੇ ਰਿਵਾਜ ਮੁਤਾਬਿਕ ਦੇਸੀ ਘਿਓ ਦੇ ਪਰੌਂਠੇ ਤੇ ਸ਼ੱਕਰ-ਘਿਓ ਲੈ ਕੇ ਹਾਲੀਆਂ ਕੋਲ ਪਹੁੰਚੇ। ਤਾਏ ਅੱਲ੍ਹਾ ਬਖਸ਼ (ਫੀਰੋਜ਼ ਦਾ ਬਾਪ) ਨੇ ਰੋਟੀ ਲੈ ਕੇ ਆਉਣੀ ਸੀ ਪਰ ਉਹ ਅਜੇ ਆਇਆ ਨਹੀਂ ਸੀ। ਮੇਰੇ ਪਿਤਾ ਜੀ ਦੇ ਸੁਲ੍ਹਾ ਮਾਰਨ 'ਤੇ ਭਾਅ ਫੀਰੋਜ਼ ਨੇ ਘਿਓ-ਸ਼ੱਕਰ ਨਾਲ ਪਰੌਂਠੇ ਰੱਜ ਕੇ ਖਾਧੇ। ਨਾਲ ਹੀ ਮੇਰੇ ਪਿਤਾ ਜੀ ਨੂੰ ਕਿਹਾ, "ਚਾਚਾ! ਅੱਬੇ ਨੂੰ ਦੱਸੀਂ ਨਾ, ਮੈਂ ਉਹ ਵੀ ਖਾ ਲੈਣੀਆਂ ਨੇ।" ਭਾਅ ਫੀਰੋਜ਼ ਖੁੱਲ੍ਹ ਖਿਆਲਾ ਸੀ ਬਾਬੇ ਬੁੱਲ੍ਹੇ ਸ਼ਾਹ ਵਾਂਗ। ਅੱਜ ਉਹ ਗੱਲਾਂ ਖਤਮ ਹੋ ਗਈਆਂ ਨੇ। ਦੋਵੇਂ ਭਾਈਚਾਰੇ ਇਕ ਦੂਜੇ ਦੀ ਮਹਿਮਾਨ ਨਿਵਾਜੀ ਦਾ ਖੂਬ ਆਨੰਦ ਮਾਣਦੇ ਨੇ। 47 ਤੋਂ ਪਹਿਲਾਂ 'ਝਟਕੇ' ਅਤੇ 'ਹਲਾਲ' ਤੋਂ ਪਿੰਡਾਂ ਵਿਚ ਆਮ ਲੜਾਈਆਂ ਹੁੰਦੀਆਂ ਸਨ, ਜਿਵੇਂ ਸੋਹਣ ਸਿੰਘ ਸੀਤਲ ਨੇ ਆਪਣੇ ਨਾਵਲ 'ਤੂਤਾਂ ਵਾਲਾ ਖੂਹ' ਵਿਚ ਵੀ ਜ਼ਿਕਰ ਕੀਤਾ ਹੈ ਪਰ ਅਫਸੋਸ ਕਿ ਮੇਰੇ ਮਿਲਣ ਤੋਂ 26 ਦਿਨ ਬਾਅਦ 30 ਨਵੰਬਰ, 2019 ਨੂੰ ਉਸ ਦੀ ਮੌਤ ਹੋ ਗਈ। ਪਤਾ ਨਹੀਂ, ਉਹ ਮੈਨੂੰ ਹੀ ਉਡੀਕ ਰਿਹਾ ਸੀ!

(ਚਲਦਾ)

# ਪੂਰਨ ਭਗਤ ਦਾ ਪਿੰਡ

ਬੇਅੰਤ ਬਰੀਵਾਲਾ
ਫੋਨ: 91-90418-47077


ਪੂਰਨ ਭਗਤ ਬਾਰੇ ਸਭ ਨੇ ਪੜ੍ਹਿਆ ਹੀ ਹੋਣਾ ਹੈ, ਸ਼ਹਿਰ ਸਿਆਲਕੋਟ ਦੇ ਰਾਜੇ ਸਲਵਾਨ ਦੇ ਘਰ ਰਾਣੀ ਇੱਛਰਾਂ ਦੀ ਕੁੱਖ 'ਚੋਂ ਪੈਦਾ ਹੋਇਆ ਪੂਰਨ ਭਗਤ।

ਜੇ ਸਿਆਲਕੋਟ ਦੀ ਗੱਲ ਕਰੀਏ ਤਾਂ ਉਹ ਥੇਹ ਹੋ ਗਿਆ ਸੀ, ਉਸ ਜਗ੍ਹਾ ਅੱਜ ਕਲ੍ਹ ਸਰਾਇਨਾਗਾ ਪਿੰਡ ਵਸਿਆ ਹੋਇਆ ਏ। ਵਕਤ ਦੇ ਨਾਲ ਨਾਲ ਇਸ ਪਿੰਡ ਦੇ ਨਾਂ ਬਦਲਦੇ ਰਹੇ ਹਨ। ਇਹ ਪਿੰਡ ਕੋਟਕਪੂਰੇ ਤੋਂ ਮੁਕਤਸਰ ਸਾਹਿਬ ਵਾਲੇ ਹਾਈਵੇ 'ਤੇ ਦੋਹਾਂ ਸ਼ਹਿਰਾਂ ਦੇ ਬਿਲਕੁਲ ਅੱਧ 'ਚ ਵਸਿਆ ਹੋਇਆ ਏ। ਇਸ ਪਿੰਡ ਦੀ ਜਗ੍ਹਾ 'ਤੇ ਕਦੇ ਰਾਜੇ ਸਲਵਾਨ ਦੀ ਰਾਜਧਾਨੀ ਸਿਆਲਕੋਟ ਸ਼ਹਿਰ ਹੋਇਆ ਕਰਦਾ ਸੀ। ਇਸ ਪਿੰਡ ਦੀ ਬਨਾਵਟ ਤੋਂ ਸਾਫ ਅੰਦਾਜ਼ਾ ਲਗਦਾ ਹੈ ਕਿ ਇਥੇ ਪਹਿਲਾਂ ਕੋਈ ਸ਼ਹਿਰ ਤਬਾਹ ਹੋਇਆ ਸੀ। ਅੱਜ ਵੀ ਖੁਦਾਈ ਸਮੇਂ ਇੱਥੋਂ ਇਸ ਦੇ ਸਬੂਤ ਮਿਲਦੇ ਹਨ। ਜੇ ਬਣਤਰ ਦੀ ਗੱਲ ਕਰੀਏ, ਦੱਖਣ ਵਾਲੇ ਪਾਸੇ ਪਿੰਡ ਹਰੀਕੇ ਕਲਾਂ ਵੱਲ ਜਾਣ ਲਈ ਘੱਟੋ ਘੱਟ 20-25 ਫੁੱਟ ਥੱਲੇ ਉਤਰਨਾ ਪੈਂਦਾ ਏ।

ਜੇ ਗੱਲ ਕਰੀਏ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਟੀ ਵਣ ਦੀ ਦਾਤਣ ਦੀ, ਜੋ ਅੱਜ ਕੱਲ੍ਹ ਵਣ ਦਾ ਦਰਖਤ ਬਣ ਚੁਕੀ ਹੈ, ਉਸ ਦੇ ਦਰਸ਼ਨ ਕਰਨ ਲਈ ਵੀ ਸਾਨੂੰ 25-30 ਫੁੱਟ ਉੱਪਰ ਚੜ੍ਹਨਾ ਪੈਂਦਾ। (ਸੜਕਾਂ ਦੇ ਨਿਰਮਾਣ ਨਾਲ ਫਰਕ ਹੁਣ ਘਟਦਾ ਜਾਂਦਾ ਏ) ਇੱਕ ਗੱਲ ਨੋਟ ਕਰਿਓ, ਜਦੋਂ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ, ਉਦੋਂ ਇਸ ਜਗ੍ਹਾ ਦਾ ਨਾਮ ਮੱਤੇ ਦੀ ਸਰਾਏ ਸੀ। ਇਥੇ ਹੀ ਗੁਰੂ ਅੰਗਦ ਦੇਵ ਜੀ ਦਾ ਜਨਮ ਹੋਇਆ ਸੀ। ਜੇ ਗੱਲ ਗੁਰੂ ਅੰਗਦ ਦੇਵ ਜੀ ਦੇ ਜਨਮ ਅਸਥਾਨ ਵਾਲੇ ਗੁਰਦੁਆਰੇ ਦੀ ਕਰੀਏ, ਓਹਦੇ ਚੜ੍ਹਦੇ ਵੱਲ ਤਲਾਅ ਵਾਲੇ ਪਾਸੇ 30 ਫੁੱਟ ਦੇ ਕਰੀਬ ਹੇਠਾਂ ਉਤਰ ਕੇ ਤਲਾਅ 'ਤੇ ਇਸ਼ਨਾਨ ਕੀਤਾ ਜਾਂਦਾ।

ਜੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੀ ਕੋਠੀ ਵੱਲ ਜਾਈਏ ਤਾਂ ਸਿੱਧੀ ਚੜ੍ਹਾਈ ਆ ਉਨ੍ਹਾਂ ਦੇ ਦਰਵਾਜ਼ੇ ਤੱਕ।

ਜਦੋਂ ਪੂਰਨ ਭਗਤ ਦਾ ਜਨਮ ਹੋਇਆ ਤਾਂ ਪੰਡਿਤਾਂ ਨੇ ਕਿਹਾ ਸੀ ਕਿ ਜਿਹੜੀ ਚੀਜ਼ ਦੇ ਮੱਥੇ ਪੂਰਨ ਲੱਗੇਗਾ, ਉਹ ਖਤਮ ਹੋ ਜਾਵੇਗੀ। ਪੂਰਨ ਭਗਤ ਨੂੰ ਸਭ ਤੋਂ ਪਹਿਲਾਂ ਸਤਲੁਜ ਦਰਿਆ ਦੇ ਮੱਥੇ ਲਾਇਆ ਗਿਆ, ਜੋ ਪਿੱਛੇ ਹਟਦਾ ਹਟਦਾ ਫਿਰੋਜ਼ਪੁਰ ਦੇ ਕੋਲ ਚਲਾ ਗਿਆ, ਪਰ ਦਰਿਆ ਦੇ ਨਿਸ਼ਾਨ ਇਥੋਂ ਦੇ ਆਸੇ-ਪਾਸੇ ਦੇ ਪਿੰਡਾਂ ਝਬ੍ਹੇਲਵਾਲੀ, ਬਾਹਮਣਵਾਲਾ, ਤਖਤ ਮਾਲਾਣਾ ਆਦਿ ਪਿੰਡਾਂ 'ਚ ਸਾਫ ਦੇਖੇ ਜਾ ਸਕਦੇ ਆ। ਜਿਥੋਂ ਦੀ ਜ਼ਮੀਨ ਦੀ ਬਣਤਰ ਤੋਂ ਪਤਾ ਲੱਗਦਾ ਹੈ ਕਿ ਕਿਸੇ ਸਮੇਂ ਏਥੇ ਦਰਿਆ ਵਗਦਾ ਸੀ। ਇਸ ਦਾ ਦੂਜਾ ਸਬੂਤ ਹੈ ਪੰਜਾਬ ਦਾ ਸਭ ਤੋਂ ਪੁਰਾਣਾ ਬਠਿੰਡੇ ਦਾ ਕਿਲ੍ਹਾ, ਜੋ ਅੱਜ ਕੱਲ੍ਹ ਭਾਵੇਂ ਸ਼ਹਿਰ ਦੇ ਵਿਚਾਲੇ ਹੈ, ਪਰ ਕਿਸੇ ਸਮੇਂ ਇਸ ਨੂੰ ਸਤਲੁਜ ਦਰਿਆ ਦੇ ਕੰਢੇ 'ਤੇ ਬਣਾਇਆ ਗਿਆ ਸੀ। ਦਰਿਆ ਤਾਂ ਪਿੱਛੇ ਹਟਦਾ ਫਿਰੋਜ਼ਪੁਰ ਕੋਲ ਚਲਾ ਗਿਆ, ਪਰ ਪਿੱਛੇ ਆਪਣੇ ਨਿਸ਼ਾਨ ਛੱਡ ਗਿਆ। ਫੇਰ ਪੂਰਨ ਭਗਤ ਨੂੰ ਬਾਰਾਂ ਸਾਲ ਲਈ ਭੋਰੇ 'ਚ ਕੈਦ ਕਰ ਦਿੱਤਾ ਗਿਆ।




ਜੋ ਵੇਦਾਂ ਦੇ ਵਿਚ ਲਿਖਿਆ ਸੀ
ਉਵੇਂ ਪੰਡਤਾਂ ਆਖ ਸੁਣਾ ਦਿੱਤਾ,
ਪੂਰਨ ਇੱਕ ਭੋਰਿਓਂ ਨਿਕਲਿਆ ਸੀ
ਦੂਜੇ ਭੋਰੇ ਪਾ ਦਿੱਤਾ।

ਜਿਸ ਜਗ੍ਹਾ ਪੂਰਨ ਭਗਤ ਨੂੰ ਭੋਰੇ 'ਚ ਕੈਦ ਰੱਖਿਆ ਸੀ, ਉਥੇ ਅੱਜ ਕੱਲ੍ਹ ਭੂੱਟੀਵਾਲਾ ਪਿੰਡ ਹੈ, ਜੋ ਸਰਾਇ ਨਾਗਾ ਤੋਂ ਕਰੀਬ 10 ਕਿਲੋਮੀਟਰ ਦੀ ਦੂਰੀ 'ਤੇ ਹੈ। ਇਥੇ ਅੱਜ ਵੀ ਪੂਰਨ ਭਗਤ ਦਾ ਡੇਰਾ ਸੁਸ਼ੋਭਿਤ ਹੈ। ਲੋਕ ਇਹ ਵੀ ਦੱਸਦੇ ਹਨ ਕਿ ਪੂਰਨ ਭਗਤ ਨੂੰ ਖੂਹ ਵਿਚ ਵੀ ਇਸੇ ਜਗ੍ਹਾ ਸੁਟਿਆ ਗਿਆ ਸੀ। ਇਥੋਂ ਹੀ ਗੋਰਖਨਾਥ ਜੋਗੀ ਨੇ ਉਸ ਨੂੰ ਖੂਹ 'ਚੋਂ ਕੱਢਿਆ ਸੀ। ਪੂਰਨ ਭਗਤ ਦਾ ਬਾਗ, ਜੋ ਉਸ ਦੇ ਜਾਣ ਤੋਂ ਬਾਅਦ ਸੁੱਕ ਗਿਆ ਸੀ, ਉਹ ਸਰਾਇ ਨਾਗਾ ਤੋਂ ਮੇਰੇ ਪਿੰਡ ਬਰੀਵਾਲਾ ਵਾਲੀ ਸੜਕ 'ਤੇ ਸੀ, ਪੂਰਨ ਦੇ ਵਾਪਸ ਆਉਣ ਨਾਲ ਹਰਾ-ਭਰਾ ਹੋ ਗਿਆ ਸੀ। ਫੇਰ ਸਿਆਲਕੋਟ ਦੇ ਤਬਾਹ ਹੋਣ ਤੋਂ ਬਾਅਦ ਇਥੇ ਮੱਤੇ ਦੀ ਸਰਾਇ ਪਿੰਡ ਵਸਿਆ। ਇਥੇ ਸ਼ਾਂਤਮਈ ਤੇ ਖੂਬਸੂਰਤ ਵਾਤਾਵਰਣ ਹੁੰਦਾ ਸੀ। ਇਥੇ ਜੋਗੀ ਸਾਧੂ ਅਕਸਰ ਹੀ ਠਹਿਰਦੇ ਰਹਿੰਦੇ ਸਨ, ਨਾਗੇ ਸਾਧੂ ਠਹਿਰਦੇ ਕਰਕੇ ਇਸ ਨੂੰ ਨਾਗੇ ਦੀ ਸਰਾਇ ਕਹਿਣ ਲੱਗ ਪਏ। ਦੱਸਦੇ ਹਨ ਕਿ ਇਥੇ ਇੱਕ ਨਾਗੇ ਸਾਧੂ ਦੀ ਉਮਰ 1600 ਸਾਲ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਿੰਦਗੀ ਦੀ ਸਭ ਤੋਂ ਵੱਡੀ ਤੇ ਆਖਰੀ ਮੁਕਤਸਰ (ਖਿਦਰਾਣੇ) ਦੀ ਜੰਗ ਲੜੀ, ਉਦੋਂ ਉਹ ਸਰਾਇ ਨਾਗਾ ਆਏ ਸਨ, ਉਨ੍ਹਾਂ ਨੇ ਉਸ ਨਾਗੇ ਸਾਧੂ ਦਾ ਆਧਾਰ ਕੀਤਾ ਸੀ, ਪਰ ਪਿੰਡ ਦਾ ਨਾਮ ਸਰਾਇ ਨਾਗਾ ਹੀ ਰਿਹਾ।

# ਸਿੱਖ ਜਥੇ ਅਤੇ ਮਿਸਲਾਂ ਦੇ ਸਬੰਧ

## ਇਤਿਹਾਸ-ਨਾਮਾ

*"ਮੈਂ ਕੋਈ ਇਤਿਹਾਸਕਰ ਨਹੀਂ ਤੇ ਨਾ ਹੀ ਬਣਨ ਦੀ ਕੋਸ਼ਿਸ਼ ਹੈ, ਹਾਂ ਇੰਨਾ ਜਰੂਰ ਹੈ ਕਿ ਇਤਿਹਾਸ ਨਾਲ ਬੇਹਿਸਾਬ ਲਗਾਉ ਬਣਿਆ ਹੋਇਆ ਹੈ। ਲਾਹੌਰ, ਲੰਡਨ ਤੇ ਲੁਧਿਆਣੇ ਦੇ 'ਬੁੱਕ ਸਟੋਰਾਂ' ਤੋਂ ਸੈਂਕੜੇ ਇਤਿਹਾਸ ਦੀਆਂ ਦੁਰਲੱਭ ਕਿਤਾਬਾਂ ਮੈਂ ਹੌਲੀ ਹੌਲੀ ਹਵਾਈ ਜਹਾਜ਼ਾਂ ਰਾਹੀਂ ਸਰੀ (ਕੈਨੇਡਾ) ਢੋਹ ਲਈਆਂ ਹਨ, ਜਿਨ੍ਹਾਂ ਵਿਚ ਸਾਡੇ ਗੁਰੂਆਂ, ਪੁਰਖਿਆਂ ਤੇ ਇਤਿਹਾਸਕ ਪਰਛਾਂਵਿਆਂ ਦਾ ਖਜਾਨਾ ਦੱਬਿਆ ਪਿਆ ਹੈ। ਲੋਕ ਪੈਸੇ ਦੇ ਖਜਾਨੇ ਮਗਰ ਪੈਂਦੇ ਹਨ, ਪਰ ਮੈਂ ਪਿਛਲੇ 35 ਸਾਲ ਤੋਂ ਖੇਡਾਂ, ਖਿਡਾਰੀਆਂ ਤੇ ਕੈਮਰਿਆਂ ਦੇ ਨਾਲ ਨਾਲ ਕਿਤਾਬਾਂ ਦੇ ਖਜਾਨੇ ਮਗਰ ਪਿਆ ਰਿਹਾ। ਇਨ੍ਹਾਂ ਕਿਤਾਬਾਂ ਦੇ ਖਜਾਨੇ ਅਤੇ ਮੇਰੇ ਦੇਸ਼-ਵਿਦੇਸ਼ ਦੇ ਅਣਗਿਣਤ ਦੌਰਿਆਂ ਵਿਚੋਂ ਹਾਸਿਲ ਇਤਿਹਾਸਕ ਅਨੁਭਵ ਪੰਜਾਬੀ ਪਾਠਕਾਂ ਦੀ ਜਾਣਕਾਰੀ ਲਈ ਸਾਂਝੀ ਕਰਨ ਦੀ ਕੋਸ਼ਿਸ਼ ਜਰੂਰ ਹੈ।" -ਸੰਤੋਖ ਸਿੰਘ ਮੰਡੇਰ*

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਵਿਚ ਸਿੱਖਾਂ ਨੂੰ ਆਨੰਦਪੁਰ ਸਾਹਿਬ ਵਿਖੇ ਖਾਲਸਾ ਬਣਾਇਆ ਸੀ। ਇਹ ਹੀ ਖਾਲਸਾ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਝੱਖੜ ਝਮੇਲੇ ਸਹਿੰਦਾ ਸਮਾਂ ਪਾ ਕੇ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ ਇਕ ਲਾਸਾਨੀ ਤੇ ਬੇਜੋੜ ਸਿੱਖ ਸਲਤਨਤ ਬਣ ਕੇ ਪ੍ਰਗਟ ਹੋਇਆ। ਇਸ ਸਿੱਖ ਸਲਤਨਤ ਨੇ 50 ਸਾਲ ਪੰਜਾਬ ਨੂੰ ਅਫਗਾਨਾਂ ਤੇ ਮੁਗਲਾਂ ਦੀ ਲੁੱਟ-ਖਸੁੱਟ ਤੋਂ ਸੁਰਖਰੂ ਰੱਖਿਆ। ਸਿੱਖ ਰਾਜ ਹੁੰਦੇ ਹੋਏ ਵੀ ਬਾਕੀ ਧਰਮਾਂ-ਮੁਸਲਿਮ, ਹਿੰਦੂ ਤੇ ਇਸਾਈ ਵਰਗ ਦੇ ਲੋਕਾਂ ਨਾਲ ਇਸ ਰਾਜ ਵਿਚ ਕੋਈ ਬੇਇਨਸਾਫੀ ਜਾਂ ਜੁਲਮ ਨਹੀਂ ਹੋਇਆ। ਪੰਜਾਬ ਦੇ ਸਿੱਖ ਬਾਦਸ਼ਾਹ ਦਾ ਸੰਸਾਰ ਭਰ ਵਿਚ ਬੋਲਬਾਲਾ ਸੀ ਤੇ ਸਿੱਖਾਂ ਦੀ ਬਹਾਦਰੀ, ਦਿਆਲਤਾ ਤੇ ਨਿਡਰਤਾ ਦਾ ਸਿੱਕਾ ਦੁਨੀਆਂ ਦੀਆਂ ਕੌਮਾਂ ਮੰਨਣ ਲੱਗ ਪਈਆਂ ਸਨ। ਹਿੰਦੋਸਤਾਨ ਉਪਰ ਰਾਜ ਕਰ ਰਹੇ ਮੁਗਲ ਤੇ ਅਫਗਾਨ ਧਾੜਵੀ ਬਾਦਸ਼ਾਹ ਨਵੀਂ ਕੌਮ, ਸਿੱਖਾਂ ਤੋਂ ਅੰਤਾਂ ਦਾ ਭੈਅ ਖਾਣ ਲੱਗ ਪਏ ਸਨ।



ਸੰਨ 1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਤੋਂ ਛੇਤੀ ਪਿਛੋਂ ਲਾਹੌਰ ਦੇ ਸੂਬੇਦਾਰ ਅਬਦੁ-ਸਮਦ ਖਾਨ ਨੇ ਦਿੱਲੀ ਦੇ ਮੁਗਲ ਸ਼ਾਸ਼ਕ ਫਰੁੱਖਸੀਅਰ ਦੇ ਬਾਦਸ਼ਾਹੀ ਹੁਕਮਾਂ ਦੀ ਪਾਲਣਾ ਕਰਦਿਆਂ ਪੰਜਾਬ ਵਿਚ ਸਿੰਘਾਂ ਦੀ ਕਤਲੋ ਗਾਰਤ ਅਰੰਭ ਦਿੱਤੀ ਸੀ। ਪੰਜਾਬ ਦੇ ਇਤਿਹਾਸ ਦਾ ਨਾਮੀ ਲਿਖਾਰੀ 'ਸਯਦ ਮੁਹੰਮਦ ਲਤੀਫ' ਆਪਣੀ ਕਿਤਾਬ 'ਹਿਸਟਰੀ ਆਫ ਦੀ ਪੰਜਾਬ' ਵਿਚ ਲਿਖਦਾ ਹੈ, "ਦਿੱਲੀ ਦੇ ਮੁਗਲ ਬਾਦਸ਼ਾਹ ਵਲੋਂ ਇਕ ਬਾਦਸ਼ਾਹੀ ਫੁਰਮਾਨ ਜਾਰੀ ਕੀਤਾ ਗਿਆ ਕਿ (ਗੁਰੂ) 'ਨਾਨਕ' ਦੇ ਧਰਮ ਨੂੰ ਮੰਨਣ ਵਾਲਿਆਂ 'ਨਾਨਕ ਪੂਜਾਂ' ਨੂੰ ਕਤਲ ਕਰ ਦਿੱਤਾ ਜਾਵੇ।"

**ਸੰਤੋਖ ਸਿੰਘ ਮੰਡੇਰ, ਕੈਨੇਡਾ**
**ਵ੍ਹਟਸਐਪ: 1-604-505-7000**

ਕਤਲ ਕੀਤੇ ਹਰ ਇਕ ਸਿੱਖ ਦੇ ਸਿਰ ਦਾ ਨਕਦ ਇਨਾਮ ਰੱਖ ਦਿੱਤਾ ਗਿਆ। ਨਕਦ ਇਨਾਮ ਦੇ ਲਾਲਚ ਵਿਚ ਲਾਲਚੀ ਮੁਸਲਮਾਨਾਂ ਨੇ ਸਿੱਖਾਂ ਨੂੰ ਕਿਧਰੇ ਟਿਕਣ ਨਾ ਦਿੱਤਾ ਅਤੇ ਜਿਥੇ ਕਿਧਰੇ ਵੀ ਕੋਈ ਸਿੱਖ ਮਿਲਿਆ, ਉਸ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਸਮੇਂ ਦੇ ਇਨ੍ਹਾਂ ਮੁਸਲਮਾਨ ਹਾਕਮਾਂ ਤੋਂ ਡਰਦੇ ਸਿੱਖ ਕਈ ਸਾਲ ਆਪਣੇ ਪਰਿਵਾਰਾਂ ਸਮੇਤ ਪਹਾੜਾਂ ਵਿਚ ਲੁਕਣ ਲਈ ਮਜਬੂਰ ਰਹੇ ਅਤੇ ਇਨ੍ਹਾਂ ਸਿੱਖਾਂ ਨੂੰ 'ਰਾਠ ਸਿੰਘ' ਕਿਹਾ ਜਾਂਦਾ ਸੀ। ਸੰਨ 1726 ਵਿਚ ਲਾਹੌਰ ਦੇ ਸੂਬੇਦਾਰ ਅਬਦੁ-ਸਮਦ ਖਾਨ ਦੀ ਥਾਂ ਉਸ ਦੇ ਪੁੱਤਰ ਜ਼ਕਰੀਆ ਖਾਨ ਬਹਾਦੁਰ ਨੂੰ ਲਾਹੌਰ ਦਾ ਸੂਬੇਦਾਰ ਬਣਾਈਆ ਗਿਆ, ਜਿਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਅੰਤਾਂ ਦਾ ਜੁਲਮ ਕੀਤਾ। ਲਗਭਗ 40 ਸਾਲ ਸਿੱਖ ਜਥਿਆਂ ਅਤੇ ਸਿੱਖ ਮਿਸਲਾਂ ਨੇ ਹਿੰਦੋਸਤਾਨ ਦੀ ਡਾਢੀ ਜਾਲਮ ਮੁਗਲ ਹਕੂਮਤ ਦਾ ਮਕਾਬਲਾ ਇਨ੍ਹਾਂ ਸਿੰਘਾਂ ਨੇ ਤੇਗ-ਤਲਵਾਰ ਦੇ ਜ਼ੋਰ ਨਾਲ ਕੀਤਾ ਅਤੇ ਜਰਵਾਣੇ ਮੁਗਲਾਂ ਤੋਂ ਪੰਜਾਬ ਦੀ ਧਰਤੀ ਨੂੰ ਆਜ਼ਾਦ ਕਰਾ ਕੇ ਲੋਕ ਰਾਜ ਦੀ ਨੀਂਹ ਧਰੀ ਸੀ। ਇਥੇ ਮਹਾਰਾਜਾ ਰਣਜੀਤ ਸਿੰਘ ਦੇ ਹਰਮਨ ਪਿਆਰੇ ਪੰਜਾਬ ਦੇ ਵਿਸ਼ਾਲ ਰਾਜ ਦਾ ਬਾਨਣੂੰ ਬੰਨਿਆ, ਜਿਸ ਦੀਆਂ ਹੱਦਾਂ ਚੀਨ ਤੋਂ ਸਿੰਧ ਤੱਕ ਅਤੇ ਖੈਬਰ ਦੱਰੇ ਤੋਂ ਦਿੱਲੀ ਦੀ ਜਮਨਾ ਨਦੀ ਤਕ ਪੁੱਜ ਗਈਆਂ ਸਨ।

ਜਿਵੇਂ ਜਿਵੇਂ ਪੰਜਾਬ ਸੂਬੇ ਦਾ ਮੁਗਲ ਸੂਬੇਦਾਰ ਜ਼ਕਰੀਆ ਖਾਨ ਸਿੱਖਾਂ ਉਪਰ ਸਖਤੀ ਕਰਦਾ ਗਿਆ, ਪਿੰਡਾਂ ਵਿਚ ਆਮ ਪਰਜਾ ਦੀ ਹਮਦਰਦੀ ਸਿੰਘਾਂ ਲਈ ਵਧਦੀ ਗਈ ਅਤੇ ਨੌਜਵਾਨ ਸਿੱਖ ਗੱਭਰੂ ਅੰਮ੍ਰਿਤ ਛੱਕ ਕੇ ਹਜ਼ਾਰਾਂ ਦੀ ਗਿਣਤੀ ਵਿਚ ਖਾਲਸਾ ਦਲ ਅਤੇ ਸਿੱਖ ਜਥਿਆਂ ਵਿਚ ਸ਼ਾਮਲ ਹੋਣ ਲੱਗ ਪਏ ਸਨ। ਖਾਲਸਾ ਦਲ ਅਤੇ ਜਥਿਆਂ ਦੀ ਵਧਦੀ ਗਿਣਤੀ ਦੇਖ ਕੇ ਦੀਵਾਨ ਦਰਬਾਰਾ ਸਿੰਘ ਅਤੇ ਸਰਦਾਰ ਕਪੂਰ ਸਿੰਘ ਨੇ ਭਾਈ ਮਨੀ ਸਿੰਘ ਦੀ ਅਗਵਾਈ ਵਿਚ ਸਰਬਤ ਖਾਲਸੇ ਦਾ ਇਕ ਦੀਵਾਨ ਬੁਲਾਇਆ, ਜਿਸ ਵਿਚ ਸਰਬਸੰਮਤੀ ਨਾਲ ਸਿੱਖਾਂ ਦੇ ਪੰਜ ਡੇਰੇ (ਜਥੇ) ਬਣਾਏ ਗਏ। ਨੌਜਵਾਨ ਸਿੱਖ ਯੋਧਿਆਂ ਵਿਚੋਂ ਹੀ ਭਾਈ ਦੀਪ ਸਿੰਘ, ਭਾਈ ਕਰਮ ਸਿੰਘ ਤੇ ਧਰਮ ਸਿੰਘ ਅੰਮ੍ਰਿਤਸਰੀਏ, ਬਾਬਾ ਕਾਹਨ ਸਿੰਘ ਗੋਬਿੰਦਵਾਲੇ, ਭਾਈ ਦਸੌਧਾ ਸਿੰਘ ਕੋਟ ਬੁਢਾ ਵਾਲੇ ਅਤੇ ਭਾਈ ਬੀਰੂ ਸਿੰਘ, ਮਦਨ ਸਿੰਘ ਨੂੰ ਇਨ੍ਹਾਂ ਡੇਰਿਆਂ (ਜਥਿਆਂ) ਦੇ ਡੇਰੇਦਾਰ (ਜਥੇਦਾਰ) ਨਾਮਜ਼ਦ ਕੀਤਾ ਗਿਆ।

ਪੰਜਾਬ ਵਿਚ ਖਾਲਸੇ ਦੀ ਵਧ ਰਹੀ ਤਾਕਤ ਅਤੇ ਦਿਨੋ ਦਿਨ ਮਜ਼ਬੂਤ ਹੋ ਰਹੀਆਂ ਸਿੱਖ ਜਥੇਬੰਦੀਆਂ ਨੇ ਜ਼ਕਰੀਆ ਖਾਨ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ। ਉਸ ਦੇ ਸਖਤੀ ਤੇ ਜੁਲਮ ਦੇ ਸਾਰੇ ਹਥਿਆਰ ਹੁਣ ਖੁੰਢੇ ਹੋ ਚੁਕੇ ਸਨ। ਮੁਗਲ ਸੂਬੇਦਾਰ ਜ਼ਕਰੀਆ ਖਾਨ ਸਿੰਘਾਂ ਤੋਂ ਅੱਕ ਤੇ ਥੱਕ ਗਿਆ ਸੀ। ਸਿੰਘਾਂ ਨਾਲ ਸੁਲ੍ਹਾ ਸਫਾਈ ਲਈ ਮੁਗਲ ਸਰਕਾਰ ਵਲੋਂ ਸਿੰਘਾਂ ਦੇ 'ਮੁਰਹੈਲ ਆਗੂ' ਨੂੰ 'ਨਵਾਬ' ਦੀ ਪਦਵੀ ਦੇਣ ਦੀ ਪੇਸ਼ਕਸ਼ ਕੀਤੀ ਗਈ ਤਾਂ ਜੋ ਦੇਸ਼ ਵਿਚ ਅਮਨ ਅਮਾਨ ਵਰਤ ਸਕੇ। ਸਿੰਘਾਂ ਦੇ ਸਰਬਤ ਖਾਲਸੇ ਵਿਚ ਇਹ ਮੁਗਲ ਸਰਕਾਰ ਵਲੋਂ ਨਵਾਬੀ ਦਾ ਸਿਹਰਾ ਸਰਦਾਰ ਕਪੂਰ ਸਿੰਘ ਲਈ 'ਨਵਾਬ' ਦੀ ਪਦਵੀ ਵਜੋਂ ਪਰਵਾਨ ਕਰ ਲਿਆ ਗਿਆ। ਸੂਬਾ ਲਾਹੌਰ ਵਲੋਂ ਪਰਗਣਾ ਚੂਨਹੀਆਂ, ਦਿਪਾਲਪੁਰ, ਕੰਗਣਵਾਲ ਅਤੇ ਝਬਾਲ ਦੇ 12 ਪਿੰਡਾਂ ਦੀ ਜਗੀਰ ਗੁਰੂ ਚੱਕ ਸ੍ਰੀ ਅੰਮ੍ਰਿਤਸਰ ਨਾਲ ਲਾ ਦਿੱਤੀ ਗਈ ਅਤੇ ਖਾਲਸੇ ਨੂੰ ਖੁੱਲ੍ਹੇ ਵਿਚਰਨ ਦੀ ਆਗਿਆ ਹੋ ਗਈ।

ਸੰਨ 1739 ਨੂੰ ਇਰਾਨੀ ਬਾਦਸ਼ਾਹ ਨਾਦਰ ਸ਼ਾਹ ਭਾਰੀ ਫੌਜ ਲੈ ਕੇ ਹਿੰਦੋਸਤਾਨ ਵਿਚ ਲੁਟਮਾਰ ਕਰਨ ਲਈ ਲਾਹੌਰ ਆਣ ਪੁੱਜਾ, ਉਸ ਨੇ ਰੱਜ ਕੇ ਦਿੱਲੀ ਲੁੱਟੀ ਅਤੇ ਹਜਾਰਾਂ ਹਿੰਦੂਆਂ ਦਾ ਖੁਲ੍ਹੇਆਮ ਕਤਲੇਆਮ ਕੀਤਾ। ਨਾਦਰ ਸ਼ਾਹ ਲੁੱਟ ਦੇ ਮਾਲ ਅਤੇ ਸੈਂਕੜੇ ਨੌਜਵਾਨ ਹਿੰਦੂ ਬਹੂ-ਬੇਟਿਆਂ ਨਾਲ ਜਦੋਂ ਇਰਾਨ ਵਾਪਿਸ ਜਾ ਰਿਹਾ ਸੀ ਤਾਂ ਸਿੰਘਾਂ ਨੇ ਸੱਜੇ, ਖੱਬੇ ਤੇ ਪਿਛਿਓਂ ਛਾਪੇ ਮਾਰ ਕੇ ਨਾਦਰ ਸ਼ਾਹ ਦਾ ਬਹੁਤ ਸਾਰਾ ਮਾਲ ਲੁੱਟ ਲਿਆ ਅਤੇ ਉਧਾਲੀਆਂ ਹੋਈਆਂ ਹਿੰਦੂ ਔਰਤਾਂ ਛੁਡਾ ਕੇ ਉਸ ਦਾ ਭਾਰ ਹੌਲਾ ਕਰ ਦਿੱਤਾ ਸੀ। ਨਾਦਰ ਸ਼ਾਹ ਆਪ ਬੜਾ ਸੂਰਮਾ ਸੀ, ਪਰ ਉਹ ਬਹਾਦਰ ਸਿੰਘਾਂ ਦੇ ਕਾਰਨਾਮਿਆਂ ਤੋਂ ਡਾਢਾ ਘਬਰਾ ਗਿਆ ਅਤੇ ਉਸ ਨੇ ਪੰਜਾਬ ਦੇ ਹਾਕਮ ਜ਼ਕਰੀਆ ਖਾਨ ਨੂੰ ਮਿਲਣ ਉਪਰ ਸਭ ਤੋਂ ਪਹਿਲਾ ਸਵਾਲ ਇਹ ਕੀਤਾ, "ਇਹ ਸਿੱਖ ਕੌਣ ਅਤੇ ਕਿਸ ਤਰ੍ਹਾਂ ਦੇ ਲੋਕ ਹਨ ਤੇ ਇਨ੍ਹਾਂ ਦੇ ਘਰ ਘਾਟ ਕਿੱਥੇ ਹਨ?" ਜ਼ਕਰੀਆ ਖਾਨ ਨੇ ਉਤਰ ਦਿੱਤਾ, "ਇਹ ਫਕੀਰਾਂ ਦਾ ਟੋਲਾ ਹੈ ਤੇ ਇਨ੍ਹਾਂ ਦਾ ਘਰ ਇਨ੍ਹਾਂ ਦੀਆਂ ਘੋੜਿਆਂ ਦੀਆਂ ਕਾਠੀਆਂ ਹੀ ਹਨ।" ਨਾਦਰ ਸ਼ਾਹ ਮੁਸਕਰਾ ਪਿਆ ਤੇ ਕਿਹਾ, "ਇਨ੍ਹਾਂ ਤੋਂ ਹਕੂਮਤ ਨੂੰ ਡਰਨਾ ਚਾਹੀਦਾ ਹੈ। ਇਹ ਸਿੱਖ ਸਿਰ ਕੱਢਣਗੇ ਅਤੇ ਇਕ ਸਮੇਂ ਇਸ ਮੁਲਕ ਦੇ ਵਾਲੀ ਵਾਰਿਸ ਹੋਣਗੇ।"

ਪਹਿਲਾਂ ਪਹਿਲ ਸਿੱਖ ਆਗੂਆਂ ਨੇ ਛੋਟੇ ਛੋਟੇ 'ਜਥੇ' ਬਣਾਏ, ਜਿਨ੍ਹਾਂ ਦਾ ਵਤੀਰਾ ਲੁਟੇਰਿਆਂ ਤੇ ਧਾੜਵੀਆਂ ਵਾਲਾ ਸੀ, ਜੋ ਕੁਝ ਲੁੱਟ ਦੇ ਵਿਚੋਂ ਉਨ੍ਹਾਂ ਦੇ ਹੱਥ ਆਉਂਦਾ ਸੀ, ਆਪੋ ਆਪਣੇ ਜਥਿਆਂ ਵਿਚ ਵੰਡ ਲਿਆ ਕਰਦੇ ਸਨ। ਇਨ੍ਹਾਂ ਜਥਿਆਂ ਦੀ ਲੁੱਟ ਦੇ ਕਾਰਨ ਹੋਰ ਇਲਾਕੇਦਾਰਾਂ ਤੇ ਪਿੰਡਾਂ ਵਾਲਿਆਂ ਨੇ ਵੀ ਉਨ੍ਹਾਂ ਨੂੰ ਨਜ਼ਰਾਨਾ ਦੇਣਾ ਪ੍ਰਵਾਨ ਕੀਤਾ। ਇਸ ਪ੍ਰਵਾਨਿਤ ਨਜ਼ਰਾਨੇ ਨੂੰ ਉਸ ਸਮੇਂ 'ਰਾਖੀ' ਕਹਿੰਦੇ ਸਨ। ਪੰਜਾਬ ਦੇ ਇਤਿਹਾਸ ਬਾਰੇ ਉਰਦੂ ਦੀ ਇਕ ਇਤਿਹਾਸਕ ਕਿਤਾਬ 'ਸੈਰ-ਇ-ਪੰਜਾਬ' ਦੇ ਕਰਤਾ ਰਾਏ ਕਾਲੀ ਰਾਏ ਸਾਹਿਬ ਤੇ ਮੁਨਸ਼ੀ ਤੁਲਸੀ ਰਾਮ ਹਨ, ਜਿਨ੍ਹਾਂ ਨੇ ਅੰਗਰੇਜ਼ ਰਾਜ ਵਿਚ 1849 ਤੇ 1859 ਦੇ ਵਿਚ ਇਹ ਲਿਖੀ ਸੀ। ਇਸ ਪੁਸਤਕ ਵਿਚ ਪੰਜਾਬ ਤੇ ਉਤਰ ਪੱਛਮੀ ਭਾਰਤ ਦੇ 19ਵੀਂ ਸਦੀ ਦੇ ਮੱਧ ਕਾਲ ਦੇ ਸਮਾਜੀ ਜੀਵਨ ਦੀ ਅਜਿਹੀ ਤਸਵੀਰ ਦਿੱਤੀ ਗਈ ਹੈ, ਜੋ ਸਿਰਫ ਪ੍ਰਮਾਣਿਕ ਹੀ ਨਹੀਂ, ਸਗੋਂ ਬਹੁ-ਰੰਗੀ ਵੀ ਹੈ। ਇਕ ਹੋਰ ਪੁਸਤਕ 'ਆਇਨ-ਇ-ਅਕਬਰੀ' ਤੋਂ ਪਤਾ ਲਗਦਾ ਹੈ ਕਿ ਮੁਗਲ



ਬਾਦਸ਼ਾਹਾਂ ਦੇ ਰਾਜ ਵਿਚ ਸਤਲੁਜ ਤੇ ਜਮਨਾ ਪਾਰ ਦੇ ਇਲਾਕੇ ਸੂਬਾ ਦਿੱਲੀ ਨਾਲ ਸਨ ਤੇ ਇਸ ਨੂੰ 'ਸਰਕਾਰ ਸਰਹੰਦ' ਲਿਖਿਆ ਜਾਂਦਾ ਸੀ, ਜਿਸ ਨਾਲ 33 ਪਰਗਣੇ (ਜਿਲੇ) ਸਬੰਧਿਤ ਸਨ। ਦਰਿਆ ਸਤਲੁਜ ਤੋਂ ਅਟਕ ਦਰਿਆ ਤਕ ਸੂਬਾ ਲਾਹੌਰ ਮੰਨਿਆ ਜਾਂਦਾ ਸੀ। ਜਦੋਂ ਤਕ ਮੁਗਲਾਂ ਦਾ ਰਾਜ ਪ੍ਰਬੰਧ ਠੀਕ ਠਾਕ ਚਲਦਾ ਰਿਹਾ, ਤਦੋਂ ਤਕ ਇਨ੍ਹਾਂ ਸੂਬਿਆਂ ਤੇ ਪਰਗਣਿਆਂ ਦੀਆਂ ਹੱਦਾਂ ਤੇ ਨਿਸ਼ਾਨ ਵੀ ਕਾਇਮ ਰਹੇ।

ਸੰਨ 1748 ਤੋਂ 1768 ਤੱਕ ਅਫਗਾਨ ਸ਼ਾਸ਼ਕ ਅਹਿਮਦ ਸ਼ਾਹ ਅਬਦਾਲੀ ਦੇ ਕਾਬੁਲ ਤੋਂ ਹਿੰਦੋਸਤਾਨ ਉਪਰ ਸ਼ੁਰੂ ਹੋਏ ਹਮਲਿਆਂ ਸਮੇਂ ਸਿੱਖ ਜਥਿਆਂ ਨੇ ਉਸ ਦੇ ਨੱਕ ਵਿਚ ਦਮ ਕਰ ਦਿੱਤਾ ਅਤੇ ਉਸ ਦੀ ਲੁਟਮਾਰ ਵਿਚੋਂ ਚੋਖਾ ਮਾਲ ਵੀ ਲੁੱਟਦੇ ਰਹੇ। ਸਤਲੁਜ ਦਰਿਆ ਦੇ ਪੱਛਮ ਵਾਲੇ ਇਲਾਕੇ ਨੂੰ 'ਮਾਝਾ' ਕਿਹਾ ਜਾਂਦਾ ਸੀ ਅਤੇ ਪੂਰਬ ਵਾਲੇ ਪਾਸੇ ਨੂੰ 'ਮਾਲਵਾ' ਸੱਦਿਆ ਜਾਂਦਾ ਸੀ। ਮਾਝੇ ਤੇ ਮਾਲਵੇ ਵਿਚ ਪੁਰਾਣੇ ਪਰਗਣੇ ਟੁੱਟਣ ਨਾਲ ਚੋਣਵੇਂ ਸਿੱਖ ਸਰਦਾਰਾਂ ਦੇ ਜਥਿਆਂ ਨੇ ਇਹ ਇਲਾਕੇ ਆਪਣੇ ਅਧੀਨ ਕਰਕੇ ਇਨ੍ਹਾਂ ਉਪਰ ਕਬਜਾ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਹੀ 'ਕਬਜਾ-ਸਤਾਨ' ਬਾਅਦ ਵਿਚ 13 ਧੜੱਲੇਦਾਰ ਸਿੱਖ ਮਿਸਲਾਂ ਦੀ ਬੁਨਿਆਦ ਬਣਿਆ, ਜਿਸ ਦੀਆਂ ਨੀਂਹਾਂ ਉਪਰ ਮਜ਼ਬੂਤ ਤੇ ਨਿਵੇਕਲੇ 'ਖਾਲਸਾ ਰਾਜ' ਦੀ ਸਥਾਪਨਾ ਮਹਾਰਾਜਾ ਰਣਜੀਤ ਸਿੰਘ ਨੇ ਕੀਤੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ 1801 ਤੋਂ ਲੈ ਕੇ 1839 ਤਕ ਪੰਜਾਬ ਵਿਚ ਸਿੱਖ ਮਿਸਲਾਂ ਦੇ ਬੇਖੌਫ, ਜਾਂਬਾਜ ਤੇ ਬਹਾਦੁਰ ਜਰਨੈਲਾਂ ਨਾਲ ਸੈਕੂਲਰ ਰਾਜ ਦਾ ਆਗਾਜ਼ ਕੀਤਾ ਸੀ। ਮੁਗਲ ਤੇ ਅਫਗਾਨ ਬਾਦਸ਼ਾਹਾਂ ਨੂੰ ਦੱਰਾ ਖੈਬਰ ਵਲੋਂ ਪੰਜਾਬ ਵਲ ਮੂੰਹ ਨਾ ਕਰਨ ਦਿੱਤਾ। ਪੰਜਾਬ ਵਿਚ ਦਰਿਆ ਅਟਕ ਤੋਂ ਲੈ ਕੇ ਜਮਨਾ ਦਰਿਆ ਤਕ ਵੱਖੋ ਵੱਖ ਇਲਾਕਿਆਂ ਵਿਚ ਜੋ ਨਿਰੋਲ ਸਿੱਖ ਸਰਦਾਰਾਂ ਦੀਆਂ 'ਮਿਸਲਾਂ' ਹੋਂਦ ਵਿਚ ਆ ਗਈਆਂ ਸਨ, ਉਹ ਸਭ ਖਾਲਸਾ ਰਾਜ ਵਿਚ ਸ਼ਾਮਲ ਹੋ ਗਈਆਂ।

**ਮਿਸਲ ਆਹਲੂਵਾਲੀਆ:** ਮਿਸਲ ਦੇ ਜਥੇ ਦਾ ਬਾਨੀ ਸਰਦਾਰ ਬਾਘ ਸਿੰਘ ਹੱਲੋਵਾਲੀਆ ਸੀ, ਜੋ ਸਰਦਾਰ ਜੱਸਾ ਸਿੰਘ ਦਾ ਮਾਮਾ ਸੀ। ਇਸ ਮਿਸਲ ਦਾ ਵਧੇਰੇ ਪ੍ਰਚੱਲਤ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਕਲਾਲ, ਪਿੰਡ ਆਹਲੂ ਜਿਲਾ ਲਾਹੌਰ ਹੀ ਹੋਇਆ ਹੈ, ਪਰ ਮੋਢੀ ਗੰਡਾ ਸਿੰਘ, ਸਧਾਵਾ ਸਿੰਘ, ਗੋਪਾਲ ਸਿੰਘ, ਦੇਵਾ ਸਿੰਘ, ਸਦਰ ਸਿੰਘ, ਹੁਰਬਖਸ਼ ਸਿੰਘ ਸਰਦਾਰ ਸਨ। ਸਰਦਾਰ ਜੱਸਾ ਸਿੰਘ ਸਿਰਫ ਪੰਜ ਸਾਲ ਦੇ ਸਨ, ਜਦੋ ਉਨ੍ਹਾਂ ਦੇ ਪਿਤਾ ਸਰਦਾਰ ਬਦਰ ਸਿੰਘ ਦਾ ਦਿਹਾਂਤ ਹੋ ਗਿਆ ਸੀ। ਨਵਾਬ ਕਪੂਰ ਸਿੰਘ ਨੇ ਆਪਣੇ ਹੱਥੀਂ ਸਰਦਾਰ ਜੱਸਾ ਸਿੰਘ ਨੂੰ ਅੰਮ੍ਰਿਤ ਛਕਾਈਆ ਸੀ। ਸਰਦਾਰ ਫਤਿਹ ਸਿੰਘ ਆਹਲੂਵਾਲੀਆ ਅਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ 'ਪੱਗ ਵੱਟ' ਭਰਾ ਬਣੇ ਹੋਏ ਸਨ। ਅੰਗਰੇਜ਼ ਦੌਰ ਵਿਚ ਕਪੂਰਥਲੇ ਦਾ ਮਹਾਰਾਜਾ ਜਗਤਜੀਤ ਸਿੰਘ ਬਹੁਤ ਮਸ਼ਹੂਰ ਰਹੇ ਸਨ। ਇਲਾਕਾ ਕਪੂਰਥਲਾ, ਨਰਾਇਣਗੜ੍ਹ, ਤਲਵੰਡੀ, ਜੰਡਿਆਲਾ ਜਗਰਾਉਂ, ਕੋਟ ਈਸੇ ਖਾਂ, ਨੂਰਮਹਿਲ, ਬੁਡੰਲਾ, ਫਤਿਹਗੜ੍ਹ, ਈਸੜੂ ਤੇ ਆਲਮਪੁਰ। ਘੋੜ ਸਵਾਰ 10 ਹਜਾਰ।

**ਮਿਸਲ ਭੰਗੀਆਂ:** ਢਿੱਲੋਂ ਜੱਟ ਛੱਜਾ ਸਿੰਘ, ਪਿੰਡ ਪੰਜਵੜ ਦਾ ਰਹਿਣ ਵਾਲਾ ਸੀ, ਜਿਸ ਨੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਅੰਮ੍ਰਿਤ ਛਕਿਆ ਸੀ। ਭੰਗਾ ਸਿੰਘ ਨੇ ਮਿਸਲ ਦੀ ਬੁਨਿਆਦ ਰੱਖੀ। ਸਰਦਾਰ ਭੀਮ ਸਿੰਘ, ਹਰੀ ਸਿੰਘ ਢਿੱਲੋਂ, ਝੰਡਾ ਸਿੰਘ, ਗੰਡਾ ਸਿੰਘ ਬੜੇ ਨਾਮੀ ਸਰਦਾਰ ਸਨ। ਸਰਦਾਰ ਛੱਜਾ ਸਿੰਘ ਨੇ ਮੁਗਲ ਦੌਰ ਵਿਚ ਇਕ ਚੰਗਾ ਧਾੜਵੀ ਜਥਾ ਬਣਾ ਲਿਆ ਸੀ। ਸਰਦਾਰ ਜਗਤ ਸਿੰਘ ਦੇ ਬਹੁਤੀ ਭੰਗ ਪੀਣ ਕਰਕੇ ਇਸ ਮਿਸਲ ਦੇ ਸਰਦਾਰਾਂ ਦੀ ਅੱਲ ਭੰਗੀ ਪੈ ਗਈ ਸੀ। ਇਹ ਮਿਸਲ ਅੰਮ੍ਰਿਤਸਰ, ਬੋਰੀਆਂ, ਦਿਆਲਗੜ੍ਹ, ਬੂੜੀਆਂ ਤੇ ਜਗਾਧਰੀ ਦੇ ਇਲਾਕੇ ਵਿਚ ਵੀ ਸੀ। ਵਡੇਰੇ ਪਿੰਡ ਪੰਜਵੜ ਦੇ ਵਾਸੀ ਸਨ। ਭੰਗੀ ਮਿਸਲ ਦੇ ਸਰਦਾਰ ਝੰਡਾ ਸਿੰਘ, ਗੰਡਾ ਸਿੰਘ, ਚੜ੍ਹਤ ਸਿੰਘ, ਦੇਸੂ ਸਿੰਘ, ਤਾਰਾ ਸਿੰਘ, ਗੁਰਬਖਸ਼ ਸਿੰਘ ਸੰਧੂ ਪਿੰਡ ਰੋੜਾਂਵਾਲਾ, ਸਾਹਿਬ ਸਿੰਘ, ਧੰਨਾ ਸਿੰਘ ਕਾਲਿਆਂਵਾਲਾ ਨਾਮੀ ਯੋਧੇ ਸਨ। ਸਿੱਖ ਪੰਥ ਦੀ ਬਹਾਦੁਰ ਸਿੰਘਣੀ ਮਾਈ ਭਾਗੋ ਵੀ ਭੰਗੀ ਮਿਸਲ ਦੇ ਖਾਨਦਾਨ ਵਿਚੋਂ ਸੀ। ਇਸ ਜਮਾਨੇ ਦੀ ਮਸ਼ਹੂਰ ਤੋਪ ਜਮਜਮਾ ਵੀ 'ਭੰਗੀਆਂ ਦੀ ਤੋਪ' ਦੇ ਨਾਂ ਨਾਲ ਮਸ਼ਹੂਰ ਹੋਈ, ਜੋ ਹੁਣ ਲਾਹੌਰ ਦੀ ਮਾਲ ਰੋਡ ਉਪਰ ਅਜਾਇਬ ਘਰ ਦੇ ਸਾਹਮਣੇ ਖੜ੍ਹੀ ਹੈ। ਘੋੜ ਸਵਾਰ 10 ਹਜਾਰ।



**ਮਿਸਲ ਰਾਮਗੜ੍ਹੀਆ:** ਇਸ ਮਿਸਲ ਦਾ ਮੋਢੀ ਸਰਦਾਰ ਹਰਦਾਸ ਸਿੰਘ, ਭਗਵਾਨ ਸਿੰਘ ਖੁਸ਼ਹਾਲ ਸਿੰਘ ਜੱਟ ਪਿੰਡ ਗੱਗੋ ਬੂਹਾ, ਜਿਲਾ ਅੰਮ੍ਰਿਤਸਰ ਦੇ ਵਾਸੀ ਸਨ। ਇਹ ਮਿਸਲ ਦਲੇਰ ਤੇ ਬਹਾਦੁਰ ਸਿੱਖ ਆਗੂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਲ ਮਸ਼ਹੂਰ ਹੋਈ, ਜਿਸ ਦੇ ਦਾਦਾ ਹਰਦਾਸ ਸਿੰਘ, ਤਰਖਾਣ ਪਿੰਡ ਸੁਰਸਿੰਘ, ਜਿਲਾ ਲਾਹੌਰ ਦਾ ਰਹਿਣ ਵਾਲਾ ਸੀ। ਭਾਈ ਹਰਦਾਸ ਸਿੰਘ ਨੇ ਖਾਲਸਾ ਪੰਥ ਦੇ ਬਾਨੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ। ਅੰਮ੍ਰਿਤਸਰ ਸਾਹਿਬ ਦੇ ਲਾਗੇ ਰਾਮ ਰੌਣੀ ਦੇ ਕੱਚੇ ਕਿਲੇ ਨੂੰ ਨਵੇਂ ਸਿਰਿਓਂ ਬਣਾ ਕੇ ਉਸ ਦਾ ਨਵਾ ਨਾਮ 'ਰਾਮਗੜ੍ਹ' ਰੱਖਣ ਨਾਲ ਸਾਰੇ ਸਿੱਖ ਜੱਸਾ ਸਿੰਘ ਨੂੰ ਰਾਮਗੜ੍ਹੀਆ ਆਖਣ ਲੱਗ ਪਏ। ਜੱਸਾ ਸਿੰਘ ਰਾਮਗੜ੍ਹੀਆ ਦੇ ਜੱਸ ਤੇ ਜਸ਼ਨਾਂ ਕਰਕੇ ਸਿੱਖਾਂ ਵਿਚ ਤਰਖਾਣ ਬਰਾਦਰੀ ਦੇ ਸਾਰੇ 'ਤਖਾਣ ਸਿੱਖ' ਆਪਣੇ ਆਪ ਨੂੰ ਫਖਰ ਨਾਲ 'ਰਾਮਗੜ੍ਹੀਏ' ਅਖਵਾਉਣ ਲੱਗ ਪਏ। ਇਲਾਕਾ ਮਿਆਣੀ, ਟਾਂਡਾ ਉੜਮੁੜ, ਮੋਘੋਵਾਲ, ਮਨੀਵਾਲ, ਮੁਕੰਦਪੁਰ, ਬਟਾਲਾ, ਝੌੜਾਂ, ਕਲਾਨੌਰ ਕਾਦੀਆਂ, ਮੱਤੇਵਾਲ, ਘੁਮਾਣ ਉਪਰ ਕਾਬਜ ਸਨ। ਅੰਬਾਲਾ ਜਿਲੇ ਦੇ ਵੀ ਕਈ ਪਿੰਡ ਇਨ੍ਹਾਂ ਦੇ ਕਬਜੇ ਵਿਚ ਸਨ। ਸ੍ਰੀ ਹਰਗੋਬਿੰਦਪੁਰ ਵਿਚ ਮਿਸਲ ਦਾ ਡੇਰਾ ਰਹਿੰਦਾ ਸੀ। ਸਰਦਾਰ ਜੋਧ ਸਿੰਘ ਰਾਮਗੜ੍ਹੀਆ, ਤਾਰਾ ਸਿੰਘ ਰਾਮਗੜ੍ਹੀਆ, ਮੰਗਲ ਸਿੰਘ ਰਾਮਗੜ੍ਹੀਆ ਵੀ ਵਡੇਰੇ ਸਨ। ਘੋੜ ਸਵਾਰ 5 ਹਜਾਰ।

**ਮਿਸਲ ਕਨੱਈਆ:** ਇਸ ਮਿਸਲ ਦੇ ਬਾਨੀ ਸਰਦਾਰ ਖੁਸ਼ਹਾਲ ਸਿੰਘ, ਜੈ ਸਿੰਘ ਤੇ ਤਾਰਾ ਸਿੰਘ ਸੰਧੂ ਜੱਟ ਪਿੰਡ ਕਾਹਨਾ, ਜਿਲਾ ਲਾਹੌਰ ਦੇ ਵਾਸੀ ਸਨ। ਸਰਦਾਰ ਜੈ ਸਿੰਘ ਬਹੁਤ ਸੁੰਦਰ ਸਰਦਾਰ ਸੀ, ਜਿਸ ਕਰਕੇ ਉਸ ਨੂੰ ਮਥੁਰਾ ਦੇ ਕਨ੍ਹਈਆ 'ਕ੍ਰਿਸ਼ਨ ਭਗਵਾਨ' ਵਾਂਗ 'ਕਾਹਨੇ ਦਾ ਕਨ੍ਹਈਆ' ਵੀ ਕਿਹਾ ਜਾਂਦਾ ਸੀ। ਇਲਾਕੇ ਸਤਲੁਜ ਦੇ ਦੋਹੀਂ ਪਾਸੀਂ ਅਜਨਾਲਾ, ਗੁਰਦਾਸਪੁਰ, ਡੇਰਾ ਬਾਬਾ ਨਾਨਕ, ਬਟਾਲਾ, ਪਠਾਣਕੋਟ, ਮੁਕੇਰੀਆਂ, ਸੁਜਾਨਪੁਰ ਸਨ। ਮਿਸਲ ਕਨੱਈਆ ਦੇ ਸਰਦਾਰ ਝੰਡਾ ਸਿੰਘ, ਸਿੰਘਾ, ਹਕੀਕਤ ਸਿੰਘ, ਅਮਰ ਸਿੰਘ ਵਾਘਾ, ਅਮਰ ਸਿੰਘ ਕਿੰਗਰਾ, ਲੱਖਾ ਸਿੰਘ, ਬੁੱਧ ਸਿੰਘ ਧਰਮਕੋਟ, ਝੰਡਾ ਸਿੰਘ ਬਾਕਰਪੁਰੀਆ, ਝੰਡਾ ਸਿੰਘ ਕਰੋਹ ਬੜੇ ਸੂਰਬੀਰ ਸਰਦਾਰ ਸਨ। ਘੋੜ ਸਵਾਰ 8 ਹਜਾਰ।

**ਮਿਸਲ ਨਕਈ:** ਕਸਬਾ ਚੂਨੀਆਂ ਦੇ ਸੰਧੂ ਜੱਟ ਜਥੇਦਾਰ ਹੀਰਾ ਸਿੰਘ ਤੇ ਨਾਹਰ ਸਿੰਘ ਸੰਧੂ ਵਲਦ ਹੇਮਰਾਜ ਸੰਧੂ ਜੱਟ, ਵਾਸੀ ਪਿੰਡ ਬਹਿੜਵਾਲ, ਜਿਲਾ ਲਾਹੌਰ ਦੇ ਸਨ। ਇਲਾਕਾ 'ਨੱਕਾ' ਦੇ ਨਾਂ ਉਪਰ ਨਕਈ ਮਿਸਲ ਦੇ ਮੁਖੀ ਵਜੋਂ ਜਾਣੇ ਜਾਂਦੇ ਸਨ। ਸਰਦਾਰ ਰਣ ਸਿੰਘ ਮਿਸਲ ਦਾ ਸਭ ਤੋਂ ਤਾਕਤਵਰ ਸਰਦਾਰ ਹੋ ਬੀਤਿਆ ਹੈ। ਇਹ ਮਿਸਲ ਨਕਈ ਸਭ ਤੋਂ ਛੋਟੀ ਸੀ। ਸਰਦਾਰ ਰਣ ਸਿੰਘ, ਖਜਾਨ ਸਿੰਘ, ਭਗਵਾਨ ਸਿੰਘ, ਗਿਆਨ ਸਿੰਘ, ਚਤਰ ਸਿੰਘ, ਰਣਜੋਧ ਸਿੰਘ, ਹੁਕਮ ਸਿੰਘ ਵੀ ਨਾਮੀ ਨਕਈ ਹੋਏ ਹਨ। ਕਾਬਜ ਇਲਾਕਾ ਚੂਣੀਆਂ, ਖੇਮਕਰਨ, ਖੁਡੀਆਂ, ਗੋਗੇਰਾ, ਦਿਪਾਲਪੁਰ, ਉਕਾੜਾ, ਛਾਗਾ ਮਾਂਗਾ, ਸ਼ੇਰਗੜ੍ਹ, ਕਮਾਲੀਆ ਤੇ ਸ਼ਕਰਪੁਰ ਸਨ। ਘੋੜ ਸਵਾਰ 7 ਹਜਾਰ।

**ਮਿਸਲ ਡੱਲੇਵਾਲੀਆ:** ਇਸ ਮਿਸਲ ਦਾ ਲਾਣੇਦਾਰ ਸਰਦਾਰ ਗੁਲਾਬ ਸਿੰਘ ਰਾਠੌਰ ਰਾਜਪੂਤ, ਖੱਤਰੀ ਪਿੰਡ ਡੱਲੇਵਾਲ, ਜਿਲਾ ਜਲੰਧਰ ਵਾਲਾ ਸੀ। ਤਾਰਾ ਸਿੰਘ ਘੇਬਾ, ਦਸੌਧਾ ਸਿੰਘ, ਝੰਡਾ ਸਿੰਘ, ਗੁਜਰ ਸਿੰਘ, ਜਗਤ ਸਿੰਘ, ਲਹਿਣਾ ਸਿੰਘ, ਠਾਕਰ ਸਿੰਘ, ਖਜਾਨ ਸਿੰਘ ਦਾ ਨਾਂ ਵੀ ਮਿਸਲ ਡੱਲੇਵਾਲੀਆ ਵਿਚ ਸੀ। ਸਰਦਾਰ ਤਾਰਾ ਸਿੰਘ ਘੇਬਾ ਆਪਣੀ ਪਰਜਾ ਵਾਸਤੇ ਬੜਾ ਰਹਿਮ ਦਿਲ ਤੇ ਦਾਨੀ ਸੀ। ਗਰੀਬਾਂ ਵਾਸਤੇ ਉਹ ਹਮੇਸ਼ਾ ਸਦਾ-ਵਰਤ ਲਾਈ ਰੱਖਦਾ ਸੀ। ਰਾਹੋ ਮਿਸਲ ਦਾ ਡੇਰਾ-ਡੰਡਾ ਸੀ। ਇਲਾਕਾਦਾਰ ਦਰਿਆ ਸਤਲੁਜ ਦੇ ਦੋਹੀਂ ਪਾਸੀਂ ਰਾਹੋਂ, ਮਹਤਪੁਰ, ਨਕੋਦਰ, ਤੱਲਵਣ, ਸਰਾਏ ਦੱਖਣੀ, ਨਵਾਂ ਸ਼ਹਿਰ, ਫਿਲੌਰ, ਮੁਸਤਫਾਬਾਦ, ਥਾਨੇਸਰ ਤੇ ਰੋਪੜ ਸਨ। ਘੋੜ ਸਵਾਰ 5 ਹਜਾਰ।

**ਮਿਸਲ ਸਿੰਘਪੁਰੀਆਂ:** ਸਰਦਾਰ ਦਲੀਪ ਸਿੰਘ ਤੇ ਸਰਦਾਰ ਦਾਨ ਸਿੰਘ ਦੀ ਔਲਾਦ ਜਥੇਦਾਰ ਨਵਾਬ ਕਪੂਰ ਸਿੰਘ ਤੇ ਸਰਦਾਰ ਖੁਸ਼ਹਾਲ ਸਿੰਘ, ਵਿਰਕ ਜੱਟ, ਪਿੰਡ ਫੈਜੁਲਾਪੁਰ (ਜਿਸ ਦਾ ਨਾਂ ਸਿੰਘਾਂ ਨੇ 'ਸਿੰਘਪੁਰਾ' ਕਰ ਦਿੱਤਾ ਸੀ), ਜਿਲਾ ਅੰਮ੍ਰਿਤਸਰ, ਸਿੰਘਪੁਰੀਆਂ ਮਿਸਲ

*(ਬਾਕੀ ਅਗਲੇ ਸਫੇ 'ਤੇ)*

# ਸਿੱਖੀ ਦਾ ਨਿਆਰਾਪਣ: ਸੇਵਾ ਦਾ ਨਿੱਤਨੇਮ

***ਸੇਵਾ ਅਤੇ ਸਿੱਖੀ ਦਾ ਆਪਸ ਵਿਚ ਬਹੁਤ ਡੂੰਘਾ ਅਤੇ ਨਿਰਮਲ ਰਿਸ਼ਤਾ ਹੈ। ਸੇਵਾ ਦੀ ਇਸ ਵਿਲੱਖਣਤਾ ਕਰਕੇ ਇਸ ਨੇ ਕੌਮਾਂਤਰੀ ਪੱਧਰ ਸਭ ਦਾ ਧਿਆਨ ਖਿੱਚਿਆ ਹੈ। ਨਵੀਂ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਕਰੀਬ ਤਿੰਨ ਦਹਾਕੇ ਸਮਾਜ ਸ਼ਾਸਤਰ (ਸੋਸ਼ਿਆਲੌਜੀ) ਪੜ੍ਹਾਉਂਦੇ ਰਹੇ ਦੀਪਾਂਕਰ ਗੁਪਤਾ ਨੇ ਸਿੱਖੀ ਦੇ ਇਸ ਨਿਆਰੇਪਣ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਉਨ੍ਹਾਂ ਸੇਵਾ ਅਤੇ ਦਾਨ ਦੇ ਸੰਕਲਪ ਵਿਚਕਾਰ ਨਖੇੜਾ ਵੀ ਕੀਤਾ ਹੈ।***

ਜਦੋਂ ਤੁਸੀਂ ਕਿਸੇ ਸਿੱਖ ਦੀ ਕਲਪਨਾ ਕਰਦੇ ਹੋ ਤਾਂ ਤੁਹਾਡੇ ਮਨ ਵਿਚ ਖੁੱਲ੍ਹੇ ਡੁੱਲੇ ਹਾਸੇ, ਮੈਡਲਾਂ ਨਾਲ ਸਜੇ-ਫੱਬੇ ਸੀਨੇ ਅਤੇ ਭਰੀ-ਪੂਰੀ ਬਾਰ ਦੀ ਤਸਵੀਰ ਉਭਰਨ ਲਗਦੀ ਹੈ; ਜਾਂ ਫਿਰ ਪੁਰਾਣਾ ਚੁਟਕਲਾ ਚੇਤੇ ਆ ਜਾਂਦਾ ਹੈ: ਨੀਲ ਆਰਮਸਟਰਾਂਗ ਨੇ ਜਦੋਂ ਚੰਦਰਮਾ ਦੀ ਸਤ੍ਹਾ 'ਤੇ ਪੈਰ ਪਾਇਆ ਤਾਂ ਉਹ ਸੋਚ ਰਿਹਾ ਸੀ ਕਿ ਉਹ ਇਹ ਕਾਰਨਾਮਾ ਕਰਨ ਵਾਲਾ ਦੁਨੀਆ ਦਾ ਪਹਿਲਾ ਸ਼ਖਸ ਬਣ ਰਿਹਾ ਹੈ ਤਾਂ ਸਾਹਮਣੇ ਸਿੱਖ ਟੈਕਸੀ ਡਰਾਈਵਰ ਨੂੰ ਦੇਖ ਕੇ



**ਦੀਪਾਂਕਰ ਗੁਪਤਾ**

ਉਹ ਆਪਣਾ ਸਿਰ ਫੜ ਕੇ ਬੈਠ ਗਿਆ।

ਖੈਰ, ਇਹ ਗੱਲ ਪੁਰਾਣੀ ਹੋ ਗਈ ਹੈ, ਹੁਣ ਨਵਾਂ ਕੀ ਹੈ? ਕਰੋਨਾ ਮਹਾਮਾਰੀ ਨੇ ਨਾ ਸਿਰਫ ਭਾਰਤ ਵਿਚ ਸਗੋਂ ਦੁਨੀਆ ਭਰ 'ਚ ਸਿੱਖਾਂ ਬਾਰੇ ਲੋਕਾਂ ਦਾ ਆਮ ਪ੍ਰਭਾਵ ਬਦਲ ਕੇ ਰੱਖ ਦਿੱਤਾ ਹੈ। ਕ੍ਰੋਏਸ਼ੀਆ ਅਤੇ ਸੀਰੀਆ ਤੱਕ ਦੇ ਦੂਰ-ਦਰਾਜ਼ ਦੇ ਲੋਕ ਆਪਣੇ ਅੰਤਾਂ ਦੇ ਮਾੜੇ ਸਮਿਆਂ ਵਿਚ ਸਿੱਖਾਂ ਵਲੋਂ ਨਿਭਾਈ ਸੇਵਾ ਦਾ ਇਹਤਰਾਮ ਕਰ ਰਹੇ ਹਨ ਤੇ ਅਮਰੀਕਾ ਵਰਗੇ ਮੁਲਕ ਨੇ ਨਿਊ ਯਾਰਕ ਸ਼ਹਿਰ ਦੇ 101 ਇਲਾਕੇ ਨੂੰ 'ਪੰਜਾਬ ਐਵੇਨਿਊ' ਦਾ ਨਾਂ ਦੇ ਕੇ ਸ਼ਹਿਰ ਦੀ ਬਿਹਤਰੀ ਵਿਚ ਸਿੱਖਾਂ ਵਲੋਂ ਪਾਏ ਯੋਗਦਾਨ ਦਾ ਸਤਿਕਾਰ ਕੀਤਾ ਹੈ।

ਸਾਡੇ ਆਪਣੇ ਵਤਨ ਭਾਰਤ ਵਿਚ ਸਿੱਖ ਜਥੇਬੰਦੀਆਂ ਤੇ ਅਦਾਰਿਆਂ ਵਲੋਂ ਕਰੋਨਾ ਮਹਾਮਾਰੀ ਨਾਲ ਸਿੱਝਣ ਲਈ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਬਾਤ ਅਖਬਾਰਾਂ ਤੇ ਹੋਰਨਾਂ ਮਾਧਿਅਮਾਂ ਰਾਹੀਂ ਪਾਈ ਜਾ ਰਹੀ ਹੈ। ਮਰੀਜ਼ਾਂ ਲਈ ਆਕਸੀਜਨ ਮੁਹੱਈਆ ਕਰਾਉਣ ਤੋਂ ਲੈ ਕੇ ਐਂਬੂਲੈਂਸ ਦੀ ਸੇਵਾ, ਗਰੀਬਾਂ ਲਈ ਲੰਗਰ ਵਰਤਾਉਣ ਤੱਕ ਸਿੱਖ ਲਗਭਗ ਹਰ ਮਾਮਲੇ ਵਿਚ ਮੋਹਰੀ ਰਹੇ ਹਨ। ਜਿਸ ਵੇਲੇ ਕਰੀਬੀ ਰਿਸ਼ਤੇਦਾਰ ਵੀ ਕਰੋਨਾ ਦੇ ਡਰੋਂ ਆਪਣੇ ਫੌਤ ਹੋਏ ਰਿਸ਼ਤੇਦਾਰਾਂ ਦੇ ਸਸਕਾਰ ਕਰਨ ਤੋਂ ਕਤਰਾਉਂਦੇ ਸਨ ਤਾਂ ਸਿੱਖ ਵਾਲੰਟੀਅਰਾਂ ਨੇ ਅੱਗੇ ਆ ਕੇ ਇਹ ਸੇਵਾ ਵੀ ਨਿਭਾਈ।

ਕੀ ਕਾਰਨ ਹੈ ਕਿ ਸਿੱਖ ਇਸ ਕਿਸਮ ਦੀ ਮਿਸਾਲੀ ਸੇਵਾ ਨਿਭਾ ਰਹੇ ਹਨ। ਇਸ ਦਾ ਜਵਾਬ ਸਿੱਖ ਧਰਮ 'ਚੋਂ ਮਿਲਦਾ ਹੈ। ਬਿਨਾ ਸ਼ੱਕ, ਬਾਕੀ ਸਾਰੇ ਧਰਮਾਂ ਵਾਂਗ ਸਿੱਖ ਧਰਮ ਵੀ ਸਰਬਵਿਆਪੀ ਮੁਹੱਬਤ ਦਾ ਹਾਮੀ ਹੈ, ਨਿਰਸਵਾਰਥ ਭਾਵ ਅਤੇ ਖਲੂਸ ਨੂੰ ਹੱਲਾਸ਼ੇਰੀ ਤੇ ਵਾਧਾ ਦਿੰਦਾ ਹੈ ਪਰ ਬਾਕੀ ਸਾਰੇ ਧਰਮ ਜਿੱਥੇ ਪਹੁੰਚ ਕੇ ਰੁਕ ਜਾਂਦੇ ਹਨ, ਸਿੱਖ ਧਰਮ ਉੱਥੋਂ ਅੱਗੇ ਜਾਂਦਾ ਹੈ ਅਤੇ ਇਹੀ ਸਿੱਖੀ ਦੀ ਮੂਲ ਪਛਾਣ ਹੈ। ਦੂਜਿਆਂ ਦੀ ਸੇਵਾ ਆਮ ਸਿੱਖ ਦੀ ਬੰਦਗੀ ਦੇ ਨਿੱਤਨੇਮ ਦਾ ਅਹਿਮ ਅੰਗ ਹੈ, ਖਾਸਕਰ ਉਹ ਸੇਵਾ ਜੋ ਗੁਰੂਘਰਾਂ ਅੰਦਰ ਨਿਭਾਉਂਦੇ ਹਨ।

ਇਹ ਠੀਕ ਹੈ ਕਿ ਦੂਜੇ ਧਰਮਾਂ ਵਿਚ ਵੀ ਸੰਤ, ਮਹਿਰਮ ਤੇ ਗੁਣੀ ਗਿਆਨੀ ਹੋਏ ਹਨ ਪਰ ਸਿੱਖ ਧਰਮ ਵਿਚ ਇਹ ਸੇਵਾ ਸਿਰਫ ਸੰਤ ਮਹਾਤਮਾ ਹੀ ਨਹੀਂ ਸਗੋਂ ਆਮ ਸਿੱਖ ਨਿਭਾਉਂਦਾ ਹੈ। ਕੋਈ ਵੱਡਾ ਪੁਜਾਰੀ ਨਹੀਂ ਸਗੋਂ ਅਰਦਾਸ ਕਰਨ ਵਾਲਾ ਹਰ ਸਿੱਖ ਸੇਵਾ ਦੀ ਦਾਤ ਮੰਗਦਾ ਹੈ ਤੇ ਫਿਰ ਉਹੀ ਨਾਇਕ ਬਣ ਕੇ ਮੈਦਾਨ ਵਿਚ ਆਉਂਦਾ ਹੈ। ਇਹ ਸਾਧਾਰਨ ਸਿੱਖ ਹੀ ਹਨ ਜੋ ਦੂਜਿਆਂ ਦੀ ਬਾਂਹ ਫੜ ਕੇ ਅਤੇ ਨਿਰਸਵਾਰਥ ਸੇਵਾ ਕਰ ਕੇ ਆਪਣੇ ਧਰਮ ਦੇ ਮੂਲ ਤੇ ਇਸ ਦੇ ਅੰਤਰੀਵ ਨੂੰ ਬੁਲੰਦ ਕਰਦੇ ਹਨ।

ਸਭ ਤੋਂ ਪਹਿਲਾਂ ਜਦੋਂ ਤੁਸੀਂ ਗੁਰਦੁਆਰੇ ਅੰਦਰ ਜਾਂਦੇ ਹੋ ਤਾਂ ਦਰਾਂ 'ਤੇ ਤੁਹਾਡੇ ਜੋੜੇ ਲੈਣ ਲਈ ਇਕ ਸ਼ਖਸ ਖੜ੍ਹਾ ਹੁੰਦਾ ਹੈ, ਫਿਰ ਅੱਗੇ ਕੋਈ ਗੁਰੂਘਰ ਦੇ ਫਰਸ਼ ਨੂੰ ਲਿਸ਼ਕਾ ਰਿਹਾ ਹੁੰਦਾ ਹੈ ਅਤੇ ਕੋਈ ਲੰਗਰ ਘਰ ਵਿਚ ਗਰਮੀਆਂ ਵਿਚ ਵੀ ਅੱਗ ਦੇ ਸੇਕ ਦੀ ਪ੍ਰਵਾਹ ਨਾ ਕਰਦੇ ਹੋਏ ਕੋਈ ਸੰਗਤ ਲਈ ਲੰਗਰ ਤਿਆਰ ਕਰ ਰਿਹਾ ਹੁੰਦਾ ਹੈ। ਸੇਵਾ ਦੇ ਕਾਰਜਾਂ ਦਾ ਇਹ ਨਿੱਤਨੇਮ ਹੀ ਸਿੱਖਾਂ ਨੂੰ ਉੱਥੇ ਤੱਕ ਅੱਪੜਨ ਲਈ ਪ੍ਰੇਰਦਾ ਹੈ, ਜਿੱਥੇ ਨੇੜੇ ਤੇੜੇ ਕੋਈ ਗੁਰਦੁਆਰਾ ਵੀ ਨਹੀਂ ਹੁੰਦਾ। ਇਸ ਦੇ ਬਾਵਜੂਦ ਉਹ ਇਸ ਨੂੰ 'ਕਾਰ ਸੇਵਾ' ਕਹਿੰਦੇ ਹਨ ਕਿਉਂਕਿ ਰੱਬ ਹਰ ਥਾਈਂ ਹੈ। ਸਿੱਖ ਧਰਮ ਵਿਚ ਕੋਈ ਮਹਾਨ, ਪਹੁੰਚੇ ਹੋਏ ਸ਼ਖਸ ਜਾਂ ਸੰਤ ਮਹਾਤਮਾ ਹੀ ਆਮ ਲੋਕਾਂ ਦੀ ਸੇਵਾ ਨਹੀਂ ਕਰਦੇ ਸਗੋਂ ਸਾਧਾਰਨ ਲੋਕ ਹੀ ਸਾਧਾਰਨ ਲੋਕਾਂ ਦੀ ਸੇਵਾ ਕਰਦੇ ਹਨ। ਸਿੱਖੀ ਵਿਚ ਗੁਰੂ ਦੀ ਸੇਵਾ ਵਾਸਤੇ ਕਿਸੇ ਲਈ ਕੋਈ ਖਾਸ ਅਧਿਕਾਰ ਨਹੀਂ ਹੈ ਕਿ ਇਹ ਕਾਰਜ ਕੋਈ ਮੌਲਵੀ ਜਾਂ ਮਹੰਤ ਹੀ ਨਿਭਾ ਸਕਦਾ ਹੈ ਸਗੋਂ ਇਹ ਨਿੱਤਨੇਮ ਆਮ ਲੋਕਾਂ ਵਲੋਂ ਨਿਭਾਇਆ ਜਾਂਦਾ ਹੈ ਜਿਨ੍ਹਾਂ ਵਿਚ ਗੈਰ-ਸਿੱਖ ਵੀ ਸ਼ਾਮਲ ਹੁੰਦੇ ਹਨ।



ਜੇ ਗੁਰਦੁਆਰੇ ਪਾਕ-ਸਾਫ ਨਜ਼ਰ ਆਉਂਦੇ ਹਨ, ਲਗਾਤਾਰ ਅਤੁੱਟ ਲੰਗਰ ਵਰਤਦੇ ਰਹਿੰਦੇ ਹਨ ਅਤੇ ਹਰ ਕਿਸੇ ਲਈ ਰਹਿਣ ਦੀ ਥਾਂ ਮਿਲ ਜਾਂਦੀ ਹੈ ਤਾਂ ਇਹ ਸਭ ਇਸ ਕਰ ਕੇ ਹੁੰਦਾ ਹੈ ਕਿਉਂਕਿ ਸ਼ਰਧਾਵਾਨ ਸਿੱਖ ਸੇਵਾ ਦਾ ਨਿੱਤਨੇਮ ਬੰਦਗੀ ਦੀ ਤਰ੍ਹਾਂ ਹੀ ਸਹਿਜ-ਭਾਵ ਨਾਲ ਨਿਭਾਉਂਦਾ ਹੈ, ਆਪਣੇ ਆਪ ਨੂੰ ਕੁਝ ਵੱਡਾ ਜਾਂ ਖਾਸ ਸਿੱਧ ਕਰਨ ਵਾਸਤੇ ਨਹੀਂ। ਇਹ ਸੇਵਾ ਨਿਭਾਉਣ ਵਾਸਤੇ ਸਿੱਖਾਂ ਨੂੰ ਕਿਸੇ ਗ੍ਰੰਥੀ, ਪੁਜਾਰੀ ਜਾਂ ਰਾਗੀ ਦੀ ਲੋੜ ਨਹੀਂ ਪੈਂਦੀ ਤੇ ਨਾ ਹੀ ਕਿਸੇ ਨੇਕ ਬੰਦੇ ਦੇ ਹਸਤਾਖਰ ਦੀ। ਸੰਗਤ ਨਾ ਕੇਵਲ ਮਿਲ ਕੇ ਅਰਦਾਸ ਕਰਦੀ ਹੈ ਸਗੋਂ ਮਿਲ ਕੇ ਸੇਵਾ ਵੀ ਕਰਦੀ ਹੈ। ਕਿਸੇ ਦੈਵੀ ਸ਼ਕਤੀ ਵਲੋਂ ਤੈਅ ਕੀਤੇ ਗਏ ਖਾਸ ਮੌਕਿਆਂ 'ਤੇ ਹੀ ਅਜਿਹਾ ਨਹੀਂ ਕੀਤਾ ਜਾਂਦਾ। ਸੇਵਾ ਤਾਂ ਨਿੱਤਨੇਮ ਹੈ ਜਿਸ ਤੋਂ ਬਿਨਾ ਹਰ ਸਿੱਖ ਦੀ ਬੰਦਗੀ ਦਾ ਨਿੱਤਨੇਮ ਅਧੂਰਾ ਹੈ। ਸਿੱਖੀ 'ਚ ਦਾਨ ਦੀ ਆਪਣੇ ਆਪ 'ਚ ਕੋਈ ਅਹਿਮੀਅਤ ਨਹੀਂ ਹੈ। ਜਦੋਂ ਸਿੱਖ ਕਿਸੇ ਦੂਜੇ ਦੀ ਮਦਦ ਕਰਨ ਵਾਸਤੇ ਅੱਗੇ ਆਉਂਦਾ ਹੈ ਤਾਂ ਇਹ ਦਾਨ/ਤਰਸ ਨਹੀਂ ਸਮਝਿਆ ਜਾਂਦਾ ਸਗੋਂ ਪਹਿਲਾਂ ਸੇਵਾ ਦਾ ਭਾਵ ਪੈਦਾ ਹੁੰਦਾ ਹੈ। ਹੋਰਨਾਂ ਧਰਮਾਂ ਵਾਂਗ ਉਨ੍ਹਾਂ ਦੇ ਦਿਲ ਦਿਮਾਗ ਵਿਚ ਸਭ ਤੋਂ ਉਪਰ ਦਾਨ/ਤਰਸ (ਚੈਰਿਟੀ) ਦਾ ਭਾਵ ਨਹੀਂ ਸਗੋਂ ਸੇਵਾ ਦਾ ਭਾਵ ਉਪਜਦਾ ਹੈ। ਸੇਵਾ ਵਧੇਰੇ ਕਰ ਕੇ ਫੌਰੀ ਅਤੇ ਹੱਥੀਂ ਕੀਤੀ ਜਾਂਦੀ ਹੈ। ਦਾਨ ਜਾਂ ਭੇਟਾ ਦਾ ਉਹ ਮਹੱਤਵ ਨਹੀਂ ਜੋ ਦੂਰ-ਪਾਰੋਂ ਵੀ ਕੀਤੀ ਜਾ ਸਕਦੀ ਹੈ। ਸੇਵਾ ਨਿਰੋਲ ਦਾਨ ਤੋਂ ਉਤਮ ਸ਼ੈਅ ਹੈ, ਖਾਸਕਰ ਜਦੋਂ ਰੱਬ ਦੇ ਘਰ ਵਿਚ ਸੇਵਾ ਨਿਭਾਈ ਜਾਂਦੀ ਹੈ ਤਾਂ ਦਾਨ/ਤਰਸ ਦਾ ਭਾਵ ਪਿਛਾਂਹ ਰਹਿ ਜਾਂਦਾ ਹੈ।

ਸਿੱਖਾਂ ਦਾ ਇਹ ਖਾਸਾ ਔਖੀਆਂ ਘੜੀਆਂ ਵਿਚ ਉਨ੍ਹਾਂ ਨੂੰ ਹੋਰਨਾਂ ਤੋਂ ਵੱਖ ਕਰਦਾ ਹੈ। ਇਹ ਗੱਲ ਨਹੀਂ ਹੈ ਕਿ ਸਿੱਖ ਕਿਸੇ ਰਹੱਸਮਈ ਜੈਨੇਟਿਕ/ਖਾਨਦਾਨੀ ਕਾਰਨਾਂ ਕਰ ਕੇ ਬਹਾਦਰ ਹੁੰਦੇ ਹਨ ਸਗੋਂ ਜਦੋਂ ਉਹ ਕਿਸੇ ਖਤਰਨਾਕ ਵਾਇਰਸ ਜਾਂ ਜੰਗ ਦੇ ਮੈਦਾਨ ਵਿਚ ਨਿੱਤਰਦੇ ਹਨ ਤਾਂ ਬਹੁਤਾ ਨਹੀਂ ਸੋਚਦੇ। ਉਹ ਮਰਾਠਿਆਂ, ਗੋਰਖਿਆਂ, ਰਾਜਪੂਤਾਂ ਜਿਹੀਆਂ ਕੌਮਾਂ ਵਾਂਗ ਹੀ ਬਹਾਦਰ ਹਨ ਪਰ ਸਿੱਖਾਂ ਦੀ ਬਹਾਦਰੀ ਵਿਚ ਬਹਾਦਰੀ ਦਾ ਭਾਵ ਪਹਿਲਾਂ ਨਹੀਂ ਆਉਂਦਾ ਸਗੋਂ ਸੇਵਾ ਦਾ ਹੀ ਆਉਂਦਾ ਹੈ, ਜਿੱਥੇ ਉਹ ਹੋਰਨਾਂ ਤੋਂ ਫਰਕ ਕਰਦੇ ਹਨ। ਬਾਹਰੋਂ ਕੋਈ ਸਿੱਖ ਤੁਹਾਨੂੰ 'ਰੈਂਬੋ' ਨਜ਼ਰ ਆ ਸਕਦਾ ਹੈ ਪਰ ਜਦੋਂ ਤੁਸੀਂ ਉਸ ਨੂੰ ਕਿਸੇ ਗੁਰੂਘਰ ਵਿਚ ਦੇਖੋਗੇ ਤਾਂ ਉੱਥੇ ਉਹ ਸੱਚਾ ਸ਼ਰਧਾਵਾਨ ਹੀ ਨਜ਼ਰ ਪਵੇਗਾ।

ਗੁਰੂਘਰ ਵਿਚ ਸਿੱਖਾਂ ਵਲੋਂ ਗੋਲਕ ਵਿਚ ਪਾਈ ਜਾਂਦੀ ਮਾਇਆ ਦੀ ਕੋਈ ਉਚੇਚ ਨਹੀਂ ਕੀਤੀ ਜਾਂਦੀ। ਚੁੱਪ ਚੁਪੀਤੇ ਗੋਲਕ ਵਿਚ ਮਾਇਆ ਪਾ ਦਿੱਤੀ ਜਾਂਦੀ ਹੈ। ਕੀਹਨੇ ਕਿੰਨੀ ਮਾਇਆ ਪਾਈ, ਇਹ ਕੋਈ ਬੰਦਾ ਨਹੀਂ ਜਾਣਦਾ, ਕੋਈ ਰਸੀਦ ਨਹੀਂ, ਸ਼ਰਧਾਲੂ ਦੀ ਫਰਾਖਦਿਲੀ ਦਾ ਲਾਊਡਸਪੀਕਰ 'ਤੇ ਕੋਈ ਵਖਾਨ ਨਹੀਂ ਕੀਤਾ ਜਾਂਦਾ ਤੇ ਇਹ ਭਾਈਚਾਰੇ ਅੰਦਰ ਬੇਮਿਸਾਲ ਬਰਾਬਰੀ ਦਾ ਅਹਿਸਾਸ ਪੈਦਾ ਕਰਦਾ ਹੈ। ਅਮੀਰ ਹੋਵੇ ਜਾਂ ਕੋਈ ਗਰੀਬ, ਸੁਭਾਇਮਾਨ ਗੁਰੂ ਸਾਹਿਬ ਅੱਗੇ ਨਿਵ ਕੇ ਸਭ ਬਰਾਬਰ ਹੋ ਜਾਂਦੇ ਹਨ।

ਸੇਵਾ ਦੀ ਰਸਮ ਦਾ ਇਹ ਕੇਂਦਰੀ ਭਾਵ ਹੀ ਸਿੱਖ ਧਰਮ ਨੂੰ ਹੋਰਨਾਂ ਧਰਮਾਂ ਤੋਂ ਵੱਖ ਕਰਦਾ ਹੈ ਤੇ ਇਸ ਦਾ ਬੇਮਿਸਾਲ ਤੇ ਵਿਲੱਖਣ ਪਹਿਲੂ ਹੈ। ਇਹੀ ਉਹ ਚੀਜ਼ ਹੈ ਜੋ ਇਹ ਖੁਲਾਸਾ ਕਰਦੀ ਹੈ ਕਿ ਇੰਨੇ ਸਿੱਖ ਗੁਰਦੁਆਰਿਆਂ ਅੰਦਰ ਅਤੇ ਉਨ੍ਹਾਂ ਤੋਂ ਬਾਹਰ ਆਪਣੀ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਕਿਵੇਂ ਲੋੜਵੰਦ ਮਰੀਜ਼ਾਂ ਦੀ ਸੇਵਾ ਕਰਨ ਲਈ ਹਰ ਦਮ ਤਿਆਰ ਰਹਿੰਦੇ ਹਨ। ਜਦੋਂ ਹੋਰ ਲੋਕ ਪਾਸਾ ਵੱਟ ਜਾਂਦੇ ਹਨ ਜਾਂ ਫਿਰ ਆਪਣੀ ਬੇਵਸੀ ਜ਼ਾਹਰ ਕਰਦੇ ਹਨ ਤਾਂ ਇਸ ਖਾਈ ਨੂੰ ਪੂਰਨ ਲਈ ਕਿਸੇ ਸਿੱਖ 'ਤੇ ਵਿਸ਼ਵਾਸ ਕੀਤਾ ਜਾਂਦਾ ਹੈ। ਜੇ ਇਸ ਨੂੰ ਲੋਕਪ੍ਰਿਅ ਲਹਿਜ਼ੇ ਵਿਚ ਸਮੇਟਣਾ ਹੋਵੇ ਤਾਂ ਇੰਜ ਹੈ: 'ਸੇਵਾ ਕਰਨ ਵਾਲਾ ਹਰ ਸਿੱਖ ਸਵਾ ਲੱਖ ਦੇ ਬਰਾਬਰ ਹੁੰਦਾ ਹੈ।'

# ਸਿੱਖ ਜਥੇ ਅਤੇ ਮਿਸਲਾਂ ਦੇ ਸਬੰਧ

**(ਪਿਛਲੇ ਸਫੇ ਦੀ ਬਾਕੀ)**

ਦੇ ਪ੍ਰਮੁੱਖ ਕਰਤਾ ਧਰਤਾ ਸਨ। ਸਰਦਾਰ ਬੁੱਧ ਸਿੰਘ, ਸਾਧੂ ਸਿੰਘ, ਅਮਰ ਸਿੰਘ, ਲਾਲ ਸਿੰਘ, ਦਿਆਲ ਸਿੰਘ ਵੀ ਮਿਸਲ ਵਿਚ ਸ਼ਾਮਲ ਸਨ। ਸਰਦਾਰ ਕਪੂਰ ਸਿੰਘ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਸਰਦਾਰ ਬੁੱਧ ਸਿੰਘ ਸਿੰਘਪੁਰੀਆਂ ਸ਼ੇਰੇ ਪੰਜਾਬ ਰਣਜੀਤ ਸਿੰਘ ਦਾ ਜੋਟੀਦਾਰ ਰਿਹਾ, ਪਰ ਪਿਛੋਂ ਥੋੜ੍ਹਾ ਬਾਗੀ ਹੋ ਗਿਆ ਸੀ। ਮਿਸਲ ਸਿੰਘਪੁਰੀਆਂ ਦੇ ਸਰਦਾਰ ਅਬੋਹਰ, ਆਦਮਪੁਰ, ਛੱਤ, ਬਨੂੜ, ਘਨੌਲੀ, ਭਰਤਗੜ੍ਹ, ਚੂੰਨੀ ਮੱਛਲੀ, ਬੰਗਾ, ਬੇਲਾ ਵਿਚ ਇਲਾਕੇਦਾਰ ਸਨ। ਘੋੜ ਸਵਾਰ 5 ਹਜਾਰ।

**ਮਿਸਲ ਸ਼ਹੀਦਾਂ:** ਸੰਧੂ ਜੱਟ ਤੇ ਬੈਨੀਪਾਲ ਸਰਦਾਰਾਂ ਦੀ ਮਿਸਲ ਸ਼ਹੀਦਾਂ ਦਾ ਬਾਨੀ ਸਰਦਾਰ ਕਰਮ ਸਿੰਘ ਸੀ, ਪਰ ਮਸ਼ਹੂਰ ਬਾਬਾ ਦੀਪ ਸਿੰਘ ਸ਼ਹੀਦ, ਪਿੰਡ ਪਹੂਵਿੰਡ, ਜਿਲਾ ਲਾਹੌਰ ਦੇ ਨਾਮ ਨਾਲ ਹੋਈ। ਸਰਦਾਰ ਕਰਮ ਸਿੰਘ ਸੰਧੂ ਜੱਟ ਮਿਸਲ ਸ਼ਹੀਦਾਂ ਦਾ ਸਭ ਤੋਂ ਨਾਮਵਰ ਸਰਦਾਰ ਹੋਇਆ ਹੈ, ਜੋ ਵੱਡੇ ਘੱਲੂਘਾਰੇ ਵਿਚ ਬਹੁਤ ਬਹਾਦਰੀ ਨਾਲ ਲੜਿਆ ਸੀ। ਸੰਨ 1774 ਵਿਚ ਸਰਦਾਰ ਕਰਮ ਸਿੰਘ ਸ਼ਹੀਦ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਜਥੇਦਾਰੀ ਥੱਲੇ ਦਿੱਲੀ ਸ਼ਾਹਦਰਾ ਵੀ ਲੁੱਟਿਆ ਸੀ। ਇਲਾਕਾ ਤਲਵੰਡੀ ਸਾਬੋ ਤੇ ਅੰਬਾਲਾ ਦਾ ਉਤਰੀ ਹਿੱਸਾ ਪੰਚਕੂਲਾ ਇਨ੍ਹਾਂ ਅਧੀਨ ਸੀ। ਘੋੜਸਵਾਰ 5 ਹਜਾਰ।

**ਮਿਸਲ ਕਰੋੜਾ ਸਿੰਘੀਆਂ:** ਇਸ ਮਿਸਲ ਦਾ ਮੋਢੀ ਸਰਦਾਰ ਸ਼ਾਮ ਸਿੰਘ ਜੱਟ, ਪਿੰਡ ਨਾਰਲੀ, ਜਿਲਾ ਲਾਹੌਰ ਦਾ ਸੀ, ਜੋ ਨਾਦਰ ਸ਼ਾਹ ਦੀ ਫੌਜ ਨਾਲ ਲੜਾਈ ਵਿਚ ਸ਼ਹੀਦ ਹੋ ਗਿਆ ਸੀ। ਇਸ ਮਿਸਲ ਨੂੰ ਪੈਜਗੜ੍ਹੀਆ ਕਰਕੇ ਵੀ ਜਾਣਿਆ ਜਾਂਦਾ ਸੀ। ਜਥੇਦਾਰ ਕਰੋੜਾ ਸਿੰਘ ਪਿੰਡ ਪੈਜਗੜ੍ਹ, ਜਿਲਾ ਗੁਰਦਾਸਪੁਰ ਮਿਸਲ ਦਾ ਜਥੇਦਾਰ ਬਣਿਆ ਸੀ ਅਤੇ ਇਸ ਦੇ ਨਾਂ ਨਾਲ ਹੀ ਮਿਸਲ ਕਰੋੜ ਸਿੰਘੀਆਂ ਮਸ਼ਹੂਰ ਹੋਈ। ਧਾਲੀਵਾਲ ਜੱਟ ਸਰਦਾਰ ਕਰੋੜਾ ਸਿੰਘ ਬੜਾ ਦਲੇਰ ਤੇ ਤਲਵਾਰੀਆ ਸਰਦਾਰ ਸੀ। ਸਰਦਾਰ ਬਘੇਲ ਸਿੰਘ ਧਾਲੀਵਾਲ, ਗੁਰਬਖਸ਼ ਸਿੰਘ ਸੰਧੂ, ਕਰਮ ਸਿੰਘ, ਦੁਲਚਾ ਸਿੰਘ, ਭਾਗ ਸਿੰਘ, ਦੀਵਾਨ ਸਿੰਘ, ਮੋਹਰ ਸਿੰਘ ਇਸ ਦੇ ਖਾਸ ਸਾਥੀ ਸਨ। ਮਾਰਚ 1783 ਵਿਚ ਸਰਦਾਰ ਬਘੇਲ ਸਿੰਘ ਧਾਲੀਵਾਲ ਦੀ ਜਥੇਦਾਰੀ ਥੱਲੇ ਸਿੰਘਾਂ ਨੇ ਦਿੱਲੀ ਉਪਰ ਕਬਜਾ ਕਰ ਲਿਆ ਤਾਂ ਮੁਗਲ ਬਾਦਸ਼ਾਹ ਸ਼ਾਹ ਆਲਮ (ਦੂਜਾ) ਨੇ ਤਿੰਨ ਲੱਖ ਰੁਪਏ ਦਾ ਨਜ਼ਰਾਨਾ ਦੇ ਕੇ ਸੁਲ੍ਹਾ ਕਰ ਲਈ ਸੀ। ਗਦੌਲੀ, ਸਢੌਰਾ, ਛਛਰੌਲੀ, ਸ਼ਾਮਚੁਰਾਸੀ, ਬਿਲਾਸਪੁਰ, ਚੜਿਕ, ਕਨੌੜੀ, ਗਰਜਾ, ਹੁਸ਼ਿਆਰਪੁਰ, ਛਲੌਦੀ, ਜੈਨਪੁਰ, ਧਨੌੜਾ, ਭੇੜੀ ਤੇ ਹਰਿਆਣਾ ਦੇ ਇਲਾਕੇ ਦੇ ਕਾਬਜ ਸਨ। ਘੋੜ ਸਵਾਰ 10 ਹਜਾਰ।

**ਮਿਸਲ ਨਸ਼ਾਨਾਂ:** ਇਸ ਮਿਸਲ ਦਾ ਬਾਨੀ ਸਰਦਾਰ ਦਸੌਧਾ ਸਿੰਘ ਪੁੱਤਰ ਚੌਧਰੀ ਸਾਹਿਬ ਸਿੰਘ, ਗਿੱਲ ਜੱਟ, ਪਿੰਡ ਮਨਸੂਰ, ਜਿਲਾ ਫਿਰੋਜ਼ਪੁਰ ਸੀ। ਸਰਦਾਰ ਦਸੌਧਾ ਸਿੰਘ ਦਾ ਜਥਾ ਦਲ ਖਾਲਸੇ ਦੇ ਅੱਗੇ ਨਿਸ਼ਾਨ ਸਾਹਿਬ (ਕੇਸਰੀ ਝੰਡਾ) ਲੈ ਕੇ ਚਲਿਆ ਕਰਦਾ ਸੀ, ਜਿਸ ਕਰਕੇ ਜਥੇ ਦਾ ਨਾਮ ਨਸ਼ਾਨਾਂ ਵਾਲੀ ਮਿਸਲ ਪੈ ਗਿਆ ਸੀ। ਇਲਾਕੇ ਪੰਜਖੋਰ, ਖਿੜਵਾ, ਖੇੜੀ, ਸ਼ਾਹਬਾਦ, ਸਰਾਏ ਲਸ਼ਕਰੀ ਖਾਂ, ਸਾਹਨੇਵਾਲ, ਦੋਰਾਹਾ, ਜੀਰਾ, ਮਨਸੂਰਵਾਲ ਵਿਚ ਸਨ। ਅੰਬਾਲਾ ਮਿਸਲ ਦੀ ਰਾਜਧਾਨੀ ਸੀ। ਸਰਦਾਰ ਸੰਗਤ ਸਿੰਘ, ਮਿਹਰ ਸਿੰਘ, ਕਪੂਰ ਸਿੰਘ, ਅਨੂਪ ਸਿੰਘ, ਫਤਿਹ ਸਿੰਘ ਮਿਸਲ ਨਸ਼ਾਨਾਂ ਵਾਲੀ ਘਰਾਣੇ ਦੇ ਸਰਦਾਰ ਸਨ। ਘੋੜ ਸਵਾਰ 2 ਹਜਾਰ।



**ਮਿਸਲ ਕਲਸੀਆ:** ਇਸ ਮਿਸਲ ਦਾ ਬਾਨੀ ਸਰਦਾਰ ਗੁਰਬਖਸ਼ ਸਿੰਘ ਪਿੰਡ ਕਲਸੀਆਂ, ਪਰਗਣਾ ਪੱਟੀ, ਜਿਲਾ ਲਾਹੌਰ ਦਾ ਰਹਿਣ ਵਾਲਾ ਸੀ। ਸਰਦਾਰ ਜੋਧ ਸਿੰਘ, ਸਰਦਾਰ ਸੋਭਾ ਸਿੰਘ, ਹਰੀ ਸਿੰਘ, ਬਿਸ਼ਨ ਸਿੰਘ, ਜਗਜੀਤ ਸਿੰਘ ਤੇ ਆਖਰੀ ਰਾਜਾ ਕਰਨਸ਼ੇਰ ਸਿੰਘ ਹੋਏ ਹਨ। ਬੱਸੀ, ਛੱਛਰੌਲੀ, ਇਲਾਕਾ ਸਢੌਰਾ, ਜਹਾਲੀਆਂ ਤੇ ਬਿਲਾਸਪੁਰ ਵਿਚ ਕਾਬਜ ਸਨ। ਅੰਗਰੇਜ਼ ਸਰਕਾਰ ਦੇ ਇਹ ਸਿੱਖ ਸਰਦਾਰ ਬਹੁਤ ਵਫਾਦਾਰ ਰਹੇ। ਸਿੱਖਾਂ ਦੀਆਂ ਦੋਹਾਂ ਲੜਾਈਆਂ ਵਿਚ ਇਨ੍ਹਾਂ ਨੇ ਬੇਝਿਜਕ ਅੰਗਰੇਜ਼ਾਂ ਦੀ ਤਰਫਦਾਰੀ ਕੀਤੀ ਸੀ।

**ਮਿਸਲ ਸੁਕਰਚੱਕੀਆ:** ਸੰਧਾਵਾਲੀਆ ਜੱਟਾਂ ਦਾ ਘਰਾਣਾ ਸਰਦਾਰ ਬੁੱਢਾ ਸਿੰਘ, ਨੌਧ ਸਿੰਘ ਤੇ ਚੜ੍ਹਤ ਸਿੰਘ ਮਿਸਲ ਦੇ ਮੋਢੀ ਸਨ, ਜੋ ਪੰਜਾਬ ਦੇ ਬਾਦਸ਼ਾਹ, ਮਹਾਰਾਜਾ ਰਣਜੀਤ ਸਿੰਘ ਦਾ ਪੜਦਾਦਾ ਸੀ। ਰਣਜੀਤ ਸਿੰਘ ਦੀ 12 ਕੁ ਸਾਲ ਦੀ ਛੋਟੀ ਉਮਰ ਵਿਚ ਉਸ ਦਾ ਪਿਉ ਸਰਦਾਰ ਚੜ੍ਹਤ ਸਿੰਘ 27 ਸਾਲ ਦੀ ਭਰ ਜੁਆਨ ਉਮਰ ਵਿਚ ਇਕ ਲੜਾਈ ਵਿਚ ਸ਼ਹੀਦੀ ਪਾ ਗਿਆ ਸੀ। ਅਫਗਾਨ ਬਾਦਸ਼ਾਹ ਸ਼ਾਹ ਜਮਾਨ ਨੂੰ ਲਾਹੌਰ ਦੇ ਕਿਲੇ ਉਪਰ ਵੰਗਾਰਨ ਵਾਲਾ ਨੌਜਵਾਨ ਸਰਦਾਰ ਰਣਜੀਤ ਸਿੰਘ ਹੀ ਸੀ। ਇਲਾਕਾ ਗੁਜਰਾਂਵਾਲਾ ਸੀ, ਪਰ ਬਾਅਦ ਵਿਚ ਸਾਰੇ ਪੰਜਾਬ ਦਾ ਬਾਦਸ਼ਾਹ ਬਣਿਆ ਸੀ। ਖੜਕ ਸਿੰਘ, ਸ਼ੇਰ ਸਿੰਘ, ਨੌਨਿਹਾਲ ਸਿੰਘ, ਦਲੀਪ ਸਿੰਘ ਵਾਰਿਸ ਸਨ। ਹਿੰਦੋਸਤਾਨ ਦੀ ਅੰਗਰੇਜ਼ ਸਰਕਾਰ ਵੀ ਪੰਜਾਬ ਦੇ ਇਸ ਬਹਾਦੁਰ ਤੇ ਸ਼ਕਤੀਸ਼ਾਲੀ ਮਹਰਾਜੇ ਕੋਲੋਂ ਭੈਅ ਖਾਂਦੀ ਸੀ। ਘੋੜ ਸਵਾਰ 75 ਹਜਾਰ।

**ਮਿਸਲ ਫੂਲਕੀਆਂ:** ਰਿਆਸਤ ਪਟਿਆਲਾ ਦਾ ਬਾਨੀ ਸਿੱਧੂ ਬਰਾੜ ਜੱਟ, ਬਾਬਾ ਆਲਾ ਸਿੰਘ ਸਨ। ਮਿਸਲ ਦੇ ਵਡੇਰੇ ਭੱਟੀ ਰਾਜਪੂਤ ਰਾਜਾ ਜੈਸਲਮੇਰ ਦੀ ਔਲਾਦ ਵਿਚੋਂ ਹੇਮ ਮਲ, ਜਾਂਦ ਰਾਉ, ਬਾਤੀ ਰਾਉ, ਮੰਗਲ ਰਾਉ, ਆਨੰਦ ਰਾਉ, ਖੀਵਾ, ਸਿੱਧ, ਬੂੜ, ਮਾਹੀ, ਮੇਹਰਾ, ਬਰਾੜ, ਮਹਿਰਾਜ, ਸੰਘਰ, ਫੂਲ, ਰਾਘੂ, ਚੰਨੂ, ਝੰਡੂ ਤੇ ਆਲਾ ਸਿੰਘ ਤਕ ਸਨ। ਅੱਗੇ ਚੱਲ ਕੇ ਅਮਰ ਸਿੰਘ, ਸਾਹਿਬ ਸਿੰਘ, ਹਮੀਰ ਸਿੰਘ, ਨਰਿੰਦਰ ਸਿੰਘ, ਮਹਿੰਦਰ ਸਿੰਘ, ਰਾਜਿੰਦਰ ਸਿੰਘ, ਭੁਪਿੰਦਰ ਸਿੰਘ, ਯਾਦਵਿੰਦਰ ਸਿੰਘ, ਅਮਰਿੰਦਰ ਸਿੰਘ ਇਲਾਕਾ ਰਿਆਸਤ ਪਟਿਆਲਾ ਦੇ ਵਾਰਿਸ ਹੋਏ। ਨਾਭਾ, ਫਰੀਦਕੋਟ, ਜੀਂਦ ਰਿਆਸਤਾਂ ਦੇ ਵਾਰਿਸ ਵੀ ਫੂਲਕੀਆ ਬੰਸ ਵਿਚੋਂ ਸਨ।

ਅੰਗਰੇਜ਼ ਇਤਿਹਾਸਕਾਰ 'ਗਿਰਫਨ' ਵਰਣਨ ਕਰਦਾ ਹੈ ਕਿ ਜੇ ਰਾਜਾ ਅਮਰ ਸਿੰਘ (ਜੋ 35 ਸਾਲ ਦੀ ਭਰਪੂਰ ਜਵਾਨੀ ਵਿਚ ਸੁਰਗਵਾਸ ਹੋ ਗਿਆ ਸੀ), ਕੁਝ ਵਰ੍ਹੇ ਹੋਰ ਜਿਊਂਦਾ ਰਹਿੰਦਾ ਤਾਂ ਮਾਲਵੇ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਇਕ ਮਜ਼ਬੂਤ ਬਾਦਸ਼ਾਹੀ ਵਿਚ ਬਦਲ ਸਕਦੀਆਂ ਸਨ। ਜਿਹੜੀ ਬਾਦਸ਼ਾਹੀ ਇਕ ਪਾਸੇ 'ਲਾਹੌਰ ਦਰਬਾਰ' ਤੇ ਦੂਜੇ ਪਾਸੇ ਅੰਗਰੇਜ਼ ਸਰਕਾਰ ਤੋਂ ਬਿਲਕੁਲ ਸੁਤੰਤਰ ਹੁੰਦੀ। 1947 ਵਿਚ ਭਾਰਤ ਦੀ ਆਜ਼ਾਦੀ ਸਮੇਂ ਅੰਗਰੇਜ਼ ਸਰਕਾਰ ਨੇ ਵੀ ਮੁਲਕ ਛੱਡਣ ਲੱਗਿਆਂ ਹਿੰਦੋਸਤਾਨ ਦੇ ਟੁਕੜੇ ਟੁਕੜੇ ਕਰਕੇ ਜਿਥੇ ਪਾਕਿਸਤਾਨ ਬਣਾ ਦਿੱਤਾ ਸੀ, ਉਥੇ ਦੇਸੀ ਰਿਆਸਤਾਂ ਨੂੰ ਵੀ ਸ਼ਹਿ ਦਿੱਤੀ ਸੀ ਕਿ ਉਹ ਚਾਹੁਣ ਤਾਂ ਵੱਖਰੀ ਖੁਦਮੁਖਤਿਆਰ ਯੂਨੀਅਨ ਬਣਾ ਲੈਣ। ਪੰਜਾਬ ਸੂਬੇ ਦੀਆਂ ਕਈ ਦੇਸੀ ਰਿਆਸਤਾਂ ਦੇ ਰਾਜੇ ਇਸ ਦੇ ਹੱਕ ਵਿਚ ਸਨ। ਜੇ ਵਾਲੀਏ ਰਿਆਸਤ ਪਟਿਆਲਾ, ਮਹਾਰਾਜਾ ਯਾਦਵਿੰਦਰ ਸਿੰਘ ਪੈਰ ਲਾਉਂਦੇ ਤਾਂ ਅੰਗਰੇਜ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਮਹਾਰਾਜਾ ਦਲੀਪ ਸਿੰਘ ਤੋਂ ਖੋਹਿਆ 'ਪੂਰੇ ਸਿੱਖ ਰਾਜ ਵਾਲਾ ਪੰਜਾਬ' ਦੇਣ ਲਈ ਤਿਆਰ ਬੈਠੇ ਸਨ। ਅੱਜ ਸਿੱਖ ਕੌਮ ਦਾ ਵੱਖਰਾ ਰਾਜ ਤੇ ਦੇਸ਼ 'ਪੰਜਾਬ' ਹੋਣਾ ਸੀ। ਘੋੜ ਸਵਾਰ 5 ਹਜਾਰ।

ਕਹਾਣੀ

# ਮੇਰੇ ਜਿਹਾ ਪੁੱਤ

***ਅਕਸਰ ਮਾਪਿਆਂ ਨੂੰ ਪੁੱਤਾਂ ਦੀ ਹਰ ਸੁੱਖ-ਸਹੂਲਤ ਦਾ ਖਿਆਲ ਰਹਿੰਦਾ ਹੈ ਤੇ ਉਹ ਉਸ ਲਈ ਲੱਗਦੀ ਵਾਅ ਤਰੱਦਦ ਵੀ ਕਰਦੇ ਹਨ। ਮਾਂਵਾਂ ਤਾਂ ਪੁੱਤਾਂ ਨੂੰ ਅਸੀਸਾਂ ਦਿੰਦੀਆਂ ਥੱਕਦੀਆਂ ਹੀ ਨਹੀਂ, ਪਰ ਜਦੋਂ ਕੋਈ ਪੁੱਤ ਅਵੇਸਲਾ ਹੋ ਕੇ ਮਾਂ ਦੀਆਂ ਤਕਲੀਫਾਂ ਨੂੰ ਨਜ਼ਰਅੰਦਾਜ਼ ਕਰ ਉਸ ਨੂੰ ਉਸ ਦੇ ਹਾਲ 'ਤੇ ਛੱਡ ਦੇਵੇ ਤਾਂ ਅਸੀਸਾਂ ਅੱਗਿਓਂ ਬਦ-ਅਸੀਸਾਂ ਹੋ ਕੇ ਟੱਕਰਦੀਆਂ ਹਨ। ਇਸੇ ਤ੍ਰਾਸਦਿਕ ਹੋਣੀ ਵਿਚੋਂ ਆਪਣੀ ਧੀ ਬਾਰੇ ਸੋਚ ਕੇ ਪਿਉ ਦੇ ਸੀਨੇ ਉਠੀ ਚੀਸ ਜਰੀਏ ਜਿਸ ਢੰਗ ਨਾਲ ਲੇਖਕ ਨੇ ਸੁਨੇਹਾ ਦੇਣ ਦਾ ਯਤਨ ਕੀਤਾ ਹੈ, ਉਹ ਬੜਾ ਸਾਰਥਕ ਤਾਂ ਹੈ ਹੀ, ਇਕ ਸਬਕ ਵੀ ਹੈ।***



**ਜੇ. ਬੀ. ਸਿੰਘ**
**ਕੈਂਟ (ਵਾਸ਼ਿੰਗਟਨ)**
**ਫੋਨ: 253-508-9805**

ਜੀਤਾਂ ਦੀ ਸ਼ਾਦੀ ਦੇ ਦਿਨ ਸਨ। ਰਿਸ਼ਤੇਦਾਰ ਮਿੱਤਰ ਸਭ ਪਹੁੰਚੇ ਹੋਏ ਸਨ। ਖੂਬ ਚਹਿਲ-ਪਹਿਲ ਸੀ। ਲੇਡੀਜ਼ ਸੰਗੀਤ, ਗਿੱਧਾ, ਟੱਪੇ, ਬੋਲੀਆਂ, ਸਿੱਠਣੀਆਂ। ਤੇ ਹਰ ਰੋਜ਼ ਕੋਈ ਨਾ ਕੋਈ ਨਵੀਂ ਰਸਮ-ਮਹਿੰਦੀ ਲਾਉਣ ਦੀ, ਵਟਣੇ ਦੀ, ਚੂੜੀਆਂ ਚੜ੍ਹਾਉਣ ਦੀ, ਨਹਾਈ ਧੋਈ ਦੀ ਤੇ ਹੋਰ ਕਈ। ਤੇ ਨਾਲ ਨਾਲ ਕੋਈ ਨਾ ਕੋਈ ਠੱਠਾ ਮਜ਼ਾਕ, ਪਰ ਕੋਈ ਗੁੱਸਾ ਨਹੀਂ ਸੀ ਕਰ ਰਿਹਾ। ਵੱਡੀ ਉਮਰ ਦੀਆਂ ਔਰਤਾਂ ਦੇ ਕਈ ਕਈ ਵਾਰ ਸੁਣੇ ਹੋਏ ਪੁਰਾਣੇ ਚੁਟਕਲਿਆਂ 'ਤੇ ਫਿਰ ਵੀ ਹੱਸ ਦੇਣਾ, ਪਰ ਅਜਿਹੇ ਰੌਣਕਾਂ ਭਰੇ ਮਾਹੌਲ ਵਿਚ ਸਿਰਫ ਇਕ ਬੰਦਾ ਉਦਾਸ ਸੀ; ਤੇ ਇਹ ਸੀ ਜੀਤਾਂ ਦਾ ਪਿਤਾ, ਸੁਚੇਤ ਸਿੰਘ। ਕਦੇ ਕਦੇ ਉਹ ਓਹਲੇ ਜਿਹੇ ਹੋ ਕੇ ਰੋ ਵੀ ਲੈਂਦਾ। ਉਹਦੀ ਪਤਨੀ ਸਭ ਕੁਝ ਨੋਟ ਕਰ ਰਹੀ ਸੀ। ਉਹ ਉਹਦੇ ਪਾਸ ਗਈ, ਕਹਿੰਦੀ, 'ਕੁਝ ਹੰਝੂ ਡੋਲੀ ਤੋਰਨ ਵੇਲੇ ਲਈ ਵੀ ਬਚਾ ਲਓ। ਨਾਲੇ ਇੰਨੀ ਵੀ ਕੀ ਗੱਲ ਏ, ਧੀਆਂ ਸਭ ਤੋਰਦੇ ਨੇ।'

ਉਹ ਸੱਚਮੁੱਚ ਜੀਤਾਂ ਨੂੰ ਬਹੁਤ ਪਿਆਰ ਕਰਦਾ ਸੀ। ਜੀਤਾਂ ਦਾ ਬਚਪਨ ਯਾਦ ਕਰਕੇ, ਉਹਨੂੰ ਆਪਣਾ ਬਚਪਨ ਯਾਦ ਆ ਜਾਂਦਾ। ਉਹਨੂੰ ਅਫਸੋਸ ਹੁੰਦਾ ਕਿ ਜਿੰਨਾ ਪਿਆਰ ਉਹਨੂੰ ਆਪਣੀ ਮਾਂ ਵਲੋਂ ਮਿਲਿਆ ਸੀ, ਉਨਾ ਉਹ ਜੀਤਾਂ ਨੂੰ ਨਾ ਦੇ ਸਕਿਆ।

ਉਸ ਦੀ ਆਪਣੀ ਮਾਂ! ਕਿੰਨੀ ਚੰਗੀ ਸੀ ਉਹ। ਤਦ ਉਹ ਪ੍ਰਾਇਮਰੀ ਸਕੂਲ ਵਿਚ ਸੀ। ਸਵੇਰੇ ਉਠਾ ਕੇ ਉਹ ਉਸ ਨੂੰ ਆਪ ਨੁਹਾਉਂਦੀ। ਹਰ ਰੋਜ਼ ਨਵੇਂ ਧੋਤੇ ਹੋਏ, ਪ੍ਰੈੱਸ ਕੀਤੇ ਹੋਏ ਕੱਪੜੇ ਪਾਉਂਦੀ। ਹੱਥੀਂ ਨਾਸ਼ਤਾ ਕਰਾਉਂਦੀ। ਉਸ ਦੇ ਸਿਰ 'ਤੇ ਪੱਗ ਬੰਨ੍ਹਦੀ। ਉਸ ਦੇ ਬੂਟ ਪਾਲਸ਼ ਕਰਦੀ। ਲੰਚ ਲਈ ਟਿਫਨ ਤਿਆਰ ਕਰਦੀ। ਸਕੂਲ ਛੱਡਣ ਜਾਂਦੀ। ਸਕੂਲ ਦੇ ਗੇਟ 'ਤੇ ਪਹੁੰਚ ਕੇ, ਉਹਨੂੰ ਜੱਫੀ ਪਾਉਂਦੀ, ਮੱਥਾ ਚੁੰਮਦੀ ਤੇ ਅਸੀਸ ਦਿੰਦੀ, 'ਜਿਊਂਦਾ ਰਹੋ, ਮੇਰੇ ਲਾਲ। ਰੱਬ, ਤੇਰੇ ਜਿਹਾ ਪੁੱਤ ਮੇਰੀਆਂ ਸੱਤਾਂ ਪੀੜ੍ਹੀਆਂ ਨੂੰ ਦੇਵੇ।'

ਇਹ ਅਸੀਸ ਉਹਨੂੰ ਰੋਜ਼ ਦੋ ਵਾਰ ਮਿਲਦੀ ਸੀ। ਇਕ ਵਾਰ ਸਵੇਰੇ ਸਕੂਲ ਛੱਡਣ ਵੇਲੇ ਤੇ ਇਕ ਵਾਰ ਰਾਤ ਬਿਸਤਰ ਵਿਚ ਜਾਣ ਤੋਂ ਪਹਿਲੇ।

ਸਕੂਲੋਂ ਛੁੱਟੀ ਹੁੰਦੀ। ਮਾਂ ਬਾਹਰ ਗੇਟ 'ਤੇ ਖੜ੍ਹੀ ਉਡੀਕ ਰਹੀ ਹੁੰਦੀ। ਘਰ ਪਹੁੰਚ ਕੇ, ਨਾਲ ਬੈਠ ਕੇ ਹੋਮ ਵਰਕ ਕਰਾਉਂਦੀ। ਫਿਰ ਉਹ ਆਪਣੇ ਘਰ ਦੇ ਕੰਮਾਂ ਵਿਚ ਰੁੱਝ ਜਾਂਦੀ। ਘਰ ਦੇ ਕੰਮ, ਜਿਹੜੇ ਕਦੇ ਉਹਦੇ ਕੋਲੋਂ ਖਤਮ ਹੀ ਨਹੀਂ ਸਨ ਹੁੰਦੇ।

ਉਹਦੇ ਪਿਤਾ ਜੀ ਸ਼ਾਮ ਦੀ ਸ਼ਿਫਟ ਕਰਦੇ ਸਨ। ਅੱਧੀ ਕੁ ਰਾਤ ਘਰ ਵਾਪਸ ਪਰਤਦੇ ਸਨ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਉਹ ਸੁੱਤਾ ਹੁੰਦਾ ਸੀ। ਸਵੇਰੇ ਉਠਣ ਤੋਂ ਪਹਿਲਾਂ ਉਹ ਸਕੂਲ ਚਲਾ ਜਾਂਦਾ ਸੀ। ਰਾਤ ਨੂੰ ਉਹ ਸੌਂ ਜਾਂਦਾ, ਉਸ ਦੀ ਮਾਂ ਉਸ ਦੇ ਪਿਉ ਨੂੰ ਉਡੀਕਣ ਲਈ ਜਾਗਦੀ। ਫਿਰ ਆਣ 'ਤੇ ਰੋਟੀ ਪਕਾ ਕੇ ਦਿੰਦੀ। ਉਹਦਾ ਬਿਸਤਰ ਸਾਫ ਕਰਦੀ ਤੇ ਪੈਰ ਘੁੱਟਦੀ। ਕਦੇ ਕਦੇ ਕੱਚੀ ਨੀਂਦ ਵਿਚ ਉਹਨੂੰ ਮਾਂ ਬਾਪ ਦੀਆਂ ਗੱਲਾਂ ਸੁਣਦੀਆਂ। ਮਾਂ ਕਹਿੰਦੀ, 'ਮੈਂ ਰੱਬ ਅੱਗੇ ਗੋਡੇ ਟੇਕ ਕੇ, ਮੁੰਡਾ ਲਿਆ ਏ, ਪਰ ਤੁਹਾਡੇ ਕੋਲ ਉਹਦੇ ਲਈ ਟਾਈਮ ਨਹੀਂ। ਤੁਸੀਂ ਆਪਣੀ ਡਿਊਟੀ ਸਵੇਰ ਦੀ ਕਿਉਂ ਨਹੀਂ ਕਰਾ ਲੈਂਦੇ?' ਬਾਪੂ ਆਪਣੀਆਂ ਮਜ਼ਬੂਰੀਆਂ ਦੱਸਦਾ, ਪਰ ਵੀਕ ਐਂਡ 'ਤੇ ਪੂਰੀ ਐਸ਼ ਕਰਾਉਂਦਾ।

ਰੱਬ ਅੱਗੇ ਗੋਡੇ ਟੇਕਣ ਵਾਲੀ ਗੱਲ ਸੁਚੇਤ ਨੂੰ ਬਾਅਦ ਵਿਚ ਸਮਝ ਲੱਗੀ। ਉਹਦਾ ਜਨਮ ਉਹਦੀ ਭੈਣ ਤੋਂ ਅਠ ਸਾਲ ਬਾਅਦ ਹੋਇਆ ਸੀ। ਸੁਚੇਤ ਦੇ ਵਿਆਹ ਤੋਂ ਬਾਅਦ, ਉਹਦੀ ਮਾਂ ਰੱਬ ਤੋਂ ਪੋਤਾ ਮੰਗਣ ਲੱਗ ਪਈ, ਪਰ ਇਸ ਵਾਰ ਰੱਬ ਨੇ ਉਹਦੀ ਸੁਣੀ ਨਹੀਂ। ਪੁੱਤ ਦੀ ਉਡੀਕ ਕਰਦਿਆਂ ਕਰਦਿਆਂ ਉਹਦੇ ਘਰ ਤਿੰਨ ਕੁੜੀਆਂ ਹੋ ਗਈਆਂ। ਜੀਤਾਂ ਸਭ ਤੋਂ ਵੱਡੀ ਸੀ। ਸੁਚੇਤ ਦੀ ਪਤਨੀ ਘਰ ਰਹਿ ਕੇ ਬੱਚੇ ਸਾਂਭਦੀ ਤੇ ਉਹ ਬਾਹਰ ਨਿੱਕੀ ਮੋਟੀ ਨੌਕਰੀ ਕਰਨ ਚਲਾ ਜਾਂਦਾ। ਵੱਡੀ ਨੌਕਰੀ ਮਿਲਣ ਦੀ ਉਹਨੂੰ ਆਸ ਵੀ ਨਹੀਂ ਸੀ। ਪੜ੍ਹਾਈ ਤਾਂ ਸਿਰਫ ਦਸਵੀਂ ਤਕ ਹੀ ਕੀਤੀ ਸੀ। ਉਹਦੀ ਮਾਂ ਨੇ ਉਹਨੂੰ ਕਾਲਜ ਜਾਣ ਲਈ ਬਹੁਤ ਜ਼ੋਰ ਲਾਇਆ, ਪਰ ਉਹ ਨਹੀਂ ਮੰਨਿਆ। ਸ਼ਕਲ ਸੂਰਤ ਤੋਂ ਸੋਹਣਾ ਸੁਨੱਖਾ ਸੀ। ਉਹਦੀ ਮਾਂ ਦੀ ਸਹੇਲੀ ਨੇ, ਉਹਦਾ ਰਿਸ਼ਤਾ ਅਮਰੀਕਾ 'ਚ ਕਰਵਾ ਦਿੱਤਾ ਤੇ ਉਹ ਅਮਰੀਕਾ ਆ ਗਿਆ।

ਜੀਤਾਂ ਅਜੇ 5 ਕੁ ਸਾਲ ਦੀ ਹੀ ਸੀ ਕਿ ਸੁਚੇਤ ਦੇ ਪਿਉ ਦੀ ਮੌਤ ਹੋ ਗਈ। ਜੀਤਾਂ ਨੇ ਆਪਣੇ ਦਾਦਾ-ਦਾਦੀ ਦਾ ਅਜੇ ਮੂੰਹ ਵੀ ਨਹੀਂ ਸੀ ਵੇਖਿਆ। ਸੁਚੇਤ ਨੇ ਸੋਚਿਆ ਕਿ ਉਹ ਆਪਣੀ ਮਾਂ ਨੂੰ ਆਪਣੇ ਪਾਸ ਅਮਰੀਕਾ ਬੁਲਾ ਲਵੇ। ਇਕ ਤਾਂ ਬੱਚਿਆਂ ਨਾਲ ਉਸ ਦਾ ਮਨ ਲਗ ਜਾਵੇਗਾ, ਦੂਸਰਾ ਉਹਦੀ ਆਪਣੀ ਪਤਨੀ ਨੂੰ ਕੋਈ ਨੌਕਰੀ ਕਰਨ ਦਾ ਸਮਾਂ ਮਿਲ ਜਾਵੇਗਾ। ਮਾਂ ਨੂੰ ਵੀ ਇਹ ਸੁਣ ਕੇ ਖੁਸ਼ੀ ਹੋਈ ਤੇ ਜਿੰਨੀ ਜਲਦੀ ਹੋ ਸਕਿਆ, ਉਹ ਅਮਰੀਕਾ ਪਹੁੰਚ ਗਈ। ਆਉਣ ਲੱਗਿਆਂ ਉਹਨੇ ਜੀਤਾਂ ਲਈ ਸੋਨੇ ਦੀਆਂ ਝਾਂਜਰਾਂ ਤੇ ਬਾਕੀ ਦੋਹਾਂ ਕੁੜੀਆਂ ਲਈ ਹੋਰ ਗਿਫਟ ਲਿਆਂਦੇ।

'ਮਾਂ, ਅਜੇ ਇਹਦੀ ਉਮਰ ਨਹੀਂ ਏ, ਝਾਂਜਰਾਂ ਸੰਭਾਲਣ ਦੀ। ਨਾਲੇ ਅਜਿਹੇ ਲਾਡਾਂ ਨਾਲ ਕੁੜੀਆਂ ਵਿਗੜ ਜਾਂਦੀਆ ਨੇ,' ਸੁਚੇਤ ਨੇ ਕਿਹਾ।

'ਤੈਨੂੰ ਵੀ ਤਾਂ ਮੈਂ ਈ ਪਾਲਿਆ ਏ! ਕਿੰਨਾ ਕੁ ਵਿਗਾੜ ਦਿੱਤਾ ਏ ਤੈਨੂੰ?' ਮਾਂ ਨੇ ਝੱਟ ਜਵਾਬ ਦਿੱਤਾ।

ਉਹ ਮਾਂ ਸਾਹਮਣੇ ਤਾਂ ਕੁਝ ਨਾ ਬੋਲਿਆ, ਪਰ ਦੋ ਦਿਨਾਂ ਬਾਅਦ ਉਹਨੇ ਝਾਂਜਰਾਂ ਲੁਕਾ ਦਿੱਤੀਆਂ। ਉਹਨੂੰ ਡਰ ਸੀ ਕਿ ਇੰਨੀਆਂ ਕੀਮਤੀ ਝਾਂਜਰਾਂ ਜੀਤੋਂ ਕਿਤੇ ਗਵਾ ਨਾ ਲਵੇ। ਉਹ ਫਿਰ ਸਾਰਿਆਂ ਸਾਹਮਣੇ ਲੱਭਣ ਦਾ ਢੋਂਗ ਰਚਦਾ ਰਿਹਾ। ਕਿਤੇ ਇਧਰ ਦੇਖ, ਕਿਤੇ ਉਧਰ।

'ਪੁੱਤ ਇੰਨਾ ਪ੍ਰੇਸ਼ਾਨ ਨਾ ਹੋ। ਝਾਂਜਰਾਂ ਈ ਹੈਨ ਨਾ! ਹੋਰ ਆ ਜਾਣਗੀਆਂ। ਕਿਤੇ ਬਾਹਰ ਡੇਗ ਆਈ ਹੋਣੀ ਹੈ।'

'ਨਹੀਂ ਦਾਦੀ ਮਾਂ, ਮੈਂ ਰਾਤ ਸੌਣ ਤੋਂ ਪਹਿਲਾਂ ਸਿਰਹਾਣੇ ਹੇਠਾਂ ਰੱਖੀਆਂ ਸਨ,' ਜੀਤਾਂ ਨੇ ਪੂਰੀ ਦ੍ਰਿੜਤਾ ਨਾਲ ਕਿਹਾ।

'ਕੀ ਫਿਰ ਸਿਰਹਾਣੇ ਨੇ ਖਾ ਲਈਆ ਤੇਰੀਆਂ ਝਾਂਜਰਾਂ?' ਉਹ ਖਿਝ ਕੇ ਬੋਲਿਆ।

ਜੀਤਾਂ ਦੋ ਕੁ ਦਿਨ ਰੋ ਕੇ ਚੁੱਪ ਕਰ ਗਈ। ਸਾਰੇ ਝਾਂਜਰਾਂ ਦੀ ਗੱਲ ਭੁੱਲ ਗਏ।

ਉਹਦੀ ਮਾਂ ਦੇ ਆਉਣ ਨਾਲ ਘਰ ਦੀ ਹਾਲਤ ਬਦਲ ਗਈ। ਉਸ ਦੀ ਪਤਨੀ ਵੀ ਨੌਕਰੀ ਕਰਨ ਲੱਗ ਗਈ। ਦੋਨੋਂ ਡਬਲ ਸ਼ਿਫਟਾਂ ਲਾਉਣ ਲੱਗੇ। ਕਮਾਈ ਚਾਰ ਗੁਣਾ ਹੋ ਗਈ। ਘਰ ਦਾ ਸਾਰਾ ਕੰਮ ਉਹਦੀ ਮਾਂ ਨੇ ਸੰਭਾਲ ਲਿਆ। ਪੰਜ ਸਾਲ ਦੀ ਸਖਤ ਮਿਹਨਤ ਬਾਅਦ ਉਨ੍ਹਾਂ ਕੋਲ ਆਪਣਾ ਘਰ ਲੈਣ ਲਈ ਪੈਸੇ ਇਕੱਠੇ ਹੋਏ, ਪਰ ਇਨ੍ਹਾਂ ਪੰਜਾਂ ਸਾਲਾਂ ਵਿਚ ਮਾਂ ਦੀ ਸਿਹਤ ਇੰਨੀ ਵਿਗੜ ਗਈ ਕਿ ਡਾਕਟਰ ਕੋਲ ਜਾਣਾ ਲਾਜ਼ਮੀ ਹੋ ਗਿਆ। ਉਸ ਦੇ ਤੁਰਨ ਦੀ ਚਾਲ ਧੀਮੀ ਹੋ ਗਈ। ਕਦੇ ਕਦੇ ਤੁਰਦਿਆਂ ਆਪਣਾ ਸੰਤੁਲਨ ਵੀ ਖੋਹ ਬਹਿੰਦੀ। ਉਸ ਦੇ ਹੱਥ ਕੰਬਣ ਲੱਗ ਪਏ। ਆਵਾਜ਼ ਵਿਚ ਤਬਦੀਲੀ ਆ ਗਈ। ਸਰੀਰ ਲੱਕੜ ਵਾਂਗ ਸਖਤ ਹੁੰਦਾ ਗਿਆ ਤੇ ਕੁੱਬ ਨਿਕਲ ਆਇਆ। ਉਹ ਆਪਣੀ ਮਾਂ ਨੂੰ ਸਰਕਾਰੀ ਡਿਸਪੈਂਸਰੀ ਲੈ ਗਿਆ। ਚੈੱਕ-ਅਪ ਕਰਾਉਣ 'ਤੇ ਪਤਾ ਲੱਗਿਆ ਕਿ ਉਸ ਨੂੰ ਪਾਰਕਿੰਸਨ ਹੋ ਗਈ ਸੀ। ਡਾਕਟਰ ਨੇ ਦਵਾਈਆਂ ਲਿਖ ਦਿੱਤੀਆਂ।

'ਪਰ ਇਸ ਕੋਲ ਮੈਡੀਕਲ ਇੰਸੋਰੈਂਸ ਨਹੀਂ ਹੈ। ਇੰਡੀਆਂ ਤੋਂ ਦਵਾਈ ਮੰਗਵਾਉਂਦਿਆਂ ਪੂਰਾ ਮਹੀਨਾ ਲੱਗ ਜਾਊ। ਤਦ ਤਕ ਕੋਈ ਘਰੇਲੂ ਇਲਾਜ ਦੱਸ ਸਕਦੇ ਹੋ?' ਸੁਚੇਤ ਨੇ ਡਾਕਟਰ ਨੂੰ ਪੁਛਿਆ।

ਡਾਕਟਰ ਨੇ ਆਪਣੇ ਕੋਲੋਂ ਇਕ ਮਹੀਨੇ ਲਈ ਦਵਾਈ ਦੇ ਸੈਂਪਲ ਦੇ ਦਿੱਤੇ। ਮਾਂ ਨੂੰ ਫਰਕ ਪੈਣ ਲੱਗ ਪਿਆ। ਘਰ ਦੀ ਰੂਟੀਨ ਫਿਰ ਵਾਪਸ ਆ ਗਈ। ਸਾਰੇ ਆਪਣੇ ਆਪਣੇ ਕੰਮਾਂ ਵਿਚ ਬਿਜ਼ੀ ਹੋ ਗਏ। ਡਾਕਟਰ ਵਲੋਂ ਦਿੱਤੀ ਦਵਾਈ ਖਤਮ ਹੋ ਗਈ ਤੇ ਇੰਡੀਆ ਤੋਂ ਦਵਾਈ ਮੰਗਵਾਉਣ ਦਾ ਕਿਸੇ ਨੂੰ ਚੇਤਾ ਨਾ ਆਇਆ। ਉਹਦੀ ਮਾਂ ਨੇ ਵੀ ਉਸ ਨੂੰ ਯਾਦ ਨਹੀਂ ਕਰਵਾਇਆ। ਬਸ ਦਵਾਈ ਖਾਣੀ ਬੰਦ ਕਰ ਦਿੱਤੀ। ਤੇ ਅਗਲੇ ਕੁਝ ਦਿਨਾਂ ਵਿਚ ਹੀ ਉਸ ਦੀ ਹਾਲਤ ਫਿਰ ਪਹਿਲਾਂ ਦੀ ਤਰ੍ਹਾਂ ਹੋ ਗਈ।


ਇਕ ਦਿਨ ਉਹਦੀ ਮਾਂ ਬੈੱਡ ਰੂਮ ਦੀ ਸਫਾਈ ਕਰ ਰਹੀ ਸੀ। ਹੇਠੋਂ ਛੋਟੀ ਗੁੱਡੀ ਦੇ ਰੋਣ ਦੀ ਆਵਾਜ਼ ਆਈ। ਮਾਂ ਜਲਦੀ ਨਾਲ ਪੌੜੀਆਂ ਉਤਰਨ ਲੱਗੀ ਤੇ ਉਹਦਾ ਪੈਰ ਫਿਸਲ ਗਿਆ। ਸਾਰੀਆਂ ਪੌੜੀਆਂ ਰੁੜਦੀ ਰੁੜਦੀ ਹੇਠਾਂ ਫਰਸ਼ 'ਤੇ ਆ ਡਿੱਗੀ। ਸੱਜੀ ਬਾਂਹ, ਦੋ ਥਾਂਵਾਂ ਤੋਂ ਟੁੱਟ ਗਈ ਸੀ। ਡਾਕਟਰ ਨੇ ਆਰਜ਼ੀ ਤੌਰ 'ਤੇ ਪਲੱਸਤਰ ਲਾ ਦਿੱਤਾ, ਪਰ ਨਾਲ ਇਹ ਵੀ ਦੱਸ ਦਿੱਤਾ ਕਿ ਹੁਣ ਪਾਰਕਿੰਸਨ ਕਾਰਨ, ਬਾਂਹ ਪਹਿਲਾਂ ਦੀ ਤਰ੍ਹਾਂ ਕਦੇ ਕੰਮ ਨਹੀਂ ਕਰ ਸਕੇਗੀ। ਉਹਨੇ ਆਪਰੇਸ਼ਨ ਕਰਵਾਉਣ ਦੀ ਸਲਾਹ ਦਿੱਤੀ।

*ਉਹਦੇ ਸਾਹਮਣੇ ਤਾਂ ਇਕ ਬੁੱਢੀ ਔਰਤ, ਆਪਣੀ ਟੁੱਟੀ ਬਾਂਹ ਨੂੰ ਦੂਸਰੇ ਹੱਥ ਦਾ ਸਹਾਰਾ ਦਿੰਦੀ ਲੜਖੜਾ ਕੇ ਤੁਰਦੀ, ਨਜ਼ਰ ਆਉਂਦੀ ਸੀ; ਪਰ ਇਸ ਵਕਤ ਉਹਨੂੰ ਮਾਂ ਦਾ ਨਹੀਂ, ਸਗੋਂ ਜੀਤਾਂ ਦਾ ਚਿਹਰਾ ਦਿਸ ਰਿਹਾ ਸੀ।... ਸੁਚੇਤ ਪੂਰੀ ਤਰ੍ਹਾਂ ਰੋ ਰਿਹਾ ਸੀ। ਉਸ ਦੇ ਹੱਥ ਜੁੜੇ ਹੋਏ ਸਨ, ਜਿਵੇਂ ਲੰਬਾ ਪੈ ਕੇ ਡੰਡੌਤ ਕਰ ਰਿਹਾ ਹੋਵੇ। "ਮਾਂ ਆਪਣੀਆਂ ਅਸੀਸਾਂ ਵਾਪਸ ਲੈ ਲੈ। ਰੱਬ, ਮੇਰੇ ਜਿਹਾ ਪੁੱਤ ਮੇਰੀ ਧੀ ਨੂੰ ਨਾ ਦੇਵੇ।" ਉਹ ਵਾਰ ਵਾਰ ਦੁਹਰਾ ਰਿਹਾ ਸੀ, ਲਿਲਕੜੀਆਂ ਕੱਢ ਰਿਹਾ ਸੀ।*

ਸੁਚੇਤ ਨੇ ਇੰਡੀਆ ਆਪਣੀ ਵੱਡੀ ਭੈਣ ਨੂੰ ਕਾਲ ਕੀਤੀ ਤੇ ਮਾਂ ਦੀ ਹਾਲਤ ਬਾਰੇ ਦੱਸਿਆ। ਨਾਲ ਇਹ ਭੀ ਇਸ਼ਾਰਾ ਕਰ ਦਿੱਤਾ ਕਿ ਇੰਡੀਆ ਵਿਚ ਇਸ ਦੀ ਸਰਜਰੀ ਦਾ ਖਰਚਾ, ਅਮਰੀਕਾ ਤੋਂ ਦਸਵਾਂ ਹਿੱਸਾ ਵੀ ਨਹੀਂ ਆਉਣਾ। ਮਾਂ ਨੂੰ ਸਿੱਧਾ ਕਹਿਣ ਤੋਂ ਉਹ ਝਕਦਾ ਸੀ ਕਿ ਸਰਜਰੀ ਇੰਡੀਆ ਜਾ ਕੇ ਕਰਵਾ ਲਵੇ। ਉਸ ਦੀ ਭੈਣ ਨੇ ਆਪਣੇ ਵਲੋਂ ਮਾਂ ਨੂੰ ਕਾਲ ਕਰ ਕੇ ਇਕ ਵਾਰ ਇੰਡੀਆ ਆਉਣ ਲਈ ਕਿਹਾ ਤੇ ਉਹ ਇੰਡੀਆ ਵਾਪਸ ਚਲੀ ਗਈ।

ਪੰਦਰਾਂ ਕੁ ਦਿਨਾਂ ਬਾਅਦ ਸੁਚੇਤ ਨੂੰ ਪਾਰਸਲ ਆਇਆ। ਉਹਦੀ ਮਾਂ ਨੇ ਜੀਤਾਂ ਲਈ ਸੋਨੇ ਦੀਆਂ ਝਾਂਜਰਾਂ ਦੁਬਾਰਾ ਭੇਜੀਆਂ ਸਨ। ਸੁਚੇਤ ਨੂੰ ਝਾਂਜਰਾਂ ਦੇਖ ਕੇ ਬਹੁਤ ਸ਼ਰਮ ਆਈ।

ਉਹਦੀ ਮਾਂ ਦੀ ਸਰਜਰੀ ਤਾਂ ਹੋ ਗਈ, ਪਰ ਬਾਂਹ ਨਹੀਂ ਚੱਲੀ, ਸਗੋਂ ਅਗਲੇ ਦੋ ਮਹੀਨਿਆਂ ਵਿਚ ਪਾਰਕਿੰਸਨ ਨੇ ਜ਼ਿਆਦਾ ਜੋਰ ਪਕੜ ਲਿਆ ਤੇ ਉਸ ਨੂੰ ਹਮੇਸ਼ਾ ਲਈ ਵ੍ਹੀਲ ਚੇਅਰ ਦੇ ਸਪੁਰਦ ਕਰ ਦਿੱਤਾ। ਉਸ ਨੂੰ ਨੁਹਾਉਣ-ਖੁਆਉਣ ਦਾ ਕੰਮ ਉਸ ਦੀ ਧੀ ਹੀ ਕਰਦੀ ਸੀ। ਸੁਚੇਤ ਹਰ ਹਫਤੇ ਬਾਅਦ ਟੈਲੀਫੂਨ ਕਰਕੇ ਹਾਲ ਜਰੂਰ ਪੁੱਛਦਾ। ਮਾਂ ਅਜੇ ਵੀ ਉਹੀ ਅਸੀਸ ਦਿੰਦੀ, ਜਿਹੜੀ ਬਚਪਨ ਵਿਚ ਉਸ ਨੂੰ ਦਿਹਾੜੀ ਵਿਚ ਦੋ ਵਾਰ ਮਿਲਦੀ ਸੀ, 'ਜਿਊਂਦਾ ਰਹੋ, ਮੇਰੇ ਲਾਲ। ਰੱਬ, ਤੇਰੇ ਜਿਹਾ ਪੁੱਤ ਮੇਰੀਆਂ ਸੱਤਾਂ ਪੀੜ੍ਹੀਆਂ ਨੂੰ ਦੇਵੇ।'



ਸਾਲ ਲੰਘ ਗਏ। ਜੀਤਾਂ ਦੀ ਸ਼ਾਦੀ ਤੈਅ ਹੋ ਗਈ। ਲੜਕਾ ਇੰਡੀਆ ਵਿਚ ਹੀ ਸੀ। ਵਿਆਹ ਦੀ ਤਾਰੀਖ ਨਿਸ਼ਚਿਤ ਹੋ ਗਈ। ਸੁਚੇਤ, ਪਰਿਵਾਰ ਸਮੇਤ ਮਹੀਨਾ ਪਹਿਲਾਂ ਹੀ ਇੰਡੀਆ ਪਹੁੰਚ ਗਿਆ। ਉਹ ਅਜੇ ਆਪਣੀ ਭੈਣ ਦੇ ਘਰ ਦੇ ਸਾਹਮਣੇ ਟੈਕਸੀ ਤੋਂ ਸਮਾਨ ਉਤਾਰ ਹੀ ਰਿਹਾ ਸੀ ਕਿ ਤਿੰਨੇ ਭੈਣਾਂ ਦੌੜ ਕੇ ਆਪਣੀ ਦਾਦੀ ਨੂੰ ਜਾ ਮਿਲੀਆਂ।

ਉਹ ਡਰਾਈਵਰ ਤੋਂ ਵਿਹਲਾ ਹੋ ਕੇ, ਆਪਣੀ ਮਾਂ ਕੋਲ ਆਇਆ। ਮਾਂ ਇਕ ਦਮ ਉਠ ਕੇ ਸੁਚੇਤ ਨੂੰ ਮਿਲਣ ਲੱਗੀ, ਪਰ ਅੱਧ ਵਿਚਾਲਿਓਂ ਹੀ ਵਾਪਸ ਵ੍ਹੀਲ ਚੇਅਰ ਵਿਚ ਡਿੱਗ ਪਈ। ਉਹਨੇ ਕੋਸ਼ਿਸ਼ ਕੀਤੀ, ਪਰ ਉਠਿਆ ਨਾ ਗਿਆ। ਸੁਚੇਤ ਨੇ ਨੀਂਵਾਂ ਹੋ ਮਾਂ ਦੇ ਪੈਰੀਂ ਹੱਥ ਲਾਏ। ਸਿਰ ਨਿਵਾਇਆ। ਮਾਂ ਨੇ ਸੁਚੇਤ ਨੂੰ ਗਲਵੱਕੜੀ ਵਿਚ ਲਿਆ। 'ਜਿਊਂਦਾ ਰਹੋ, ਮੇਰੇ ਲਾਲ। ਰੱਬ ਤੇਰੇ ਜਿਹਾ ਪੁੱਤ ਮੇਰੀਆਂ ਸੱਤਾਂ ਪੀੜ੍ਹੀਆਂ ਨੂੰ ਦੇਵੇ।' ਉਹਨੇ ਕਿਹਾ ਤੇ ਨਾਲ ਹੀ ਜ਼ਿੰਦਗੀ ਦਾ ਆਖਰੀ ਸਾਹ ਲੈ ਲਿਆ। ਘਰ ਵਿਚ ਸੋਗ ਦੀ ਲਹਿਰ ਖਿਲਰ ਗਈ।

ਆਂਢ-ਗਵਾਂਢ, ਗਲੀ-ਮਹੱਲੇ ਵਾਲੇ ਲੋਕ ਅਫਸੋਸ ਕਰਨ ਆਏ। ਇਕ ਸਿਆਣੀ ਔਰਤ ਨੇ ਸੁਚੇਤ ਨੂੰ ਕਿਹਾ, 'ਕੋਈ ਚੰਗੇ ਕਰਮ ਕੀਤੇ ਸੀ ਤੇਰੀ ਮਾਂ ਨੇ, ਜਿਸ ਮਾਂ ਦਾ ਪੁੱਤ ਉਹਦੀ ਮੌਤ ਵੇਲੇ ਕੋਲ ਹੋਵੇ, ਉਹ ਬੜੀ ਭਾਗਾਂ ਵਾਲੀ ਹੁੰਦੀ ਹੈ।'

ਅੰਤਿਮ ਸਸਕਾਰ ਦੀਆਂ ਰਸਮਾਂ ਪੂਰੀਆ ਹੋਣ ਬਾਅਦ ਸੁਚੇਤ ਨੇ ਆਪਣੇ ਜੱਦੀ ਘਰ ਦਾ ਤਾਲਾ ਖੋਲ੍ਹਿਆ। ਇਕ ਅਟੈਚੀ ਵਿਚ ਜੀਤਾਂ ਦੇ ਵਿਆਹ ਲਈ ਬਣਾਏ ਗਹਿਣੇ ਤੇ ਸੂਟ ਪਏ ਸਨ। ਜੀਤਾਂ ਸੂਟ ਵੇਖ ਵੇਖ ਖੁਸ਼ ਹੋ ਰਹੀ ਸੀ।

ਸੁਚੇਤ ਨੂੰ ਮਾਂ ਦੀ ਯਾਦ ਆ ਰਹੀ ਸੀ। ਉਹ ਸੋਚ ਰਿਹਾ ਸੀ ਕਿ ਉਹਨੇ ਆਪਣੀ ਮਾਂ ਨਾਲ ਜ਼ਿਆਦਤੀ ਕੀਤੀ ਸੀ। ਉਹਨੂੰ ਹਰ ਪਾਸੇ ਟੁੱਟੀ ਬਾਂਹ ਨੂੰ ਦੂਸਰੇ ਹੱਥ ਦਾ ਸਹਾਰਾ ਦਿੰਦੀ, ਲੜਖੜਾ ਕੇ ਤੁਰਦੀ, ਮਾਂ ਨਜ਼ਰ ਆ ਰਹੀ ਸੀ। ਮਾਂ ਜਿਵੇਂ ਉਹਦੇ ਜ਼ਿਹਨ ਵਿਚ ਵੜ ਗਈ ਸੀ। ਉਹ ਜਿੰਨਾ ਜ਼ਿਆਦਾ ਸੋਚਦਾ, ਉਨੀ ਹੀ ਸਾਫ ਸ਼ਕਲ, ਉਹਨੂੰ ਆਪਣੀ ਮਾਂ ਦੀ ਦਿਖਾਈ ਦਿੰਦੀ। ਹਰ ਵਕਤ ਉਹ ਆਪਣੇ ਦਿਮਾਗ ਵਿਚ ਮਾਂ ਨਾਲ ਗੱਲਾਂ ਕਰਦਾ ਰਹਿੰਦਾ।

ਰਿਸ਼ਤੇਦਾਰ ਮਿੱਤਰ ਆ ਚੁੱਕੇ ਸਨ। ਘਰ ਵਿਚ ਵਿਆਹ ਦੀਆਂ ਰਸਮਾਂ ਜਾਰੀ ਸਨ। ਹਰ ਇਕ ਵਿਆਹ ਵਿਚ ਸ਼ਾਮਲ ਹੋਣ ਦਾ ਅਨੰਦ ਮਾਣ ਰਿਹਾ ਸੀ। ਸਿਰਫ ਸੁਚੇਤ ਹੀ ਉਦਾਸ ਸੀ। ਉਹਦੀ ਪਤਨੀ ਨੇ ਉਹਨੂੰ ਕੁਝ ਹੰਝੂ ਡੋਲੀ ਵੇਲੇ ਲਈ ਸਾਂਭ ਕੇ ਰੱਖਣ ਲਈ ਕਿਹਾ ਸੀ, ਪਰ ਉਹਦੇ ਵੱਸ ਵਿਚ ਨਹੀਂ ਸੀ।

ਜੀਤਾਂ ਦੀਆਂ ਲਾਵਾਂ ਹੋ ਗਈਆਂ। ਉਹਦੀਆਂ ਛੋਟੀਆਂ ਭੈਣਾਂ ਜੀਜੇ ਨਾਲ ਮਖੌਲ ਕਰ ਰਹੀਆਂ ਸਨ। ਉਹ ਦੂਸਰੇ ਕਮਰੇ ਵਿਚ ਜਾ ਕੇ ਸੋਫੇ 'ਤੇ ਬੈਠ ਗਿਆ। ਸ਼ਾਮ ਪੈ ਗਈ। ਜੀਤਾਂ ਦੀ ਡੋਲੀ ਤੁਰਨ ਦਾ ਸਮਾਂ ਹੋ ਗਿਆ। ਉਹਦੀ ਛੋਟੀ ਭੈਣ ਨੇ ਆ ਕੇ ਸੁਚੇਤ ਨੂੰ ਬੁਲਾਇਆ। ਉਹ ਬਾਹਰ ਆਇਆ। ਜੀਤਾਂ ਘਰ ਦੀ ਦਹਿਲੀਜ਼ ਪਾਰ ਕਰ ਰਹੀ ਸੀ। ਆਸੇ-ਪਾਸੇ ਉਹਦੀ ਮਾਂ ਤੇ ਸਹੇਲੀਆਂ, ਉਸ ਨੂੰ ਸਹਾਰਾ ਦੇ ਡੋਲੀ ਦੀ ਕਾਰ ਵੱਲ ਲਿਜਾ ਰਹੀਆਂ ਸਨ। ਜੀਤਾਂ ਦੀ ਵਿਦਾਇਗੀ ਵੇਲੇ ਸਭ ਰੋ ਰਹੀਆਂ ਸਨ।

ਪਰ ਉਹਨੂੰ ਇਹ ਸਭ ਨਜ਼ਰ ਨਹੀਂ ਆ ਰਿਹਾ ਸੀ। ਉਹਦੇ ਸਾਹਮਣੇ ਤਾਂ ਇਕ ਬੁੱਢੀ ਔਰਤ, ਆਪਣੀ ਟੁੱਟੀ ਬਾਂਹ ਨੂੰ ਦੂਸਰੇ ਹੱਥ ਦਾ ਸਹਾਰਾ ਦਿੰਦੀ ਲੜਖੜਾ ਕੇ ਤੁਰਦੀ, ਨਜ਼ਰ ਆਉਂਦੀ ਸੀ; ਪਰ ਇਸ ਵਕਤ ਉਹਨੂੰ ਮਾਂ ਦਾ ਨਹੀਂ, ਸਗੋਂ ਜੀਤਾਂ ਦਾ ਚਿਹਰਾ ਦਿਸ ਰਿਹਾ ਸੀ। ਉਸ ਦੀ ਪਤਨੀ ਨੇ ਉਹਦਾ ਹੱਥ ਫੜ ਕੇ ਜੀਤਾਂ ਦੇ ਸਿਰ 'ਤੇ ਰੱਖਿਆ। ਸੁਚੇਤ ਦਾ ਹੱਥ ਤਪ ਰਿਹਾ ਸੀ। ਉਹਨੂੰ ਲੱਗਿਆ, ਬਾਪ ਤੋਂ ਆਪਣੀ ਧੀ ਦੀ ਵਿਦਾਇਗੀ ਸਹਾਰੀ ਨਹੀਂ ਜਾ ਰਹੀ।

'ਤੁਹਾਡੀ ਤਬੀਅਤ ਠੀਕ ਨਹੀਂ ਲੱਗ ਰਹੀ। ਤੁਸੀਂ ਜਾ ਕੇ ਅੰਦਰ ਅਰਾਮ ਕਰ ਲਓ,' ਉਹਨੇ ਕਿਹਾ।

ਸੁਚੇਤ ਸਭ ਨੂੰ ਉਥੇ ਹੀ ਛੱਡ ਕੇ ਆਪਣੇ ਕਮਰੇ ਵਿਚ ਚਲਾ ਗਿਆ। ਦਰਵਾਜ਼ਾ ਬੰਦ ਕਰਕੇ ਮੂੱਧੇ ਮੂੰਹ ਮੰਜੇ 'ਤੇ ਜਾ ਡਿਗਿਆ।

ਡੋਲੀ ਤੋਰਨ ਬਾਅਦ ਉਸ ਦੀ ਪਤਨੀ ਸੁਚੇਤ ਦੇ ਕਮਰੇ 'ਚ ਆਈ। ਸੁਚੇਤ ਪੂਰੀ ਤਰ੍ਹਾਂ ਰੋ ਰਿਹਾ ਸੀ। ਉਸ ਦੇ ਹੱਥ ਜੁੜੇ ਹੋਏ ਸਨ, ਜਿਵੇਂ ਲੰਬਾ ਪੈ ਕੇ ਡੰਡੌਤ ਕਰ ਰਿਹਾ ਹੋਵੇ।

'ਮਾਂ ਆਪਣੀਆਂ ਅਸੀਸਾਂ ਵਾਪਸ ਲੈ ਲੈ। ਰੱਬ, ਮੇਰੇ ਜਿਹਾ ਪੁੱਤ ਮੇਰੀ ਧੀ ਨੂੰ ਨਾ ਦੇਵੇ।' ਉਹ ਵਾਰ ਵਾਰ ਦੁਹਰਾ ਰਿਹਾ ਸੀ, ਲਿਲਕੜੀਆਂ ਕੱਢ ਰਿਹਾ ਸੀ।

ਉਸ ਦੀ ਪਤਨੀ ਨੂੰ ਅੱਧੀ ਪਚੱਧੀ ਗਲ ਸਮਝ ਆ ਰਹੀ ਸੀ। ਉਹਨੇ ਸੁਚੇਤ ਨੂੰ ਹਲੂਣਿਆ, ਪਰ ਉਹ ਜਿਵੇਂ ਸੁਰਤ ਖੋਹ ਬੈਠਾ ਸੀ। ਪਤਨੀ ਨੇ ਨਾਲ ਟੇਬਲ 'ਤੇ ਪਾਣੀ ਦਾ ਗਲਾਸ ਪਿਆ ਦੇਖਿਆ ਤੇ ਪੂਰੇ ਦਾ ਪੂਰਾ ਉਸ ਦੇ ਮੂੰਹ 'ਤੇ ਉਲਟਾ ਦਿੱਤਾ। ਸੁਚੇਤ ਨੇ ਅੱਖਾਂ ਖੋਲ੍ਹੀਆਂ।

'ਡੋਲੀ ਤਾਂ ਅਜੇ ਉਹਦੇ ਘਰ ਵੀ ਨਹੀਂ ਪਹੁੰਚੀ, ਤੇ ਤੁਸੀਂ ਉਹਦੇ ਪੁੱਤ ਬਾਰੇ ਸੁਪਨੇ ਲੈ ਰਹੇ ਹੋ,' ਉਸ ਦੀ ਪਤਨੀ ਨੇ ਕਿਹਾ।

'ਮਾਂ ਮੰਨਦੀ ਹੀ ਨਹੀਂ, ਉਹੀ ਅਸੀਸਾਂ ਵਾਰ ਵਾਰ ਦੇ ਰਹੀ ਹੈ,' ਉਹਨੇ ਜਵਾਬ ਦਿੱਤਾ। ਤੇ ਫਿਰ ਉਹਨੂੰ ਪਤਾ ਲੱਗਿਆ, 'ਨਾ ਮਾਂ ਕੋਲ ਸੀ ਤੇ ਨਾ ਉਸ ਦੀ ਧੀ। ਦੋਨੋਂ ਆਪਣੇ ਆਪਣੇ ਘਰ ਜਾ ਚੁਕੀਆਂ ਸਨ। ਉਹ ਇਕੱਲਾ ਹੀ ਮੰਜੇ 'ਤੇ ਬੈਠਾ ਸੀ, ਆਪਣੀ ਪਤਨੀ ਦੇ ਨਾਲ।

# ਬੈਚ ਫੁੱਲ ਔਲਿਵ: ਲੱਕ ਤੋੜ ਥਕਾਵਟ

ਔਲਿਵ (Olive) ਬੈਚ ਫੁੱਲ ਦਵਾ ਪ੍ਰਣਾਲੀ ਦੀ ਅਠੱਤੀਆਂ ਵਿਚੋਂ ਤੇਈਵੀਂ ਦਵਾਈ ਹੈ। ਇਸ ਵਿਚ ਉਂਜ ਇਕ ਉਨਤਾਲੀਵੀਂ ਦਵਾਈ ਵੀ ਹੈ, ਪਰ ਉਹ ਇਨ੍ਹਾਂ ਵਿਚੋਂ ਹੀ ਕਈ ਦਵਾਈਆਂ ਨੂੰ ਲੈ ਕੇ ਬਣਾਈ ਗਈ ਹੈ। ਔਲਿਵ ਥਕਾਵਟ ਦੀ ਦਵਾਈ ਹੈ, ਪਰ ਕਿਸ ਤਰ੍ਹਾਂ ਦੀ ਥਕਾਵਟ? ਇਹ ਐਲਮ ਦੀ ਕੰਮ ਤੋਂ ਅਕਾਉਣ ਵਾਲੀ ਥਕਾਨ ਨਹੀਂ ਹੁੰਦੀ, ਜੋ ਮਰੀਜ਼ ਦੇ ਮਨ ਨੂੰ ਅਚਨਚੇਤ ਉਚਾਟ ਕਰਕੇ ਉਸ ਨੂੰ ਆਪਣੇ ਮਨਸੂਬਿਆਂ ਤੋਂ ਭਟਕਾਉਂਦੀ ਹੋਵੇ। ਇਹ ਹਾਰਨਬੀਮ ਦੀ ਥਕਾਵਟ ਜਿਹੀ ਵੀ ਨਹੀਂ ਹੁੰਦੀ, ਜੋ ਕੰਮ ਕਰਨ ਤੋਂ ਪਹਿਲਾਂ ਹੀ ਹੋ ਜਾਵੇ ਤੇ ਵਿਅਕਤੀ ਕੰਮ 'ਤੇ ਜਾਣ ਤੋਂ ਹੀ ਪਾਸਾ ਵੱਟੇ। ਹਾਰਨਬੀਮ ਦੀ ਥਕਾਵਟ ਮਾਨਸਿਕ ਵਧੇਰੇ ਤੇ ਸਰੀਰਕ ਘੱਟ ਹੁੰਦੀ ਹੈ, ਜਦੋਂ ਕਿ ਔਲਿਵ ਦੀ ਥਕਾਵਟ ਵਧੇਰੇ ਸਰੀਰਕ ਹੁੰਦੀ ਹੈ। ਇਹ ਉਹ ਸੱਚੀ ਮੁੱਚੀ ਦੀ ਥਕਾਵਟ ਹੈ, ਜੋ ਕੰਮ ਕਰਨ ਵੇਲੇ ਜਾਂ ਉਸ ਤੋਂ ਬਾਅਦ ਆਉਂਦੀ ਹੈ ਤੇ ਵਿਅਕਤੀ ਨੂੰ ਢਾਹ ਲੈਂਦੀ ਹੈ। ਇਸ ਵਿਚ ਕੰਮ ਕਰਦੇ ਕਰਦੇ ਵਿਅਕਤੀ ਸ਼ਕਤੀ ਵਲੋਂ ਖਾਲੀ (Exhaust) ਹੋ ਜਾਂਦਾ ਹੈ ਤੇ ਉਸ ਦੇ ਸਾਹ ਸਤ ਸੁੱਕ ਜਾਂਦੇ ਹਨ। ਉਸ ਨੂੰ ਵਿਚੋਂ ਆਰਾਮ ਕਰਨ ਲਈ ਰੁਕਣਾ ਪੈਂਦਾ ਹੈ। ਖੂੰਡੀ ਦੇ ਸਹਾਰੇ ਰੁਕ ਰੁਕ ਕੇ ਸੈਰ ਕਰਦੇ ਵਿਅਕਤੀ ਔਲਿਵ ਦੇ ਹੀ ਮਰੀਜ਼ ਹੁੰਦੇ ਹਨ।

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਦਫਤਰਾਂ ਤੇ ਸਟੋਰਾਂ ਵਿਚ ਕੰਮ ਕਰਨ ਵਾਲੇ ਕਈ ਕਾਮੇ ਵੀ ਇਸੇ ਤਰ੍ਹਾਂ ਦੀ ਥਕਾਨ ਮਹਿਸੂਸ ਕਰਦੇ ਹਨ। ਹੋਮ ਡਿੱਪੂ, ਕਾਸਕੋ, ਸੇਫ-ਵੇ ਆਦਿ ਕਿਸੇ ਵੀ ਵੱਡੇ ਸਟੋਰ ਦੇ ਬਾਹਰ ਕਿੰਨੇ ਹੀ ਐਪਰਨਧਾਰੀ (Aproned) ਕਾਮੇ ਕਿਸੇ ਦਰਖਤ ਦੀ ਛਾਂਵੇਂ ਬੈਠੇ ਜਾਂ ਇੱਧਰ-ਉੱਧਰ ਘੁੰਮ ਕੇ ਸਿਗਰਟਨੋਸ਼ੀ ਕਰਦੇ ਦੇਖੇ ਜਾ ਸਕਦੇ ਹਨ। ਇਹ ਅੰਦਰ ਕੰਮ ਕਰ ਕਰ ਕੇ ਥੱਕ ਗਏ ਹੁੰਦੇ ਹਨ। ਅੰਦਰ ਕਈ ਬਾਥਰੂਮ ਦਾ ਬਹਾਨਾ ਲਾ ਕੇ ਵੀ ਦਮ ਮਾਰ ਰਹੇ ਹੁੰਦੇ ਹਨ। ਕਈ ਨਿੱਕੀ ਛੁੱਟੀ (Break) ਲੈ ਕੇ ਕਿਤੇ ਖੜ੍ਹ ਜਾਂ ਬੈਠ ਜਾਂਦੇ ਹਨ ਤੇ ਫਿਰ ਲੰਚ ਬਰੇਕ ਦੀ ਤੀਬਰ ਉਡੀਕ ਕਰਦੇ ਰਹਿੰਦੇ ਹਨ। ਕਿਉਂਕਿ ਇਹ ਆਪਣੇ ਸਰੀਰ ਦੀ ਸ਼ਕਤੀ ਨੂੰ ਲਗਾਤਾਰ ਇਕਸਾਰ ਨਹੀਂ ਰੱਖ ਸਕਦੇ ਇਸ ਲਈ ਕੰਮ ਕਰਦਿਆਂ ਹੌਲੀ ਹੋ ਜਾਣਾ ਵੀ ਇਨ੍ਹਾਂ ਦੀ ਇਕ ਮੁੱਖ ਅਲਾਮਤ ਹੁੰਦੀ ਹੈ। ਇਨ੍ਹਾਂ ਨੂੰ ਔਲਿਵ ਦੀ ਲੋੜ ਹੁੰਦੀ ਹੈ। ਫੁੱਲ ਦਵਾ ਔਲਿਵ ਓਕ ਦਵਾ ਤੋਂ ਬਿਲਕੁਲ ਉਲਟ ਹੈ। ਜੇ ਕੋਈ ਵਿਅਕਤੀ ਥੱਕ ਕੇ ਵੀ ਕੰਮ ਨਾਲ ਚਿੰਬੜਿਆ ਰਹੇ ਤਾਂ ਉਹ ਓਕ ਦਾ ਮਰੀਜ਼ ਹੈ ਤੇ ਜੇ ਕੋਈ ਥੱਕ ਕੇ ਬੈਠਣ ਲਈ ਮਜ਼ਬੂਰ ਹੋਵੇ ਤੇ ਆਰਾਮ ਭਾਲਣ ਲੱਗੇ ਤਾਂ ਔਲਿਵ ਦਾ।

ਇਹ ਵਰਣਨ ਕਿਸੇ ਸਕੂਲੀ ਨਿਬੰਧ ਦਾ ਪੈਰਾ ਨਹੀਂ ਤੇ ਨਾ ਹੀ ਕਿਸੇ ਖੁਲ੍ਹੀ ਕਵਿਤਾ ਦਾ ਬੰਦ ਹੈ। ਇਹ ਤਾਂ ਹੱਡ ਮਾਸ ਦੇ ਜਿਊਂਦੇ ਜਾਗਦੇ ਤੇ ਕੰਮਾਂ ਕਾਰਾਂ ਵਿਚ ਲੱਗੇ ਘਾਲ ਕਰਮੀਆਂ ਦੀ ਦਰਦ-ਕਥਾ ਹੈ। ਇਨ੍ਹਾਂ ਦਾ ਦੁਖ ਇਨ੍ਹਾਂ ਦੇ ਜੀਵਨ ਦੀ ਰੁਕਾਵਟ ਬਣਿਆ ਹੁੰਦਾ ਹੈ ਤੇ ਇਨ੍ਹਾਂ ਦੀ ਰੋਟੀ ਰੋਜੀ ਤੇ ਖੁਸ਼ੀ ਖੇੜੇ ਨੂੰ ਪ੍ਰਭਾਵਿਤ ਕਰ ਰਿਹਾ ਹੁੰਦਾ ਹੈ। ਔਲਿਵ ਦੇ ਅਣਗਿਣਤ ਮਰੀਜ਼ ਸਾਡੇ ਆਲੇ-ਦੁਆਲੇ ਹੀ ਫਿਰਦੇ ਹੁੰਦੇ ਹਨ, ਪਰ ਅਸੀਂ ਉਨ੍ਹਾਂ ਨੂੰ ਪਹਿਚਾਣਦੇ ਨਹੀਂ ਹੁੰਦੇ। ਪਿਛਲੇ ਦਿਨੀਂ ਇਕ ਬੀਬੀ ਟਰਲਕ ਸ਼ਹਿਰ ਵਿਚੋਂ ਆਈ ਤੇ ਕਹਿਣ ਲੱਗੀ ਕਿ ਉਸ ਨੂੰ ਕਮਜ਼ੋਰੀ ਬਹੁਤ ਰਹਿੰਦੀ ਹੈ, ਕੋਈ ਟਾਨਿਕ ਦੇ ਦਿਓ। ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਸੱਤੇ ਦਿਨ ਇਕ ਪੇਂਟ ਸਟੋਰ 'ਤੇ ਕੰਮ ਕਰਦੀ ਹੈ। ਉੱਥੇ ਉਸ ਨੂੰ ਸਾਰਾ ਦਿਨ ਭਾਰੀ ਡੱਬੇ ਚੁੱਕਣੇ ਪੈਂਦੇ ਹਨ ਤੇ ਪੌੜੀ 'ਤੇ ਚੜ੍ਹ ਕੇ ਹੇਠ-ਉੱਤੇ ਰੱਖਣੇ ਪੈਂਦੇ ਹਨ। ਕਈ ਵਾਰ ਤਾਂ ਗਾਹਕ ਦੀ ਸਹਾਇਤਾ ਲਈ ਇਨ੍ਹਾਂ ਨੂੰ ਚੁੱਕ ਕੇ ਉਸ ਦੀ ਗੱਡੀ ਵਿਚ ਵੀ ਰਖਾਉਣਾ ਪੈਂਦਾ ਹੈ। ਉਸ ਨੇ ਦੱਸਿਆ ਕਿ ਇਹ ਕੰਮ ਕਰਦੀ ਉਹ ਬਹੁਤ ਥੱਕ ਜਾਂਦੀ ਹੈ। ਪਿੱਠ ਖੜ੍ਹੀ ਨਹੀਂ ਹੁੰਦੀ। ਘਰ ਜਾ ਕੇ ਉਸ ਵਿਚ ਕੋਈ ਸਾਹ ਸੱਤ ਨਹੀਂ ਰਹਿ ਜਾਂਦਾ ਤੇ ਰਸੋਈ ਦੇ ਮਾੜੇ ਮੋਟੇ ਕੰਮ ਵੀ ਉਹ ਆਰਾਮ ਲੈ ਲੈ ਕਰਦੀ ਹੈ। ਉਸ ਦੇ ਆਪਣੇ ਸ਼ਬਦਾਂ ਵਿਚ ਉਹ ਬਹੁਤ ਲੋਅ (Low) ਮਹਿਸੂਸ ਕਰਦੀ ਹੈ, ਭਾਵ ਉਸ ਦਾ ਸ਼ਕਤੀ-ਪੱਧਰ ਬੜਾ ਹੇਠਾਂ ਰਹਿੰਦਾ ਸੀ। ਉਸ ਦੀਆਂ ਇਨ੍ਹਾਂ ਅਲਾਮਤਾਂ ਤੋਂ ਜਾਹਰ ਸੀ ਕਿ ਉਸ ਨੂੰ ਫੁੱਲ ਦਵਾ ਔਲਿਵ ਦੀ ਲੋੜ ਸੀ, ਜੋ ਲਿਖ ਦਿੱਤੀ। ਇਸ ਦੇ ਅਸਰ ਦੀ ਰਿਪੋਰਟ ਇਕ ਅੱਧੇ ਹਫਤੇ ਵਿਚ ਸਾਹਮਣੇ ਆ ਜਾਵੇਗੀ।

ਡਾ. ਬੈਚ ਇਸ ਫੁੱਲ ਦਵਾ ਬਾਰੇ ਆਪ ਲਿਖਦੇ ਹਨ ਕਿ ਇਹ ਉਨ੍ਹਾਂ ਲਈ ਹੈ, "ਜਿਹੜੇ ਗੰਭੀਰ ਮਾਨਸਿਕ ਨਪੀੜਨ ਤੇ ਲਗਾਤਾਰ ਸਰੀਰਕ ਦੁਖ ਹੰਢਾਉਣ ਕਾਰਨ ਥੱਕ ਟੁੱਟ ਕੇ ਇੰਨੇ ਕਮਜ਼ੋਰ ਹੋ ਗਏ ਹੋਣ ਕਿ ਉਨ੍ਹਾਂ ਵਿਚ ਹੋਰ ਉੱਦਮ ਕਰਨ ਦੀ ਸ਼ਕਤੀ ਨਾ ਬਚੀ ਹੋਵੇ ਅਤੇ ਉਨ੍ਹਾਂ ਨੂੰ ਜੀਵਨ ਦੇ ਰੋਜ਼ਾਨਾ ਕੰਮ ਵੀ ਬੇਆਰਾਮੀ ਤੇ ਕਠਿਨਾਈ ਵਾਲੇ ਜਾਪਣ ਲੱਗਣ।"

ਡਾ. ਬੈਚ ਦਾ ਵਰਣਨ ਹਮੇਸ਼ਾ ਹੀ ਬੜਾ ਸੰਖੇਪ ਤੇ ਭਾਵਪੂਰਣ ਹੁੰਦਾ ਹੈ। ਇਸ ਲਈ ਉਨ੍ਹਾਂ ਦੀ ਲਿਖਤ ਦਾ ਵਿਸ਼ਲੇਸ਼ਣ ਕਰਕੇ ਅਨੁਵਾਦ ਕਰਨਾ ਪੈਂਦਾ ਹੈ। ਉਨ੍ਹਾਂ ਦੇ ਉਲੇਖ ਦੇ ਤਿੰਨ ਭਾਗ ਹਨ। ਪਹਿਲਾ ਔਲਿਵ ਦੇ ਮਰੀਜ਼ ਬਹੁਤ ਹੀ ਕਮਜ਼ੋਰ ਹੁੰਦੇ ਹਨ। ਉਨ੍ਹਾਂ ਵਿਚ ਲੰਮੇ ਪਏ ਰਹਿਣ ਤੋਂ ਬਿਨਾ ਕੋਈ ਸ਼ਕਤੀ ਨਹੀਂ ਬਚੀ ਹੁੰਦੀ। ਜੇ ਮਜਬੂਰੀ ਨਾਲ ਕੋਈ ਕੰਮ ਕਰਨਾ ਪੈ ਵੀ ਜਾਵੇ ਤਾਂ ਡਿੱਗੂੰ ਡਿੱਗੂੰ ਕਰਦੇ ਰਹਿਣਗੇ। ਚਲਣਗੇ ਤਾਂ ਸੋਟੀ ਦੇ ਸਹਾਰੇ ਤੇ ਖੜ੍ਹਨਗੇ ਤਾਂ ਦੀਵਾਰ, ਦਰਖਤ ਜਾਂ ਕਿਸੇ ਦੇ ਮੋਢੇ ਦੇ ਸਹਾਰੇ। ਕਮਜ਼ੋਰੀ ਦੇ ਮਾਰੇ ਇਹ ਵਿਅਕਤੀ ਦੂਜਿਆਂ ਤੋਂ ਸੁਖ ਭਾਲਦੇ ਰਹਿੰਦੇ ਹਨ। ਦੂਜਾ ਇਨ੍ਹਾਂ ਮਰੀਜ਼ਾਂ ਦੀ ਇਹ ਹਾਲਤ ਵਧੇਰੇ ਸਰੀਰਕ ਕੰਮ ਕਰ ਕੇ ਜਾਂ ਅਤਿਅੰਤ ਮਾਨਸਿਕ ਦੁਖ ਝੱਲ ਕੇ ਹੋਈ ਹੁੰਦੀ ਹੈ। ਇਸ ਦਾ ਭਾਵ ਇਹ ਹੈ ਕਿ ਇਹ ਕੋਈ ਅਚਨਚੇਤ ਬਿਮਾਰ ਨਹੀਂ ਹੋਏ ਹੁੰਦੇ, ਸਗੋਂ ਆਪਣੀ ਵਿੱਤ ਤੋਂ ਵੱਧ ਕੋਈ ਔਖਾ ਕੰਮ ਕਰ ਕੇ ਜਾਂ ਲੰਮਾ ਦੁਖ ਝੇਲ ਕੇ ਨਿਰਬਲ ਹੋਏ ਹੁੰਦੇ ਹਨ। ਜੇ ਇਹ ਓਕ ਦੇ ਮਰੀਜ਼ ਹੁੰਦੇ ਤਾਂ ਥਕਾਵਟ ਦੇ ਬਾਵਜੂਦ ਕੰਮ 'ਤੇ ਡਟੇ ਰਹਿੰਦੇ ਤੇ ਆਪਣਾ ਆਸਾਵਾਦੀ ਨਜ਼ਰੀਆ ਨਾ ਛੱਡਦੇ। ਬੀਮਾਰ ਹੁੰਦੇ ਤਾਂ ਵੀ ਮਰੂੰ ਮਰੂੰ ਨਾ ਕਰਦੇ ਹੁੰਦੇ, ਸਗੋਂ ਕੋਈ ਨਾ ਕੋਈ ਡਾਕਟਰੀ ਓਹੜ ਪੋਹੜ ਕਰਕੇ ਸਿਹਤਯਾਬੀ ਦਾ ਯਤਨ ਕਰਦੇ ਰਹਿੰਦੇ।

ਪਰ ਔਲਿਵ ਦੇ ਕਿਰਦਾਰ ਉਨ੍ਹਾਂ ਤੋਂ ਬਿਲਕੁਲ ਭਿੰਨ ਹੁੰਦੇ ਹਨ। ਇਨ੍ਹਾਂ ਵਿਚ ਹੋਰ ਕੰਮ ਕਰਨ ਜਾਂ ਦੁਖ ਬਰਦਾਸ਼ਤ ਕਰਨ ਦਾ ਗੁਰਦਾ ਨਹੀਂ ਹੁੰਦਾ। ਸ਼ਕਤੀਹੀਣ ਹੋਏ ਇਹ ਉੱਠ ਵੀ ਨਹੀਂ ਸਕਦੇ। ਤੀਜੇ, ਔਲਿਵ ਦੇ ਵਿਅਕਤੀ ਜੋ ਕੰਮ ਵੀ ਕਰਦੇ ਹਨ, ਉਸ ਨੂੰ ਭਾਰ ਸਮਝ ਕੇ ਕਰਦੇ ਹਨ। ਉਨ੍ਹਾਂ ਵਿਚ ਕੰਮ ਕਰਨ ਦਾ ਸ਼ੌਕ ਤੇ ਮਾਦਾ-ਦੋਵੇਂ ਨਹੀਂ ਬਚਦੇ। ਉਨ੍ਹਾਂ ਦਾ ਸਰੀਰ ਖੜ੍ਹਾ ਨਹੀਂ ਹੁੰਦਾ ਤੇ ਮਨ ਉਪਰਾਲਾ ਨਹੀਂ ਕਰਦਾ। ਕਿਸੇ ਵੀ ਕੰਮ ਕਰਨ ਵਿਚ ਇਕ ਮਨੁੱਖ ਨੂੰ ਜੋ ਕੁਦਰਤੀ ਅਨੰਦ ਆਉਂਦਾ ਹੈ, ਉਹ ਉਨ੍ਹਾਂ ਨੂੰ ਨਹੀਂ ਆਉਂਦਾ। ਉਹ ਸਕ੍ਰਿਆ ਜੀਵਨ ਵਿਚੋਂ ਰਿਟਾਇਰ ਹੋ ਗਏ ਹੁੰਦੇ ਹਨ ਜਾਂ ਹੋਣਾ ਚਾਹੁੰਦੇ ਹਨ। ਉਹ ਕੰਮ ਤੋਂ ਕੰਨੀ ਕਤਰਾਉਣ ਵਾਲੇ ਹਰਾਮੀ ਜਿਊੜੇ ਨਹੀਂ ਹੁੰਦੇ, ਸਗੋਂ ਸੱਚੀ ਮੁੱਚੀ ਦੇ ਹਫੇ-ਹਾਰੇ ਕਿਰਤੀ ਹੁੰਦੇ ਹਨ।

ਔਲਿਵ ਦੀ ਇਸ ਨਿਰਬਲਤਾ ਨੂੰ ਵਿਅਕਤ ਕਰਨ ਦੇ ਅਨੇਕਾਂ ਢੰਗ ਹੋ ਸਕਦੇ ਹਨ। ਸਰੀਰਕ ਤੇ ਮਾਨਸਿਕ ਤੌਰ 'ਤੇ ਤੰਗ ਹੋਏ ਵਿਅਕਤੀ ਆਪਣੀ ਦਸ਼ਾ ਨੂੰ ਵੱਖ ਵੱਖ ਰੂਪਾਂ ਵਿਚ ਪ੍ਰਗਟ ਕਰਦੇ ਹਨ। ਕੋਈ ਕਹਿੰਦਾ ਹੈ, "ਸਰੀਰ ਖੜ੍ਹਾ ਹੋਣ ਤੋਂ ਜਵਾਬ ਦਿੰਦਾ ਜਾ ਰਿਹਾ ਹੈ।" ਕੋਈ ਸਵਾਣੀ ਕਹਿੰਦੀ ਹੈ, "ਦਿਲ ਕਰਦਾ ਹੈ ਸਾਰਾ ਦਿਨ ਮੰਜਾ ਨਾ ਛੱਡਾਂ, ਖੜ੍ਹੀ ਹੋਣ ਦੀ ਪਰੋਖੋਂ ਨਹੀਂ ਰਹੀ।" ਕੋਈ ਆਖੇਗੀ, "ਮੈਂ ਤਾਂ ਉੱਠਣ ਤੋਂ ਵੀ ਗਈ। ਫਿਕਰ ਲੱਗਿਆ ਹੋਇਆ ਹੈ ਬੱਚਿਆਂ ਦਾ ਰੋਟੀ ਟੁੱਕ ਕਿਵੇਂ ਕਰੂੰ।" ਥੱਕਿਆ ਕਿਸਾਨ ਕਹੇਗਾ, "ਲਗਦਾ ਐ ਬੁਢਾਪਾ ਟੈਮ ਤੋਂ ਪਹਿਲਾਂ ਈ ਆ ਗਿਆ। ਸਰੀਰ ਮਿੱਟੀ ਹੋਣ ਲੱਗ ਪਿਐ।" ਕਈ ਇਹ ਵੀ ਕਹਿੰਦੇ ਹਨ, "ਬਹੁਤ ਕਰ ਲਿਆ, ਹੁਣ ਨ੍ਹੀਂ ਰੂਹ ਕਰਦੀ ਡੱਕਾ ਦੂਹਰਾ ਕਰਨ ਨੂੰ।"

ਗੱਲ ਕੀ, ਇਹ ਵਿਅਕਤੀ ਦੁਖ ਤੇ ਥਕਾਵਟ ਦੇ ਝੰਬੇ ਹੁੰਦੇ ਹਨ। ਆਮ ਤੌਰ 'ਤੇ ਇਹ ਲੋਕ ਘਰ ਵਿਚ ਕੰਮ-ਕਾਰ ਪਿੱਛੇ ਬਹਿਸਦੇ ਰਹਿੰਦੇ ਹਨ ਤੇ ਆਪਣਾ ਕੰਮ ਕਰਵਾਉਣ ਲਈ ਦੂਜਿਆਂ ਦੇ ਤਰਲੇ ਕਰਦੇ ਰਹਿੰਦੇ ਹਨ। ਇਹ ਓਹੀ ਲੋਕ ਹਨ, ਜਿਨ੍ਹਾਂ ਨੂੰ ਸੰਨਿਆਸੀ ਲੋਕ ਲੋਹੇ ਦੀ ਭਸਮ ਤੇ ਸੋਨੇ ਚਾਂਦੀ ਦੇ ਵਰਕ ਖਲਾਉਂਦੇ ਹਨ ਤੇ ਐਲੋਪੈਥਿਕ ਡਾਕਟਰ ਵਿਟਾਮਿਨ ਤੇ ਟਾਨਿਕ ਦਿੰਦੇ ਹਨ। ਹੋਮਿਓਪੈਥ ਇਨ੍ਹਾਂ ਨੂੰ ਅਲਾਮਤਾਂ ਅਨੁਸਾਰ ਐਸਟਿਕ ਐਸਿਡ, ਪਿਕਰਿਕ ਐਸਿਡ, ਐਸਿਡ ਮਿਊਰ, ਐਸਿਡ ਸਲਫ, ਐਸਿਡ ਫਾਸ, ਐਲੂਮੀਨਾ, ਕਾਰਬੋ ਐਨੀ, ਕੌਕੂਲਸ ਇੰਡ, ਚਾਈਨਾ ਔਫ, ਫੈਰਮ ਮੈਟ, ਫਾਸਫੋਰਸ, ਸਿਲੀਨੀਅਮ ਤੇ ਆਲਫਾਲਫਾ ਜਿਹੀ ਕੋਈ ਦਵਾਈ ਦਿੰਦੇ ਹਨ। ਜੇ ਇਹ ਕਿਸੇ ਆਯੁਰਵੈਦਿਕ ਹਕੀਮ ਕੋਲ ਜਾਣ ਤਾਂ ਉਹ ਇਨ੍ਹਾਂ ਨੂੰ ਘਿਓ, ਬਦਾਮ, ਖਸ-ਖਸ, ਚਵਨਪ੍ਰਾਸ਼ ਤੇ ਔਲੇ ਦਾ ਮੁਰੱਬਾ ਖਾਣ ਲਈ ਦੱਸਦੇ ਹਨ; ਪਰ ਇਨ੍ਹਾਂ ਦੀ ਸਮੱਸਿਆ ਦਾ ਸਿੱਧਾ, ਸੁਖਾਲਾ ਤੇ ਸਸਤਾ ਇਲਾਜ ਬੈਚ ਚਕਿਤਸਿਕ ਕੋਲ ਹੈ, ਜੋ ਔਲਿਵ ਦੀਆਂ ਕੁਝ ਖੁਰਾਕਾਂ ਦੇ ਕੇ ਇਨ੍ਹਾਂ ਵਿਚ ਮਜਬੂਤੀ ਭਰ ਦਿੰਦਾ ਹੈ।

ਗੰਭੀਰ ਹਾਲਤਾਂ ਵਿਚ ਔਲਿਵ ਦੇ ਮਰੀਜ਼ਾਂ ਦੀ ਉਹ ਹਾਲਤ ਹੁੰਦੀ ਹੈ, ਜੋ ਕਈ ਦਿਨ ਦੇ ਭੁੱਖੇ ਦੀ ਹੁੰਦੀ ਹੈ ਜਾਂ ਘਟੀ ਸੂਗਰ ਦੇ ਰੋਗੀ ਦੀ ਹੁੰਦੀ ਹੈ। ਉਹ ਆਪਣੇ ਆਪ ਪਾਣੀ ਦਾ ਗਿਲਾਸ ਵੀ ਨਹੀਂ ਚੁੱਕ ਸਕਦੇ। ਉਨ੍ਹਾਂ ਲਈ ਚਲਣਾ ਫਿਰਨਾ ਤਾਂ ਇਕ ਪਾਸੇ, ਉਂਗਲੀ ਉਠਾਉਣਾ ਜਾਂ ਸਿਰ ਹਿਲਾ ਕੇ ਇਸ਼ਾਰਾ ਕਰਨਾ ਵੀ ਜੋਖਮ ਦਾ ਕੰਮ ਹੁੰਦਾ ਹੈ। ਥੋੜ੍ਹੀ ਦੇਰ ਇਨ੍ਹਾਂ ਨੂੰ ਸੰਭਾਲਿਆ ਨਾ ਜਾਵੇ ਤਾਂ ਇਨ੍ਹਾਂ ਦਾ ਭੌਰ ਆਸਾਨੀ ਨਾਲ ਉਡ ਸਕਦਾ ਹੈ। ਜੇ ਉਨ੍ਹਾਂ ਦੀ ਇਹ ਹਾਲਤ ਸਿਰਫ ਭੁੱਖ-ਪਿਆਸ ਨਾਲ ਹੋਈ ਹੋਵੇ ਤਾਂ ਉਹ ਅੰਨ-ਪਾਣੀ ਨਾਲ ਠੀਕ ਹੋ ਜਾਂਦੇ ਹਨ, ਪਰ ਜੇ ਉਨ੍ਹਾਂ ਦੀ ਸੱਤਿਆ ਸਰੀਰਕ ਦੁਖ ਹੰਢਾਉਣ ਜਾਂ ਕੰਮ ਵਿਚ ਘਸਣ ਕਰ ਕੇ ਨਿਕਲੀ ਹੋਵੇ ਤਾਂ ਔਲਿਵ ਹੀ ਕੰਮ ਆਵੇਗੀ।




ਬੈਚ ਆਪਣੀ ਦੋ-ਤੁਕੀ ਵਿਆਖਿਆ ਵਿਚ ਲਿਖਦਾ ਹੈ ਕਿ ਔਲਿਵ ਦੇ ਮਰੀਜ਼ਾਂ ਦੀ ਕਮਜ਼ੋਰੀ ਤੇ ਹੋਰ ਤਕਲੀਫਾਂ ਲੰਮਾ ਦੁਖ ਤੇ ਸਰੀਰਕ ਘਾਲਣਾ ਕਰਕੇ ਪੈਦਾ ਹੁੰਦੀਆਂ ਹਨ, ਜਿਸ ਕਰ ਕੇ ਉਹ ਆਪਣੇ ਕੰਮ ਨੂੰ ਸਵਾਦ ਨਾਲ ਨਹੀਂ ਮਾਣਦੇ। ਜਰਾ ਸੋਚੋ, ਵਿਅਕਤੀ ਦੀ ਇਹ ਹਾਲਤ ਕਦੋਂ ਹੁੰਦੀ ਹੈ? ਜਿੰਨੀ ਦੁਨੀਆਂ ਰਾਤ ਨੂੰ ਕੰਮ ਕਰਦੀ ਹੈ, ਉਸ ਵਿਚ ਔਲਿਵ ਦੇ ਇਹ ਨਿਸ਼ਾਨ ਪੈਦਾ ਹੋਣੇ ਲਾਜ਼ਮੀ ਹਨ। ਕੋਈ ਵਿਅਕਤੀ ਰਾਤ ਨੂੰ ਜਾਗ ਕੇ ਕੰਮ ਕਰਨਾ ਪਸੰਦ ਨਹੀਂ ਕਰਦਾ, ਕਿਉਂਕਿ ਇਹ ਕੁਦਰਤ ਦੇ ਪ੍ਰਬੰਧਨ ਦੇ ਉਲਟ ਹੈ। ਰਾਤ ਨੂੰ ਜਾਗਣ ਵਾਲੇ ਦਿਨੇ ਜਿੰਨੇ ਮਰਜ਼ੀ ਹਨੇਰਾ ਕਰ ਕੇ ਸੌਣ, ਰਾਤ ਵਾਲੀ ਨੀਂਦ ਨਹੀਂ ਮਾਣ ਸਕਦੇ। ਸਿਰ 'ਤੇ ਖੜ੍ਹੇ ਸੂਰਜ ਦੀ ਰੇਡੀਏਸ਼ਨ ਉਨ੍ਹਾਂ ਨੂੰ ਬੇਆਰਾਮ ਕਰਦੀ ਹੈ। ਥੋੜ੍ਹਾ ਸੌਣ ਤੋਂ ਬਾਅਦ ਉਹ ਉੱਠ ਖੜ੍ਹਦੇ ਹਨ ਤੇ ਫਿਰ ਅਰਧ-ਬੁਖਾਰ ਦੀ ਹਾਲਤ ਵਿਚ ਫਿਰਦੇ ਰਹਿੰਦੇ ਹਨ। ਹੌਲੀ ਹੌਲੀ ਇਨ੍ਹਾਂ ਦੀ ਖੁਰਾਕ ਤੇ ਪਾਚਨ ਸ਼ਕਤੀ ਵਿਗੜ ਜਾਂਦੀ ਹੈ, ਵਜ਼ਨ ਘਟ ਜਾਂਦਾ ਹੈ ਤੇ ਚਿਹਰੇ ਦੀ ਰੌਣਕ ਉਡ ਜਾਂਦੀ ਹੈ। ਚੌਵੀ ਘੰਟੇ ਹਨੇਰਿਆਂ ਵਿਚ ਰਹਿਣ ਕਾਰਨ ਇਨ੍ਹਾਂ ਦਾ ਰੰਗ ਪੀਲਾ ਪੈ ਜਾਂਦਾ ਹੈ ਤੇ ਕਮਜ਼ੋਰੀ ਆ ਜਾਂਦੀ ਹੈ। ਸੀਮਤ ਲੋਕਾਂ ਦੀ ਸੰਗਤ ਵਿਚ ਰਹਿਣ ਤੇ ਦਿਨ ਦੀ ਫੁਰਤੀਲੀ ਦੁਨੀਆਂ ਦੇ ਸੰਪਰਕ ਤੋਂ ਕਟ ਜਾਣ ਕਰਕੇ ਇਨ੍ਹਾਂ ਦਾ ਮਾਨਸਿਕ ਵਿਕਾਸ ਸੁੰਗੜ ਜਾਂਦਾ ਹੈ। ਅੰਤ ਵਿਚ ਉਹ ਚਿੜਚਿੜੇ ਤੇ ਮੁਰਝਾਏ ਬਣ ਕੇ ਦਿਨ ਕੱਟਦੇ ਹਨ। ਔਲਿਵ ਦੀ ਵਰਤੋਂ ਨਾਲ ਉਨ੍ਹਾਂ 'ਤੇ ਮੁੜ ਪਾਣੀ ਫਿਰ ਸਕਦਾ ਹੈ।

ਨਰਸਿੰਗ ਤੇ ਸਿਹਤ ਸੰਭਾਲ ਦੇ ਕਿੱਤਿਆਂ ਨਾਲ ਜੁੜੇ ਵਿਅਕਤੀ ਮੁਸ਼ੱਕਤ ਤੇ ਬੇਆਰਾਮੀ ਦਾ ਕਹਿਰ ਦੂਜਿਆਂ ਨਾਲੋਂ ਕੁਝ ਵਧੇਰੇ ਝੱਲਦੇ ਹਨ। ਜੇ ਉਨ੍ਹਾਂ ਦਾ ਕੰਮ ਰਾਤ ਦਾ ਹੋਵੇ ਤੇ ਰਾਤ ਨੂੰ ਪਲ ਭਰ ਵੀ ਸੌਣ ਦੇ ਮੌਕੇ ਨਾ ਹੋਣ, ਫਿਰ ਤਾਂ ਉਨ੍ਹਾਂ ਲਈ ਹੋਰ ਵੀ ਔਖਾ ਹੁੰਦਾ ਹੈ। ਰਾਤ ਨੂੰ ਆਪ ਜਾਗ ਕੇ ਮਰੀਜ਼ਾਂ ਨੂੰ ਸੁਲਾਉਣਾ, ਉਨ੍ਹਾਂ ਨੂੰ ਉਠਾ ਕੇ ਦਵਾਈਆਂ ਦੇਣੀਆਂ, ਉਨ੍ਹਾਂ ਦੇ ਪਾਣੀ-ਧਾਣੀ ਤੇ ਗਿੱਲੇ-ਸੁੱਕੇ ਦਾ ਧਿਆਨ ਰੱਖਣਾ ਬੜੀ ਜ਼ਿੰਮੇਵਾਰੀ ਦਾ ਕੰਮ ਹੈ। ਦੂਜਿਆਂ ਨੂੰ ਜ਼ਿੰਦਗੀ ਦੇਣ ਵਾਲੇ ਇਨ੍ਹਾਂ ਕਾਮਿਆਂ ਨੂੰ ਆਪਣੇ ਜੀਵਨ ਦੇ ਸੁਖ ਮਨਫੀ ਕਰਨੇ ਪੈਂਦੇ ਹਨ, ਭਾਵ ਦੂਜਿਆਂ ਨੂੰ ਸ਼ਕਤੀ ਬਖਸ਼ਦੇ ਹੋਏ ਉਹ ਆਪ ਨਿਰਬਲ ਤੇ ਨੀਰਸ ਹੋ ਜਾਂਦੇ ਹਨ। ਦੁਨੀਆਂ ਵਿਚ ਕੋਈ ਇਨਾਮ ਨਹੀਂ, ਜੋ ਉਨ੍ਹਾਂ ਦਾ ਘਾਟਾ ਪੂਰਾ ਕਰ ਸਕੇ। ਸ਼ਾਇਦ ਇਸੇ ਲਈ ਉਹ ਆਪਣਾ ਕੰਮ ਮਨੁੱਖਤਾ ਦੀ ਸੇਵਾ ਸਮਝ ਕੇ ਕਰਦੇ ਹਨ। ਇਹੀ ਉਨ੍ਹਾਂ ਦੀ ਮਿਹਨਤ ਦਾ ਵੱਡਾ ਪੁਰਸਕਾਰ ਹੈ। ਫੁੱਲ ਦਵਾਈ ਔਲਿਵ ਇਨ੍ਹਾਂ ਕਾਮਿਆਂ ਵਿਚ ਜਾਨ ਭਰ ਕੇ ਮੁੜ ਵਸੇਬੇ ਦਾ ਕੰਮ ਕਰ ਸਕਦੀ ਹੈ।

ਔਲਿਵ ਵਾਲੀ ਹਾਲਤ ਬੱਚਿਆਂ ਨੂੰ ਸੰਭਾਲਣ ਵਾਲੇ ਬੇਬੀ-ਸਿੱਟਰਾਂ (Baby Sitters), ਬਿਰਧ ਆਸ਼ਰਮਾਂ ਵਿਚ ਬਜ਼ੁਰਗਾਂ ਦੀ ਸੰਭਾਲ ਕਰਨ ਵਾਲਿਆਂ, ਪਿੰਗਲਵਾੜਿਆਂ ਵਿਚ ਨਿਸਹਾਰਿਆਂ ਦੀ ਸੇਵਾ ਕਰਨ ਵਾਲਿਆਂ ਤੇ ਵਿਸ਼ੇਸ਼ ਕਲਾਸਾਂ ਵਿਚ ਪੜ੍ਹਾਉਣ ਵਾਲਿਆਂ (Special Education Teachers) ਦੀ ਵੀ ਹੁੰਦੀ ਹੈ। ਇਹ ਵਿਅਕਤੀ ਸਾਧਾਰਣ ਕੰਮ ਨਹੀਂ ਕਰ ਰਹੇ ਹੁੰਦੇ, ਸਗੋਂ ਬੜੇ ਜੋਖਮ ਵਾਲੇ ਕੰਮ ਨਾਲ ਜੂਝ ਰਹੇ ਹੁੰਦੇ ਹਨ। ਇਨ੍ਹਾਂ ਦਾ ਕਾਰਜ ਇਨ੍ਹਾਂ ਦਾ ਹਰ ਵੇਲੇ ਦਾ ਸਮੁੱਚਾ ਧਿਆਨ ਮੰਗਦਾ ਹੈ। ਇਸ ਧਿਆਨ ਬਦਲੇ ਇਨ੍ਹਾਂ ਦਾ ਆਪਣਾ ਕੋਈ ਮਨੋਰਥ ਸਫਲ ਨਹੀਂ ਹੋ ਰਿਹਾ ਹੁੰਦਾ ਤੇ ਨਾ ਕੋਈ ਮਨੋਰੰਜਨ ਹੋ ਰਿਹਾ ਹੁੰਦਾ ਹੈ। ਤਨਖਾਹ ਤੋਂ ਬਿਨਾ ਇਨ੍ਹਾਂ ਨੂੰ ਇਸ ਕੰਮ ਤੋਂ ਕੁਝ ਨਹੀਂ ਮਿਲਦਾ। ਇਸ ਲਈ ਜਦੋਂ ਤੀਕ ਉਹ ਮਦਰ ਟਰੇਸਾ ਜਾਂ ਭਗਤ ਪੂਰਨ ਸਿੰਘ ਵਾਂਗ ਆਪਣੇ ਪੇਸ਼ੇ ਨੂੰ ਪ੍ਰਣਾਏ ਨਾ ਹੋਣ, ਉਹ ਆਪਣੇ ਕੰਮ ਤੋਂ ਜਲਦੀ ਉਪਰਾਮ ਹੋ ਜਾਂਦੇ ਹਨ। ਉਚਾਟ ਹੋਏ ਉਹ ਉੱਥੇ ਕੰਮ ਤਾਂ ਕਰਦੇ ਰਹਿੰਦੇ ਹਨ, ਪਰ ਉਨ੍ਹਾਂ ਦਾ ਮਨ ਕਿਤੇ ਹੋਰ ਰਹਿੰਦਾ ਹੈ। ਕੁਦਰਤੀ ਤੌਰ 'ਤੇ ਹਰ ਮਨੁੱਖ ਆਪਣੇ ਕੰਮ ਵਿਚੋਂ ਆਪਣਾ ਵਿਕਾਸ ਅਤੇ ਮਨ ਲਾਉਣ ਦਾ ਵਸੀਲਾ ਭਾਲਦਾ ਹੈ ਤਾਂ ਜੋ ਉਸ ਦਾ ਕੰਮ ਵਿਚ ਦਿਲ ਲੱਗਿਆ ਰਹੇ। ਕਹਿੰਦੇ ਹਨ, ਔਰਤਾਂ ਨੂੰ ਪੁਰਸ਼ਾਂ ਨਾਲ ਕੰਮਾਂ ਕਾਜਾਂ ਵਿਚ ਭਰਤੀ ਕਰਨ ਪਿੱਛੇ ਵੀ ਇਹੀ ਮਨੋਰਥ ਹੈ, ਪਰ ਉਪਰੋਕਤ ਕਿੱਤੇ ਅਜਿਹੇ ਹਨ, ਜਿਨ੍ਹਾਂ ਵਿਚ ਕਾਮੇ ਦਾ ਨਾ ਤਾਂ ਮਾਨਸਿਕ ਵਿਕਾਸ ਹੁੰਦਾ ਹੈ ਤੇ ਨਾ ਹੀ ਮਨੋਰੰਜਨ। ਘਰ ਵਿਚ ਕਈ ਕਈ ਬੱਚੇ ਸੰਭਾਲਣ ਵਾਲੀ ਮਾਂ ਦੀ ਸਥਿਤੀ ਇਕ ਬੇਬੀ ਸਿੱਟਰ ਤੋਂ ਚੰਗੀ ਤੇ ਵੱਖਰੀ ਹੈ। ਉਹ ਆਪਣੀ ਸੰਤਾਨ ਦਾ ਵਿਕਾਸ ਦੇਖ ਕੇ ਅਲੌਕਿਕ ਖੁਸ਼ੀ ਪ੍ਰਾਪਤ ਕਰਦੀ ਹੈ ਤੇ ਉਸੇ ਵਿਚ ਮਗਨ ਰਹਿੰਦੀ ਹੈ। ਬੇਬੀ ਸਿੱਟਰ ਜਾਂ ਬਿਰਧ ਆਸ਼ਰਮ ਦੇ ਕਾਮਿਆਂ ਨਾਲ ਅਜਿਹਾ ਕੁਝ ਨਹੀਂ ਵਾਪਰਦਾ। ਉਹ ਇਕੋ ਤਰ੍ਹਾਂ ਦਾ (Monotonous) ਕੰਮ ਕਰਦੇ ਥੱਕ ਜਾਂਦੇ ਹਨ ਤੇ ਕਮਜ਼ੋਰੀ ਦੀ ਅਵਸਥਾ ਵਿਚ ਪਹੁੰਚ ਜਾਂਦੇ ਹਨ। ਔਲਿਵ ਫੁੱਲ ਦਵਾਈ ਅਜਿਹੇ ਨਿਰਬਲ ਕਾਮਿਆਂ ਦਾ ਸਹਾਰਾ ਬਣਦੀ ਹੈ।

ਕਿਸੇ ਨੇ ਮੇਰਾ ਫੋਨ ਨੰਬਰ ਦੱਸ ਕੇ ਸੈਨ ਹੋਜ਼ੇ ਤੋਂ ਮੇਰੇ ਕੋਲ ਇਕ ਮਰੀਜ਼ ਭੇਜੀ। ਛੱਤੀ ਸਾਲ ਦੀ ਇਸ ਬੀਬੀ ਨੇ ਦੱਸਿਆ ਕਿ ਉਸ ਨੂੰ ਭੁੱਖ ਪਿਆਸ ਨਹੀਂ ਲਗਦੀ ਤੇ ਤੁਰਨ ਲੱਗਿਆਂ ਸਾਹ ਚੜ੍ਹਦਾ ਹੈ। ਸਰੀਰ ਜਕੜਿਆ ਰਹਿੰਦਾ ਹੈ ਤੇ ਕਮਜ਼ੋਰੀ ਕਾਰਨ ਉਸ ਤੋਂ ਉਸ ਦਾ ਕੰਮ ਕਾਜ ਵੀ ਸਹੀ ਢੰਗ ਨਾਲ ਨਹੀਂ ਹੁੰਦਾ। ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਪਿਛਲੇ ਸੱਤਾਂ ਸਾਲਾਂ ਤੋਂ ਸਕੂਲ ਵਿਚ ਸਪੈਸ਼ਲ ਏਡ (Aide) ਭਾਵ ਸਪੈਸ਼ਲ ਐਜੂਕੇਸ਼ਨ ਕਲਾਸ ਵਿਚ ਅਧਿਆਪਕ ਦੀ ਸਹਾਇਕ ਵਜੋਂ ਕੰਮ ਕਰ ਰਹੀ ਸੀ। ਉਸ ਦੇ ਕਹਿਣ ਅਨੁਸਾਰ ਉਸ ਦਾ ਕੰਮ ਛੋਟੇ ਬੱਚਿਆਂ ਨੂੰ ਬਿਠਾ ਕੇ ਰੱਖਣ ਦਾ ਸੀ ਤਾਂ ਜੋ ਅਧਿਆਪਕ ਉਨ੍ਹਾਂ ਨੂੰ ਪੜ੍ਹਾ ਸਕੇ। ਕੰਮ ਬਹੁਤ ਔਖਾ ਸੀ ਤੇ ਉਹ ਇੱਧਰੋਂ ਉੱਧਰ ਵੀ ਨਹੀਂ ਸੀ ਦੇਖ ਸਕਦੀ। ਉੱਤੋਂ ਉਸ ਦਾ ਹੈਡ-ਟੀਚਰ ਇੰਨਾ ਸਖਤ ਸੀ ਕਿ ਉਹ ਉਸ ਨੂੰ ਸਾਹ ਨਹੀਂ ਕੱਢਣ ਦਿੰਦਾ ਸੀ। ਇਕ ਵਾਰ ਉਸ ਨੇ ਆਪਣੇ ਮਨੋਭਾਵ ਆਪਣੀ ਇਕ ਸਹਿਕਰਮਣ ਨਾਲ ਸਾਂਝੇ ਕੀਤੇ ਤਾਂ ਉਸ ਨੇ ਉਸ ਦੀ ਸ਼ਕਾਇਤ ਉੱਪਰ ਕਰ ਦਿੱਤੀ। ਦੂਜੇ ਦਿਨ ਹੀ ਉਸ ਨੂੰ ਤਾੜਨਾ ਭਰਿਆ ਨੋਟਿਸ ਆ ਗਿਆ। ਆਪਣਾ ਪੱਖ ਸਮਝਾ ਕੇ ਉਹ ਮਸਾਂ ਬਚੀ। ਉਦੋਂ ਦੀ ਉਹ ਚੁੱਪ ਚਾਪ ਘੜੀਆਂ ਗਿਣ ਗਿਣ ਵਕਤ ਲੰਘਾਉਂਦੀ ਹੈ। ਇਸ ਡਾਢੇ ਮਾਹੌਲ ਕਾਰਨ ਉਸ ਨਾਲ ਦੀਆਂ ਕਈ ਲੜਕੀਆਂ ਛੱਡ ਛੱਡ ਚਲੀਆਂ ਗਈਆਂ ਸਨ। ਭਾਵੇਂ ਉਸ ਦਾ ਮਨ ਇਸ ਕੰਮ ਵਿਚ ਨਹੀਂ ਸੀ ਲਗਦਾ, ਪਰ ਮਜਬੂਰੀ ਵਸ ਉਹ ਉਸ ਜਾਬ ਨੂੰ ਛੱਡ ਨਹੀਂ ਸੀ ਸਕਦੀ। ਇੱਦਾਂ ਬਿਆਨ ਕਰ ਕੇ ਉਹ ਮੇਰੇ ਕੋਲੋਂ ਕੋਈ ਬਲਵਰਧਕ ਦਵਾਈ ਮੰਗਣ ਲੱਗੀ। ਉਸ ਦੀ ਘੋਰ ਮੁਸ਼ੱਕਤ, ਘੁਟਨ ਤੇ ਥਕਾਨ ਵਾਲੀ ਦਾਸਤਾਂ ਸੁਣ ਕੇ ਮੈਂ ਉਸ ਨੂੰ ਬੈਚ ਫੁੱਲ ਦਵਾ ਔਲਿਵ ਚਾਰ ਚਾਰ ਤੁਪਕੇ ਸਵੇਰੇ-ਸ਼ਾਮ ਪਾਣੀ ਵਿਚ ਪਾ ਕੇ ਲਗਾਤਾਰ ਲੈਣ ਲਈ ਕਿਹਾ। ਪਿਛਲੇ ਪੰਜ ਸਾਲਾਂ ਤੋਂ ਇਹ ਬੀਬੀ ਆਪਣੇ ਆਪ ਨੂੰ ਬੜੀ ਮਜ਼ਬੂਤ ਸਮਝ ਰਹੀ ਹੈ ਤੇ ਉਸੇ ਸੰਸਥਾ ਵਿਚ ਅਧਿਆਪਕ ਬਣਨ ਦਾ ਕੋਰਸ ਕਰ ਰਹੀ ਹੈ।

ਵਿਸ਼ੇਸ਼ ਵਿਅਕਤੀਆਂ ਵਿਚ ਹੀ ਨਹੀਂ, ਔਲਿਵ ਦੀਆਂ ਅਲਾਮਤਾਂ ਕਈ ਵਿਸ਼ੇਸ਼ ਮਨੁੱਖੀ ਹਾਲਤਾਂ ਵਿਚ ਵੀ ਪਾਈਆਂ ਜਾਂਦੀਆਂ ਹਨ। ਜਦੋਂ ਵੀ ਕੋਈ ਵਿਅਕਤੀ ਕਿਸੇ ਤਰ੍ਹਾਂ ਦਾ ਸੰਤਾਪ ਹੰਢਾ ਰਿਹਾ ਹੋਵੇ ਜਾਂ ਹੰਢਾ ਕੇ ਹਟਿਆ ਹੋਵੇ, ਉਸ ਨੂੰ ਇਹ ਦਵਾਈ ਦੇਣੀ ਬਣਦੀ ਹੀ ਹੈ। ਇਸ ਦੀਆਂ ਪਹਿਲੀਆਂ ਹੱਕਦਾਰ ਉਹ ਮਾਂਵਾਂ ਹਨ, ਜੋ ਜਣੇਪੇ ਜਾਂ ਇਸ ਤੋਂ ਪੈਦਾ ਹੋਏ ਸੰਕਟਾਂ ਕਾਰਨ ਮੰਜੇ ਨਾਲ ਲੱਗ ਜਾਂਦੀਆਂ ਹਨ। ਇਹ ਫੁੱਲ ਦਵਾ ਇਨ੍ਹਾਂ ਦੀ ਘਿਓ, ਪੰਜੀਰੀ ਤੇ ਟਹਿਲ ਸੇਵਾ ਨਾਲੋਂ ਵੀ ਵੱਧ ਸਹਾਇਤਾ ਕਰੇਗੀ। ਗੁੱਝੀਆਂ ਚੋਟਾਂ ਕਾਰਨ ਮੰਜੇ ਨਾਲ ਲੱਗੇ ਮਰੀਜ਼ ਵੀ ਇਸ ਤੋਂ ਬਹੁਤ ਲਾਭ ਉਠਾ ਸਕਦੇ ਹਨ। ਕੈਂਸਰ ਦੀ ਹਾਲਤ ਵਿਚ ਕਈ ਮਰੀਜ਼ਾਂ ਨੂੰ ਕੀਮੋ-ਥੈਰੇਪੀ ਲਈ ਭੇਜਿਆ ਜਾਂਦਾ ਹੈ, ਜਿਥੋਂ ਉਹ ਬਹੁਤ ਹੀ ਨਿਰਬਲ ਹੋ ਕੇ ਪਰਤਦੇ ਹਨ। ਉਸ ਹਾਲਤ ਵਿਚ ਔਲਿਵ ਨਾਲ ਉਨ੍ਹਾਂ ਦੀ "ਫੁੱਲ-ਥੈਰੇਪੀ" ਕਰਨੀ ਬਣਦੀ ਹੈ।

ਦਰਖਤਾਂ, ਖੰਭਿਆਂ, ਗੰਡੋਲਿਆਂ 'ਤੇ ਟੰਗੇ ਅਤੇ ਉੱਚੇ ਟਾਵਰਾਂ 'ਤੇ ਬੈਠੇ ਭੁੱਖੇ-ਪਿਆਸੇ ਬੰਦਿਆਂ ਲਈ ਵੀ ਇਸ ਦੀ ਪ੍ਰਥਮ ਲੋੜ ਹੈ। ਮਰਨ ਵਰਤ ਤੋੜਨ ਵਾਲੇ ਲੀਡਰਾਂ ਨੂੰ ਪਿਲਾਉਣ ਵਾਲੇ ਜੂਸ ਦੇ ਗਿਲਾਸ ਵਿਚ ਜੇ ਔਲਿਵ ਦੇ ਚਾਰ ਤੁਪਕੇ ਪਾ ਦਿੱਤੇ ਜਾਣ ਤਾਂ ਉਹ ਛੇਤੀ ਸਵਸਥ ਹੋ ਸਕਦੇ ਹਨ। ਲੰਮੀਆਂ ਸਮਾਧੀਆਂ ਤੋਂ ਉੱਠੇ ਸੰਤ ਮਹਾਤਮਾਵਾਂ, ਬਰਫਾਂ ਵਿਚੋਂ ਕੱਢੇ ਜਵਾਨਾਂ, ਦਰਿਆਵਾਂ ਤੇ ਜੰਗਲਾਂ ਵਿਚੋਂ ਭਾਲ ਕੇ ਪ੍ਰਾਪਤ ਕੀਤੇ ਸੈਲਾਨੀਆਂ, ਟਿਊਬਵੈਲਾਂ ਦੀਆਂ ਖੂਹੀਆਂ 'ਚੋਂ ਕੱਢੇ ਬੱਚਿਆਂ ਤੇ ਹਵਾਲਾਤੀ ਕੈਦੀਆਂ ਲਈ ਇਹ ਵਰਦਾਨ ਹੈ। ਰਾਤ ਨੂੰ ਕੰਮ ਕਰਦੇ ਚੌਕੀਦਾਰ, ਸਿਕਿਉਰਿਟੀ ਗਾਰਡ, ਨਰਸਾਂ, ਡਾਕਟਰ, ਡਰਾਈਵਰ, ਵਿਦਿਆਰਥੀ ਤੇ ਨੌਕਰੀ ਪੇਸ਼ਾ ਔਰਤਾਂ ਤਾਂ ਇਸ ਦਾ ਸੇਵਨ ਲਗਾਤਾਰ ਕਰਨ। ਹੜ੍ਹਾਂ, ਸੁਨਾਮੀਆਂ, ਭੁਚਾਲਾਂ ਤੇ ਬਿਲਡਿੰਗਾਂ ਡਿੱਗਣ ਕਾਰਨ ਮਲ੍ਹਬੇ ਵਿਚ ਫਸੇ ਬਦਕਿਸਮਤਾਂ ਤੇ ਕੋਲੇ ਦੀਆਂ ਖਾਣਾਂ ਵਿਚ ਪਾਣੀ ਭਰਨ ਕਾਰਨ ਅੰਦਰ ਡੱਕੇ ਮਜ਼ਦੂਰਾਂ 'ਤੇ ਵੀ ਇਹ ਚਮਤਕਾਰੀ ਅਸਰ ਕਰੇਗੀ। ਹੈਜੇ, ਵਾਇਰਲ ਬੁਖਾਰ, ਟਾਈਫਾਈਡ ਤੇ ਕਰੋਨਾ ਤੋਂ ਬਾਅਦ ਤਾਂ ਕਮਜ਼ੋਰੀ ਦੂਰ ਕਰਨ ਲਈ ਇਸ ਦੀ ਲੋੜ ਪੈਂਦੀ ਹੀ ਹੈ। ਜਿਹੜੀਆਂ ਬੀਬੀਆਂ ਮਹਾਵਾਰੀ ਦੌਰਾਨ ਦਰਦ ਤੇ ਕਮਜ਼ੋਰੀ ਕਾਰਨ ਖੜ੍ਹੀਆਂ ਨਹੀਂ ਹੋ ਸਕਦੀਆਂ, ਉਹ ਤਾਂ ਇਸ ਨੂੰ ਹਮੇਸ਼ਾ ਆਪਣੇ ਕੋਲ ਰੱਖਣ। ਬਾਰ ਬਾਰ ਖੂਨਦਾਨ ਤੋਂ ਅਨੀਮੀਆ ਦੇ ਸ਼ਿਕਾਰ ਹੋਏ ਨੌਜਵਾਨ ਵੀ ਇਸ

(ਬਾਕੀ ਅਗਲੇ ਸਫੇ 'ਤੇ)

ਪੁਸਤਕ ਚਰਚਾ

# 'ਅੰਦਰੇਟੇ ਦਾ ਜੋਗੀ' ਪੜ੍ਹਦਿਆਂ...


ਡਾ. ਗੁਰਬਖਸ਼ ਸਿੰਘ ਭੰਡਾਲ

ਨਿਊ ਯਾਰਕ ਵਿਚ ਰਹਿਣ ਵਾਲੇ ਡਾ. ਪ੍ਰੇਮ ਮਾਨ ਪੰਜਾਬੀ ਅਦਬ ਨੂੰ ਪਿਆਰ ਕਰਨ ਵਾਲੇ ਅਤੇ ਸਾਹਿਤ ਦੀਆਂ ਸੂਖਮ-ਰਮਜ਼ਾਂ ਦੀ ਸਮਝ ਰੱਖਣ ਵਾਲੇ ਜ਼ਹੀਨ ਇਨਸਾਨ ਹਨ, ਜਿਨ੍ਹਾਂ ਨੇ 48 ਸਾਲਾਂ ਬਾਅਦ 'ਅੰਦਰੇਟੇ ਦਾ ਜੋਗੀ' ਰਾਹੀਂ ਕਲਮ ਦੀ ਚੁੱਪ ਨੂੰ ਤੋੜਿਆ ਹੈ। 1970 ਵਿਚ 'ਚੁਬਾਰੇ ਦੀ ਇੱਟ' (ਕਹਾਣੀ ਸੰਗ੍ਰਹਿ) ਤੇ 1972 ਵਿਚ 'ਪਲਕਾਂ ਡੱਕੇ ਹੰਝੂ' (ਗਜ਼ਲ ਸੰਗ੍ਰਹਿ) ਤੋਂ ਬਾਅਦ 2020 ਵਿਚ ਰੇਖਾ-ਚਿੱਤਰਾਂ ਦੀ ਇਹ ਪੁਸਤਕ ਪੰਜਾਬੀ ਪਿਆਰਿਆਂ ਦੀ ਨਜ਼ਰ-ਏ-ਅਨਾਇਤ ਹੈ। ਇਸ ਵਿਚ ਅੱਠ ਰੇਖਾ-ਚਿੱਤਰ ਹਨ ਤੇ ਇਕ ਸਾਹਿਤਕ ਯਾਦਾਂ 'ਚ ਗੜੁੱਚਿਆ ਲੇਖ ਹੈ।


ਇਹ ਰੇਖਾ-ਚਿੱਤਰ, ਦਰਅਸਲ ਸ਼ਖਸੀ ਸੁੱਚਮ ਤੇ ਉਚਮ ਨੂੰ ਪਾਰਦਰਸ਼ਤਾ ਨਾਲ ਪੇਸ਼ ਕਰਦੇ ਨੇ। ਨਿੱਜੀ ਗੁਫਤਗੂ ਤੇ ਮੁਲਾਕਾਤਾਂ ਦੌਰਾਨ ਨਿੱਕੀਆਂ-ਨਿੱਕੀਆਂ ਗੱਲਾਂ ਅਤੇ ਉਨ੍ਹਾਂ ਦੇ ਹੁੰਗਾਰਿਆਂ ਵਿਚੋਂ ਵਿਅਕਤੀ ਦੇ ਅੰਦਰ ਬੈਠਾ ਉਹ ਮਨੁੱਖ ਬੋਲਦਾ ਹੈ, ਜਿਸ ਨੂੰ ਸਮਝਣ ਅਤੇ ਉਸ ਦੀ ਰੂਹ ਦੇ ਦੀਦਾਰ ਲਈ ਇਹ ਰੇਖਾ-ਚਿੱਤਰ ਲਿਖੇ ਗਏ ਨੇ। ਡਾ. ਮਾਨ ਦੀ ਖੂਬੀ ਹੈ ਕਿ ਉਹ ਖੁਦ ਇਨ੍ਹਾਂ ਰੇਖਾ-ਚਿੱਤਰਾਂ ਵਿਚੋਂ ਗਾਇਬ ਹਨ ਅਤੇ ਸਿਰਫ ਸਬੰਧਤ ਵਿਅਕਤੀ ਸਮੁੱਚ ਵਿਚ ਹਾਜ਼ਰ-ਨਾਜ਼ਰ, ਮਨ ਦੀਆਂ ਤਹਿਆਂ ਫਰੋਲਦਾ ਹੈ। ਬਿਨ-ਉਚੇਚ ਤੇ ਸਧਾਰਨਤਾ ਭਰੀ ਲਿਖਤ ਵਿਚੋਂ ਵਿਅਕਤੀ ਨੂੰ ਪੜ੍ਹਨਾ ਅਸਾਨ ਹੈ।

ਮਹਾਨ ਚਿੱਤਰਕਾਰ ਸ. ਸੋਭਾ ਸਿੰਘ ਦਾ ਰੇਖਾ-ਚਿੱਤਰ, 1971 ਵਿਚ ਅੰਦਰੇਟੇ ਵਿਖੇ ਹੋਈ ਮਿਲਣੀ 'ਤੇ ਆਧਾਰਤ ਹੈ। ਕਮਾਲ ਇਹ ਹੈ ਕਿ ਡਾ. ਮਾਨ ਨੇ ਇਸ ਮਿਲਣੀ ਦੀਆਂ ਲਿਖਤੀ ਯਾਦਾਂ ਨੂੰ 2015 ਤੀਕ ਸਾਂਭੀ ਰੱਖਿਆ। ਉਨ੍ਹਾਂ ਨਾਲ 5 ਘੰਟਿਆਂ ਦੀ ਮਿਲਣੀ ਦੌਰਾਨ ਉਸ ਦੀ ਸ਼ਖਸੀਅਤ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕਰਨ ਦੇ ਨਾਲ-ਨਾਲ, ਗੱਲਬਾਤ ਵਿਚੋਂ ਉਸ ਸਮੇਂ ਦੇ ਕਈ ਵੱਡੇ ਲੇਖਕਾਂ ਦੇ ਰੰਗ ਵੀ ਉਘੜਦੇ ਨੇ।

ਉਘੇ ਲੇਖਕ ਬਲਬੀਰ ਮੋਮੀ ਨਾਲ ਉਨ੍ਹਾਂ ਦੀ ਸਾਂਝ 1971 ਤੋਂ ਹੈ। ਉਨ੍ਹਾਂ ਨੇ ਮੋਮੀ ਦੇ ਵਿਅਕਤੀਤਵ ਨੂੰ ਚਿਤਰਦਿਆਂ ਉਸ ਦੇ ਸਾਖਸ਼ਾਤ ਦੀਦਾਰੇ ਕਰਵਾ ਦਿੱਤੇ ਹਨ, ਜੋ ਮੇਰੀ ਚੇਤਨਾ ਦਾ ਵੀ ਹਿੱਸਾ ਹਨ, ਕਿਉਂਕਿ ਬਰੈਂਪਟਨ ਵਿਚ ਰਹਿੰਦਿਆਂ ਅਕਸਰ ਹੀ ਉਨ੍ਹਾਂ ਨੂੰ ਮਿਲਦਾ ਸਾਂ। ਬਲਬੀਰ ਮੋਮੀ ਦਾ ਅੱਥਰਾਪਣ, ਬੇਬਾਕੀ ਅਤੇ




ਉਸ ਦੀਆਂ ਪ੍ਰੇਮ-ਸਾਂਝਾਂ ਦਾ ਜ਼ਿਕਰ ਕਰਦਿਆਂ ਪੰਜਾਬੀ ਲੇਖਕਾਵਾਂ ਦੇ ਨਾਮ ਨਾ ਦੇਣਾ, ਡਾ. ਮਾਨ ਦੀ ਲੇਖਣੀ ਦਾ ਇਕ ਪਾਕ ਤੇ ਪਰਪੱਕ ਪਹਿਲੂ ਦਰਸਾਉਂਦਾ ਹੈ ਕਿ ਉਹ ਕਿਸੇ ਦੇ ਸਬੰਧਾਂ 'ਚੋਂ ਅੱਖਰਾਂ ਰਾਹੀਂ ਚਟਖਾਰੇ ਨਹੀਂ ਲੈਂਦਾ ਅਤੇ ਨਾ ਹੀ ਉਹ ਚਾਹੁੰਦਾ ਕਿ ਔਰਤ ਲੇਖਕਾਵਾਂ ਨੂੰ ਨਮੋਸ਼ੀ ਹੰਢਾਉਣੀ ਪਵੇ। ਉਹ ਤਾਂ ਡਾ. ਮੋਮੀ ਨੂੰ ਇਸ ਲਿਖਤ ਰਾਹੀਂ ਇਹ ਸੁਝਾਅ ਵੀ ਦੇ ਗਏ ਕਿ ਨਿੱਜੀ ਜ਼ਿੰਦਗੀ ਦੀਆਂ ਕੁਝ ਕੁ ਪਰਤਾਂ ਨੂੰ ਖੁਦ ਤੀਕ ਹੀ ਸੀਮਤ ਕਰਨਾ ਜ਼ਰੂਰੀ ਹੁੰਦਾ, ਕਿਉਂਕਿ ਇਸ ਰੇਖਾ-ਚਿੱਤਰ ਰਾਹੀਂ ਉਹ ਕੁਲਵੰਤ ਸਿੰਘ ਵਿਰਕ, ਬਲਵੰਤ ਗਾਰਗੀ ਅਤੇ ਸ਼ਿਵ



ਕੁਮਾਰ ਨਾਲ ਮੋਮੀ ਦੇ ਸਾਥ ਵਿਚ ਬਿਤਾਏ ਪਲ ਵੀ ਸਾਂਝੇ ਕਰ ਦਿੰਦਾ ਹੈ। ਇਹ ਵੀ ਲਿਖਤ ਦੀ ਖੂਬਸੂਰਤੀ ਹੁੰਦੀ ਕਿ ਇਕ ਵਿਅਕਤੀ ਰਾਹੀਂ ਦੂਸਰੇ ਵਿਅਕਤੀਆਂ ਦੇ ਅੰਦਰ ਵੀ ਝਾਕਿਆ ਜਾ ਸਕੇ।

ਦਲਜੀਤ ਮੋਖਾ ਦੇ ਚਿਤਰਨ ਵਿਚੋਂ ਹੁਸ਼ਿਆਰਪੁਰ ਸਰਕਾਰੀ ਕਾਲਜ ਦੇ ਪੁਰਾਣੇ ਦਿਨਾਂ ਅਤੇ ਉਸ ਸਮੇਂ ਦੇ ਸਾਥੀਆਂ ਦੀਆਂ ਬੇਫਿਕਰੀਆਂ, ਸਾਹਿਤਕ ਸਮਝਾਂ ਅਤੇ ਸਮਾਜਿਕ ਚੇਤਨਾ ਸਾਹਮਣੇ ਆਉਂਦੀਆਂ ਨੇ। ਦਲਜੀਤ ਮੋਖਾ ਦੀਆਂ ਖੂਬੀਆਂ ਅਤੇ ਅੱਲੜ੍ਹ ਉਮਰ ਦੀਆਂ ਮੁਹੱਬਤੀ ਸਾਂਝਾਂ ਨੂੰ ਸ਼ਬਦਾਂ ਵਿਚ ਉਕਰਦਿਆਂ, ਆਪਣੇ ਮਿੱਤਰ ਨੂੰ ਸੰਜੀਵ ਹੀ ਕਰ ਦਿੱਤਾ, ਜੋ ਬੜੀ ਜਲਦੀ ਇਸ ਜਹਾਨ ਨੂੰ ਅਲਵਿਦਾ ਕਹਿ, 47 ਸਾਲਾਂ ਦੀ ਸਾਂਝ ਤੋੜ ਗਿਆ। ਨਹੀਂ ਮਿਲਦੇ ਅਜੋਕੇ ਸਮੇਂ ਵਿਚ ਦਲਜੀਤ ਮੋਖਾ ਵਰਗੇ ਮਿੱਤਰ-ਪਿਆਰੇ, ਜਿਨ੍ਹਾਂ ਦੀ ਜ਼ਹਿਨੀਅਤ ਵਿਚ ਮੋਹ ਅਤੇ ਫਕੀਰਾਨਾ ਮਸਤੀ ਦਾ ਆਲਮ ਤਾਰੀ ਰਹਿੰਦਾ ਹੋਵੇ।

ਦੀਪਕ ਜੈਤੋਈ ਅਤੇ ਚਾਨਣ ਗੋਬਿੰਦਪੁਰੀ ਨਾਲ ਉਸ ਦੀ ਸਾਂਝ ਸੱਤਰਵਿਆਂ ਵਿਚ ਹੀ ਪੈਦਾ ਹੋ ਗਈ ਸੀ ਅਤੇ ਉਨ੍ਹਾਂ ਦੇ ਗਜ਼ਲ ਸੰਗ੍ਰਹਿ ਦਾ ਮੁੱਖ-ਬੰਦ ਦੀਪਕ ਜੈਤੋਈ ਨੇ ਲਿਖਿਆ ਸੀ ਅਤੇ ਚਾਨਣ ਗੋਬਿੰਦਪੁਰੀ ਨੂੰ ਸਮਰਪਿਤ ਸੀ। ਉਨ੍ਹਾਂ ਦੀ ਸਾਹਿਤਕ ਦੇਣ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੀਆਂ ਪਾਕੀਜ਼ ਪੈੜਾਂ ਦਾ ਜ਼ਿਕਰ ਕੀਤਾ ਗਿਆ ਹੈ।

ਪੰਜਾਬੀ ਦੇ ਸਮਰੱਥ ਗ਼ਜ਼ਲਗੋ ਡਾ. ਜਗਤਾਰ ਦਾ, ਜਗਤਾਰ ਪਪੀਹਾ ਤੋਂ ਜਗਤਾਰ ਬਣਨ ਦੀ ਗਾਥਾ ਅਤੇ ਪੰਜਾਬੀ ਅਦਬ ਵਿਚ ਉਸ ਦੇ ਵਿਲੱਖਣ ਮੁਕਾਮ ਸਥਾਪਤ ਕਰਨ ਦੀ ਯਾਤਰਾ, ਬੇਬਾਕੀ ਅਤੇ ਬਾਹਰੀ ਅੱਖੜਤਾ ਵਿਚੋਂ ਸਿੰਮਦੀ ਮੁਹੱਬਤੀ ਸਾਂਝ ਨੂੰ ਖੂਬਸੂਰਤ ਸ਼ਬਦਾਂ ਰਾਹੀਂ ਡਾ. ਮਾਨ ਨੇ ਡਾ. ਜਗਤਾਰ ਦੇ ਅੰਤਰੀਵ ਨੂੰ ਫਰੋਲਿਆ ਹੈ।

ਉਘੇ ਸਟੇਜੀ ਕਵੀ ਚਰਨ ਸਿੰਘ ਸਫਰੀ ਵਲੋਂ ਗੀਤਕਾਰੀ ਰਾਹੀਂ ਧਾਰਮਿਕ ਖੇਤਰ ਵਿਚਲੀ ਸਾਹਿਤਕ ਦੇਣ ਨੂੰ ਅਕੀਦਤ ਭੇਟ ਕਰਦਿਆਂ ਸ. ਸਫਰੀ ਦਾ ਜ਼ਿੰਦਗੀ ਜਿਉਣ ਦਾ ਅੰਦਾਜ਼ ਬਿਆਨ ਕੀਤਾ ਹੈ। ਅਜੇ ਤਨਵੀਰ ਭਾਵੇਂ ਕੈਲੀਫੋਰਨੀਆ ਵਿਚ ਕਾਰੋਬਾਰ ਕਰਦਾ ਹੈ, ਪਰ ਉਸ ਦੀ ਵਿਲੱਖਣਤਾ ਇਸ ਵਿਚ ਹੈ ਕਿ ਉਹ ਅਦਬ ਨੂੰ ਪਿਆਰ ਕਰਦਾ ਹੈ। ਆਪਣੇ ਰੁਝੇਵਿਆਂ ਵਿਚੋਂ ਪੰਜਾਬੀ ਗਜ਼ਲ ਅਤੇ ਕਵਿਤਾ ਨੂੰ ਸ਼ਿੱਦਤ ਨਾਲ ਪੜ੍ਹਨ ਅਤੇ ਇਨ੍ਹਾਂ ਨੂੰ ਮਾਣਨ ਦਾ ਆਸ਼ਕ ਹੈ।

ਡਾ. ਮਾਨ ਵਲੋਂ ਉਘੇ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੇ ਰੇਖਾ ਚਿੱਤਰ ਵਿਚੋਂ ਤੁਸੀਂ ਪ੍ਰੇਮ ਪ੍ਰਕਾਸ਼ ਦੀ ਨਿੱਜੀ ਜ਼ਿੰਦਗੀ, ਘਰ ਦੇ ਪਿਛਵਾੜੇ ਵਿਚ ਬਣੇ ਕਮਰੇ ਦੇ ਨਕਸ਼ ਅਤੇ ਉਸ ਦੀ ਔਰਤ ਦੋਸਤਾਂ ਨਾਲ ਦਿਲਲਗੀ ਨੂੰ ਚਿਤਵ ਸਕਦੇ ਹੋ। ਉਸ ਦੀਆਂ ਕਹਾਣੀਆਂ ਵਿਚ ਚਿੱਤਰੇ ਹੋਏ ਪਾਤਰਾਂ ਨੂੰ ਪ੍ਰੇਮ ਪ੍ਰਕਾਸ਼ ਦੀ ਬੇਬਾਕੀ ਤੇ ਦਿਲਦਾਰੀ ਵਿਚੋਂ ਅਚੇਤ ਤੇ ਸੁਚੇਤ ਰੂਪ ਵਿਚ ਪੜ੍ਹ ਸਕਦੇ ਹੋ।

ਚੰਡੀਗੜ੍ਹ ਦੀਆਂ ਸਾਹਿਤਕ ਯਾਦਾਂ ਵਿਚ ਡਾ. ਮਾਨ ਨੇ ਆਪਣੇ ਸਾਹਿਤਕ ਮਿੱਤਰਾਂ ਦੇ ਦੀਦਾਰੇ ਕਰਵਾਏ ਹਨ, ਜੋ ਉਸ ਦੀ ਅਦਬੀ ਫੱਕਰਤਾ ਦਾ ਹੀ ਹਿੱਸਾ ਸਨ, ਜਦ ਉਹ 1971 ਤੋਂ 1975 ਤੱਕ ਚੰਡੀਗੜ੍ਹ ਵਿਚ ਪੜ੍ਹਾਉਂਦੇ ਸਨ। ਉਨ੍ਹਾਂ ਦੀਆਂ ਆਦਤਾਂ, ਔਗੁਣ ਅਤੇ ਵਿਲੱਖਣਤਾਵਾਂ ਪਾਠਕ ਦੇ ਸਨਮੁੱਖ ਹੁੰਦੀਆਂ ਨੇ, ਜਿਨ੍ਹਾਂ ਨੂੰ ਡਾ. ਮਾਨ ਇੰਨੇ ਸਾਲ ਬੀਤਣ ਦੇ ਬਾਵਜੂਦ ਚੇਤਿਆਂ 'ਚੋਂ ਵਿਸਾਰ ਨਹੀਂ ਸਕੇ। ਦਰਅਸਲ ਡਾ. ਮਾਨ ਦਾ ਅੰਦਾਜ਼-ਏ-ਬਿਆਨ ਹੀ ਬਿਨ ਤੁਕੱਲਫ ਤੇ ਸਹਿਜਮਈ ਏ। ਉਹ ਗੱਲਾਂ ਰਾਹੀਂ ਹੀ ਸਾਹਮਣੇ ਬੈਠੇ ਵਿਅਕਤੀ ਦੇ ਅੰਦਰ ਝਾਕਣ ਅਤੇ ਉਸ ਦੀ ਅਕ੍ਰਿਤੀ ਨੂੰ ਹਰਫਾਂ ਵਿਚ ਢਾਲਣ ਦੇ ਸਮਰੱਥ ਨੇ।

ਡਾ. ਪ੍ਰੇਮ ਮਾਨ ਇਸ ਗੱਲ ਲਈ ਵੀ ਵਧਾਈ ਦੇ ਪਾਤਰ ਹਨ ਕਿ ਇਕਨਾਮਿਕਸ ਦੇ ਪ੍ਰੋਫੈਸਰ ਹੁੰਦਿਆਂ ਉਨ੍ਹਾਂ ਨੇ 1975 ਤੀਕ ਬਹੁਤ ਸਾਰੀਆਂ ਅਦਬੀ ਸ਼ਖਸੀਅਤਾਂ ਨਾਲ ਸਾਂਝਾਂ ਪਾਈਆਂ, ਜੋ ਹੁਣ ਤੀਕ ਬਰਕਰਾਰ ਨੇ। ਇਨ੍ਹਾਂ ਸੱਜਣਾਂ ਦੀ ਸੰਗਤ ਵਿਚੋਂ ਉਨ੍ਹਾਂ ਨੂੰ ਸਾਹਿਤਕ ਬਾਰੀਕੀਆਂ ਨੂੰ ਸਮਝਣ ਅਤੇ ਇਸ ਦੇ ਸੁੱਚਮ ਨੂੰ ਲਿਖਤਾਂ ਵਿਚ ਉਜਾਗਰ ਕਰਨ ਦਾ ਸ਼ਰਫ ਹਾਸਲ ਹੋਇਆ।

ਡਾ ਪ੍ਰੇਮ ਮਾਨ ਬਹੁਤ ਹੀ ਸੰਜੀਦਾ, ਸੁਹਜਭਾਵੀ, ਸਹਿਜਮਈ ਅਤੇ ਸਮਰੱਥ ਸਾਹਿਤਕਾਰ ਹਨ, ਜਿਨ੍ਹਾਂ ਦਾ ਸ਼ੌਕ ਵੱਧ ਤੋਂ ਵੱਧ ਵਧੀਆ ਪੜ੍ਹਨਾ ਅਤੇ ਘੱਟ ਲਿਖਣਾ ਹੈ। 'ਅੰਦਰੇਟੇ ਦਾ ਜੋਗੀ' ਰਾਹੀਂ ਉਨ੍ਹਾਂ ਨੇ ਸਾਹਿਤਕ ਖੇਤਰ ਵਿਚ ਮੁੜ ਤੋਂ ਦਸਤਕ ਦੇ ਕੇ ਅਵਚੇਤਨ ਵਿਚਲੇ ਸ਼ੌਕ ਨੂੰ ਪੁਨਰ-ਸੰਜੀਵ ਕੀਤਾ ਹੈ, ਜੋ ਅਠਤਾਲੀ ਸਾਲਾਂ ਤੀਕ ਉਨ੍ਹਾਂ ਦੇ ਅੰਤਰੀਵ ਬੈਠਾ ਰਿਹਾ।

ਇਕ ਹੀ ਬੈਠਕ ਵਿਚ ਪੜ੍ਹਨ ਵਾਲੇ ਇਨ੍ਹਾਂ ਅੰਡਰੇ ਤੇ ਅਨੂਠੇ ਰੇਖਾ-ਚਿੱਤਰਾਂ ਦਾ ਸੁਆਗਤ ਹੈ। ਆਸ ਹੈ, ਭਵਿੱਖ ਵਿਚ ਡਾ. ਮਾਨ ਹੋਰ ਅਦਬੀ ਲਿਖਤਾਂ ਰਾਹੀਂ ਸਾਹਿਤਕ ਖੇਤਰ ਵਿਚ ਭਰਪੂਰ ਹਾਜ਼ਰੀ ਲਵਾਉਂਦੇ ਰਹਿਣਗੇ।

# ਚੀਫ ਖਾਲਸਾ ਦੀਵਾਨ, ਸ਼ਹੀਦ ਊਧਮ ਸਿੰਘ ਤੇ ਹੋਰ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469

ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਵਲੋਂ ਆਪਣੇ ਮਿੱਤਰ ਡਾ. ਐਸ. ਐਸ. ਛੀਨਾ ਨੂੰ ਦੀਵਾਨ ਦਾ ਵਿਦਿਅਕ ਸਕੱਤਰ ਥਾਪੇ ਜਾਣ ਨੇ ਮੈਨੂੰ ਚੀਫ ਖਾਲਸਾ ਦੀਵਾਨ ਦੀ ਸਿੱਖ ਪੰਥ ਨੂੰ ਵਿਦਿਅਕ ਦੇਣ ਉੱਤੇ ਝਾਤੀ ਮਾਰਨ ਦਾ ਮੌਕਾ ਦਿੱਤਾ ਹੈ। ਅੱਧੀ ਦਰਜਨ ਤੋਂ ਵਧ ਵਿਦਿਅਕ ਸੰਸਥਾਵਾਂ ਚਲਾ ਰਹੀ ਸਿੱਖ ਐਜੂਕੇਸ਼ਨਲ ਸੁਸਾਇਟੀ ਨੂੰ ਹੋਂਦ ਵਿਚ ਲਿਆਉਣ ਦਾ ਸਿਹਰਾ ਵੀ ਇਸ ਸੰਸਥਾ ਦੇ ਸਿਰ ਬੱਝਦਾ ਹੈ। ਪਿਛਲੀ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਸੁੰਦਰ ਸਿੰਘ ਮਜੀਠੀਆ ਤੇ ਸੁਰਜੀਤ ਸਿੰਘ ਮਜੀਠੀਆ ਇਸ ਦੇ ਵਿਦਿਅਕ ਸਕੱਤਰ ਰਹੇ, ਭਾਵੇਂ ਸ਼ਾਮ ਸਿੰਘ ਅਟਾਰੀ ਪਰਿਵਾਰ ਦੇ ਹਰਬੰਸ ਸਿੰਘ ਅਟਾਰੀ ਵੀ ਇਸ ਸੰਸਥਾ ਦੇ ਅਹੁਦੇਦਾਰ ਰਹੇ। ਇਸ ਸੰਸਥਾ ਨੇ ਕਈ ਵਧੀਆ ਸਿੱਖ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ, ਪਰ ਕੁਝ ਪਾਕਿਸਤਾਨ ਵਿਚ ਰਹਿ ਗਈਆਂ। ਉਨ੍ਹਾਂ ਵਿਚੋਂ ਸਿੱਖ ਨੈਸ਼ਨਲ ਕਾਲਜ ਲਾਹੌਰ ਪ੍ਰਮੁੱਖ ਸੀ। 1890 ਵਿਚ ਸਥਾਪਤ ਹੋਈ ਇਸ ਸੰਸਥਾ ਨੇ 1925 ਵਿਚ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਨਮ ਦਿੱਤਾ।

ਡਾ. ਛੀਨਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਖੇਤੀ ਵਿਭਾਗ ਦੇ ਡੀਨ ਵਜੋਂ ਸੇਵਾ ਮੁਕਤ ਹੋਇਆ ਤੇ ਇਸ ਵੇਲੇ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼ ਨਵੀਂ ਦਿੱਲੀ ਦਾ ਸੀਨੀਅਰ ਫੈਲੋ ਹੋਣ ਦੇ ਨਾਲ ਨਾਲ ਯੂਨੈਸਕੋ ਕਲੱਬਜ਼ ਆਫ ਇੰਡੀਆ ਦਾ ਪ੍ਰੈਜ਼ੀਡੈਂਟ ਹੈ। ਉਹ ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ ਦੀ ਸੈਨੇਟ ਤੇ ਸਿੰਡੀਕੇਟ ਦਾ ਮੈਂਬਰ ਰਿਹਾ ਹੈ। 70 ਪੁਸਤਕਾਂ ਦਾ ਰਚੈਤਾ ਹੈ, ਜਿਨ੍ਹਾਂ ਦਾ ਵਿਸ਼ਾ ਮੁੱਖ ਤੌਰ 'ਤੇ ਖੇਤੀਬਾੜੀ, ਸਮਾਜ ਸੁਧਾਰ ਤੇ ਸਿੱਖ ਇਤਿਹਾਸ ਹੈ। ਉਸ ਦੀ ਇਸ ਮਹੱਤਵਪੂਰਨ ਨਿਯੁਕਤੀ ਨਾਲ ਵਿਦਿਅਕ ਸੰਸਥਾਵਾਂ ਵਿਚ ਹੋਰ ਸੁਧਾਰਾਂ ਦੀ ਸੰਭਾਵਨਾ ਬਣ ਗਈ ਹੈ। ਚੇਤੇ ਰਹੇ, ਚੀਫ ਖਾਲਸਾ ਦੀਵਾਨ ਦੀ ਛਤਰ ਛਾਇਆ ਥੱਲੇ 54 ਸਕੂਲ, ਤਿੰਨ ਕਾਲਜ, ਇਕ ਨਰਸਿੰਗ ਕਾਲਜ ਚੱਲ ਰਹੇ ਹਨ, ਜਿਨ੍ਹਾਂ ਵਿਚ ਲਗਪਗ ਪੰਜ ਹਜ਼ਾਰ ਅਧਿਆਪਕ ਪੰਜਾਹ ਹਜ਼ਾਰ ਵਿਦਿਆਰਥੀਆਂ ਨੂੰ ਵਿਦਿਆ ਪ੍ਰਦਾਨ ਕਰ ਰਹੇ ਹਨ।


ਡਾ. ਐਸ. ਐਸ. ਛੀਨਾ

ਇਸ ਸੰਸਥਾ ਦੀ ਇੱਕ ਹੋਰ ਪ੍ਰਾਪਤੀ ਅੰਮ੍ਰਿਤਸਰ ਵਿਖੇ ਇਸ ਦੀ ਦੇਖ-ਰੇਖ ਥੱਲੇ ਇਕ ਵੱਡਾ ਯਤੀਮ ਖਾਨਾ ਵੀ ਚੱਲ ਰਿਹਾ ਹੈ, ਜਿਥੇ ਸਾਢੇ ਤਿੰਨ ਸੌ ਬੱਚਿਆਂ ਦੀ ਵਿਦਿਆ ਤੇ ਰਹਿਣ-ਸਹਿਣ ਦੀ ਸਹੂਲਤ ਹੈ। ਸਾਕਾ ਜੱਲਿਆਂਵਾਲਾ ਬਾਗ ਦਾ ਬਦਲਾ ਲੈਣ ਵਾਲਾ ਸ਼ਹੀਦ ਊਧਮ ਸਿੰਘ ਵੀ ਇਸੇ ਯਤੀਮ ਖਾਨੇ ਵਿਚ ਪਲਿਆ ਸੀ।

ਮੇਰੇ ਮਿੱਤਰ ਸਰਬਜੀਤ ਸਿੰਘ ਛੀਨਾ ਦਾ ਇਸ ਸੰਸਥਾ ਦੀ ਵਿਦਿਅਕ ਨੀਤੀ ਦਾ ਘਾੜਾ ਬਣਨਾ ਮੇਰੇ ਲਈ ਮਾਣ ਦੀ ਗੱਲ ਹੈ।

**ਸਿੱਖਾਂ ਦੀ ਭਾਰਤੀ ਮਾਣ-ਮਰਿਆਦਾ:** ਪੀਊ ਖੋਜ ਕੇਂਦਰ ਅਮਰੀਕਾ ਦੀ ਭਾਰਤੀ ਸ਼ਾਖਾ ਦੇ ਇੱਕ ਸਰਵੇਖਣ ਅਨੁਸਾਰ 95 ਫੀਸਦੀ ਸਿੱਖਾਂ ਨੂੰ ਭਾਰਤੀ ਹੋਣ ਉੱਤੇ ਮਾਣ ਹੈ। 'ਜਿਨ੍ਹਾਂ ਨੂੰ ਆਪਣੇ ਭਾਰਤੀ ਮੂਲ ਦੇ ਹੋਣ ਉੱਤੇ ਫਖਰ ਨਹੀਂ, ਉਹ ਸਿੱਖ ਹੀ ਨਹੀਂ' ਕਹਿਣ ਵਾਲਿਆਂ ਦੀ ਗਿਣਤੀ ਵੀ 70% ਰਿਪੋਰਟ ਕੀਤੀ ਗਈ ਹੈ। 'ਭਾਰਤ ਵਿਚ ਧਾਰਮਿਕ ਸਬਰ ਸੰਤੋਖ' ਨਾਂ ਦੇ ਇਸ ਸਰਵੇਖਣ ਨੇ 17 ਭਾਰਤੀ ਭਾਸ਼ਾਵਾਂ ਤੇ ਲਗਪਗ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਇਕਾਈਆਂ ਨੂੰ ਆਪਣੇ ਸਰਵੇ ਦੀ ਬੁੱਕਲ ਵਿਚ ਲਿਆ। ਇਨ੍ਹਾਂ ਵਿਚੋਂ 22,975 ਹਿੰਦੂ ਸਨ; 3336 ਮੁਸਲਮਾਨ; 1,782 ਸਿੱਖ; 1,011 ਈਸਾਈ; 719 ਬੋਧੀ ਤੇ 109 ਜੈਨੀ। ਦੂਜੀਆਂ ਧਾਰਮਿਕ ਸ਼੍ਰੇਣੀਆਂ ਵਾਂਗ ਆਪਣੇ ਆਪ ਨੂੰ ਧਾਰਮਿਕ ਕੱਟੜਤਾ ਦਾ ਸ਼ਿਕਾਰ ਦੱਸਣ ਵਾਲਿਆਂ ਵਿਚ ਸਿੱਖਾਂ ਦੀ ਗਿਣਤੀ ਨਾਂ-ਮਾਤਰ ਹੀ ਹੈ। 14-18 ਪ੍ਰਤੀਸ਼ਤ! ਉਂਜ ਨਿਯਮ ਨਾਲ ਗੁਰਦੁਆਰੇ ਨਤਮਸਤਕ ਹੋਣ ਵਾਲੇ ਸਿੱਖ 40 ਪ੍ਰਤੀਸ਼ਤ ਪਾਏ ਗਏ ਹਨ, ਜਦ ਕਿ ਹਿੰਦੂਆਂ ਵਿਚ ਅਜਿਹੇ ਸੱਜਣਾਂ ਦੀ ਗਿਣਤੀ ਸਿਰਫ 14% ਵੇਖੀ ਗਈ ਹੈ। ਸਿੱਖਾਂ ਵਿਚ ਸੂਫੀ ਧਾਰਨਾ ਉੱਤੇ 'ਫੁੱਲ ਚੜ੍ਹਾਉਣ ਵਾਲੇ ਵੀ ਘੱਟ ਨਹੀਂ।

**ਦਲੀਪ ਕੁਮਾਰ ਦਾ ਚਲਾਣਾ:** ਯੂਸਫ ਮੁਹੰਮਦ ਖਾਨ ਪਠਾਣ ਉਰਫ ਫਿਲਮੀ ਸਿਤਾਰਾ ਦਲੀਪ ਕੁਮਾਰ 98 ਸਾਲ ਦੀ ਲੰਮੀ ਉਮਰ ਭੋਗ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਉਹ 1944 ਤੋਂ 1999 ਤੱਕ ਪੂਰੇ 55 ਸਾਲ ਐਕਟਿਵ ਰਿਹਾ। ਮੇਰੀ ਪੀੜ੍ਹੀ ਦੇ ਬੰਦਿਆਂ ਲਈ ਇਹ ਪਾੜਾ ਪ੍ਰੇਸ਼ਾਨੀ ਵਾਲਾ ਹੈ। ਅਸ਼ੋਕ ਕੁਮਾਰ ਦੇ ਚਲਾਣਾ ਕਰਨ ਤੋਂ ਪਿਛੋਂ ਸਾਨੂੰ ਉਸ ਦੀ ਟੇਕ ਸੀ, ਜੋ ਨਹੀਂ ਰਹੀ। ਦਲੀਪ ਕੁਮਾਰ ਅਮਰ ਰਹੇ!

**ਅੰਤਿਕਾ: ਸੁਲਤਾਨ ਬਾਹੂ**

ਮਜ਼ਬਾਂ ਦੇ ਦਰਵਾਜ਼ੇ ਉਚੇ
ਰਾਹ ਰੱਬਾਨਾ ਮੋਰੀ ਹੂ।
ਪੰਡਿਤ ਤੇ ਮੁਲਵਾਣਿਆਂ ਕੋਲੋਂ
ਛੁਪ ਛੁਪ ਲੰਘੀਏ ਚੋਰੀ ਹੂ।

# ਬੈਚ ਫੁੱਲ ਔਲਿਵ: ਲੱਕ ਤੋੜ ਥਕਾਵਟ

(ਪਿਛਲੇ ਸਫੇ ਦੀ ਬਾਕੀ)

ਨੂੰ ਲੈਂਦੇ ਹੀ ਰਹਿਣ।

ਮੇਰੀ ਇਕ ਪੁਰਾਣੀ ਮਰੀਜ਼ ਆਪਣੀ ਇਕ ਰਿਸ਼ਤੇਦਾਰ ਨੂੰ ਦਿਖਾਉਣ ਲਈ ਮੇਰੇ ਕੋਲ ਲਿਆਈ। ਉਸ ਨੇ ਦੱਸਿਆ ਕਿ ਇਸ ਨੂੰ ਪਿਛਲੇ ਚਾਰ ਮਹੀਨਿਆਂ ਤੋਂ ਮਹਾਵਾਰੀ ਨਹੀਂ ਆਈ। ਚੌਵੀ ਸਾਲਾਂ ਦੀ ਇਹ ਲੜਕੀ ਉਸ ਕੋਲ ਹਵਾ ਪਾਣੀ ਬਦਲਣ ਲਈ ਆਈ ਹੋਈ ਸੀ। ਲੜਕੀ ਦੁਬਲੀ ਪਤਲੀ ਤੇ ਕਮਜ਼ੋਰ ਦਿਖਾਈ ਦਿੰਦੀ ਸੀ ਤੇ ਉਸ ਦੇ ਚਿਹਰੇ 'ਤੋਂ ਕੁਦਰਤੀ ਆਭਾ ਗਾਇਬ ਸੀ। ਮੈਂ ਲੜਕੀ ਨੂੰ ਉਸ ਦੀ ਤਕਲੀਫ ਬਾਰੇ ਪੁੱਛਿਆ, ਉਸ ਨੇ ਵੀ ਮਹਾਵਾਰੀ ਨਾ ਆਉਣ ਦੀ ਹੀ ਸ਼ਿਕਾਇਤ ਕੀਤੀ। ਲੰਮੀ ਪੁੱਛ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਲੜਕੀ ਸ਼ੁਰੂ ਤੋਂ ਤਾਂ ਤੰਦਰੁਸਤ ਸੀ, ਪਰ ਸਾਲ ਕੁ ਪਹਿਲਾਂ ਜਦੋਂ ਉਸ ਨੇ ਡਾਂਸ ਸਿੱਖਣਾ ਅਰੰਭ ਕੀਤਾ ਤਾਂ ਉਸ ਨੂੰ ਆਪਣਾ ਸਰੀਰ ਜਰਾ ਬੋਝਲ ਲੱਗਿਆ। ਇਸ ਲਈ ਉਸ ਨੇ ਡਟ ਕੇ ਕਸਰਤ ਤੇ ਡਾਈਟਿੰਗ ਸ਼ੁਰੂ ਕਰ ਦਿੱਤੇ। ਥੋੜ੍ਹਾ ਫਰਕ ਪਿਆ ਤਾਂ ਉਸ ਨੇ ਵਰਤਾਂ ਦੀ ਗਿਣਤੀ ਵਧਾ ਦਿੱਤੀ। ਭੁੱਖੇ ਪੇਟ ਕਸਰਤ ਤੇ ਡਾਂਸ ਕਰਨ ਨਾਲ ਉਸ ਦੀ ਪਾਚਨ ਵਿਵਸਥਾ ਵਿਗੜ ਗਈ। ਉਸ ਨੂੰ ਭੁੱਖ ਲੱਗਣੋਂ ਬੰਦ ਹੋ ਗਈ ਤੇ ਮਹਾਵਾਰੀ ਆਉਣੋਂ ਹਟ ਗਈ। ਅਨੀਮੀਆ, ਕਬਜ਼ੀ ਤੇ ਵਾਲ ਝੜਨ ਦੀਆਂ ਤਕਲੀਫਾਂ ਪੈਦਾ ਹੋ ਗਈਆਂ। ਹੁਣ ਭਾਵੇਂ ਉਸ ਨੇ ਉਹ ਆਤਮ-ਤਸ਼ੱਦਦ ਬੰਦ ਕਰ ਦਿੱਤਾ ਸੀ, ਪਰ ਉਸ ਦੀਆਂ ਤਕਲੀਫਾਂ ਜਿਉਂ ਦੀਆਂ ਤਿਉਂ ਹਨ। ਉਸ ਦਾ ਸਟੈਮਿਨਾ ਘਟਿਆ ਹੋਇਆ ਸੀ ਤੇ ਉਸ ਵਿਚ ਚਲਣ ਫਿਰਨ ਦੀ ਜਾਨ ਨਹੀਂ ਸੀ। ਮੈਂ ਉਸ ਨੂੰ ਫੁੱਲ ਦਵਾਈ ਔਲਿਵ ਦਾ ਦਿਨ ਵਿਚ ਤਿੰਨ ਵਾਰ ਲਗਾਤਾਰ ਸੇਵਨ ਕਰਨ ਲਈ ਕਿਹਾ। ਇਸ ਨਾਲ ਉਸ ਨੂੰ ਭੁੱਖ ਲੱਗਣ ਲੱਗੀ, ਵਾਲ ਝੜਨੇ ਬੰਦ ਹੋਏ ਤੇ ਤਿੰਨ ਮਹੀਨਿਆਂ ਵਿਚ ਮਹਾਵਾਰੀ ਆਉਣੀ ਸ਼ੁਰੂ ਹੋ ਗਈ। ਦੋਵਾਂ ਤ੍ਰੀਮਤਾਂ ਨੇ ਮੇਰਾ ਧੰਨਵਾਦ ਕੀਤਾ। ਓਲੰਪਿਕਸ ਲਈ ਤਿਆਰੀ ਵਿੱਢਦੇ ਖਿਡਾਰੀਆਂ ਤੇ ਇਮਤਿਹਾਨਾਂ ਲਈ ਮਿਹਨਤ ਕਰਦੇ ਵਿਦਿਆਰਥੀਆਂ ਨਾਲ ਕਦੇ ਵੀ ਇਸ ਲੜਕੀ ਜਿਹਾ ਨਾ ਵਾਪਰੇ, ਜੇ ਉਹ ਔਲਿਵ ਨਾਲ ਆਪਣੀ ਭੀਤਰੀ ਤਾਕਤ (Stamina) ਪੂਰੀ ਕਰਦੇ ਰਹਿਣ।

ਔਲਿਵ ਜਿਹੀ ਕਮਜ਼ੋਰੀ ਵਾਲੇ ਵਿਅਕਤੀਆਂ ਵਿਚ ਥਕਾਨ, ਲਿੰਸਾਪਨ ਤੇ ਸਨਾਯੂ ਤੰਤੂਆਂ ਦੀ ਬੇਤਾਕਤੀ ਹੋ ਜਾਂਦੀ ਹੈ। ਇਸ ਲਈ ਇਨ੍ਹਾਂ ਵਿਚ ਸ਼ਕਤੀਹੀਨਤਾ ਤੋਂ ਬਿਨਾ ਹਾਜ਼ਮੇ ਦੀ ਕਮਜ਼ੋਰੀ, ਫੇਫੜਿਆਂ ਦੇ ਰੋਗ ਤੇ ਪਸੀਨਾ ਵਗਣ ਦੀਆਂ ਤਕਲੀਫਾਂ ਪੈਦਾ ਹੋ ਜਾਂਦੀਆਂ ਹਨ। ਉਹ ਮਿਹਦੇ ਤੇ ਅੰਤੜੀਆਂ ਦੇ ਰੋਗਾਂ ਨਾਲ ਮਾਨਸਿਕ ਤੇ ਸਰੀਰਕ ਤੌਰ 'ਤੇ ਢਹਿ ਢੇਰੀ ਹੋਏ ਰਹਿੰਦੇ ਹਨ। ਭੁੱਖ ਦਾ ਨਾ ਲਗਣਾ, ਖੂਨ ਦੀ ਕਮੀ, ਕਬਜ਼ੀ ਰੋਗ ਤੇ ਲੱਤਾਂ-ਬਾਹਾਂ ਦੇ ਕੜੱਲ ਵੀ ਇਨ੍ਹਾਂ ਨੂੰ ਆਮ ਹੋ ਜਾਂਦੇ ਹਨ। ਕਮਜ਼ੋਰੀ ਦੇ ਨਾਲ ਨਾਲ ਇਹ ਦਵਾਈ ਇਨ੍ਹਾਂ ਬਿਮਾਰੀਆਂ ਨੂੰ ਵੀ ਦੂਰ ਕਰਦੀ ਹੈ।

ਪਰ ਇਹ ਯਾਦ ਰਹੇ ਕਿ ਇਨ੍ਹਾਂ ਸਭ ਰੋਗਾਂ ਦੀਆਂ ਦਵਾਈਆਂ ਹੋਰ ਵੀ ਹਨ, ਇਸ ਲਈ ਕਮਜ਼ੋਰੀ ਨੂੰ ਦੇਖ ਕੇ ਹੀ ਔਲਿਵ ਦੇਣ ਦਾ ਨਿਸ਼ਚਾ ਨਹੀਂ ਕਰ ਲੈਣਾ ਚਾਹੀਦਾ। ਔਲਿਵ ਦੇ ਮੁੱਖ ਸੰਕੇਤ ਕਸ਼ਟਮਈ ਹਾਲਾਤਾਂ ਵਿਚੋਂ ਲੰਘਣ ਕਰਕੇ ਭਾਵ ਲਗਾਤਾਰ ਘਾਲ ਕਮਾਈ ਕਰਨ ਜਾਂ ਦੁੱਖਾਂ ਦੀ ਬੁਛਾੜ ਝੱਲਣ ਕਾਰਨ ਅਤਿ ਦੀ ਕਮਜ਼ੋਰੀ ਤੇ ਥਕਾਨ ਦਾ ਹੋਣਾ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਹੀ ਇਹ ਫੁੱਲ ਦਵਾ ਕੰਮ ਕਰੇਗੀ ਤੇ ਇਕੱਲੇ ਤੌਰ 'ਤੇ ਹੀ ਮਰੀਜ਼ ਨੂੰ ਨੌ-ਬਰ-ਨੌ ਕਰ ਦੇਵੇਗੀ। ਇਸ ਨੂੰ ਲੈਂਦਿਆਂ ਉਸ ਨੂੰ ਕਿਸੇ ਟਾਨਿਕ, ਵਰਕ, ਕੁਸ਼ਤੇ, ਚਵਨਪ੍ਰਾਸ਼ ਆਦਿ ਲੈਣ ਦੀ ਲੋੜ ਨਹੀਂ ਪਵੇਗੀ।

# ਅਦਾਕਾਰ ਦਿਲੀਪ ਕੁਮਾਰ: ਇਕ ਯੁੱਗ ਦਾ ਅੰਤ


ਸੱਤ ਤਾਰੀਖ (ਜੁਲਾਈ) ਦੀ ਸਵੇਰ ਨੂੰ ਜਿਵੇਂ ਹੀ ਆਪਣਾ ਵ੍ਹੱਟਸਐਪ ਖੋਲ੍ਹਿਆ, ਇਕ ਦੋਸਤ ਦਾ ਦਿਲੀਪ ਕੁਮਾਰ ਦੇ ਸਵਰਗਵਾਸ ਹੋਣ ਦੀ ਖਬਰ ਵਾਲਾ ਮੈਸੇਜ ਦਿਖਾਈ ਦਿੱਤਾ ਤਾਂ ਵਿਸ਼ਵਾਸ ਨਹੀਂ ਹੋਇਆ; ਸੋਚਿਆ ਸ਼ਾਇਦ ਦਿਲੀਪ ਕੁਮਾਰ ਦੀਆਂ ਪਿਛਲੇ ਸਮੇਂ ਦੌਰਾਨ ਆਈਆਂ ਮੌਤ ਦੀਆਂ ਅਫਵਾਹਾਂ ਵਾਂਗ ਇਹ ਵੀ ਕੋਈ ਅਫਵਾਹ ਹੀ ਹੋਵੇ। ਖਬਰ ਦੀ ਤਸਦੀਕ ਲਈ ਵੱਖ-ਵੱਖ ਨਿਊਜ਼ ਚੈਨਲ ਦੇਖੇ ਤਾਂ ਹੇਠਾਂ ਹੈਡਲਾਇਨ ਵਿਚ ਦਿਲੀਪ ਕੁਮਾਰ ਦੀ ਮੌਤ ਦੀ ਖਬਰ ਆ ਰਹੀ ਸੀ ਜਿਸ ਨੇ ਮੈਨੂੰ ਦਿਲੀਪ ਕੁਮਾਰ ਦੇ ਹੋਰਾਂ ਕਰੋੜਾਂ ਪ੍ਰਸ਼ੰਸਕਾਂ ਵਾਂਗ ਸੋਗ ਦੀ ਲਹਿਰ ਵਿਚ ਗਰਕ ਕਰ ਦਿੱਤਾ।

ਮੈਂ ਬਚਪਨ ਤੋਂ ਹੀ ਦਿਲੀਪ ਕੁਮਾਰ ਦਾ ਪ੍ਰਸ਼ੰਸਕ ਸਾਂ ਤੇ ਛੋਟੇ ਹੁੰਦਿਆਂ ਸ਼ਾਇਦ ਪਹਿਲੀ ਵਾਰ ਸਿਨੇਮਾ ਦੇ ਪਰਦੇ 'ਤੇ ਦਿਲੀਪ ਕੁਮਾਰ ਦੀ ਫਿਲਮ 'ਮੁਗਲ-ਏ-ਆਜ਼ਮ' ਦੇਖੀ ਸੀ। ਉਸ ਸਮੇਂ ਭਾਵੇਂ ਫਿਲਮ ਦੇਖਣ ਦੀ ਇੰਨੀ ਸੋਝੀ ਨਹੀਂ ਸੀ ਪਰ ਉਸ ਦੇ ਕਿਰਦਾਰ ਨਾਲ ਉਸ ਵਕਤ ਹਮਦਰਦੀ ਹੋ ਗਈ ਸੀ। ਉਸ ਤੋਂ ਬਾਅਦ



**ਅੱਬਾਸ ਧਾਲੀਵਾਲ**
ਫੋਨ: +91-98552-59650

'ਵਿਧਾਤਾ', 'ਕਰਮਾ', 'ਸੌਦਾਗਰ' ਆਦਿ ਫਿਲਮਾਂ ਦੇਖੀਆਂ। ਆਪਣੇ ਜਨਮ ਤੋਂ ਪਹਿਲੀਆਂ ਫਿਲਮਾਂ ਵੀ ਦੇਖੀਆਂ ਜਿਵੇਂ 'ਰਾਮ ਔਰ ਸ਼ਾਮ', 'ਗੋਪੀ', 'ਵੈਰਾਗ', 'ਆਦਮੀ' ਆਦਿ। ਉਨ੍ਹਾਂ ਦੀ ਹਰ ਫਿਲਮ ਦੇਖਣ ਮਗਰੋਂ ਮੈਂ ਦਿਲੀਪ ਕੁਮਾਰ ਦੀ ਅਦਾਕਾਰੀ ਦਾ ਜਿਵੇਂ ਨਵੇਂ ਸਿਰਿਓਂ ਫੈਨ ਬਣਦਾ ਜਾਂਦਾ।

*ਦਿਲੀਪ ਕੁਮਾਰ (11 ਦਸੰਬਰ 1922-7 ਜੁਲਾਈ 2021)*

ਹਿੰਦੀ ਸਿਨੇਮਾ ਵਿਚ 'ਟ੍ਰੈਜਡੀ ਕਿੰਗ' ਵਜੋਂ ਮਸ਼ਹੂਰ ਦਿਲੀਪ ਕੁਮਾਰ ਦ ਅਸਲ ਨਾਮ ਮੁਹੰਮਦ ਯੂਸਫ ਖਾਨ ਸੀ। ਇਹ ਮੈਨੂੰ ਬਹੁਤ ਅਰਸੇ ਬਾਅਦ ਪਤਾ ਲੱਗਾ ਸੀ। ਯੂਸਫ ਖਾਨ 11 ਦਸੰਬਰ 1922 ਪਿਸ਼ਾਵਰ (ਖੈਬਰ ਪਖਤੂਨਖਵਾ, ਪਾਕਿਸਤਾਨ) ਵਿਚ ਪੈਦਾ ਹੋਏ। ਪਿਤਾ ਫਲਾਂ ਦਾ ਕੰਮ ਕਰਦੇ ਸਨ। ਬਾਅਦ ਪਿਤਾ ਮੁੰਬਈ ਆ ਵਸੇ ਜਿਥੇ ਆਪ ਵੀ ਇਕ ਕੰਟੀਨ ਵਿਚ ਕੰਮ ਕਰਨ ਲੱਗੇ। ਇਸ ਦੌਰਾਨ ਇਕ ਵਾਰ ਆਪ ਦੀ ਮੁਲਾਕਾਤ ਦੇਵਿਕਾ ਰਾਣੀ ਅਤੇ ਉਸ ਦੇ ਪਤੀ ਨਾਲ ਹੋਈ ਜਿਨ੍ਹਾਂ ਨੇ ਯੂਸਫ ਖਾਨ ਨੂੰ ਫਿਲਮਾਂ ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ ਜੋ ਉਨ੍ਹਾਂ ਮਨਜ਼ੂਰ ਕਰ ਲਈ। ਦੇਵਿਕਾ ਦੇ ਕਹਿਣ 'ਤੇ ਹੀ ਉਨ੍ਹਾਂ ਆਪਣਾ ਨਾਮ ਦਿਲੀਪ ਕੁਮਾਰ ਰੱਖ ਲਿਆ ਤਾਂ ਕਿ ਉਨ੍ਹਾਂ ਨੂੰ ਹਿੰਦੀ ਫਿਲਮਾਂ ਵਿਚ ਜ਼ਿਆਦਾ ਪਛਾਣ ਮਿਲੇ।

ਜਦੋਂ ਦਿਲੀਪ ਕੁਮਾਰ ਨੇ 1944 ਵਿਚ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਕੀਤੀ ਤਾਂ ਪਾਰਸੀ ਥੀਏਟਰ ਦੇ ਅਸਰ ਕਾਰਨ ਫਿਲਮਾਂ ਦੇ ਅਦਾਕਾਰ ਲਾਊਡ ਐਕਟਿੰਗ ਕਰਦੇ ਸਨ। ਉਨ੍ਹਾਂ ਅੰਦਰ ਚੁੱਪ ਰਹਿਣ ਦੀ ਕਲਾ ਫਿਲਮਾਂ ਵਿਚ ਦਰਸ਼ਕਾਂ ਤੇ ਅਦਭੁੱਤ ਪ੍ਰਭਾਵ ਛੱਡਦੀ ਸੀ। ਇਸ ਪ੍ਰਸੰਗ ਵਿਚ ਕਹਾਣੀਕਾਰ ਸਲੀਮ ਕਹਿੰਦੇ ਹਨ, "ਦਿਲੀਪ ਕੁਮਾਰ ਨੇ ਸਭ ਤੋਂ ਪਹਿਲਾ ਭੂਮਿਕਾ ਨੂੰ ਅੰਡਰਪਲੇਅ ਕਰਨਾ ਸ਼ੁਰੂ ਕੀਤਾ ਅਤੇ ਸੂਖਮ ਅਦਾਕਾਰੀ ਦੀਆਂ ਬਾਰੀਕੀਆਂ ਨੂੰ ਪਰਦੇ 'ਤੇ ਉਤਾਰਿਆ। ਮਿਸਾਲ ਵਜੋਂ ਉਨ੍ਹਾਂ ਦੇ ਪੋਜ਼ ਅਤੇ ਜਾਣਬੁੱਝ ਕੇ ਚੁੱਪ ਰਹਿਣ ਦੀ ਅਦਾ ਨੇ ਦਰਸ਼ਕਾਂ 'ਤੇ ਜ਼ਬਰਦਸਤ ਅਸਰ ਛੱਡਿਆ। ਇਹੋ ਵਜ੍ਹਾ ਹੈ ਕਿ 'ਮੁਗਲ-ਏ-ਆਜ਼ਮ' ਵਿਚ ਪ੍ਰਿਥਵੀਰਾਜ ਕਪੂਰ ਦਾ ਚਰਿੱਤਰ ਖਾਸਾ ਅਸਰਦਾਰ ਅਤੇ ਲਾਊਡ ਸੀ। ਸ਼ਹਿਜ਼ਾਦਾ ਸਲੀਮ ਦੀ ਭੂਮਿਕਾ ਵਿਚ ਕੋਈ ਹੋਰ ਅਦਾਕਾਰ ਪ੍ਰਿਥਵੀਰਾਜ ਕਪੂਰ ਦੇ ਸਾਹਮਣੇ ਓਨਾ ਹੀ ਲਾਊਡ ਨਹੀਂ ਹੋ ਰਿਹਾ ਸੀ ਪਰ ਦਿਲੀਪ ਕੁਮਾਰ ਨੇ ਜਾਣਬੁੱਝ ਕੇ ਬਿਨਾ ਆਪਣੀ ਆਵਾਜ਼ ਉਚੀ ਕੀਤਿਆਂ ਆਪਣੀ ਮੁਲਾਇਮ ਪਰ ਦ੍ਰਿੜ ਆਵਾਜ਼ ਵਿਚ ਆਪਣੇ ਡਾਇਲਾਗ ਬੋਲੇ ਅਤੇ ਦਰਸ਼ਕਾਂ ਦੀ ਵਾਹਵਾਹੀ ਖੱਟੀ। ਫਿਲਮ 'ਗੰਗਾ ਜਮਨਾ' ਵਿਚ ਦਿਲੀਪ ਕੁਮਾਰ ਨੇ ਅਨਪੜ੍ਹ-ਗੰਵਾਰ ਕਿਰਦਾਰ ਦੀ ਭੂਮਿਕਾ ਜਿਸ ਸ਼ਾਨਦਾਰ ਢੰਗ ਨਾਲ ਨਿਭਾਈ ਸੀ, ਓਨਾ ਹੀ ਨਿਆਂ ਉਨ੍ਹਾਂ 'ਮੁਗਲ-ਏ-ਆਜ਼ਮ' ਵਿਚ ਮੁਗਲ ਸ਼ਹਿਜ਼ਾਦੇ ਦੀ ਭੂਮਿਕਾ ਨਾਲ ਕੀਤਾ ਸੀ।

ਯੂਸਫ ਖਾਨ ਨੂੰ ਦਿਲੀਪ ਕੁਮਾਰ ਬਣਾਉਣ ਵਾਲੀ ਦੇਵਿਕਾ ਰਾਣੀ ਦਰਅਸਲ ਚਾਲੀ ਦੇ ਦਹਾਕੇ ਵਿਚ ਭਾਰਤੀ ਫਿਲਮ ਜਗਤ ਦੀ ਵੱਡੀ ਹੀਰੋਇਨ ਸੀ। ਬੰਬੇ ਟਾਕੀਜ਼ ਵਿਚ ਕਿਸੇ ਫਿਲਮ ਦੀ ਸ਼ੂਟਿੰਗ ਦੇਖਣ ਗਏ ਯੂਸਫ ਖਾਨ ਨੂੰ ਉਨ੍ਹਾਂ ਨੇ ਪੁੱਛਿਆ ਸੀ ਕਿ ਤੁਸੀਂ ਉਰਦੂ ਜਾਣਦੇ ਹੋ?

ਯੂਸਫ ਦੇ ਹਾਂ ਕਹਿੰਦਿਆਂ ਹੀ ਉਨ੍ਹਾਂ ਨੇ ਦੂਜਾ ਸਵਾਲ ਕੀਤਾ: ਅਦਾਕਾਰ ਬਣਨਾ ਚਾਹੁੰਦੇ ਹੋ?

ਅੱਗੇ ਦੀ ਕਹਾਣੀ ਇਤਿਹਾਸ ਹੈ। ਇਕ ਫਿਲਮੀ ਰਿਪੋਰਟ ਅਨੁਸਾਰ, ਉਸ ਸਮੇਂ ਬੰਬੇ ਟਾਕੀਜ਼ ਵਿਚ ਕੰਮ ਕਰਨ ਵਾਲੇ ਅਤੇ ਬਾਅਦ ਵਿਚ ਹਿੰਦੀ ਦੇ ਮਹਾਨ ਕਵੀ ਬਣੇ ਨਰਿੰਦਰ ਸ਼ਰਮਾ ਨੇ ਉਨ੍ਹਾਂ ਨੂੰ ਤਿੰਨ ਨਾਮ ਸੁਝਾਏ ਸਨ- ਜਹਾਂਗੀਰ, ਵਾਸੁਦੇਵ ਤੇ ਦਿਲੀਪ ਕੁਮਾਰ।

ਦਿਲੀਪ ਕੁਮਾਰ ਆਪਣੇ ਕੰਮ ਨੂੰ ਕਿਸ ਕਦਰ ਜਨੂਨ ਦੀ ਹੱਦ ਤਕ ਪਹੁੰਚ ਕੇ ਅੰਜਾਮ ਦਿੰਦੇ ਸਨ, ਇਸ ਅੰਦਾਜ਼ਾ ਇਸੇ ਤੋਂ ਲਗਾਇਆ ਜਾ ਸਕਦਾ ਹੈ ਕਿ ਇਕ ਵਾਰ ਉਨ੍ਹਾਂ ਬੀ.ਬੀ.ਸੀ. ਨਾਲ ਗੱਲਬਾਤ ਕਰਦਿਆਂ ਕਿਹਾ ਸੀ, "ਸਿਰਫ ਇਹ ਸਿੱਖਣ ਲਈ ਕਿ ਸਿਤਾਰ ਫੜਿਆ ਕਿਵੇਂ ਜਾਂਦਾ ਹੈ, ਮੈਂ ਕਈ ਸਾਲਾਂ ਤੱਕ ਸਿਤਾਰ ਵਜਾਉਣ ਦੀ ਸਿਖਲਾਈ ਲਈ ਸੀ... ਇਥੋਂ ਤੱਕ ਕਿ ਸਿਤਾਰ ਦੀਆਂ ਤਾਰਾਂ ਨਾਲ ਮੇਰੀਆਂ ਉਂਗਲੀਆਂ ਤੱਕ ਕੱਟ ਗਈਆਂ ਸਨ।"

ਇਸੇ ਪ੍ਰਕਾਰ 'ਨਯਾ ਦੌਰ' ਦੇ ਨਿਰਮਾਣ ਦੌਰਾਨ ਦਿਲੀਪ ਕੁਮਾਰ ਨੇ ਟਾਂਗਾ ਚਲਾਉਣ ਵਾਲਿਆਂ ਕੋਲੋਂ ਟਾਂਗਾ ਚਲਾਉਣ ਦੀ ਵਿਸ਼ੇਸ਼ ਤੌਰ 'ਤੇ ਸਿਖਲਾਈ ਹਾਸਲ ਕੀਤੀ ਸੀ। ਇਹੋ ਵਜ੍ਹਾ ਹੈ ਕਿ ਪ੍ਰਸਿੱਧ ਫਿਲਮ ਨਿਰਦੇਸ਼ਕ ਸੱਤਿਆਜੀਤ ਰੇਅ ਨੇ ਉਨ੍ਹਾਂ ਨੂੰ 'ਮੈਥਡ ਅਭਿਨੇਤਾ' ਦਾ ਖਿਤਾਬ ਦਿੱਤਾ ਸੀ। ਜ਼ਿਕਰਯੋਗ ਹੈ ਕਿ ਦਿਲੀਪ ਕੁਮਾਰ ਨੇ ਕਈ ਅਭਿਨੇਤਰੀਆਂ ਨਾਲ ਰੁਮਾਂਟਿਕ ਜੋੜੀਆਂ ਬਣਾਈਆਂ। ਕਈਆਂ ਨਾਲ ਉਨ੍ਹਾਂ ਦੇ ਨਜ਼ਦੀਕੀ ਸਬੰਧ ਵੀ ਰਹੇ ਪਰ ਉਹ ਉਨ੍ਹਾਂ ਸਬੰਧਾਂ ਨੂੰ ਵਿਆਹ ਦੇ ਮੁਕਾਮ ਤੱਕ ਨਾ ਪਹੁੰਚਾ ਸਕੇ। ਸ਼ਾਇਦ ਦਿਲ ਟੁੱਟਣ ਕਾਰਨ ਉਨ੍ਹਾਂ ਅਜਿਹੀ ਅਦਾਕਾਰੀ ਕਰਨ ਲਈ ਪ੍ਰੇਰਿਆ ਕਿ ਉਨ੍ਹਾਂ ਨੂੰ 'ਟ੍ਰੈਜੇਡੀ ਕਿੰਗ' ਦਾ ਖਿਤਾਬ ਮਿਲਿਆ। ਮੌਤ ਦੇ ਚਰਿੱਤਰ ਨੂੰ ਅਸਲ ਦਿਖਾਉਣ ਲਈ ਦਿਲੀਪ ਜੀਅ-ਜਾਨ ਲਗਾ ਦਿੰਦੇ ਸਨ। ਉਨ੍ਹਾਂ ਇੰਟਰਵਿਊ ਦੌਰਾਨ ਕਿਹਾ ਸੀ, "ਇਕ ਵੇਲਾ ਅਜਿਹਾ ਵੀ ਆਇਆ ਕਿ ਮੌਤ ਵਾਲੇ ਸੀਨ ਕਰਦਿਆਂ ਮੈਂ ਡਿਪਰੈਸ਼ਨ ਦਾ ਸ਼ਿਕਾਰ ਹੋ ਗਿਆ ਅਤੇ ਇਸ ਨੂੰ ਦੂਰ ਕਰਨ ਲਈ ਡਾਕਟਰਾਂ ਤੋਂ ਮੈਨੂੰ ਇਲਾਜ ਕਰਵਾਉਣਾ ਪਿਆ।" ਡਾਕਟਰਾਂ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਦੁਖਾਂਤਕ ਫਿਲਮਾਂ ਛੱਡ ਕੇ ਕਾਮੇਡੀ ਵਿਚ ਹੱਥ ਅਜ਼ਮਾਉਣ। ਇਹੋ ਵਜ੍ਹਾ ਹੈ ਕਿ ਲੰਡਨ ਵਿਚ ਇਲਾਜ ਕਰਵਾ ਕੇ ਵਾਪਸ ਆਉਣ ਤੋਂ ਬਾਅਦ ਉਨ੍ਹਾਂ 'ਕੋਹਿਨੂਰ', 'ਆਜ਼ਾਦ', 'ਰਾਮ ਔਰ ਸ਼ਿਆਮ' ਵਰਗੀਆਂ ਫਿਲਮਾਂ ਕੀਤੀਆਂ ਜਿਨ੍ਹਾਂ ਵਿਚ ਕਾਮੇਡੀ ਜ਼ਿਆਦਾ ਸੀ। ਦਰਸ਼ਕਾਂ ਨੇ ਇਹ ਫਿਲਮਾਂ ਵੀ ਬੇਹੱਦ ਪਸੰਦ ਕੀਤੀਆਂ।

ਦਿਲੀਪ ਕੁਮਾਰ ਆਪਣੀ ਸਵੈ-ਜੀਵਨੀ 'ਦਿ ਸਬਸਟੈਂਸ ਐਂਡ ਦਿ ਸ਼ੈਡੋਅ' ਵਿਚ ਲਿਖਦੇ ਹਨ ਕਿ ਉਹ ਕਲਾਕਾਰ ਅਤੇ ਔਰਤ ਦੇ ਰੂਪ ਵਿਚ ਮਧੂਬਾਲਾ ਵੱਲ ਆਕਰਸ਼ਤ ਸਨ। ਉਹ ਆਖਦੇ ਹਨ ਕਿ ਮਧੂਬਾਲਾ ਬਹੁਤ ਹੀ ਖੁਸ਼ ਮਿਜ਼ਾਜ, ਫੁਰਤੀਲੀ ਔਰਤ ਸੀ। "ਮਧੂਬਾਲਾ ਨੂੰ ਮੇਰੇ ਵਰਗੇ ਸ਼ਰਮੀਲੇ ਅਤੇ ਘੱਟ ਬੋਲਣ ਵਾਲੇ ਸ਼ਖਸ ਨਾਲ ਵੀ ਗੱਲਬਾਤ ਕਰਨ 'ਚ ਕੋਈ ਮੁਸ਼ਕਿਲ ਨਹੀਂ ਹੁੰਦੀ ਸੀ" ਪਰ ਦਿਲੀਪ ਕੁਮਾਰ ਅਤੇ ਮਧੂਬਾਲਾ ਦੀ ਪ੍ਰੇਮ ਕਹਾਣੀ ਉਨ੍ਹਾਂ ਦੇ ਪਿਤਾ ਕਰਕੇ ਆਪਣੇ ਅੰਜਾਮ ਤੱਕ ਨਾ ਪਹੁੰਚ ਸਕੀ ਸੀ। ਇਸ ਪ੍ਰਸੰਗ ਵਿਚ ਮਧੂਬਾਲਾ ਦੀ ਛੋਟੀ ਭੈਣ ਮਧੁਰ ਭੂਸ਼ਣ ਦਾ ਕਹਿਣਾ ਸੀ- ਅੱਬਾ ਨੂੰ ਲੱਗਦਾ ਸੀ ਕਿ ਦਿਲੀਪ ਉਮਰ ਵਿਚ ਮਧੂਬਾਲਾ ਨਾਲੋਂ ਵੱਡੇ ਹਨ। ਹਾਲਾਂਕਿ ਉਹ ਦੋਵੇਂ 'ਮੇਡ ਫਾਰ ਈਚ ਅਦਰ' ਸਨ। ਉਹ ਬਹੁਤ ਖੂਬਸੂਰਤ ਜੋੜੀ ਸੀ ਪਰ ਅੱਬਾ ਕਹਿੰਦੇ ਸਨ ਕਿ ਇਸ ਨੂੰ ਰਹਿਣ ਦਿਓ, ਇਹ ਸਹੀ ਰਸਤਾ ਨਹੀਂ ਹੈ" ਪਰ ਉਹ ਉਨ੍ਹਾਂ ਦੀ ਬਿਲਕੁੱਲ ਨਹੀਂ ਸੁਣਦੀ ਸੀ ਅਤੇ ਕਿਹਾ ਕਰਦੀ ਸੀ ਕਿ ਉਹ ਦਿਲੀਪ ਨੂੰ ਪਿਆਰ ਕਰਦੀ ਹੈ। ਜਦੋਂ 'ਨਯਾ ਦੌਰ' ਨੂੰ ਲੈ ਕੇ ਬੀ. ਆਰ. ਚੋਪੜਾ ਨਾਲ ਕੋਰਟ ਕੇਸ ਹੋਇਆ ਤਾਂ ਮੇਰੇ ਵਾਲਿਦ ਅਤੇ ਦਿਲੀਪ ਸਾਹਿਬ ਵਿਚਾਲੇ ਵੀ ਮਤਭੇਦ ਹੋ ਗਏ ਸਨ ਭਾਵੇਂ ਬਾਅਦ ਵਿਚ ਅਦਾਲਤ 'ਚ ਉਨ੍ਹਾਂ ਦਰਮਿਆਨ ਸਮਝੌਤਾ ਵੀ ਹੋ ਗਿਆ ਸੀ।

ਦਿਲੀਪ ਕੁਮਾਰ ਨੇ ਕਿਹਾ ਕਿ ਚਲੋ ਅਸੀਂ ਵਿਆਹ ਕਰ ਲੈਂਦੇ ਹਾਂ ਪਰ ਮਧੂਬਾਲਾ ਨੇ ਕਿਹਾ ਕਿ ਪਹਿਲਾਂ ਤੁਸੀਂ ਮੇਰੇ ਵਾਲਿਦ ਤੋਂ ਮੁਆਫੀ ਮੰਗੋ ਪਰ ਦਿਲੀਪ ਕੁਮਾਰ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ।

ਸਾਇਰਾ ਬਾਨੋ ਨਾਲ ਵਿਆਹ ਤੋਂ ਬਾਅਦ ਜਦੋਂ ਮਧੂਬਾਲਾ ਬਹੁਤ ਬਿਮਾਰ ਹੋ ਗਈ ਸੀ ਤਾਂ ਉਨ੍ਹਾਂ ਨੇ ਦਿਲੀਪ ਕੁਮਾਰ ਨੂੰ ਸੁਨੇਹਾ ਭੇਜਿਆ ਸੀ ਕਿ ਉਹ ਉਸ ਨੂੰ ਮਿਲਣਾ ਚਾਹੁੰਦੀ ਹੈ। ਜਦੋਂ ਦਿਲੀਪ ਕੁਮਾਰ ਉਸ ਨੂੰ ਮਿਲਣ ਗਏ ਤਾਂ ਉਸ ਸਮੇਂ ਤੱਕ ਉਹ ਬਹੁਤ ਕਮਜ਼ੋਰ ਹੋ ਚੁੱਕੀ ਸੀ। ਦਿਲੀਪ ਕੁਮਾਰ ਮਧੂਬਾਲਾ ਦੀ ਇਹ ਹਾਲਤ ਦੇਖ ਕੇ ਬਹੁਤ ਉਦਾਸ ਹੋਏ। ਹਮੇਸ਼ਾ ਹੱਸਣ ਵਾਲੀ ਮਧੂਬਾਲਾ ਦੇ ਬੁੱਲ੍ਹਾਂ 'ਤੇ ਉਸ ਦਿਨ ਸਿਰਫ ਛੋਟੀ ਜਿਹੀ ਮੁਸਕਾਨ ਸੀ। ਮਧੂਬਾਲਾ ਨੇ ਉਨ੍ਹਾਂ ਦੀਆਂ ਅੱਖਾਂ 'ਚ ਦੇਖਦਿਆਂ ਕਿਹਾ, "ਸਾਡੇ ਸ਼ਹਿਜ਼ਾਦੇ ਨੂੰ ਉਸ ਦੀ ਰਾਜਕੁਮਾਰੀ ਮਿਲ ਹੀ ਗਈ। ਮੈਂ ਬਹੁਤ ਖੁਸ਼ ਹਾਂ।"

ਦਿਲੀਪ ਕੁਮਾਰ ਦੇ ਮੱਥੇ 'ਤੇ ਵਾਲ ਨੈਸ਼ਨਲ ਕ੍ਰੇਜ਼ ਬਣ ਗਏ। ਦਿਲੀਪ ਕੁਮਾਰ ਦੀ ਜੀਵਨੀ ਲਿਖਣ ਵਾਲੇ ਮੇਘਨਾਥ ਦੇਸਾਈ ਲਿਖਦੇ ਹਨ, 'ਅਸੀਂ ਲੋਕ ਉਨ੍ਹਾਂ ਦੇ ਵਾਲਾਂ, ਕੱਪੜਿਆਂ, ਡਾਇਲਾਗ ਅਤੇ ਮੈਨੇਰਿਜ਼ਮ ਦੀ ਨਕਲ ਕਰਦੇ ਸੀ ਅਤੇ ਉਨ੍ਹਾਂ ਦੇ ਚਰਿੱਤਰ ਨੂੰ ਅਪਨਾਉਣ ਦੀ ਕੋਸ਼ਿਸ਼ ਕਰਦੇ ਸੀ ਜਿਨ੍ਹਾਂ ਨੂੰ ਉਨ੍ਹਾਂ ਨੇ ਪਰਦੇ 'ਤੇ ਬਿਠਾਇਆ।'

ਚਿੱਟੇ ਰੰਗ ਨਾਲ ਉਨ੍ਹਾਂ ਨੂੰ ਬੇਹੱਦ ਪਿਆਰ ਸੀ। ਅਕਸਰ ਉਹ ਚਿੱਟੇ ਕਮੀਜ਼ ਅਤੇ ਢੋੜੀ ਢਿੱਲੀ ਚਿੱਟੀ ਪੈਂਟ ਵਿਚ ਦਿਸ ਜਾਂਦੇ ਸਨ। ਉਰਦੂ ਸ਼ਾਇਰੀ ਅਤੇ ਸਾਹਿਤ ਵਿਚ ਉਨ੍ਹਾਂ ਨੂੰ ਖਾਸ ਦਿਲਚਸਪੀ ਸੀ। ਆਪ ਮੁਸ਼ਾਇਰਿਆਂ ਵਿਚ ਵੀ ਸ਼ਾਮਲ ਹੁੰਦੇ ਸਨ ਤੇ ਕਈ ਵਾਰ ਆਪ ਅਜਿਹੇ ਪ੍ਰੋਗਰਾਮ ਕਰਵਾਉਂਦੇ ਸਨ। ਦਿਲੀਪ ਕੁਮਾਰ ਚੰਗੇ ਪੜ੍ਹੇ-ਲਿਖੇ ਸ਼ਖਸ ਸਨ। ਉਰਦੂ, ਹਿੰਦੀ, ਅੰਗਰੇਜ਼ੀ, ਪਸ਼ਤੋ ਅਤੇ ਪੰਜਾਬੀ ਭਾਸ਼ਾਵਾਂ 'ਤੇ ਉਨ੍ਹਾਂ ਨੂੰ ਇਕੋ ਤਰ੍ਹਾਂ ਨਾਲ ਕਮਾਂਡ ਹਾਸਲ ਸੀ। ਇਸ ਤੋਂ ਇਲਾਵਾ ਉਹ ਮਰਾਠੀ, ਭੋਜਪੁਰੀ ਅਤੇ ਫਾਰਸੀ ਵੀ ਚੰਗੀ ਤਰ੍ਹਾਂ ਬੋਲ ਅਤੇ ਸਮਝ ਲੈਂਦੇ ਸਨ।

ਆਪ ਦੀ ਪਹਿਲੀ ਫਿਲਮ 'ਜਵਾਰਭਾਟਾ' ਸੀ ਜੋ 1944 ਵਿਚ ਆਈ। 1949 ਵਿਚ ਬਣੀ ਫਿਲਮ 'ਅੰਦਾਜ਼' ਦੀ ਸਫਲਤਾ ਨੇ ਉਨ੍ਹਾਂ ਨੂੰ ਪ੍ਰਸਿੱਧੀ ਦਿਵਾਈ। ਇਸ ਫਿਲਮ ਵਿਚ ਉਨ੍ਹਾਂ ਨੇ ਰਾਜ ਕਪੂਰ ਦੇ ਨਾਲ ਕੰਮ ਕੀਤਾ। 'ਦੀਦਾਰ' (1951) ਅਤੇ 'ਦੇਵਦਾਸ' (1955) ਵਰਗੀਆਂ ਫਿਲਮਾਂ ਦੇ ਪ੍ਰਸੰਗ ਵਿਚ ਉਨ੍ਹਾਂ ਨੂੰ 'ਟ੍ਰੈਜਡੀ ਕਿੰਗ' ਕਿਹਾ ਜਾਣ ਲੱਗਾ। 'ਮੁਗਲ-ਏ-ਆਜ਼ਮ' (1960) ਵਿਚ ਉਨ੍ਹਾਂ ਨੇ ਮੁਗਲ ਸ਼ਹਿਜ਼ਾਦੇ ਜਹਾਂਗੀਰ ਦੀ ਭੂਮਿਕਾ ਨਿਭਾਈ। ਇਹ ਫਿਲਮ ਪਹਿਲਾਂ ਚਿੱਟੀ ਤੇ ਕਾਲੀ ਸੀ, ਬਾਅਦ ਵਿਚ 2004 ਵਿਚ ਰੰਗੀਨ ਬਣਾਈ ਗਈ। ਉਨ੍ਹਾਂ ਨੇ 1961 ਵਿਚ 'ਗੰਗਾ ਜਮਨਾ' ਫਿਲਮ ਦਾ ਨਿਰਮਾਣ ਵੀ ਕੀਤਾ ਜਿਸ ਵਿਚ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਛੋਟੇ ਭਰਾ ਨਾਸੀਰ ਖਾਨ ਨੇ ਕੰਮ ਕੀਤਾ।

1970, 1980 ਅਤੇ 1990 ਦੇ ਦਹਾਕੇ ਵਿਚ ਉਨ੍ਹਾਂ ਨੇ ਘੱਟ ਫਿਲਮਾਂ ਵਿਚ ਕੰਮ ਕੀਤਾ। ਇਸ ਸਮੇਂ ਦੀ ਉਨ੍ਹਾਂ ਦੀਆਂ ਮੁੱਖ ਫਿਲਮਾਂ ਸਨ: 'ਵਿਧਾਤਾ' (1982), 'ਦੁਨੀਆ' (1984), 'ਕਰਮਾ' (1986), 'ਇੱਜ਼ਤਦਾਰ' (1990) ਅਤੇ 'ਸੌਦਾਗਰ' (1991)। 1998 ਵਿਚ ਬਣੀ ਫਿਲਮ 'ਕਿਲਾ' ਉਨ੍ਹਾਂ ਦੀ ਆਖਰੀ ਫਿਲਮ ਸੀ।

ਦਿਲੀਪ ਕੁਮਾਰ ਨੇ ਆਪਣੇ ਛੇ ਦਹਾਕਿਆਂ ਦੇ ਫਿਲਮੀ ਕਰੀਅਰ ਵਿਚ ਸਿਰਫ 63 ਫਿਲਮਾਂ ਹੀ ਕੀਤੀਆਂ ਪਰ ਇਸ ਦੇ ਨਾਲ ਹੀ ਉਨ੍ਹਾਂ ਜੋ ਹਿੰਦੀ ਸਿਨੇਮਾ ਵਿਚ ਅਦਾਕਾਰੀ ਦੀ ਕਲਾ ਨੂੰ ਨਵੀਂ ਪਰਿਭਾਸ਼ਾ ਅਤੇ ਉਚਾਣ ਦਿੱਤੀ, ਉਸ ਦੀ ਚੜ੍ਹਦੇ ਤੋਂ ਲਹਿੰਦੇ ਤੱਕ ਮਿਸਾਲ ਨਹੀਂ ਮਿਲਦੀ। ਦਲੀਪ ਕੁਮਾਰ ਨੇ ਆਪਣੇ ਫਿਲਮੀ ਕਰੀਅਰ ਦੌਰਾਨ ਅਨੇਕਾਂ ਇਨਾਮ ਅਤੇ ਮਾਨ-ਸਨਮਾਨ ਹਾਸਲ ਕੀਤੇ। 1980 ਵਿਚ ਉਸ ਨੂੰ ਸਨਮਾਨਿਤ ਕਰਨ ਲਈ 'ਮੁੰਬਈ ਦਾ ਸ਼ੈਰਿਫ' ਐਲਾਨਿਆ ਗਿਆ। ਉਨ੍ਹਾਂ ਨੂੰ ਫਿਲਮਫੇਅਰ ਦੇ ਸਰਵੋਤਮ ਅਦਾਕਾਰ ਦੇ ਅੱਠ ਇਨਾਮ ਮਿਲੇ। ਇਨ੍ਹਾਂ ਫਿਲਮਾਂ ਦੇ ਨਾਂ ਹਨ: 'ਦਾਗ', 'ਆਜ਼ਾਦ', 'ਦੇਵਦਾਸ', 'ਨਯਾ ਦੌਰ', 'ਕੋਹਿਨੂਰ', 'ਲੀਡਰ', 'ਰਾਮ ਔਰ ਸ਼ਿਆਮ' ਤੇ 'ਸ਼ਕਤੀ'। ਇਸ ਤੋਂ ਇਲਾਵਾ ਦਿਲੀਪ ਕੁਮਾਰ ਨੂੰ 1991 ਵਿਚ ਪਦਮ ਭੂਸ਼ਣ, 2015 ਵਿਚ ਭਾਰਤ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਦਿਲੀਪ ਕੁਮਾਰ ਨੂੰ 1994 ਵਿਚ ਦਾਦਾ ਸਾਹਿਬ ਫਾਲਕੇ ਪੁਰਸਕਾਰ ਦਿੱਤਾ ਗਿਆ। 1998 ਵਿਚ ਪਾਕਿਸਤਾਨ ਦਾ ਸਰਵ-ਉਚ ਨਾਗਰਿਕ ਸਨਮਾਨ 'ਨਿਸ਼ਾਨ-ਏ-ਇਮਤਿਆਜ਼' ਦਿੱਤਾ ਗਿਆ।


ਦਿਲੀਪ ਕੁਮਾਰ ਦੀ ਨਾਲ ਫਿਲਮੀ ਦੁਨੀਆ ਵਿਚ ਜੋ ਖਲਾਅ ਪੈਦਾ ਹੋਇਆ ਹੈ, ਉਸ ਦੀ ਭਰਪਾਈ ਨਾ-ਮੁਮਕਿਨ ਹੈ; ਸ਼ਾਇਦ ਪ੍ਰਸਿੱਧ ਸ਼ਾਇਰ ਇਕਬਾਲ ਨੇ ਕਿਸੇ ਅਜਿਹੀ ਸ਼ਖਸੀਅਤ ਲਈ ਹੀ ਕਿਹਾ ਹੋਵੇਗਾ:

ਹਜ਼ਾਰੋਂ ਸਾਲ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ।

ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।



*ਦਿਲੀਪ ਕੁਮਾਰ ਅਤੇ ਬੇਗਮ ਸਾਇਰਾ ਬਾਨੋ।*



*'ਮੁਗਲ-ਏ-ਆਜ਼ਮ' ਦਾ ਸ਼ਹਿਜ਼ਾਦਾ।*



*ਦਿਲੀਪ ਕੁਮਾਰ ਅਤੇ ਮਧੂਬਾਲਾ ਫਿਲਮੀ ਪਰਦੇ 'ਤੇ।*

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com